*Published in Punjabi & English*

Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-9, ਅੰਕ-6, ਜੂਨ 2019 Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਭਾਰਤੀ ਜਮਹੂਰੀਅਤ ਨੂੰ ਹਿੰਦੂਤਵ ਦਾ ਗ੍ਰਹਿਣ


-ਬੂਟਾ ਸਿੰਘ ਨਵਾਂਸ਼ਹਿਰ
94634-74342

ਹਾਲ ਹੀ ਵਿਚ ਮੁਕੰਮਲ ਹੋਈਆਂ ਲੋਕ ਸਭਾ ਚੋਣਾਂ ਵਿਚ ਪਹਿਲਾਂ ਨਾਲੋਂ ਵੀ ਜ਼ਿਆਦਾ ਸੀਟਾਂ ਜਿੱਤ ਕੇ ਸੰਘ ਬਰਗੇਡ ਦੁਬਾਰਾ ਸੱਤਾ ਵਿਚ ਆ ਗਿਆ ਹੈ। ਬਹੁਤ ਸਾਰੇ ਸੰਜੀਦਾ ਹਿੱਸਿਆਂ ਨੂੰ ਭਰਮ ਸੀ ਕਿ ਵੋਟਤੰਤਰ ਵਿਚ ਲੋਕ ਰਾਇ ਭਗਵੇਂ ਰਥ ਦਾ ਮੁਹਾਣ ਮੋੜ ਦੇਵੇਗੀ। ਸਿਆਸੀ ਵਿਸ਼ਲੇਸ਼ਕਾਂ ਦੇ ਅੰਦਾਜ਼ੇ ਗ਼ਲਤ ਸਾਬਤ ਹੋਏ ਕਿ ਹਿੰਦੂਤਵ ਤਾਕਤਾਂ ਨੂੰ ਇਸ ਵਾਰ ਬਹੁਮਤ ਨਹੀਂ ਮਿਲੇਗਾ। ਦਲੀਲ ਇਹ ਦਿੱਤੀ ਜਾ ਰਹੀ ਸੀ ਕਿ ਮੋਦੀ ਸਰਕਾਰ ਦੇ ਪੰਜ ਸਾਲ ਦੇ ਰਾਜ ਦੇ ਸਤਾਏ-ਤਪਾਏ ਵੋਟਰ ਭਾਜਪਾ ਨੂੰ ਜਿਤਾਉਣ ਲਈ 2014 ਦੀ ਤਰ੍ਹਾਂ ਉਤਸ਼ਾਹ ਨਹੀਂ ਦਿਖਾਉਣਗੇ। ਹੋਇਆ ਇਸ ਤੋਂ ਐਨ ਉਲਟ। ਭਾਜਪਾ 2014 ਤੋਂ ਵੀ ਵਧੇਰੇ ਜਿੱਤ ਕੇ 303 (ਐੱਨ.ਡੀ.ਏ. 353) ਦੇ ਅੰਕੜੇ 'ਤੇ ਪਹੁੰਚ ਗਈ ਜਦਕਿ ਕੇਂਦਰ ਵਿਚ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੀ ਵਿਰੋਧੀ ਧਿਰ ਦੀ ਜਿੱਤ 90 ਸੀਟਾਂ ਤਕ ਸੀਮਤ ਰਹਿ ਜਾਣ ਕਾਰਨ ਇਸ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਆਰ.ਐੱਸ.ਐੱਸ. ਵੱਲੋਂ ਫੈਲਾਏ ਹਿੰਦੂ ਰਾਸ਼ਟਰਵਾਦ ਨੇ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਇਸ ਕਦਰ ਕੀਲ ਲਿਆ ਹੈ ਕਿ ਉਹਨਾਂ ਲਈ ਨਰਿੰਦਰ ਮੋਦੀ 'ਹਿੰਦੂ ਗੌਰਵ' ਦਾ ਚਿੰਨ੍ਹ ਬਣ ਚੁੱਕਾ ਹੈ ਜਿਸ ਨੂੰ ਪਿਛਲੇ ਦਿਨੀਂ ਸੰਸਾਰ ਪ੍ਰਸਿੱਧ ਰਸਾਲੇ 'ਟਾਈਮਜ਼' ਨੇ 'ਡਿਵਾਈਡਰ ਇਨ-ਚੀਫ਼ ਆਫ ਇੰਡੀਆ' ਕਰਾਰ ਦਿੱਤਾ ਸੀ। ਉਹ ਮੋਦੀ ਦੁਆਲੇ ਸਿਰਜੇ ਮਜ਼ਬੂਤ ਆਗੂ ਦੇ ਆਭਾ ਮੰਡਲ ਵਿਚ ਹੀ ਮੁਲਕ ਨੂੰ ਮਹਿਫ਼ੂਜ਼ ਸਮਝ ਰਹੇ ਹਨ। ਉਹਨਾਂ ਦੇ ਦਿਮਾਗਾਂ ਵਿਚ ਕੁੱਟ-ਕੁੱਟ ਕੇ ਇਹ ਭਰ ਦਿੱਤਾ ਗਿਆ ਹੈ ਕਿ ਮੁਲਕ ਦੀ ਇਸ ਵਕਤ ਜੋ ਦੁਰਦਸ਼ਾ ਹੈ ਉਸ ਲਈ ਸਿਰਫ਼ ਤੇ ਸਿਰਫ਼ ਨਹਿਰੂ ਮਾਡਲ ਅਤੇ ਕਾਂਗਰਸ ਦਾ ਰਾਜ ਜ਼ਿੰਮੇਵਾਰ ਹਨ ਅਤੇ ਵਿਕਾਸ ਤੇ ਤਰੱਕੀ ਲਈ ਕਾਂਗਰਸ ਦੇ 'ਘੱਟ ਗਿਣਤੀਆਂ ਨੂੰ ਖ਼ੁਸ਼ ਕਰਨ' ਦੇ ਰਾਜਸੀ ਸੱਭਿਆਚਾਰ ਤੋਂ ਮੁਕੰਮਲ ਨਿਜ਼ਾਤ ਪਾਉਣੀ ਅਤੇ 'ਕਾਂਗਰਸ ਮੁਕਤ ਭਾਰਤ' ਬਣਾਉਣਾ ਜ਼ਰੂਰੀ ਹੈ। ਉਹਨਾਂ ਦੀ ਅਸਲ ਮੁਰਾਦ ਹਰ ਤਰ੍ਹਾਂ ਦੇ ਵਿਰੋਧ ਅਤੇ ਆਲੋਚਨਾ ਤੋਂ ਮੁਕਤ ਮਨੂਵਾਦੀ ਹਿੰਦੂ ਰਾਸ਼ਟਰ ਤੋਂ ਹੈ। ਵੋਟਰਾਂ ਨੂੰ ਜਚਾ ਦਿੱਤਾ ਗਿਆ ਹੈ ਕਿ ਮੋਦੀ ਦੀ ਮਜ਼ਬੂਤ ਅਗਵਾਈ ਹੇਠ ਹੀ ਮੁਲਕ ਤਰੱਕੀ ਕਰਕੇ 'ਵਿਸ਼ਵ ਗੁਰੂ' (ਸੁਪਰ ਪਾਵਰ) ਬਣ ਸਕਦਾ ਹੈ ਕਿਉਂਕਿ ਉਸ ਦੇ ਪ੍ਰਧਾਨ ਮੰਤਰੀ ਬਣਨ ਨਾਲ ਹੀ ਦੁਨੀਆ ਵਿਚ ਮੁਲਕ ਦਾ ਮਾਣ-ਸਨਮਾਨ ਮੁੜ ਬਹਾਲ ਹੋਇਆ ਹੈ। ਹੁਣ ਜਦੋਂ ਭਾਜਪਾ ਕੋਲ ਮੁਕੰਮਲ ਬਹੁਗਿਣਤੀ ਵਾਲਾ ਚੋਣ ਫ਼ਤਵਾ ਹੈ ਅਤੇ ਮੋਦੀ ਰਾਜ ਦੀ ਪਿਛਲੀ ਪਾਰੀ ਵਿਚ ਹੋਏ ਰਾਜ ਢਾਂਚੇ ਦੇ ਡੂੰਘੇ ਭਗਵੇਂਕਰਨ ਦਾ ਵਾਧੂ ਲਾਹਾ ਮੌਜੂਦ ਹੈ ਤਾਂ ਆਰ.ਐੱਸ.ਐੱਸ. ਦੇ ਲਈ ਹੁਣ ਹਿੰਦੂ ਰਾਸ਼ਟਰ ਦਾ ਏਜੰਡਾ ਲਾਗੂ ਕਰਵਾਉਣਾ ਹੋਰ ਵੀ ਸੌਖਾ ਹੋ ਗਿਆ ਹੈ। ਵਸੋਂ ਦਾ ਪੰਜਵਾਂ ਹਿੱਸਾ ਮੁਸਲਿਮ ਭਾਈਚਾਰਾ ਸੰਘ ਦੀ ਰਾਸ਼ਟਰ ਦੀ ਦ੍ਰਿਸ਼ਟੀ ਦਾ ਹਿੱਸਾ ਨਹੀਂ। ਚੋਣ ਨਤੀਜਿਆਂ ਬਾਰੇ ਆਪਣੀਆਂ ਸੰਪਾਦਕੀ ਟਿੱਪਣੀਆਂ ਵਿਚ ਦੀ ਵਾਸ਼ਿੰਗਟਨ ਪੋਸਟ, ਦੀ ਗਾਰਡੀਅਨ ਆਦਿ ਆਲਮੀ ਅਖ਼ਬਾਰਾਂ ਨੇ ਇਸ ਖ਼ਤਰੇ ਨੂੰ ਸਪਸ਼ਟ ਤੌਰ 'ਤੇ ਨੋਟ ਕੀਤਾ ਹੈ।



ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੁਸਤਾਨ ਉੱਪਰ ਸਭ ਤੋਂ ਵੱਧ ਸਮਾਂ ਕਾਂਗਰਸ ਪਾਰਟੀ ਨੇ ਰਾਜ ਕੀਤਾ ਹੈ ਅਤੇ ਮੁਲਕ ਨੂੰ ਮੌਜੂਦਾ ਸੰਕਟ ਤੇ ਬਰਬਾਦੀ ਦੇ

(ਬਾਕੀ ਸਫ਼ਾ 5 'ਤੇ)

























Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
LIST WITH US
FOR GUARANTEED RESULTS
MEET THE TEAM:
ROYAL LEPAGE
Call: 403-830-5152
www.TiwanaTeam.com


Si SECURELIFE
INSURANCE AGENCY INC
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

## SARO KARAN DI AWAZ

**Publisher**
Pro-People Arts Project
Media Group 29 Mapleview
Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-8



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਮਾਏ ਸਾਂਭ ਚਾਬੀਆ ਧੀਆਂ.........**

ਦਸ ਦਿਨ ਚੱਲਿਆ ਕੁਆਰੀ ਦਾ ਭੋਜ ਖ਼ੁਸ਼ੀਆਂ ਖੇੜਿਆਂ ਨਾਲ ਸਮਾਪਤ ਹੋ ਗਿਆ। ਅੱਜ ਸਪਰਿੰਗ ਮੂਨ ਨੇ ਆਪਣੇ ਸਹੁਰੇ ਘਰ ਪੀਕਿੰਗ ਨੂੰ ਦਸ ਦਿਨਾਂ ਦੇ ਸਫ਼ਰ ਤੇ ਤੁਰ ਜਾਣਾ ਹੈ। ਚੰਗ ਰਾਜ ਦੇ ਮਹਿਲਾਂ ਵਿੱਚ ਸ਼ਹਿਨਾਈਆਂ ਗੂੰਜ ਰਹੀਆਂ ਹਨ। ਸਪਰਿੰਗ ਮੂਨ ਦਾ ਵਿਦਾਈ ਤਾਜ ਹੀਰਿਆਂ ਜੜਿਆ ਹੈ ਅਤੇ ਵਿਆਂਦੜ ਦਾ ਘੁੰਗਟ ਵੀ ਹੈ। ਡੋਲੀ ਦੇ ਸਾਰੇ ਬਾਰ ਬਾਰੀਆਂ ਬੰਦ ਕਰ ਦਿੱਤੇ ਜਾਣਗੇ। ਔਰਤਾਂ ਨੇ ਆਖਿਆ ਘੁੰਗਟ ਸਹੁਰੇ ਘਰ ਪਹੁੰਚਣ ਤੇ ਇਸ ਦੇ ਘਰ ਵਾਲਾ ਹੀ ਉਠਾਵੇਗਾ।

ਬੀਂਡੇ ਬੋਲ ਰਹੇ ਹਨ, ਘਾਹ ਵਿਚ ਟਿੱਡੀਆਂ ਦਾ ਸ਼ੋਰ ਹੈ, ਜਦੋਂ ਤੱਕ ਖਾਵੰਦ ਨਹੀਂ ਸੀ ਵੇਖਿਆ ਮੈਂ ਉਦਾਸ ਸੀ, ਪਰ ਅੱਜ ਮੇਰਾ ਮਿਲਾਪ ਹੋਇਆ ਹੈ ਮੈਂ ਖੁਸ ਹਾਂ......ਇੱਕ ਗੀਤ।

ਸਪਰਿੰਗ ਮੂਨ ਡੋਲੀ ਵਿੱਚ ਬੈਠ ਗਈ। ਸਾਰੇ ਪਰਦੇ ਬੰਦ ਕਰ ਦਿੱਤੇ ਗਏ। ਉੱਤਰ ਨੂੰ ਜਾਣ ਵਾਲੀ ਕਿਸ਼ਤੀ ਵਿਚ ਸ਼ੰਘਾਈ ਦਾ ਸਫ਼ਰ ਅਤੇ ਸ਼ੰਘਾਈ ਦੇ ਟਿੰਟਸ਼ਨ ਸਟੇਸਨ ਤੋ ਪੀਕਿੰਗ, ਸਾਰੇ ਸਫ਼ਰ ਵਿਚ ਡੋਲੀ ਵਿਚ ਬੰਦ ਸਪਰਿੰਗ ਬਾਹਰ ਨਹੀਂ ਦੇਖ ਸਕਦੀ। ਪਹਿਲਾਂ ਪਹਿਲ ਤਾਂ ਸਪਰਿੰਗ ਮੂਨ ਫਾਸਟੋ ਅਤੇ ਓਲਡ ਹਾਕ ਨੂੰ ਬਾਹਰੀ ਦ੍ਰਿਸ਼ ਦੇਖਣ ਵਾਸਤੇ ਆਖਦੀ ਰਹੀ। ਪਰ, ਉਹਨਾਂ ਨੇ ਅਗਿਆ ਨਾ ਦਿੱਤੀ ਤਾਂ ਉਹ ਸਾਂਤ ਚਿਤ ਹੋ ਗਈ।

ਉਸਦੀਆਂ ਯਾਦਾਂ ਅਗਲਿਆਂ ਬਾਰੇ ਨਹੀ ਸਗੋਂ ਪਿੱਛੇ ਮਾਪਿਆਂ ਨਾਲ ਜੁੜੀਆਂ ਸਨ। ਕੁਆਰੀ ਭੋਜ ਦੇ ਸਾਰੇ ਦਿਨ ਮਾਂ ਬਾਪ ਬੜੇ ਖੁਸ਼ ਰਹੇ ਸਨ। ਮਾਂ ਤਾਂ ਹਰ ਇਕ ਨੂੰ ਇਹੀ ਕਹਿੰਦੀ ਫਿਰਦੀ ਸੀ ਉਸਦੇ ਪੰਜ ਦੋਹਤੇ ਹੋਣਗੇ। ਦਾਦੀ ਮਾਂ ਤਾਂ ਦੰਦ ਹੀਣ ਮੂੰਹ ਸਾਰਾ ਖੋਹਲ ਕੇ ਖ਼ੂਬ ਖੁਸ਼ ਹੁੰਦੀ ਹੱਸਦੀ ਰਹੀ ਸੀ। ਪਿਉ ਨੇ ਸਪਰਿੰਗ ਮੂਨ ਵਾਸਤੇ ਇਕ ਲੰਬਾ ਗੀਤ ਲਿਖਿਆ ਉਮੇਰੇ ਚੰਗੀ ਤਰਾਂ ਜਾਣਨ ਤੋਂ "ਪਹਿਲਾਂ ਹੀ ਬਹਾਰ (ਸਪਰਿੰਗ ਮੂਨ) ਤੁਰ ਗਈ"। ਪਿਉ ਨੇ ਇਕ ਗੀਤ ਗਲੈਡ ਪਰਾਮਿਜ਼, ਉਸ ਦੇ ਖਾਵੰਦ ਵਾਸਤੇ ਵੀ ਲਿਖਿਆ ਸੀ। ਦੋਵਾਂ ਨੂੰ ਸਪਰਿੰਗ ਮੂਨ ਆਪਣੇ ਘਰ ਵਿਚ ਕੰਦ ਤੇ ਟੰਗੇਗੀ। ਚਾਚੇ ਨੇ ਮੁਹਾਜ਼ ਤੋਂ ਵਧੀਆ ਤੋਹਫ਼ਾ (ਇਕ ਘੋੜਾ) ਭੇਜਿਆ ਸੀ ਜਿਹੜਾ ਇਨਕਲਾਬ ਦੀਆਂ ਤਿਆਰੀਆਂ ਦਾ ਸੂਚਕ ਸੀ। ਸਾਰੀਆਂ ਸੁਗਾਤਾਂ ਤੋਂ ਪਿਆਰਾ ਸੀ ਇਹ ਉਸ ਲਈ। ਸਾਰੇ ਦਿਨ ਉਸਨੂੰ ਤਾਇਆ ਉਦਾਸ ਜਿਹਾ ਲੱਗਦਾ ਰਿਹਾ ਸੀ।

ਗੱਡੀ ਪੀਕਿੰਗ ਦੇ ਸਟੇਸਨ ਤੇ ਪਹੁੰਚ ਗਈ। ਸਪਰਿੰਗ ਮੂਨ ਨੂੰ ਆਖਰੀ ਵਾਰ ਵਿਆਂਦੜ ਵਰੀ ਵਿਚ ਸਜਾ ਦਿੱਤਾ। ਫਾਸਟੋ ਹਰ ਗੱਲ ਦਾ ਧਿਆਨ ਰੱਖ ਰਹੀ ਸੀ। ਕੁਹਾਰ ਡੋਲੀ ਚੁੱਕ ਸਪਰਿੰਗ ਮੂਨ ਦੇ ਵਿਆਂਦੜ ਦੇ ਵੇਹੜੇ ਜਾ ਪਹੁੰਚੇ। ਉਹ ਚਾਹੁੰਦੀ ਸੀ ਡੋਲੀ ਦੇ ਪਰਦੇ ਖੋਲ ਦਿੱਤੇ ਜਾਣ। ਪਰ ਉਸ ਦੇ ਸਬਰ ਦੀ ਪਰਖ ਵਾਸਤੇ ਤਿੰਨ ਲੰਬੇ ਗੀਤ ਵਾਜਿਆਂ ਦੀਆਂ ਧੁਨਾਂ ਤੇ ਗਾਏ ਜਾਣੇ ਜ਼ਰੂਰੀ ਸਨ। ਗੀਤ ਗਾਏ ਗਏ, ਸੰਗੀਤ ਬੰਦ ਹੋ ਗਿਆ। ਡੋਲੀ ਦੇ ਦਰਵਾਜੇ ਤੇ ਕਿਸੇ ਨੇ ਤਿੰਨ ਵਾਰ ਦਸਖ਼ਤ ਦਿੱਤੀ ਅਤੇ ਪਰਦਾ ਖੋਲ ਦਿੱਤਾ ਗਿਆ। ਉਸਨੂੰ ਬੋਚ ਕੇ ਔਰਤਾਂ ਨੇ ਡੋਲੀ ਵਿਚੋਂ ਉਤਾਰਿਆ ਤਾ ਕਿ ਡਿੱਗ ਨਾ ਪਵੇ ਅਤੇ ਸਹੁਰੇ ਸਮਝਣ ਕਿ ਉਹਨਾਂ ਦੀ ਨੂੰਹ ਕਮਜ਼ੋਰ ਹੈ। ਉਸਨੂੰ ਪਤਾ ਸੀ ਕਿ ਉਸਦੇ ਸਵਾਗਤ ਲਈ ਝੁਰਮਟ ਇਕੱਠਾ ਹੋਵੇਗਾ। ਤਾੜੀਆਂ ਗੂੰਜੀਆਂ ਅਤੇ "ਦੁਲਹਨ ਆ ਗਈ, ਦੁਲਹਨ ਆ ਗਈ" ਦਾ ਸੋਰ ਮੱਚ ਗਿਆ। ਉਹ ਚਾਹੁੰਦੀ ਸੀ ਕਿ ਉਹ ਸਾਰੀਆਂ ਨੂੰ ਦੇਖੇ। ਪਰ ਪਰਦੇ ਵਿਚ ਕੱਜੀ ਉਹ ਸਿਰਫ ਵਿਆਂਦੜ ਦੀ ਸਫੇਦ ਜੁੱਤੀ ਹੀ ਦੇਖ ਸਕਦੀ ਸੀ ।

ਡੋਲੀ ਤੋਂ ਘਰ ਦੇ ਪਰਵੇਸ਼ ਤੱਕ ਲਾਲ ਗਲੀਚੇ ਵਿੱਛੇ ਸਨ। ਦੇਹਲੀ ਲੰਘਣ ਤੋ ਬਾਅਦ ਉਸ ਨੂੰ ਅੱਗੇ ਤੁਰਦਾ ਆਪਣਾ ਖਾਵੰਦ ਦਿੱਸਿਆ ਜਿਸ ਨੇ ਨੀਲੇ ਸਿਲਕ ਦਾ ਗਾਊਨ ਪਾਇਆ ਸੀ। ਹੁਣ ਵਿਆਹ ਦੀਆਂ ਰਸਮਾਂ ਸ਼ੁਰੂ ਹੋ ਗਈਆਂ। ਸੰਗੀਤ ਗੂੰਜ ਉੱਠਿਆ। ਉਹ ਪਰਦਿਆਂ ਵਿੱਚ ਲਿਪਟੀ ਸੀ ਅਤੇ ਬੋਲਣ ਦੀ ਉਸ ਨੂੰ ਮੁਨਾਹੀ ਸੀ। ਗਲੈਡ ਪਰਾਮਿਜ਼ ਉਸਨੂੰ ਤੋਰੀ ਲਿਜਾਂਦਾ ਸੀ ਅਤੇ ਸਾਰੇ ਪਰਿਵਾਰਕ ਮੈਂਬਰਾਂ ਅੱਗੇ ਉਸ ਤੋਂ ਮੱਥਾ ਟਿਕਾਉਂਦਾ ਜਾ ਰਿਹਾ ਸੀ।


ਸਪਰਿੰਗ ਮੂਨ ਮਨ ਵਿਚ ਸੋਚਦੀ ਕਿ ਇਹਨਾਂ ਨੂੰ ਕਿਵੇਂ ਯਕੀਨ ਹੈ ਕਿ ਇਹੀ ਉਹਨਾਂ ਦੀ ਅਸਲੀ ਨੂਹ ਹੈ ਕੋਈ ਬਦਲਵੀਂ ਕੁੜੀ ਨਹੀਂ। ਜਾਂ ਸ਼ਾਇਦ ਉਹ ਆਪ ਹੀ ਕਿਸੇ ਗਲਤ ਘਰ ਆ ਗਈ ਹੈ। ਇਹ ਸੋਚ ਦੁਖਦਾਈ ਨਹੀਂ ਸੀ ਉਸਨੂੰ ਯਾਦ ਆਇਆ ਜਦੋਂ ਦਾਦੇ ਨੇ ਆਖਿਆ ਸੀ, ਉਪੂਰਾ ਪੂਰਾ ਸਮਰਪਣ ਕਰ ਦਿਓ"।

ਸੰਗੀਤ ਬੰਦ ਹੋ ਗਿਆ। ਤਾੜੀਆਂ ਦੀ ਗੜਗੜਾਹਟ ਉੱਚੀ ਹੋ ਗਈ। ਉਹ ਹੁਣ ਉਸ ਬੰਦੇ ਦੀ ਤ੍ਰੀਮਤ ਸੀ ਜਿਹੜਾ ਉਸਨੂੰ ਤੋਰ ਕੇ ਲਿਆਇਆ ਸੀ। ਘਰ ਦੇ ਨੌਕਰਾਂ ਨੇ ਉਹਨੂੰ ਸੱਜ ਧੱਜ ਨਾਲ ਤੋਰ ਕੇ ਉਹਨਾਂ ਦੇ ਕਮਰੇ ਤੱਕ ਪਹੁੰਚਾਇਆ ਅਤੇ ਕੁਰਸੀਆਂ ਤੇ ਬਿਠਾਇਆ। ਹਾਸਾ ਮੱਚਿਆ ਹੋਇਆ ਸੀ। ਧੀਮੀਂ ਘੁਸਰ ਮੁਸਰ ਹੋ ਰਹੀ ਸੀ। ਫਿਰ ਦਰਵਾਜਾ ਬੰਦ ਹੋਣ ਦੀ ਅਵਾਜ਼ ਉਸਨੇ ਸੁਣੀ ਅਤੇ ਚੁੱਪ ਵਰਤ ਗਈ। ਗਲੈਡ ਪਰਾਮਿਜ਼ ਉਸ ਦੇ ਨਾਲ ਹੀ ਸੀ। ਕਿਸੇ ਨੇ ਬੋਲਣ ਵਾਸਤੇ ਗਲ਼ਾ ਸਾਫ਼ ਕੀਤਾ ਤੇ ਉਹ ਠਠੰਬਰ ਗਈ। ਉਸਨੇ ਅੱਖਾਂ ਬੰਦ ਕਰਕੇ ਸਿਰ ਝੁਕਾ ਲਿਆ। ਉਸਨੂੰ ਪਤਾ ਸੀ 'ਉਸਦੇ' ਬੋਲਣ ਤੱਕ ਸਪਰਿੰਗ ਨੇ ਚੁੱਪ ਰਹਿਣਾ ਸੀ। ਉਹ ਉਸਦੇ ਨਾਲ ਹੋ ਕੇ ਸੋਫ਼ੇ ਤੇ ਬੈਠ ਗਿਆ। "ਛੋਟੀ ਭੈਣ, ਮੇਰੇ ਪਰਮ ਮਿੱਤਰ ਬੋਲਡ ਟੇਲੈਂਟ ਦਾ ਕੀ ਹਾਲ ਆ" ਹੁਣ ਉਸਦੀ ਵਾਰੀ ਸੀ। "ਮੈਨੂੰ ਹੁਣ ਪਤਾ ਲੱਗਿਆ ਤੂੰ ਗੂੰਗਾ ਬੋਲ਼ਾ ਨਹੀਂ" "ਤੋਂ ਇਹ ਕਿਵੇਂ ਸੋਚਿਆ" "ਤੂੰ ਬੋਲਿਆ ਨਹੀਂ" "ਤੂੰ ਵੀ ਨਹੀਂ ਬੋਲੀ" "ਮੈਨੂੰ ਤਾਂ ਪਹਿਲਾਂ ਬੋਲਣ ਦੀ ਮਨਾਹੀ ਸੀ" "ਤੈਨੂੰ ਕਿਵੇਂ ਪਤਾ" "ਮੈਨੂੰ ਦੱਸਿਆ ਸੀ" "ਫਿਰ ਤੈਨੂੰ ਐਂ ਨੀ ਦੱਸਿਆ ਬਈ ਮੈਂ ਚੰਗਾ ਭਲਾਂ" "ਨਹੀਂ, ਮੈਂ ਪੁੱਛਿਆ ਈ ਨਹੀਂ ਕਿ ਤੂੰ ਕੁੱਬਾ, ਟੀਰਾ ਹੈਗਾਂ ਜਾਂ ਸਾਨੂ ਝੌਟਾ" ਉਹ ਝੂਠ ਬੋਲੀ। "ਤਾਂ ਤੂੰ ਕਿਸੇ ਨੂੰ ਵੀ ਵਿਆਹੀ ਜਾਣ ਲਈ ਰਾਜ਼ੀ ਸੀ।" "ਹਾਂ ਮੈਂ ਘਰ ਦਿਆਂ ਦੀ ਰਜ਼ਾ ਵਿਚ ਰਾਜ਼ੀ ਸੀ" "ਮੈਂ ਵੀ ਤੇਰੇ ਵਰਗਾਂ, ਮੈਨੂੰ ਵੀ ਤੇਰੇ ਬਾਰੇ ਕੋਈ ਪਤਾ ਨਹੀਂ, ਮੈਂ ਸਾਰਾ ਮਸਲਾ ਘਰ ਦਿਆਂ ਤੇ ਛੱਡ ਦਿੱਤਾ।"

ਫਿਰ ਗਲੈਡ ਪਰਾਮਿਜ਼ ਉਸਨੂੰ ਉੱਠਾ ਕੇ ਮੇਜ਼ ਤੇ ਲੈ ਗਿਆ ਜਿਥੋਂ ਪਰੋਸੇ ਖਾਣੇ ਦੀ ਸੁਗੰਧੀ ਆ ਰਹੀ ਸੀ। "ਆ ਪਹਿਲਾਂ ਕੁੱਝ ਖਾ ਲਈਏ, ਫਿਰ ਤਾਂ ਰਿਸ਼ਤੇਦਾਰਾਂ ਨੇ ਝੁਰਮਟ ਪਾ ਲੈਣਾ।" "ਪਰਦੇ ਵਿਚ ਲਿਪਟੀ ਮੈਂ ਕਿਵੇਂ ਖਾ ਸਕਦੀ ਆਂ" "ਫਿਰ ਇਸ ਨੂੰ ਲਾਹ ਦੇ" "ਨਹੀਂ" "ਕਿਉਂ ਨਹੀਂ" "ਇਸ ਨੂੰ ਤੂੰ ਚੁੱਕਣਾ" "ਇਹ ਵੀ ਉਹਨਾਂ ਨੇ ਦੱਸਿਆ ਸੀ "ਹਾਂ" "ਫਿਰ ਕਿਰਪਾ ਕਰਕੇ ਤੂੰ ਖੜੀ ਹੋ" ਪਰਦਾ ਚੁਕਿਆ ਗਿਆ। ਹੁਣ ਉਸ ਨੂੰ ਅੰਤਾਂ ਦੀ ਭੁੱਖ ਲੱਗੀ ਸੀ। ਇਹ ਉਸਦਾ ਸਹੁਰੀਂ ਪਹਿਲਾ ਭੋਜਨ ਸੀ।

ਦਰਵਾਜੇ ਤੇ ਖੜਕਾਰ ਹੋਈ ਅਤੇ ਨੌਕਰ ਖਾਣੇ ਦਾ ਮੇਜ਼ ਸਮੇਟਣ ਆ ਗਏ। ਉਹਨਾਂ ਵਿਚੋਂ ਇਕ ਮੁੜਵੇਂ ਪੈਰੀਂ ਰੋਲ਼ਾ ਪਾਉਂਦਾ ਬਾਹਰ ਭੱਜ ਗਿਆ "ਚੌਦਵੀਂ ਦਾ ਚੰਦ ਆਇਆ। ਚੌਦਵੀਂ ਦਾ ਚੰਦ ਆਇਆ" ਸਾਰੇ ਨੌਕਰ ਬਾਹਰ ਨਿਕਲ ਗਏ। ਜਾਂਦਾ ਜਾਂਦਾ ਇਕ ਕਹਿ ਰਿਹਾ ਸੀ ਹੁਣ ਛੇਤੀ ਹੀ ਸੇਜ਼ ਕਮਰਾ ਗਰਮਾਉਣ ਵਾਸਤੇ ਰਿਸ਼ਤੇਦਾਰ ਆਉਣਗੇ ਠੀਕ ਹੋ ਕੇ ਬੈਠੋ। ਗਲੈਡ ਪਰਾਮਿਜ਼ ਉੱਠ ਕੇ ਉਸ ਕੋਲ ਬੈਠ ਗਿਆ ਅਤੇ ਬੋਲਿਆ ਇਹ ਇਕ ਹੋਰ ਪੁਰਾਣਾ ਰਿਵਾਜ਼ ਆ ਜਿਵੇਂ ਕਹਿਣਗੇ ਉਵੇਂ ਕਰੀ ਜਾਈਂ ਨਹੀਂ ਤਾਂ ਤਿੰਨ ਦਿਨ ਤਿੰਨ ਰਾਤਾਂ ਸਿਰ ਖਾਣਗੇ।

ਸਾਰਿਆਂ ਤੋਂ ਪਹਿਲਾਂ ਮਾਂ ਪਿਉ ਆਏ। ਸੱਸ ਦੇ ਸਜੀਲੇ ਕੱਪੜੇ ਪਾਏ ਸਨ ਅਤੇ ਸਹੁਰੇ ਦੇ ਇਉਂ ਜਿਵੇਂ ਮੰਗਵੇ ਕੱਪੜੇ ਪਾਏ ਹੋਣ ਅਤੇ ਫੀਏਅਰਸ਼ ਰੈਕਟੀਟਿਊਡ ਸਹੁਰਾ ਅਤੇ ਲੋਟਸ ਡੀਲਾਈਟ ਸੱਸ। ਸੱਸ ਉਮਰ ਵਿਚ ਸਹੁਰੇ ਤੋ ਛੋਟੀ ਲੱਗਦੀ ਸੀ ਸੱਸ ਪਹਿਲਾਂ ਬੋਲੀ ਉਮੈਨੂੰ ਨੀ ਸੀ ਪਤਾ, ਬਈ ਕੁੜੀ ਇੰਨੀ ਸੋਹਣੀ ਹੋਵੇਗੀ, ਕੀ ਤੈਨੂੰ ਪਤਾ ਸੀ ਸ਼੍ਰੀਮਾਨ ਉਨਾ ਮੈਨੂੰ ਕੀ ਪਤਾ ਸੀ, "ਮੇਰੇ ਪੁੱਤਰ ਤੂੰ ਖਸ਼ਕਿਸਮਤ ਹੈਂ ਕਿ ਤੇਰੇ ਪਿਉ ਦੇ ਇੰਨੇ ਵਧੀਆ ਮਿੱਤਰ ਨੇ" ਸਪਰਿੰਗ ਮੂਨ ਸਸੋਪੰਜ ਵਿੱਚ ਪੈ ਗਈ। ਫਾਸਟੋ ਨੇ ਦੱਸਿਆ ਸੀ ਕਿ ਤਾਏ ਨੇ ਇਹਨਾਂ ਨੂੰ ਉਸਦੀ ਫੋਟੋ ਭੇਜੀ ਹੈ। ਪਰ ਹੁਣ ਪਤਾ ਲੱਗਿਆ ਕਿ ਸੁਹਰੇ ਨੇ ਸੱਸ ਨੂੰ ਦਿਖਾਈ ਨਹੀ। ਸੱਸ ਫਿਰ ਬੋਲੀ "ਸੁਹਣੀ ਤਾਂ ਹੈ ਜੇ ਆਗਿਆਕਾਰ ਵੀ ਹੋਵੇ"। ਜਿਉਂ ਹੀ ਮਾਂ ਪਿਉ ਬਾਹਰ ਨਿਕਲੇ ਸਾਰਾ ਖਾਨਦਾਨ ਆ ਧਮਕਿਆ "ਦੇਖੋ ਵਾਲ ਕਿਹੋ ਜਿਹੇ ਨੇ ਪੈਰ ਪਤਲੇ ਨੇ ਇਹ ਤਾ ਦੱਖਣੀ ਲੋਕਾਂ ਦੀ ਅੰਸ਼ ਆ ਕਿਸੇ ਨੇ ਅਖਿਆ। "ਬੱਸ ਕਢਾਈ ਕੀਤੇ ਸਿਰਾਣੇ ਵਰਗੀ ਆ ਜਿਹੜਾ ਵਿਚੋਂ ਖੋਖਲਾ ਹੁੰਦਾ। "ਇਹਨੂੰ ਤਾ ਚਾਹ ਦਾ ਕੱਪ ਵੀ ਨੀ ਫੜਨਾ ਆਉਂਦਾ" ਔਰਤਾਂ ਇਹੋ ਲੱਗੀਆਂ ਰਹੀਆਂ ਪਰ




ਮਰਦ ਚੁੱਪ ਚਾਪ ਖੜੇ ਹੱਸਦੇ ਰਹੇ ਅਤੇ ਗਲੈਡ ਪਰਾਮਿਜ਼ ਨੂੰ ਵਧਾਈਆਂ ਦਿੰਦੇ ਰਹੇ। ਛੇਤੀ ਹੀ ਉਹ ਚਲੇ ਗਏ ਅਤੇ ਗੱਭਰੂ ਮੁਟਿਆਰਾਂ ਆ ਧਮਕੀਆਂ। ਸਾਰੇ ਖਰੂਦ ਕਰ ਰਹੇ ਸਨ। ਮੇਜਾਂ ਦੇ ਵਾਜੇ ਵਜਾ ਰਹੇ ਅਤੇ ਦੋਵਾਂ ਨਾਲ ਛੇੜਾ ਛਾੜੀ ਕਰ ਰਹੇ ਸਨ। ਕੋਈ ਚੂੰਡੀਆਂ ਵੱਢਦਾ, ਕੋਈ ਸਾਂਗਾਂ ਲਾਉਂਦਾ, ਕੋਈ ਧੱਕੇ ਦਿੰਦਾ, ਜੋੜੀ ਨੂੰ ਤੰਗ ਕਰ ਰਹੇ ਸਨ। ਸਪਰਿੰਗ ਮੂਨ ਨੂੰ ਉਤੇਜ਼ਤ ਕਰ ਰਹੇ ਸਨ। ਪਰ ਉਸਨੂੰ ਸਮਝਾ ਦਿੱਤਾ ਸੀ ਇਸ ਕਰਕੇ ਸਾਂਤ ਰਹੀ। ਇਕ ਨੇ ਬੜੀ ਭੱਦੀ ਕਹਾਣੀ ਛੇਹ ਦਿੱਤੀ ਤਾਂ ਗਲੈਡ ਪਰਾਮਿਜ਼ ਉਤੇਜਿਤ ਹੋ ਗਿਆ ਪਰ ਸਪਰਿੰਗ ਮੂਨ ਨੇ ਕੰਨ ਵਿਚ ਅਖਿਆ ਯਾਦ ਹੈ ਨਾ ਸ਼ਾਤ ਰਹਿਣਾ ਹੈ। ਘੰਟੇ ਦੇ ਵਿੱਚ ਵਿੱਚ ਸਾਰੇ ਖਰੂਦੀਆਂ ਨੇ ਪੂਰਾ ਜ਼ੋਰ ਲਾ ਲਿਆ ਅਤੇ ਥੱਕ ਕੇ ਬਾਹਰ ਨਿਕਲ ਗਏ। ਉਸੇ ਵੇਲੇ ਨੌਕਰ ਬਿਸਤਰ ਤਿਆਰ ਕਰ ਗਏ ਅਤੇ ਫੁਰਤੀ ਨਾਲ ਨਿਕਲ ਗਏ। ਗਲੈਡ ਪਰਾਮਿਜ਼ ਨੌਕਰਾਂ ਦੇ ਆਉਣ ਤੋਂ ਪਹਿਲਾਂ ਬਾਹਰ ਨਿਕਲ ਗਿਆ ਸੀ।

ਫਾਸਟੋ ਕਮਰੇ ਵਿਚ ਦਾਖਲ ਹੋਈ ਅਤੇ ਵਿਆਹੁਲੀ ਦੇ ਕੱਪੜਿਆਂ ਵਾਲ ਟਰੰਕ ਖੋਹਲਿਆ ਸਪਰਿੰਗ ਮੂਨ ਨੂੰ ਮੌਕਾ ਮਿਲ ਗਿਆ। "ਫਾਸਟੋ ਮੈਨੂੰ ਛੇਤੀ ਦੱਸ ਤੂੰ ਨੌਕਰਾਂ ਕੋਲੋਂ, ਇਹਨਾਂ ਲੋਕਾਂ ਬਾਰੇ ਕੀ ਸੁਣਿਆ" "ਤੇਰੀ ਸੱਸ ਖੁਸ਼ ਮਿਜਾਜ ਨਹੀਂ ਹੈ, ਉਸਨੂੰ ਖੁਸ਼ ਰੱਖਣ ਦਾ ਵਿਸ਼ੇਸ਼ ਖਿਆਲ ਰੱਖੀਂ" ਉ ਨਹੀ ਨਹੀਂ ਮੈਨੂੰ ਉਸਦੇ ਬਾਰੇ ਦੱਸ" ਸਹੁਰਾ ਸਿਆਣਾ ਬੰਦਾ, ਪਰ ਘਰਵਾਲੀ ਤੋਂ ਦੱਬਦਾ" "ਬੁਝੜੇ ਮੈਨੂੰ ਉਸਦੇ ਬਾਰੇ ਦੱਸ" "ਉਹ ਹੋ ਉਸਨੂੰ ਤਾਂ ਤੂੰ ਆਪ ਮਿਲ ਹੀ ਲਿਆ" "ਤੈਨੂੰ ਜੋ ਪਤਾ ਜ਼ਰੂਰ ਦੱਸ" "ਇਹ ਕੋਈ ਜ਼ਰੂਰੀ ਨਹੀਂ ਤੂੰ ਹੁਣ ਵਿਆਹੀ ਗਈ" "ਪਰ ਜੇ ਮੈਨੂੰ ਉਸਦੇ ਸੁਭਾ ਦਾ ਪਤਾ ਈ ਨਾ ਹੋਵੇ ਤਾਂ ਮੈਂ ਸਿਆਣੀ ਘਰਵਾਲੀ ਕਿਵੇ ਬਣੂ।" ਫਾਸਟੋ ਬੋਲੀ "ਨੌਕਰ ਆਂਹਦੇ ਨੇ ਕਿ ਉਹ ਵਿਆਹ ਕਰਵਾਉਣਾ ਨਹੀ ਸੀ ਚਾਹੁੰਦਾ ਉਸਦੇ ਵਿਚਾਰ ਪੱਛਮੀਂ ਲੋਕਾਂ ਵਾਲੇ ਨੇ ਉਹ ਦੇਖ ਪਰਖ ਕੇ ਵਿਆਹ ਕਰਵਾਉਣ ਦਾ ਇੱਛਕ ਸੀ।" "ਉਹ ਕਿਸਨੂੰ ਚਾਹੁੰਦਾ ਸੀ" "ਕੋਈ ਕੁੜੀ ਉਸਦੀ ਮਿੱਤਰ ਨਹੀ ਸੀ ਇਸੇ ਕਰਕੇ ਮਾਪਿਆਂ ਦੀ ਚੱਲ ਗਈ।" ਇਹ ਸੁਣ ਕੇ ਸਪਰਿੰਗ ਮੂਨ ਖਾਮੋਸ਼ ਹੋ ਗਈ। ਸਾਰੇ ਕਪੜੇ ਠੀਕ ਠਾਕ ਪਹਿਨਾ ਕੇ ਫਾਸਟੋ ਜਾਂਦੀ ਹੋਈ ਚੇਤਾਵਨੀ ਦੇਣ ਲੱਗੀ "ਆਹ ਸਫੇਦ ਰੇਸ਼ਮੀ ਟਾਕੀ ਦਾ ਖਿਆਲ ਰੱਖੀਂ" ਸਪਰਿੰਗ ਮੂਨ ਸ਼ਰਮਾ ਗਈ।

ਸਪਰਿੰਗ ਮੂਨ ਕਮਰੇ ਵਿਚ ਇਕੱਲੀ ਸੀ। ਗਲੈਡ ਪਰਾਮਿਜ਼ ਵੀ ਆ ਗਿਆ। ਉਸਨੇ ਸਾਰਾ ਕਮਰਾ ਧਿਆਨ ਨਾਲ ਦੇਖਿਆ ਸਟੂਲ ਤੇ ਚਿੱਟੇ ਰੇਸ਼ਮ ਦੀ ਟਾਕੀ ਸੀ। ਇਸ ਨਾਲ ਸਪਰਿੰਗ ਮੂਨ ਦੇ ਕੁਆਰੇਪਨ ਦੀ ਪਰਖ ਪਰੀਵਾਰ ਨੇ ਕਰਨੀ ਸੀ ਅਤੇ ਬਿਸਤਰੇ ਉਪਰ ਪ੍ਰਜਨਣ ਪ੍ਰਕ੍ਰਿਆ ਦੇ ਵੱਖ ਚਿੰਨ ਸਨ। ਨਵ ਜਨਮੇ ਸ਼ਿਸੂਆਂ ਦੇ ਜੋੜੇ ਸੂਰਖ ਕੱਪੜੇ ਆਦਿ। ਕਾਫੀ ਦੇਰ ਉਹ ਖੜਾ ਦੇਖਦਾ ਰਿਹਾ। ਅਚਾਨਕ ਲਪਕ ਕੇ ਉਸਨੇ ਚਿੱਟੇ ਰੇਸ਼ਮ ਦੀ ਟਾਕੀ ਵਗਾਹ ਮਾਰੀ। ਉਹ ਵਾਰ ਵਾਰ ਇਉਂ ਕਰਦਾ ਰਿਹਾ। ਸਪਰਿੰਗ ਮੂਨ ਨੇ ਸੋਚਿਆ ਕਿ ਸ਼ਾਇਦ ਉਹ ਉਸ ਨਾਲ ਨਰਾਜ਼ ਹੈ। ਪਰ ਨਹੀ ਉਹ ਤਾਂ ਸਮਾਜ ਦੀਆਂ ਰੂੜੀਆਂ ਤੋੜਨੀਆਂ ਚਾਹੁੰਦਾ ਸੀ। ਸਪਰਿੰਗ ਮੂਨ ਬਿਸਤਰ ਵੱਲ ਵਧੀ ਅਤੇ ਇਕ ਇਕ ਕਰਕੇ ਪ੍ਰਜਨਣ ਪ੍ਰਕਿਆ ਦੀਆਂ ਸਾਰੀਆਂ ਨਿਸਾਨੀਆਂ ਫ਼ਰਸ਼ ਤੇ ਵਗਾਹ ਮਾਰੀਆਂ। ਹੁਣ ਉਹਨਾਂ ਵਿਚ ਲੰਬੀ ਚੁੱਪ ਪਸਰ ਗਈ। ਫਿਰ ਪਤਾ ਹੀ ਨਾ ਲੱਗਿਆ ਉਹਨਾਂ ਵਿਚੋਂ ਪਹਿਲਾਂ ਕਿਹੜਾ ਹੱਸਿਆ। ਉਹ ਹੱਸਦੇ ਰਹੇ ਹੱਫਦੇ ਰਹੇ, ਹੱਸਦੇ ਰਹੇ ਹੱਫਦੇ ਰਹੇ ਆਖਰਕਾਰ ਉਸ ਨੇ ਸਪਰਿੰਗ ਮੂਨ ਨੂੰ ਪੁੱਛਿਆ ਤੂੰ ਇਹ ਚੀਜਾਂ ਬਿਸਤਰੇ ਤੋਂ ਕਿਉਂ ਸੁੱਟੀਆਂ" "ਤੂੰ ਉਹ ਚਿੱਟੀ ਰੇਸ਼ਮੀ ਟਾਕੀ ਕਿਉਂ ਸੁੱਟੀ" "ਮੈਂ ਸਵਾਲ ਪਹਿਲਾ ਕੀਤਾ" "ਮੈਨੂੰ ਲੱਗਿਆ ਕਿ ਤੈਨੂੰ ਪੁਰਾਣੇ ਰਵਾਜ ਪਸੰਦ ਨਹੀਂ" "ਇਉਂ ਤੂੰ ਠੀਕ ਸੋਚਿਆ ਮੇਰੀ ਛੋਟੀ ਭੈਣ ਮੈਂ ਨਹੀਂ ਸੀ ਚਾਹੁੰਦਾ ਕਿ ਇਕ ਅਣਜਾਣੀ ਕੁੜੀ ਨਾਲ ਵਿਆਹ ਹੋਵੇ" ਸਪਰਿੰਗ ਮੂਨ ਦਾ ਹੱਥ ਉਸ ਦੇ ਬੁੱਲਾਂ ਤੱਕ ਗਿਆ ਜਿਵੇਂ ਚੁੱਪ ਕਰਵਾਉਣਾ ਹੋਵੇ। "ਵੱਡੇ ਵੀਰ ਇਉਂ ਨਾ ਆਖ, ਹੁਣ ਅਸੀਂ ਵਿਆਹੇ ਗਏ ਹਾਂ, ਜੋ ਸਾਡੇ ਮਾਪਿਆਂ ਨੇ ਕਰ ਦਿੱਤਾ ਅਸੀਂ ਤੋੜ ਨਹੀਂ ਸਕਦੇ, ਨਾਲੇ ਅਜਨਬੀ ਵੀ ਤਾਂ ਇਕ ਦਿਨ ਦੋਸਤ ਬਣ ਸਕਦੇ ਨੇ" "ਇਸ ਵਿੱਚ ਸਮਾਂ ਲੱਗਦਾ" "ਸਾਡੇ ਕੋਲ ਪੂਰੀ ਜ਼ਿੰਦਗੀ ਹੈ" "ਤੈਨੂੰ ਉਡੀਕ ਕਰਨੀ ਔਖੀ ਨਾ ਲੱਗੂ" ਸਪਰਿੰਗ ਮੂਨ ਨੇ ਨਾਂਹ ਵਿੱਚ ਸਿਰ ਮਾਰਿਆ। ਉਸਨੂੰ ਲੱਗਿਆ ਪਹਿਲਾਂ ਹੀ ਵਧੀਆ ਸ਼ੁਰੂਆਤ ਹੋ ਚੱਕੀ ਹੈ ਅਤੇ ਉਹ ਉਡੀਕ ਸਕਦੀ ਹੈ, ਉਸ ਨੂੰ ਪਤਾ ਲੱਗ ਗਿਆ ਕਿ ਉਹ ਉਸਨੂੰ ਕਿਵੇਂ ਖ਼ੁਸ਼ ਰੱਖ ਸਕਦੀ ਹੈ। "ਤਾਂ ਕੀ ਤੂੰ ਠੀਕ ਠੀਕ ਸਮਝ ਗਈ" "ਹਾਂ" ਫਿਰ ਉਹ ਗੋਡਿਆਂ ਭਾਰ ਫ਼ਰਸ਼ ਤੇ ਬੈਠ ਗਈ। ਸਾਰੀਆਂ ਚੀਜ਼ਾਂ ਜੋ ਉਸ ਨੇ ਬਿਸਤਰ ਤੋਂ ਵਗਾਹੀਆਂ ਸਨ ਇੱਧਰ ਉੱਧਰ ਸੁੱਟਣ ਲੱਗੀ। ਆਖਰ ਚਿੱਟੇ ਰੇਸ਼ਮ ਦੀ ਟਾਕੀ ਲੱਭ ਕੇ ਉਸ ਤੇ, ਦੰਦੀ ਵੱਢਕੇ ਮੂੰਹ ਵਿੱਚੋਂ ਕੱਢਿਆ ਲਹੂ ਥੁੱਕ ਦਿੱਤਾ ਤੇ ਬੋਲੀ ਉ ਆਹ ਲਵੋ ਪਹਿਲਾ ਰਿਵਾਜ਼ ਖਤਮ, ਤੇ ਇਹ ਭੇਦ ਆਪਣੇ ਦੋਹਾਂ ਵਿੱਚ ਹੀ ਰਹੇਗਾ।"

ਇਉਂ ਕਰਦਿਆਂ ਨੂੰ ਰਾਤ ਬੀਤ ਚੱਲੀ ਸੀ। ਗਲੈਡ ਪਰਾਮਿਜ਼ ਨੇ ਜਲਦੀ ਨਾਸ਼ਤੇ ਲਈ ਅਵਾਜ਼ ਨੌਕਰਾਂ ਨੂੰ ਦਿੱਤੀ। ਨੌਕਰ ਆਏ ਅਤੇ ਨਾਸ਼ਤੇ ਦਾ ਮੇਜ਼ ਲਗਾ ਗਏ। ਦੋਵੇਂ ਧਾਹ ਕੇ ਨਾਸ਼ਤਾ ਕਰਨ ਲੱਗੇ। ਸਪਰਿੰਗ ਮੂਨ ਦੁਖਦੇ ਮੂੰਹ ਨਾਲ ਖਾ ਰਹੀ ਸੀ ਅਤੇ ਤਰੀਫ਼ ਕਰ ਰਹੀ ਸੀ। "ਕੀ ਤੂੰ ਖਾਣਾ ਬਨਾਉਣ ਜਾਣਦੀ ਹੈ," ਉਸ ਨੇ ਨਾਂਹ ਵਿੱਚ ਸਿਰ ਹਿਲਾਇਆ। "ਕੀ ਮਾਂ ਮੈਨੂੰ ਬੁਰਾ ਸਮਝੇਗੀ ਜੇ ਮੈਂ ਤੀਜੀ ਸਵੇਰ ਨੂੰ ਵਧੀਆ ਸਾਬਤ ਮੱਛੀ ਨਾ ਬਣਾ ਸਕੀ। ਕਿਉਂਕਿ ਤਿੰਨ ਦਿਨ ਅਤੇ ਤਿੰਨ ਰਾਤਾਂ ਤਾਂ ਅਸੀਂ ਪਰਿਵਾਰ ਤੋਂ ਵੱਖਰੇ ਹੀ ਰਹਿਣਾ ਤੇ ਤੀਜੀ ਸਵੇਰ ਮੈਨੂੰ ਰਸੋਈ ਸਾਫ਼ ਕਰਕੇ ਪਰਿਵਾਰ ਵਾਸਤੇ ਮੱਛੀ ਬਣਾਉਣੀ ਪਵੇਗੀ" "ਕੀ ਤੈਨੂੰ ਘਰ ਦਿਆਂ ਨੇ ਇਉਂ ਦੱਸਿਆ ਨਹੀਂ" "ਨਹੀਂ ਮੈਨੂੰ ਕੁੱਝ ਨਹੀਂ ਦੱਸਿਆ" "ਇਹ ਇਕ ਹੋਰ ਰੂੜੀਵਾਦੀ ਪ੍ਰੰਪਰਾ, ਕਹਿੰਦੇ ਨੇ ਇਉਂ ਪਰੀਵਾਰ ਵਾਸਤੇ ਕਈ ਪੋਤੇ ਜੰਮਣਗੇ।"

"ਕੀ ਤੂੰ ਤਿਆਰ ਕੀਤੇ ਖਾਣੇ ਦੀ ਤਰੀਫ਼ ਕਰੇਂਗਾ ਅਤੇ ਦੁਬਾਰਾ ਦੁਬਾਰਾ ਮੰਗ ਕੇ ਖਾਵੇਂਗਾ। ਭਾਵੇਂ ਤਿਆਰ ਹੋਇਆ ਖਾਣਾ ਸੁਆਦ ਨਾ ਵੀ ਹੋਵੇ" "ਤੇਰਾ ਕੀ ਖਿਆਲ ਆ ਮੈਂ ਮਾਂ ਨੂੰ ਝੂਠ ਬੋਲਾਂ" "ਤੂੰ ਕਹਿਣਾ ਕੁੱਝ ਨਹੀਂ ਬੱਸ ਖਾਈ ਜਾਈਂ" ਉਸ ਨੇ ਹਾਂ ਵਿੱਚ ਸਿਰ ਹਿਲਾਇਆ। "ਮੈਨੂੰ ਲੱਗਾ ਇਹ ਸਾਡਾ ਦੂਜਾ ਭੇਤ ਹੋਵੇਗਾ।"

"ਛੋਟੀ ਭੈਣ ਕੀ ਤੂੰ ਵਧੀਆ ਸਿਲਾਈ ਕਢਾਈ ਕਰ ਸਕਦੀ ਏਂ" "ਨਹੀਂ" "ਮੈਨੂੰ ਪਤਾ ਤੂੰ ਮੈਨੂੰ ਖ਼ੁਸ਼ ਕਰਨ ਵਾਸਤੇ ਆਖਿਆ" "ਨਹੀਂ ਸੱਚ ਆ ਮੈਨੂੰ ਸਿਲਾਈ ਕਢਾਈ ਨਹੀਂ ਆਉਂਦੀ", "ਤੈਨੂੰ ਪੇਂਟਿੰਗ ਕਰਨੀ ਆਉਂਦੀ ਹੋਊ" "ਨਹੀਂ ਇਹ ਵੀ ਨਹੀਂ ਆਉਂਦੀ" "ਫਿਰ ਤੂੰ ਬਾਗ ਬਗੀਚੇ ਦਾ ਕੰਮ ਕਰਨਾ ਜਾਣਦੀ ਹੋਵੇਂਗੀ" "ਕੀ ਤੂੰ ਇਹ ਸਾਰੇ ਕੰਮ ਕਰਨੇ ਜਾਣਦਾਂ" "ਕਿਹੜੇ" "ਕੁਕਿੰਗ, ਸਿਲਾਈ, ਕਢਾਈ, ਬਾਗ ਬਗੀਚਾ, ਗਾਉਣ ਆਦਿ" "ਨਹੀਂ" ਉਫਿਰ ਤਾਂ ਦੋਵੇਂ ਇਕੋ ਜਿਹੇ ਹੀ ਆਂ" "ਤੈਨੂੰ ਖੇਡ ਕੇਹੜੀ ਆਉਂਦੀ ਆ, ਬਾਰਾ ਗੀਟੀ, ਚੌਸਰ, ਸਤਰੰਜ" "ਹਾਂ ਮੈਂ ਸਤਰੰਜ ਖੇਡ ਸਕਦੀ ਆਂ" ਗਲੈਡ ਪਰਾਮਿਜ਼ ਨੇ ਸਤਰੰਜ ਦੇ ਮੋਹਰੇ ਮੇਜ਼ ਤੇ ਲਗਾ ਦਿੱਤੇ ਅਤੇ ਸਪਰਿੰਗ ਮੂਨ ਨੇ ਪਹਿਲੀ ਚਾਲ ਚੱਲੀ। ਥੋੜੀਆਂ ਚਾਲਾਂ ਵਿੱਚ ਹੀ ਸਪਰਿੰਗ ਮੂਨ ਨੇ ਉਸ ਨੂੰ ਘੇਰ ਲਿਆ।

ਰਾਤ ਮੁੱਕ ਚੱਲੀ ਸੀ। ਪਹਿਰੇਦਾਰ ਜਾਗਦੇ ਰਹੋ ਦੇ ਹੋਕਰੇ ਲਾਉਂਦੇ ਥੱਕ ਚੁੱਕੇ ਸਨ। "ਅਸੀਂ ਸਾਰੀਆਂ ਰਾਤਾਂ ਕੁਰਸੀਆਂ ਵਿੱਚ ਬੈਠੇ ਨਹੀਂ ਕੱਢ ਸਕਦੇ। ਕੀ ਤੈਨੂੰ ਨਹੀਂ ਲੱਗਦਾ ਅਸੀਂ ਬਿਸਤਰ ਵਿੱਚ ਸੌਂ ਜਾਈਏ" "ਹਾਂ ਹਾਂ ਠੀਕ ਹੈ" "ਕੀ ਮੈ ਇਕੱਲੀ ਪਹਿਲਾਂ ਸੌਣ ਕਮਰੇ ਵਿੱਚ ਜਾ ਸਕਦੀ ਆਂ, ਜਦੋਂ ਮੈਂ ਤਿਆਰ ਹੋ ਗਈ ਤੈਨੂੰ ਅਵਾਜ਼ ਮਾਰਾਂਗੀ।" "ਹਾਂ ਠੀਕ ਹੈ ਛੋਟੀ ਭੈਣ"। ਉਹ ਸੌਣ ਕਮਰੇ ਵਿੱਚ ਗਈ, ਕਪੜੇ ਬਦਲੇ, ਬਿਸਤਰ ਬਣਾਇਆ ਅਤੇ ਇਕ ਲੇਫ ਦੀ ਵੱਟ ਬਣਾ ਕੇ ਲੇਟ ਗਈ ਅਤੇ ਗਲੈਡ ਪਰਾਮਿਜ਼ ਨੂੰ ਸੱਦਿਆ ਕਿ ਉਹ ਵੱਟ ਦੇ ਦੂਜੇ ਪਾਸੇ ਸੌਂ ਜਾਵੇ।

# ਪੁਲਿਸ ਅਧਿਕਾਰੀ ਹਿਰਾਸਤ ਵਿਚ ਨੌਜਵਾਨ ਦੀ ਹੱਤਿਆ ਨੂੰ ਖ਼ੁਦਕੁਸ਼ੀ ਬਣਾਕੇ ਪੇਸ਼ ਕਰਨਾ ਬੰਦ ਕਰਨ : ਜਮਹੂਰੀ ਅਧਿਕਾਰ ਸਭਾ

ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਵਾਇਸ ਪ੍ਰਧਾਨ ਬੱਗਾ ਸਿੰਘ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਫ਼ਰੀਦਕੋਟ ਪੁਲਿਸ ਵੱਲੋਂ ਇਕ ਨੌਜਵਾਨ ਜਸਪਾਲ ਸਿੰਘ ਨੂੰ ਹਿਰਾਸਤ ਵਿਚ ਜਾਨਲੇਵਾ ਤਸੀਹੇ ਦੇ ਕੇ ਮਾਰਨ ਤੋਂ ਬਾਦ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰ ਦੇਣ ਦੀ ਸਖ਼ਤ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਇਹ ਸਪਸ਼ਟ ਤੌਰ 'ਤੇ ਪੁਲਿਸ ਹਿਰਾਸਤ ਵਿਚ ਹੱਤਿਆ ਕਰਨ ਦਾ ਮਾਮਲਾ ਹੈ ਅਤੇ ਇਸ ਵਿਚ ਜ਼ਿਲ੍ਹਾ ਪੁਲਿਸ ਮੁਖੀ ਸਮੇਤ ਹੋਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਪ੍ਰੈੱਸ ਕਾਨਫਰੰਸ ਕਰਕੇ ਇਸ ਨੂੰ ਖ਼ੁਦਕੁਸ਼ੀ ਦਾ ਮਾਮਲਾ ਬਣਾ ਕੇ ਪੇਸ਼ ਕਰਨ ਦੀ ਕਹਾਣੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਹਿਰਾਸਤ ਵਿਚ ਲਏ ਨੌਜਵਾਨ ਨੂੰ ਬੇਰਹਿਮੀ ਨਾਲ ਤਸੀਹੇ ਦੇ ਕੇ ਮਾਰਨ ਉੱਪਰ ਪਰਦਾਪੋਸ਼ੀ ਕਰਨ ਲਈ ਜ਼ਿਲ੍ਹਾ ਪੁਲਿਸ ਵੱਲੋਂ ਪਹਿਲੇ ਦਿਨ ਤੋਂ ਲੈ ਕੇ ਨਵੀਂ ਤੋਂ ਨਵੀਂ ਕਹਾਣੀ ਪੇਸ਼ ਕੀਤੀ ਜਾ ਰਹੀ ਹੈ ਜੋ ਜਵਾਬਦੇਹੀ ਤੋਂ ਬਚਣ ਅਤੇ ਅਸਲ ਤੱਥਾਂ ਨੂੰ ਛੁਪਾਉਣ ਦੀ ਕੋਸ਼ਿਸ਼ ਤੋਂ ਬਿਨਾ ਹੋਰ ਕੁਝ ਨਹੀਂ। ਉਹਨਾਂ ਕਿਹਾ ਕਿ ਭਾਰਤੀ ਰਾਜ ਅੰਦਰ ਹਿਰਾਸਤ ਵਿਚ ਹੱਤਿਆਵਾਂ ਦਾ ਰਾਜਸੀ ਸਰਪ੍ਰਸਤੀ ਵਾਲਾ ਵਰਤਾਰਾ ਬਹੁਤ ਹੀ ਚਿੰਤਾਜਨਕ ਹੈ ਜਿਸ ਤਹਿਤ ਪੁਲਿਸ ਅਤੇ ਹੋਰ ਸੁਰੱਖਿਆ ਤਾਕਤਾਂ ਨੂੰ ਹਿਰਾਸਤ ਵਿਚ ਲਏ ਵਿਅਕਤੀ ਦੇ ਕਾਨੂੰਨੀ ਅਧਿਕਾਰਾਂ ਦੀਆਂ ਧੱਜੀਆਂ ਉਡਾਉਣ ਅਤੇ ਜਵਾਬਦੇਹੀ ਤੋਂ ਬਚਣ ਦੀ ਪੂਰੀ ਛੋਟ ਦਿੱਤੀ ਗਈ ਹੈ। ਜਨਵਰੀ 2019 ਵਿਚ ਰਾਜ ਸਭਾ ਅੰਦਰ ਦਿੱਤੇ ਗਏ ਸਰਕਾਰੀ ਬਿਆਨ ਵਿਚ ਪੇਸ਼ ਕੀਤੇ ਤਿੰਨ ਸਾਲਾਂ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਇਸ ਅਰਸੇ ਵਿਚ ਹਿਰਾਸਤ ਵਿਚ ਹੱਤਿਆਵਾਂ ਦੇ ਰੁਝਾਨ ਵਿਚ ਕੋਈ ਫ਼ਰਕ ਨਹੀਂ ਪਿਆ। ਪੂਰੇ ਭਾਰਤ ਵਿਚ 2016 ਵਿਚ ਹਿਰਾਸਤ ਵਿਚ ਹੱਤਿਆਵਾਂ ਦੇ 1668 ਮਾਮਲੇ ਦਰਜ ਹੋਏ ਜਦਕਿ 31 ਮਾਰਚ 2018 ਤਕ 1636 ਮਾਮਲੇ ਦਰਜ ਹੋਏ। ਇਸੇ ਤਰ੍ਹਾਂ ਪੰਜਾਬ ਅੰਦਰ 2015-16 ਦੇ ਅਰਸੇ ਵਿਚ 180 ਦਰਜ ਹੋਏ ਜਦਕਿ 2017-18 ਦੇ ਅਰਸੇ ਵਿਚ 31 ਮਾਰਚ ਤਕ 127 ਮਾਮਲੇ ਦਰਜ ਕੀਤੇ ਜਾ ਚੁੱਕੇ ਸਨ।

ਉਹਨਾਂ ਮੰਗ ਕੀਤੀ ਕਿ ਇਸ ਮਾਮਲੇ ਦਾ ਪੂਰਾ ਸੱਚ ਸਾਹਮਣੇ ਲਿਆਉਣ ਲਈ ਇਸ ਹੱਤਿਆ ਦੀ ਉੱਚ ਪੱਧਰੀ ਜੁਡੀਸ਼ੀਅਲ ਜਾਂਚ ਕਰਾਈ ਜਾਵੇ, ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਲਾਸ਼ ਨੂੰ ਖ਼ਪਾਉਣ ਦੇ ਮਾਮਲੇ ਵਿਚ ਸ਼ਾਮਲ ਸਾਰੇ ਹੀ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਨੌਕਰੀ ਤੋਂ ਮੁਅੱਤਲ ਕਰਕੇ ਉਹਨਾਂ ਉੱਪਰ ਹੱਤਿਆ ਕਰਨ ਅਤੇ ਇਸ ਦੇ ਸਬੂਤ ਮਿਟਾਉਣ ਦਾ ਮੁਕੱਦਮਾ ਦਰਜ ਕੀਤਾ ਜਾਵੇ। ਪੁਲਿਸ ਨੂੰ ਸਜ਼ਾਵਾਂ ਤੋਂ ਛੋਟ ਦੇ ਰਾਜਕੀ ਸੱਭਿਆਚਾਰ ਦੀ ਪੁਸ਼ਤਪਨਾਹੀ ਬੰਦ ਕੀਤੀ ਜਾਵੇ ਅਤੇ ਹਿਰਾਸਤ ਵਿਚ ਲਏ ਵਿਅਕਤੀਆਂ ਦੀ ਜ਼ਿੰਦਗੀ ਦੀ ਸੁਰੱਖਿਆ ਲਈ ਕਾਨੂੰਨਾਂ ਦੀ ਪਾਲਣਾ ਯਕੀਨੀਂ ਬਣਾਏ।

# ਭਾਰਤੀ ਜਮਹੂਰੀਅਤ ਨੂੰ ਹਿੰਦੂਤਵ ਦਾ ਗ੍ਰਹਿਣ

(ਸਫ਼ਾ 1 ਦੀ ਬਾਕੀ)

ਮੂੰਹ ਧੱਕਣ ਵਿਚ ਸਭ ਤੋਂ ਵਧੇਰੇ ਹਿੱਸਾ ਕਾਂਗਰਸ ਦਾ ਹੀ ਹੈ। ਇਸ ਵਿਚ ਕਾਂਗਰਸ ਦੇ ਪਰਿਵਾਰਵਾਦ ਦੀ ਵੀ ਇਕ ਵੱਡੀ ਭੂਮਿਕਾ ਰਹੀ ਹੈ। ਲੇਕਿਨ ਸੰਘ ਬਰਗੇਡ ਇਸ ਤੱਥ ਨੂੰ ਨਹਾਇਤ ਚਲਾਕੀ ਨਾਲ ਤੋੜ-ਮਰੋੜ ਕੇ ਅਤੇ ਆਪਣੀ ਦੇਸ਼ਧ੍ਰੋਹੀ ਖ਼ਸਲਤ ਉੱਪਰ ਪਰਦਾ ਪਾਕੇ ਕਾਂਗਰਸ ਦੇ ਮਹਾਂ ਭ੍ਰਿਸ਼ਟਾਚਾਰੀ ਰਾਜ ਵਿਰੁੱਧ ਨਫ਼ਰਤ ਅਤੇ ਗੁੱਸੇ ਨੂੰ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਵਰਤ ਰਿਹਾ ਹੈ। ਸੰਘ ਦੀ ਪ੍ਰਚਾਰ ਮਸ਼ੀਨਰੀ ਇਸ ਮੂੰਹਜ਼ੋਰ ਹਕੀਕਤ ਨੂੰ ਉਜਾਗਰ ਨਹੀਂ ਹੋਣ ਦੇਣਾ ਚਾਹੁੰਦੀ ਕਿ ਇਹ ਅਖਾਉਤੀ ਲੋਕਤੰਤਰ ਦਰਅਸਲ ਬਦੇਸ਼ੀ-ਦੇਸੀ ਕਾਰਪੋਰੇਟ ਸਰਮਾਏ ਅਤੇ ਹੋਰ ਧਨਾਢ ਜਮਾਤਾਂ ਦਾ ਰਾਜ ਹੈ ਅਤੇ ਹਾਕਮ ਜਮਾਤੀ ਪਾਰਟੀਆਂ ਵਿੱਚੋਂ ਕੋਈ ਵੀ ਸੱਤਾਧਾਰੀ ਹੋਵੇ, ਇਹ ਇਹਨਾਂ ਲੋਟੂ ਜਮਾਤਾਂ ਦੀ ਸੇਵਾ ਲਈ ਅਤੇ ਲੋਕਾਂ ਨੂੰ ਲੁੱਟਣ ਤੇ ਕੁੱਟਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦੀਆਂ। ਮੋਦੀ ਰਾਜ ਦੀ ਦੂਜੀ ਪਾਰੀ ਲੰਗੋਟੀਏ ਕਾਰਪੋਰੇਟ ਸਰਮਾਏਦਾਰਾਂ ਦਾ ਮੁਲਕ ਦੇ ਵਸੀਲਿਆਂ ਉੱਪਰ ਮਨਮਰਜ਼ੀ ਦਾ ਕਬਜ਼ਾ ਕਰਾਉਣ ਦਾ ਸੰਵਿਧਾਨਕ ਲਾਇਸੰਸ ਨਵਿਆਉਣਾ ਹੀ ਹੈ।

ਪਾਰਲੀਮੈਂਟਰੀ ਬਦਲਾਓ ਦੇ ਪੈਰੋਕਾਰ ਉਦਾਰਵਾਦੀਆਂ ਨੂੰ ਪੱਕੀ ਉਮੀਦ ਸੀ ਕਿ ਕਾਂਗਰਸ ਅਤੇ ਹੋਰ ਵਿਰੋਧੀ ਧਿਰ ਜਿੱਤ ਜਾਵੇਗੀ। ਜਦਕਿ ਪੂਰਾ ਜ਼ੋਰ ਲਗਾ ਕੇ ਵੀ ਉਹ ਸੰਘ ਬਰਗੇਡ ਦੀ ਚੋਣ ਮਸ਼ੀਨਰੀ ਵੱਲੋਂ ਸਿਰਜਿਆ ਇਹ ਬਿਰਤਾਂਤ ਤੋੜ ਨਹੀਂ ਸਕੀਆਂ ਕਿ ਮੋਦੀ ਅਤੇ ਭਾਜਪਾ ਦਾ ਕੋਈ ਬਦਲ ਨਹੀਂ ਹੈ। ਸੰਘ ਦਾ ਬੂਥ ਪੱਧਰ ਤਕ ਜਥੇਬੰਦ ਤਾਣਾਬਾਣਾ ਅਤੇ ਟਰੌਲ ਆਰਮੀ ਸੋਸ਼ਲ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਪਿਛਲੇ ਸਾਲਾਂ ਤੋਂ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਹਿੰਦੂਤਵ ਦੀ ਚੋਣ ਯੁੱਧਨੀਤੀ ਅਨੁਸਾਰ ਸਰਗਰਮ ਸੀ। 'ਮੋਦੀ ਹਟਾਓ' ਦੇ ਨਾਅਰੇ ਤਹਿਤ ਕਾਂਗਰਸ ਅਤੇ ਹੋਰ ਪਾਰਟੀਆਂ ਨੇ ਸੰਘ ਬਰਗੇਡ ਦੇ ਮੁਕਾਬਲੇ ਜੋ ਬਿਰਤਾਂਤ ਸਿਰਜਿਆ ਉਹ ਅਵਾਮ ਨੂੰ ਪ੍ਰਭਾਵਤ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ। ਕਾਂਗਰਸ ਅਤੇ ਇਸ ਦੇ ਯੂ.ਪੀ.ਏ. ਭਾਈਵਾਲਾਂ ਵੱਲੋਂ ਰਾਹੁਲ ਗਾਂਧੀ ਨੂੰ ਸਟਾਰ ਪ੍ਰਚਾਰਕ ਬਣਾ ਕੇ ਮੋਦੀ ਉੱਪਰ ਨਿਸ਼ਾਨਾ ਸੇਧ ਕੇ ਚੋਣ ਮੁਹਿੰਮ ਚਲਾਈ ਗਈ। ਆਰ.ਐੱਸ.ਐੱਸ. ਦਾ ਹਿੰਦੂ ਰਾਸ਼ਟਰ ਦਾ ਏਜੰਡਾ, ਮੋਦੀ ਸਰਕਾਰ ਦਾ ਵਿਆਪਕ ਭ੍ਰਿਸ਼ਟਾਚਾਰ ਅਤੇ ਆਰਥਕ ਕਾਰਗੁਜ਼ਾਰੀ, ਖ਼ਾਸ ਕਾਰਪੋਰੇਟ ਲੰਗੋਟੀਏ ਯਾਰਾਂ ਦੀ ਸੇਵਾ ਆਦਿ ਮੁੱਦਿਆਂ ਦੇ ਅਧਾਰ 'ਤੇ ਮੋਦੀ-ਅਮਿਤ ਸ਼ਾਹ ਦੀ ਚੋਣ ਯੁੱਧਨੀਤੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਵੋਟਰਾਂ ਨੇ ਹੁੰਗਾਰਾ ਨਹੀਂ ਦਿੱਤਾ। ਕਾਂਗਰਸ ਵੱਲੋਂ ਵੋਟਰਾਂ ਦੀ ਸੱਤਾਧਾਰੀ ਧਿਰ ਤੋਂ ਨਾਖ਼ੁਸ਼ੀ ਦਾ ਲਾਹਾ ਲੈਣ ਲਈ ਅਤੇ ਇਸ ਅਸੰਤੁਸ਼ਟੀ ਤੇ ਸਿਆਸੀ ਬੇਚੈਨੀ ਨੂੰ ਭਰਮਾਊ ਵਾਅਦਿਆਂ ਨਾਲ ਵੋਟਾਂ ਵਿਚ ਢਾਲਣ ਲਈ ਜੋ ਲੋਕ-ਭਰਮਾਊ ਚੋਣ ਮੈਨੀਫੈਸਟੋ ਬਣਾਇਆ ਗਿਆ ਉਹ ਵੀ ਵੋਟਰਾਂ ਦਾ ਭਰੋਸਾ ਨਹੀਂ ਜਿੱਤ ਸਕਿਆ। ਕਾਂਗਰਸ ਨਾ ਤਾਂ ਵਿਰੋਧੀ ਧਿਰ ਦੇ ਪਾਟੋਧਾੜ ਹੋਏ ਧੜਿਆਂ ਨੂੰ ਇਕਜੁੱਟ ਕਰਕੇ ਐੱਨ.ਡੀ.ਏ. ਦੇ ਮੁਕਾਬਲੇ ਇਕਜੁੱਟ ਬਦਲ ਖੜ੍ਹਾ ਕਰ ਸਕੀ ਅਤੇ ਨਾ ਹੀ ਮੋਦੀ ਦੇ ਮੁਕਾਬਲੇ ਆਪਣਾ ਲੀਡਰਸ਼ਿਪ ਦਾ ਮਜ਼ਬੂਤ ਅਕਸ ਪੇਸ਼ ਕਰ ਸਕੀ। ਇੰਞ, ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ, ਯੂ.ਪੀ.ਏ., ਦੀ ਮੁੜ ਸੱਤਾ ਵਿਚ ਆਉਣ ਦੀ ਰੀਝ ਧਰੀ ਧਰਾਈ ਰਹਿ ਗਈ ਅਤੇ ਉਹ ਮਿਲ ਕੇ ਵੀ ਸਿਰਫ਼ 90 ਸੀਟਾਂ ਹੀ ਜਿੱਤ ਸਕੇ। ਇਸੇ ਤਰ੍ਹਾਂ, ਯੂ.ਪੀ. ਵਿਚ ਬਸਪਾ+ਸਮਾਜਵਾਦੀ ਪਾਰਟੀ+ਰਾਸ਼ਟਰੀ ਲੋਕ ਦਲ ਦਾ ਸੱਤਾ ਉੱਪਰ ਕਾਬਜ਼ ਹੋਣ ਲਈ ਮੌਕਾਪ੍ਰਸਤ ਗੱਠਜੋੜ ਵੀ ਸੰਘ ਦੀ ਚੋਣ ਯੁੱਧਨੀਤੀ ਨੂੰ ਮਾਤ ਦੇਣ ਵਿਚ ਪੂਰੀ ਤਰ੍ਹਾਂ ਅਸਫ਼ਲ ਰਿਹਾ। ਇਸ ਗੱਠਜੋੜ ਦਾ ਮੁਸਲਿਮ+ਦਲਿਤ+ਓਬੀਸੀ ਵੋਟ ਦਾ ਗਣਿਤ ਵੀ ਸੰਘ ਵੱਲੋਂ ਜਾਤੀ, ਜਮਾਤੀ ਵੰਡਾਂ ਤੋਂ ਪਾਰ ਜਾ ਕੇ ਉਭਾਰੀ ਹਿੰਦੂ ਪਛਾਣ ਦੇ ਫਾਰਮੂਲੇ ਨੇ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤਾ। ਪਾਰਲੀਮੈਂਟਰੀ ਖੱਬੀਧਿਰ ਦੀ ਕਾਰਗੁਜ਼ਾਰੀ ਵੀ ਪੂਰੀ ਤਰ੍ਹਾਂ ਨਖਿੱਧ ਰਹੀ। ਬਦਲਵੀਂ ਸਿਆਸਤ ਦੀ ਦਾਅਵੇਦਾਰ ਝਾੜੂ ਪਾਰਟੀ ਨੂੰ ਵੀ ਵੋਟਰਾਂ ਨੇ ਬੁਰੀ ਤਰ੍ਹਾਂ ਦੁਰਕਾਰ ਦਿੱਤਾ। ਦਿੱਲੀ ਵਿਚ ਸੱਤਾਧਾਰੀ ਹੋਣ ਦੇ ਬਾਵਜੂਦ ਇਹ ਸੰਘ ਦੀ ਚੋਣ ਯੁੱਧਨੀਤੀ ਅੱਗੇ ਟਿਕ ਨਹੀਂ ਸਕੇ। ਸਿਰਫ਼ ਕੇਰਲਾ ਅਤੇ ਪੰਜਾਬ ਹੀ ਦੋ ਐਸੇ ਰਾਜ ਹਨ ਜੋ ਭਗਵੇਂ ਰਥ ਲਈ ਸਪੀਡ ਬਰੇਕਰ ਬਣੇ। ਜਿਥੇ ਭਗਵੇਂ ਕੈਂਪ ਦੇ ਵਿਆਪਕ ਪੱਧਰ 'ਤੇ ਫੈਲ ਨਾ ਸਕਣ ਅਤੇ ਆਪਣਾ ਚੋਣ ਅਧਾਰ ਵਧਾ ਨਾ ਸਕਣ ਦੇ ਖ਼ਾਸ ਸਥਾਨਕ ਰਾਜਸੀ ਤੇ ਸੱਭਿਆਚਾਰਕ ਕਾਰਨ ਹਨ।

ਇਸ ਵਾਰ ਮੋਦੀ-ਅਮਿਤ ਸ਼ਾਹ ਨੇ ਕਥਿਤ ਵਿਕਾਸ ਅਤੇ ਰੋਜ਼ਗਾਰ ਦਾ ਜ਼ਿਕਰ ਛੋਹਿਆ ਹੀ ਨਹੀਂ। ਸੰਘ ਦੇ ਥਿੰਕ ਟੈਂਕ ਨੂੰ ਪਤਾ ਸੀ ਕਿ ਇਹਨਾਂ ਚੋਣ ਜੁਮਲਿਆਂ ਦੀ ਕਿਸੇ ਵੀ ਰੂਪ 'ਚ ਚਰਚਾ ਉਹਨਾਂ ਦੇ ਖ਼ਿਲਾਫ਼ ਜਾਏਗੀ। ਵਿਰੋਧੀ ਧਿਰ ਮੋਦੀ-ਅਮਿਤ ਸ਼ਾਹ ਦੇ ਪਿਛਲੇ ਚੋਣ ਵਾਅਦਿਆਂ ਨੂੰ ਮੁੱਦਾ ਬਣਾਉਣ ਦੀ ਸਿਰਤੋੜ ਕੋਸ਼ਿਸ਼ ਕਰ ਰਹੀ ਸੀ, ਸਮਾਜ ਦੇ ਚੇਤੰਨ ਹਿੱਸੇ ਵੀ ਲਗਾਤਾਰ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਸ ਤੋਂ ਧਿਆਨ ਹਟਾਈ ਰੱਖਣ ਲਈ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ 'ਰਾਸ਼ਟਰੀ ਸੁਰੱਖਿਆ' ਨੂੰ ਮੁੱਖ ਰਾਸ਼ਟਰੀ ਮਸਲਾ ਬਣਾ ਕੇ ਐਨਾ ਪ੍ਰਚਾਰਿਆ ਗਿਆ ਕਿ ਖੇਤੀ ਸੰਕਟ, ਕਿਸਾਨ ਖ਼ੁਦਕੁਸ਼ੀਆਂ, ਭਿਆਨਕ ਬੇਰੁਜ਼ਗਾਰੀ, ਸਿੱਖਿਆ, ਸਿਹਤ ਸੇਵਾਵਾਂ ਦੀ ਅਣਹੋਂਦ ਆਦਿ ਅਸਲ ਮੁੱਦੇ ਪੂਰੀ ਤਰ੍ਹਾਂ ਘੱਟੇ ਰੋਲ਼ ਦਿੱਤੇ ਗਏ। ਕਥਿਤ ਦਹਿਸ਼ਤਗਰਦ ਹਮਲਿਆਂ, ਖ਼ਾਸ ਕਰਕੇ ਪੁਲਵਾਮਾ ਵਿਚ ਮਾਰੇ ਗਏ ਸੈਨਿਕਾਂ, ਬਾਲਾਕੋਟ ਵਿਚ ਕਥਿਤ ਸਰਜੀਕਲ ਸਟਰਾਈਟ ('ਘਰ ਮੇਂ ਘੁਸ ਕਰ ਮਾਰਾ'), ਨਿਊਕਲੀਅਰ ਤਾਕਤ ਦੀ ਭੱਦੀ ਨੁਮਾਇਸ਼, ਮੁਲਕ ਦੀ ਕਥਿਤ ਸੁਰੱਖਿਆ ਅਤੇ ਮਜ਼ਬੂਤ ਆਗੂ ਦੇ ਨਾਂ 'ਤੇ ਵੋਟਾਂ ਮੰਗੀਆਂ ਗਈਆਂ। 2014 ਵਿਚ ਵਿਕਾਸ ਅਤੇ ਰਾਸ਼ਟਰੀ ਸੁਰੱਖਿਆ ਦੇ ਜੁਮਲਿਆਂ ਰਾਹੀਂ 'ਅੱਛੇ ਦਿਨ' ਦੀ ਉਮੀਦ ਜਗਾ ਕੇ ਵੋਟਾਂ ਖਿੱਚੀਆਂ ਗਈਆਂ ਸਨ, 2019 ਦੀ ਚੋਣਾਂ ਵਿਚ ਹਿੰਦੂ ਪਛਾਣ, ਦਹਿਸ਼ਤਵਾਦ ਤੇ ਰਾਸ਼ਟਰਵਾਦ ਹੀ ਕੇਂਦਰੀ ਮੁੱਦਾ ਰਿਹਾ ਅਤੇ ਵੋਟਾਂ ਮਨੁੱਖੀ ਸਰੋਕਾਰਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਏ ਕੌਮੀ ਜਜ਼ਬਾਤ ਭੜਕਾਕੇ ਖਿੱਚੀਆਂ ਗਈਆਂ। ਵਜ੍ਹਾ ਇਹ ਸੀ ਕਿ ਸੰਘੀਆਂ ਕੋਲ ਚੰਦ ਫੋਕੀਆਂ ਯੋਜਨਾਵਾਂ ਨੂੰ ਛੱਡ ਕੇ (ਜਿਹਨਾਂ ਦੀ ਇਸ਼ਤਿਹਾਰਬਾਜ਼ੀ ਉੱਪਰ ਕਾਰਪੋਰੇਟ ਘਰਾਣਿਆਂ ਤੋਂ ਲਏ ਹਜ਼ਾਰਾਂ ਕਰੋੜ ਰੁਪਏ ਪਾਣੀ ਵਾਂਗ ਰੋੜ੍ਹੇ ਗਏ) ਪੰਜ ਸਾਲਾਂ ਵਿਚ ਵਿਕਾਸ ਦੇ ਪੱਖ ਤੋਂ ਦਿਖਾਉਣ ਲਈ ਕੁਛ ਨਹੀਂ ਸੀ।

'ਚਾਏ ਵਾਲਾ', 'ਚੌਕੀਦਾਰ' ਆਦਿ ਝੂਠ ਵਿਆਪਕ ਪ੍ਰਚਾਰ ਤੰਤਰ ਰਾਹੀਂ ਮੋਦੀ ਦੀ ਸ਼ਖ਼ਸੀਅਤ ਦਾ ਆਮ ਲੋਕਾਂ ਉੱਪਰ ਇਹ ਮਨੋਵਿਗਿਆਨਕ ਪ੍ਰਭਾਵ ਪਾਉਣ ਲਈ ਪ੍ਰਚਾਰਿਆ ਗਿਆ ਕਿ ਉਹ ਤਾਂ ਬਹੁਤ ਹੀ ਮਾਮੂਲੀ ਪਰਿਵਾਰ ਵਿਚ ਪੈਦਾ ਹੋ ਕੇ ਇਸ ਮੁਰਾਤਬੇ ਉੱਪਰ ਪਹੁੰਚਿਆ ਬੇਮਿਸਾਲ ਦ੍ਰਿੜ ਇਰਾਦੇ ਵਾਲਾ ਸਮਾਜ ਸੇਵਕ ਹੈ। ਮੋਦੀ ਦੀ ਇਸ ਜਾਅਲੀ ਦਿੱਖ ਅਤੇ ਹਿੰਦੂ ਰਾਸ਼ਟਰਵਾਦ ਦੇ ਚੁੰਧਿਆਏ ਲੋਕਾਂ ਨੇ ਜੋ ਬੇਮਿਸਾਲ ਨਖਿੱਧ ਆਰਥਕ ਕਾਰਗੁਜ਼ਾਰੀ ਵਾਲੀ ਭਾਜਪਾ, ਸਮਾਜ ਨੂੰ ਤੋੜਣ ਵਾਲੀ ਹਿੰਦੂਤਵ ਸਿਆਸਤ ਅਤੇ ਇਸ ਵੱਲੋਂ ਫੈਲਾਏ ਜਾ ਰਹੇ ਤੁਅੱਸਬੀ ਹਿੰਦੂ ਰਾਸ਼ਟਰਵਾਦ ਨੂੰ ਦੁਬਾਰਾ ਚੁਣਿਆ ਹੈ ਤਾਂ ਇਹ ਸੰਘ ਬਰਗੇਡ ਦੀਆਂ ਦਹਾਕਿਆਂ ਤੋਂ ਜਾਰੀ ਫਿਰਕੂ ਮੁਹਿੰਮਾਂ, ਖ਼ਾਸ ਕਰਕੇ ਸੰਘ ਵੱਲੋਂ ਪੰਜ ਸਾਲਾਂ ਵਿਚ ਪਾਲੀ ਜ਼ਹਿਰੀਲੀ ਫ਼ਸਲ ਵੱਲੋਂ ਦਿੱਤਾ ਭਰਪੂਰ ਝਾੜ ਹੈ। ਭਾਜਪਾ ਦਾ ਵੋਟ ਅਧਾਰ 2014 ਦੇ ਮੁਕਾਬਲੇ 5 ਫ਼ੀਸਦੀ ਵਧਿਆ ਹੈ। ਭਗਵੇਂ ਰਥ ਦੀ ਧੂੰਸ ਐਨੀ ਹੂੰਝਾ ਫੇਰੂ ਸੀ ਕਿ ਪਾਰਲੀਮੈਂਟਰੀ ਖੱਬਿਆਂ ਦੇ ਸਾਬਕਾ ਗੜ੍ਹ, ਜਿੱਥੇ ਸੀ.ਪੀ.ਐੱਮ. ਦੀ ਅਗਵਾਈ ਵਿਚ 'ਖੱਬੇ ਮੋਰਚੇ' ਨੇ ਸਾਢੇ ਤਿੰਨ ਦਹਾਕੇ ਰਾਜ ਕੀਤਾ, ਵਿਚ ਵੀ ਭਾਜਪਾ ਦਾ ਵੋਟ ਸ਼ੇਅਰ 40.23 ਫ਼ੀ ਸਦੀ ਹੋ ਗਿਆ ਹੈ। ਸੀ.ਪੀ.ਐੱਮ. ਦੀ ਪਾਰਲੀਮੈਂਟਰੀ ਲਾਈਨ ਦਾ ਸਿੱਟਾ ਇਹ ਹੈ ਕਿ ਬੰਗਾਲੀ ਸਮਾਜ ਦਾ ਇਕ ਚੋਖਾ ਹਿੱਸਾ ਜੋ ਕਿਸੇ ਸਮੇਂ ਸੀ.ਪੀ.ਐੱਮ. ਦਾ ਸਿਆਸੀ ਅਧਾਰ ਹੁੰਦਾ ਸੀ ਉਹ ਤ੍ਰਿਣਮੂਲ ਕਾਂਗਰਸ ਦੇ ਵਿਰੋਧ ਵਿੱਚੋਂ ਭਾਜਪਾ ਨਾਲ ਜਾ ਰਲਿਆ ਹੈ। ਆਮ ਚੋਣਾਂ ਵਿਚ ਬੰਗਾਲ ਵਿਚ ਸੀ.ਪੀ.ਐੱਮ. ਦਾ ਵੋਟ ਸ਼ੇਅਰ 33.3% (2009) ਤੋਂ ਖ਼ੁਰਕੇ 2019 ਵਿਚ ਸਿਰਫ਼ 6.28ਫ਼ੀ ਸਦੀ ਰਹਿ ਗਿਆ ਹੈ। 2014 ਵਿਚ ਇਥੇ ਭਾਜਪਾ ਨੂੰ ਕੇਵਲ ਦੋ ਸੀਟਾਂ ਮਿਲੀਆਂ ਸਨ ਅਤੇ ਇਸ ਵਾਰ ਇਹ 18 ਸੀਟਾਂ ਜਿੱਤ ਗਈ ਹੈ। 1964 ਵਿਚ ਸੀ.ਪੀ.ਐੱਮ. ਦੀ ਸਥਾਪਨਾ ਦੇ ਸਮੇਂ ਤੋਂ ਲੈ ਕੇ ਇਹ ਪਹਿਲੀ ਦਫ਼ਾ ਹੋਇਆ ਹੈ ਕਿ ਸੀ.ਪੀ.ਐੱਮ. ਬੰਗਾਲ ਤੋਂ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਜਿੱਤ ਸਕੀ ਅਤੇ ਇਕ ਸੀਟ ਨੂੰ ਛੱਡ ਕੇ 40 ਸੀਟਾਂ ਉੱਪਰ ਇਸ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਪਾਰਲੀਮੈਂਟਰੀ ਖੱਬੇ ਪੂਰੇ ਮੁਲਕ ਵਿਚ ਕੁਲ ਪੰਜ ਸੀਟਾਂ ਹੀ ਜਿੱਤ ਸਕੇ। ਜੋ ਇਸ ਦਾ ਸੂਚਕ ਹੈ ਕਿ ਇਸ ਪ੍ਰਬੰਧ ਨੂੰ ਹੁਣ ਆਪਣੀ ਸਲਾਮਤੀ ਲਈ ਪਾਰਲੀਮੈਂਟਰੀ ਕਮਿਊਨਿਸਟਾਂ ਦੇ ਅਖਾਉਤੀ ਤੀਸਰੇ ਬਦਲ ਦੀ ਜ਼ਰੂਰਤ ਨਾ ਹੋਣ ਕਾਰਨ ਇਹ ਪੂਰਾ ਤਰ੍ਹਾਂ ਗ਼ੈਰਪ੍ਰਸੰਗਿਕ ਹੋ ਚੁੱਕਾ ਹੈ। ਪਾਰਲੀਮੈਂਟਰੀ ਖੱਬੀ ਧਿਰ ਦੀ ਕਾਂਗਰਸ ਨੂੰ ਧਰਮਨਿਰਪੱਖ ਮੰਨ ਕੇ ਸਰਕਾਰ ਬਣਾਉਣ ਲਈ ਹਮਾਇਤ ਦੇਣ ਦੀ ਦੀਵਾਲੀਆ ਸਿਆਸਤ ਹਿੰਦੂਤਵ ਤਾਕਤਾਂ ਦੇ ਸੱਤਾ ਵਿਚ ਆਉਣ ਲਈ ਸਦਾ ਜ਼ਰਖੇਜ਼ ਜ਼ਮੀਨ ਮੁਹੱਈਆ ਕਰਦੀ ਰਹੀ ਹੈ। ਹਿੰਦੂਤਵ ਫਾਸ਼ੀਵਾਦ ਦਾ ਮੁਕਾਬਲਾ ਸੜਕਾਂ, ਗਲੀਆਂ ਵਿਚ ਵਿਆਪਕ ਲੋਕ ਲਾਮਬੰਦੀ ਨਾਲ ਹੀ ਕੀਤਾ ਜਾ ਸਕਦਾ ਹੈ।

ਭਾਜਪਾ/ਆਰ.ਐੱਸ.ਐੱਸ. ਦੇ ਉੱਚਜਾਤੀ ਹਿੰਦੂਤਵ ਏਜੰਡੇ ਨੂੰ ਐਨੀ ਵਿਆਪਕ ਹਮਾਇਤ ਮਿਲਣ ਅਤੇ ਮੁਕਾਬਲਤਨ ਉਦਾਰਵਾਦੀ ਮੰਨੇ ਜਾਂਦੇ ਪਾਰਲੀਮੈਂਟਰੀ ਸਿਆਸੀ ਰੁਝਾਨ ਦੀ ਐਨੀ ਵੱਡੀ ਹਾਰ ਦਾ ਠੋਸ ਅਧਾਰ ਕੀ ਹੈ? ਫਾਸ਼ੀਵਾਦ ਹਮੇਸ਼ਾ ਚੋਣਾਂ ਜਿੱਤ ਕੇ ਸੱਤਾ ਵਿਚ ਆਉਂਦਾ ਹੈ। ਜਦੋਂ ਪ੍ਰਬੰਧ ਦੇ ਲਾਇਲਾਜ ਸੰਕਟ ਕਾਰਨ ਰਵਾਇਤੀ ਪਾਰਲੀਮੈਂਟਰੀ ਤਰੀਕੇ ਅਸਰਦਾਰ ਨਹੀਂ ਰਹਿੰਦੇ ਉਦੋਂ ਘੋਰ ਸੱਜੇਪੱਖੀਆਂ ਨੂੰ ਸੱਤਾ ਸੌਂਪੀ ਜਾਂਦੀ ਹੈ ਅਤੇ ਅੰਨ੍ਹੇ ਰਾਸ਼ਟਰਵਾਦ ਨੂੰ ਇਸ ਦਾ ਸਾਧਨ ਬਣਾਇਆ ਜਾਂਦਾ ਹੈ। ਭਾਜਪਾ ਨਵਉਦਾਰਵਾਦੀ ਆਰਥਿਕਤਾ ਅਤੇ ਹਿੰਦੂ ਰਾਸ਼ਟਰਵਾਦ ਦਾ ਖ਼ਾਸ ਮਿਸ਼ਰਣ ਹੈ ਜੋ ਸਾਮਰਾਜਵਾਦ, ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਉੱਚਜਾਤੀ ਹਿੰਦੂ ਕੁਲੀਨ ਵਰਗ ਦੋਨਾਂ ਨੂੰ ਬਾਖ਼ੂਬੀ ਰਾਸ ਆਉਂਦਾ ਹੈ। ਫਾਸ਼ੀਵਾਦੀ ਹਿੰਦੂਤਵ ਦਾ ਸੱਤਾ ਵਿਚ ਆਉਣਾ ਕੁਲ ਆਲਮ ਦੇ ਅਤਿਅੰਤ ਸੱਜੇਪੱਖੀ ਕੈਂਪ (ਘੋਰ ਪਿਛਾਖੜੀ ਤਾਕਤਾਂ) ਦੇ ਹਿਤਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਕਿਉਂ? ਕਿਉਂਕਿ ਸੰਘ ਸਮਾਜੀ ਬਰਾਬਰੀ ਅਤੇ ਸੱਚੀ ਜਮਹੂਰੀਅਤ 'ਤੇ ਅਧਾਰਤ ਸਮਾਜਵਾਦ ਅਤੇ ਸਾਂਝੀਵਾਲਤਾ ਦੇ ਹਰ ਵੰਨਗੀ ਦੇ ਮੁੱਲਾਂ ਦੀ ਘੋਰ ਕੱਟੜ ਦੁਸ਼ਮਣ ਤਾਕਤ ਹੈ। ਦੂਜੇ ਪਾਸੇ, ਸਮਾਜਵਾਦ ਨੂੰ ਖ਼ਤਮ ਕਰਕੇ ਸਰਮਾਏਦਾਰੀ ਪ੍ਰਬੰਧ ਨੂੰ ਸਦੀਵੀ ਬਣਾਉਣਾ ਅਤੇ ਕਲਿਆਣਕਾਰੀ ਆਰਥਕ ਮਾਡਲ ਦੇ ਨਿਗੂਣੇ ਲੋਕਪੱਖੀ ਕਦਮਾਂ ਦਾ ਮੁਕੰਮਲ ਤੌਰ 'ਤੇ ਭੋਗ ਪਾ ਕੇ ਖੁੱਲ੍ਹੀ ਮੰਡੀ ਦਾ ਬੋਲਬਾਲਾ ਸਥਾਪਤ ਕਰਨਾ ਅਤੇ ਨਾਲ ਹੀ ਨਸਲੀ ਸੱਭਿਆਚਾਰਕ-ਧਾਰਮਿਕ ਘੱਟਗਿਣਤੀਆਂ ਤੇ ਕਿਰਤੀਆਂ ਸਮੇਤ ਹਾਸ਼ੀਏ ਉੱਪਰਲੇ ਤਮਾਮ ਹਿੱਸਿਆਂ ਨੂੰ ਦਰੜ ਕੇ ਰੱਖਣਾ ਸਾਮਰਾਜਵਾਦੀ ਸਰਮਾਏਦਾਰੀ ਦਾ ਆਲਮੀ ਪੱਧਰ 'ਤੇ ਪ੍ਰਮੁੱਖ ਏਜੰਡਾ ਹੈ। ਹਿੰਦੁਸਤਾਨ ਵਿਚ ਇਹੀ ਏਜੰਡਾ (ਬਹੁਗਿਣਤੀ ਤੋਂ ਬਿਨਾ ਬਾਕੀ ਸਾਰਿਆਂ ਦਾ ਦਮਨ) ਮਨੂਵਾਦੀ ਉੱਚ ਜਾਤੀ ਹਿੰਦੂ ਕੁਲੀਨ ਵਰਗ ਦਾ ਹੈ। ਜਿਸ ਦੀ ਮੂੰਹਫਟ ਨੁਮਾਇੰਦਗੀ ਮਨੂ ਸਮਰਿਤੀ ਦਾ ਅਜੋਕਾ ਰੂਪ ਸੰਘ ਬਰਗੇਡ ਕਰ ਰਿਹਾ ਹੈ। ਇਹ ਭੁੱਲਣਾ ਨਹੀਂ ਚਾਹੀਦਾ ਕਿ ਕਾਰਪੋਰੇਟ ਸਰਮਾਏਦਾਰੀ ਦੀ ਸਿੱਕੇਬੰਦ ਦਲਾਲ ਕਾਂਗਰਸ ਵੀ ਸਮੇਂ-ਸਮੇਂ 'ਤੇ ਆਪਣਾ ਧਰਮਨਿਰਪੱਖਤਾ ਦਾ ਮਖੌਟਾ ਲਾਹ ਕੇ ਆਪਣਾ ਬਹੁਗਿਣਤੀ ਹਿੰਦੂਪੱਖੀ ਝੁਕਾਅ ਉਜਾਗਰ ਕਰਦੀ ਆ ਰਹੀ ਹੈ। ਸਿੱਖ ਅਤੇ ਮੁਸਲਿਮ ਘੱਟਗਿਣਤੀਆਂ, ਆਦਿਵਾਸੀਆਂ ਅਤੇ ਦਲਿਤਾਂ ਦੇ ਜ਼ਿਆਦਾਤਰ ਕਤਲੇਆਮ ਇਸੇ ਦੇ ਰਾਜ ਵਿਚ ਕੀਤੇ ਗਏ। ਸੰਘ ਦੇ ਹਿੰਦੂਤਵ ਦਾ ਮੁਕਾਬਲਾ ਕਰਨ ਲਈ ਕਾਂਗਰਸ ਪਿਛਲੇ ਸਮੇਂ ਤੋਂ 'ਨਰਮ ਹਿੰਦੂਤਵ' ਨੂੰ ਸਿਲਸਿਲੇਵਾਰ ਤਰੀਕੇ ਨਾਲ ਅਮਲ ਵਿਚ ਲਿਆ ਰਹੀ ਹੈ। ਪਿੱਛੇ ਜਹੇ ਵਿਧਾਨ ਸਭਾ ਚੋਣਾਂ ਮੌਕੇ ਹਿੰਦੂ ਮੰਦਰਾਂ ਵਿਚ ਮੱਥਾ ਟੇਕ ਰਹੇ ਰਾਹੁਲ ਗਾਂਧੀ ਨੇ ਹੁੱਬ ਕੇ ਇਹ ਬਿਆਨ ਦਿੱਤਾ ਸੀ ਕਿ ਉਹ 'ਜਨੇਊਧਾਰੀ ਬ੍ਰਾਹਮਣ' ਹੈ। ਮੱਧ ਪ੍ਰਦੇਸ, ਰਾਜਸਥਾਨ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਮੈਨੀਫੈਸਟੋ ਵਿਚ ਪਿੰਡ ਪਿੰਡ ਗਊਸ਼ਾਲਾ ਬਣਾਉਣਾ ਦਾ ਵਾਅਦਾ ਇਕ ਮੁੱਖ ਵਾਅਦਾ ਸੀ।

ਚੋਣਾਂ ਵਿਚ ਵਾਰ-ਵਾਰ ਸੰਘ ਦੀ ਐਨੀ ਵੱਡੀ ਕਾਮਯਾਬੀ ਦਾ ਰਾਜ ਇਹ ਤੱਥ ਹੈ ਕਿ ਇਸ ਨੇ ਹਿੰਦੂ ਦੇ ਰੂਪ ਵਿਚ 'ਅਸਲੀ' ਭਾਰਤੀ ਦਾ ਬਿਰਤਾਂਤ ਖੜ੍ਹਾ ਕਰਕੇ ਉੱਚ ਜਾਤੀ ਬਹੁਗਿਣਤੀ (ਹਿੰਦੂਆਂ) ਵਿਚ ਇਹ ਭਾਵਨਾ ਚੋਖੇ ਰੂਪ ਵਿਚ ਮਜ਼ਬੂਤ ਕਰ ਲਈ ਹੈ ਕਿ ਧਾਰਮਿਕ ਘੱਟਗਿਣਤੀਆਂ, ਦਲਿਤ ਆਦਿ ਰਾਸ਼ਟਰ ਉੱਪਰ ਬੋਝ ਹਨ ਅਤੇ ਇਹਨਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਰਿਆਇਤਾਂ, ਆਰਥਕ ਜਾਂ ਸੰਵਿਧਾਨਕ, 'ਰਾਸ਼ਟਰ' ਦੀ ਤਰੱਕੀ ਵਿਚ ਰੁਕਾਵਟ ਹਨ। ਕਿ ਕਸ਼ਮੀਰ ਦਾ ਵਿਸ਼ੇਸ਼ ਦਰਜਾ ਆਦਿ ਖ਼ਾਸ ਛੋਟਾਂ ਰਾਸ਼ਟਰੀ ਏਕਤਾ ਨੂੰ ਕਮਜ਼ੋਰ ਕਰਦੀਆਂ ਹਨ। ਕਿ ਇਹਨਾਂ ਨੂੰ ਬਹੁਗਿਣਤੀ ਦੀ ਧੌਂਸ ਅਤੇ ਦਹਿਸ਼ਤ ਰਾਹੀਂ ਥਾਂ ਸਿਰ ਕਰਨ ਲਈ ਮਜ਼ਬੂਤ ਇਰਾਦੇ ਵਾਲੇ ਮੋਦੀ ਦੀ ਅਗਵਾਈ ਵਿਚ ਭਾਜਪਾ ਨੂੰ ਜਿਤਾਉਣਾ ਅਤੇ ਉਪਰੋਕਤ ਹਿੱਸਿਆਂ ਨੂੰ 'ਖ਼ੁਸ਼ ਕਰਨ' ਦੀ ਸਿਆਸਤ ਕਰਨ ਵਾਲੀਆਂ ਪਾਰਟੀਆਂ ਨੂੰ ਹਰਾਉਣਾ ਜ਼ਰੂਰੀ ਹੈ। ਇਸ ਦੀ ਸ਼ਾਖ਼ਿਅਤ ਗਾਰੰਟੀ ਭਾਜਪਾ ਵੱਲੋਂ 2014 ਤੋਂ ਲੈ ਕੇ ਮੋਦੀ ਦੀ ਮੋਨ ਸਹਿਮਤੀ ਹੇਠ ਹਜੂਮੀ ਕਤਲਾਂ ਦੀ ਮੁਹਿੰਮ, ਮੁਸਲਮਾਨਾਂ ਅਤੇ ਦਲਿਤਾਂ ਦੇ ਦਮਨ ਅਤੇ ਔਰਤਾਂ ਉੱਪਰ ਪਾਬੰਦੀਆਂ ਲਾਏ ਜਾਣ, ਜਾਤ ਅਧਾਰਤ ਰਿਜ਼ਰਵੇਸ਼ਨ ਨੂੰ ਖ਼ਤਮ ਕਰਨ ਦੇ ਇਸ਼ਾਰੇ, ਕਸ਼ਮੀਰੀਆਂ ਅਤੇ ਮਾਓਵਾਦੀ ਹਮਾਇਤੀ ਆਦਿਵਾਸੀਆਂ ਦੇ ਘਾਣ ਵਿਚ ਬੇਤਹਾਸ਼ਾ ਤੇਜ਼ੀ ਅਤੇ ਐੱਸ.ਸੀ.ਐੱਸ.ਟੀ. ਐਕਟ, ਫਾਰੈਸਟ ਰਾਈਟਸ ਐਕਟ ਨੂੰ ਖ਼ੋਰਾ ਲਾਉਣ ਦੇ ਰੂਪ ਵਿਚ ਸਾਹਮਣੇ ਆਈ। ਇਸੇ ਲਈ ਪੜ੍ਹੇਲਿਖੇ ਪ੍ਰੋਫੈਸ਼ਨਲਾਂ, ਸ਼ਹਿਰੀ ਵਰਗ ਅਤੇ ਪਿੰਡਾਂ ਦੇ ਕੁਲੀਨ ਵਰਗ ਵਿਚ ਭਾਜਪਾ ਸਵੀਕਾਰ ਹੋ ਰਹੀ ਹੈ। ਜਦ ਉਹਨਾਂ ਅੱਗੇ ਹਿੰਦੂਤਵ ਦੀ ਆਹਲਾ ਟੀਮ ਚੁਨਣ ਦੀ ਚੋਣ (ਆਪਸ਼ਨ) ਮੌਜੂਦ ਹੈ ਉਹ ਧਰਮਨਿਰਪੱਖਤਾ ਦੇ ਮਖੌਟੇ ਵਾਲੀ 'ਬੀ ਟੀਮ' ('ਨਰਮ ਹਿੰਦੂਤਵ') ਨੂੰ ਕਿਉਂ ਚੁਨਣਗੇ!

ਰਸਮੀਂ ਖੋਖਲੀ ਜਮਹੂਰੀਅਤ ਨਹਾਇਤ ਤਾਨਾਸ਼ਾਹ ਅਤੇ ਫਾਸ਼ੀਵਾਦੀ ਤਾਕਤਾਂ ਨੂੰ ਸੱਤਾ ਵਿਚ ਆਉਣ ਦੀ ਬੁਨਿਆਦ ਹੈ। ਮਹਿਜ਼ ਚੋਣਾਂ ਕਰਵਾਏ ਜਾਣ ਦੀ ਰਸਮੀਂ ਕਵਾਇਦ ਨੂੰ ਹੀ ਜਮਹੂਰੀਅਤ ਸਮਝਣ ਵਾਲੇ ਇਹ ਸਮਝਣ ਵਿਚ ਨਾਕਾਮ ਰਹਿੰਦੇ ਹਨ ਕਿ ਸਮਾਜੀ ਢਾਂਚੇ ਵਿਚ ਮੂਲ ਬਦਲਾਓ ਤੋਂ ਬਗ਼ੈਰ ਸਮਾਜ ਦਾ ਜਮਹੂਰੀਕਰਨ ਅਤੇ ਜਮਹੂਰੀ ਹੱਕਾਂ ਦੀ ਵਰਤੋਂ ਦੀ ਸੋਝੀ ਦੀ ਮਜ਼ਬੂਤ ਬੁਨਿਆਦ ਸੰਭਵ ਨਹੀਂ। ਸਮਾਜੀ-ਆਰਥਕ ਬਰਾਬਰੀ ਤੋਂ ਬਗ਼ੈਰ ਸਾਰੇ ਲੋਕਾਂ ਲਈ ਸਮਤਲ ਚੋਣ ਮੈਦਾਨ ਸੰਭਵ ਹੀ ਨਹੀਂ। ਇਕੱਲਾ ਵੋਟ ਅਧਿਕਾਰ ਸੱਤਾ ਵਿਚ ਪੁੱਗਤ ਦਾ ਸਾਧਨ ਨਹੀਂ ਬਣ ਸਕਦਾ। ਧਨਾਢ ਤੇ ਲੱਠਮਾਰ ਹਿੱਸੇ ਸਾਧਨਾਂ ਦੇ ਜ਼ੋਰ ਅਤੇ ਕੂੜ ਪ੍ਰਚਾਰ ਦੇ ਜ਼ੋਰ ਮੌਜ ਨਾਲ ਹੀ ਚੋਣ ਅਮਲ ਨੂੰ ਅਗਵਾ ਕਰ ਲੈਂਦੇ ਹਨ। ਸੰਗੀਨ ਜਰਾਇਮਪੇਸ਼ਾ ਅਨਸਰ ਬੇਰੋਕ-ਟੋਕ 'ਚੁਣੇ ਹੋਏ ਨੁਮਾਇੰਦੇ' ਬਣ ਕੇ ਪਾਰਲੀਮੈਂਟ ਵਿਚ ਜਾ ਬਿਰਾਜਦੇ ਹਨ। ਦਹਿਸ਼ਤਗਰਦ ਪ੍ਰੱਗਿਆ ਸਿੰਘ ਠਾਕੁਰ ਸਮੇਤ 17ਵੀਂ ਲੋਕ ਸਭਾ ਲਈ 'ਚੁਣੇ ਗਏ' 43ਫ਼ੀ ਸਦੀ ਸ਼ਖ਼ਸਾਂ ਉੱਪਰ ਸੰਗੀਨ ਜੁਰਮਾਂ ਦੇ ਮੁਕੱਦਮੇ ਹਨ। ਪ੍ਰੱਗਿਆ ਸਿੰਘ ਤਾਂ 'ਰਾਸ਼ਟਰ ਪਿਤਾ' ਗਾਂਧੀ ਨੂੰ ਭੰਡ ਕੇ ਅਤੇ ਗੌਡਸੇ ਦੀ ਜੈ-ਜੈਕਾਰ ਕਰਕੇ ਕਥਿਤ ਧਰਮਨਿਰਪੱਖ ਲੋਕਤੰਤਰ ਦਾ ਸਰੇਆਮ ਮਜ਼ਾਕ ਉਡਾ ਰਹੀ ਹੈ। ਮੋਦੀ ਅਤੇ ਅਮਿਤ ਸ਼ਾਹ ਦੀ ਗੁਜਰਾਤ ਕਤਲੇਆਮ ਵਿਚ ਭੂਮਿਕਾ ਜੱਗ ਜ਼ਾਹਰ ਹੈ। ਹੇਮਾ ਮਾਲਿਨੀ, ਸੰਨੀ ਦਿਓਲ ਵਰਗੇ ਗ਼ੈਰਰਾਜਨੀਤਕ ਕਿਰਦਾਰ ਲੱਖਾਂ ਵੋਟਾਂ ਦੇ ਫ਼ਰਕ ਨਾਲ ਜਿੱਤਦੇ ਹਨ। ਕਨੱਈਆ ਕੁਮਾਰ, ਪਰਮਜੀਤ ਕੌਰ ਖਾਲੜਾ ਵਰਗੇ ਉਮੀਦਵਾਰ ਪਹਿਲੀ ਗੱਲ ਤਾਂ ਜਿੱਤਦੇ ਨਹੀਂ ਜੇ ਜਿੱਤ ਵੀ ਜਾਣ ਤਾਂ ਇਸ ਆਦਮਖ਼ੋਰ ਪ੍ਰਬੰਧ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੇ। ਉਹਨਾਂ ਦੇ ਸੁਹਿਰਦ ਯਤਨ ਵੀ ਸਟੇਟ ਦੇ ਨੀਤੀ ਫ਼ੈਸਲਿਆਂ ਵਿਚ ਬੁਨਿਆਦੀ ਬਦਲਾਓ ਨਹੀਂ ਲਿਆ ਸਕਦੇ, ਸਿਰਫ਼ ਆਪਣੇ ਹਲਕੇ ਦੇ ਵੋਟਰਾਂ ਨੂੰ ਵਿਅਕਤੀਗਤ ਤੌਰ 'ਤੇ ਥੋੜ੍ਹੀ ਰਾਹਤ ਹੀ ਦੇ ਸਕਦੇ ਹਨ ਜਾਂ ਉਹਨਾ ਦੇ ਯਤਨਾਂ ਨਾਲ ਕੋਈ ਇੱਕਾ-ਦੁੱਕਾ ਸੁਧਾਰ ਹੋ ਸਕਦਾ ਹੈ। ਤੇਜਾ ਸਿੰਘ ਸੁਤੰਤਰ ਵਰਗੇ ਕੁਰਬਾਨੀ ਅਤੇ ਜੁਝਾਰੂਪਣ ਦੇ ਸਿਰਮੌਰ ਮੁਜੱਸਮੇ ਵੀ ਪਾਰਲੀਮੈਂਟ ਵਿਚ ਜਾ ਕੇ ਤਾਨਾਸ਼ਾਹ ਰਾਜ ਦੇ ਲੋਹ-ਕਵੱਚ ਵਿਚ ਚਿੱਬ ਨਹੀਂ ਪਾ ਸਕੇ।

ਅਦਾਲਤੀ ਪ੍ਰਣਾਲੀ ਇਸ ਕਦਰ ਪੱਖਪਾਤੀ ਹੈ ਕਿ ਇਸ ਨੂੰ 19 ਗੰਭੀਰ ਬੀਮਾਰੀਆਂ ਦੇ ਪੀੜਤ ਪ੍ਰੋਫੈਸਰ ਸਾਈਬਾਬਾ ਨੂੰ ਇਲਾਜ ਲਈ ਜ਼ਮਾਨਤ ਦੇਣ ਜਾਂ ਉਸ ਦਾ ਕਿਸੇ ਹੋਰ ਜੇਲ੍ਹ ਵਿਚ ਤਬਾਦਲਾ ਕਰਨਾ ਸਵੀਕਾਰ ਨਹੀਂ ਜਦਕਿ ਉਸ ਨੂੰ ਹਿੰਦੂਤਵ ਦਹਿਸ਼ਤਗਰਦ ਪ੍ਰੱਗਿਆ ਸਿੰਘ, ਜਿਸ ਉੱਪਰ ਦਹਿਸ਼ਤਗਰਦ ਸਾਜ਼ਿਸ਼ ਤਹਿਤ ਮਾਲੇਂਗਾਓ ਬੰਬ ਧਮਾਕੇ ਦਾ ਮੁਕੱਦਮਾ ਚੱਲ ਰਿਹਾ ਹੈ ਉਸ ਨੂੰ ਕੈਂਸਰ ਦੇ ਇਲਾਜ ਦੇ ਬਹਾਨੇ ਜ਼ਮਾਨਤ ਦੇ ਕੇ ਚੋਣ ਲੜਣ ਦੀ ਇਜਾਜ਼ਤ ਦੇਣ ਅਤੇ ਵੋਟਾਂ ਦੀ ਗਿਣਤੀ ਦੀ ਮਸਰੂਫ਼ੀਅਤ ਦੇ ਬਹਾਨੇ ਅਦਾਲਤ ਵਿਚ ਹਾਜ਼ਰ ਹੋਣ ਤੋਂ ਛੋਟ ਦੇਣ ਵਿਚ ਜੱਜਾਂ ਨੂੰ ਕੋਈ ਉਜਰ ਨਹੀਂ ਹੈ। ਚੋਣ ਕਮਿਸ਼ਨ ਜਿਸ ਦੀ ਭੂਮਿਕਾ ਚੋਣਾਂ ਵਿਚ ਹੇਰਾਫੇਰੀ ਅਤੇ ਧੱਕੇਸ਼ਾਹੀ ਨੂੰ ਰੋਕਣ ਵਾਲੇ ਨਿਗਰਾਨ ਦੀ ਨਿਸ਼ਚਿਤ ਕੀਤੀ ਗਈ ਹੈ ਉਹ ਨਿਰੋਲ ਸੱਤਾਧਾਰੀ ਧਿਰ ਦੀ ਕਠਪੁਤਲੀ ਹੈ। ਚੋਣਾਂ ਦੇ ਮੌਕੇ ਮੋਦੀ ਨੇ ਕੇਦਾਰਨਾਥ ਗੁਫ਼ਾ ਵਿਚ ਜਾ ਕੇ ਸਮਾਧੀ ਦਾ ਨਾਟਕ ਕੀਤਾ ਅਤੇ ਇਸ ਨੂੰ ਹਿੰਦੂ ਵੋਟਰਾਂ ਨੂੰ ਸੰਦੇਸ਼ ਦੇਣ ਲਈ ਮੌਨ ਚੋਣ ਪ੍ਰਚਾਰ ਦੇ ਤੌਰ 'ਤੇ ਵਰਤਿਆ ਲੇਕਿਨ ਚੋਣ ਕਮਿਸ਼ਨ ਨੇ ਚੂੰ ਤਕ ਨਹੀਂ ਕੀਤੀ। ਚੋਣ ਕਮਿਸ਼ਨ, ਜੁਡੀਸ਼ਰੀ ਆਦਿ ਰਾਜਕੀ ਸੰਸਥਾਵਾਂ ਸੱਤਾਧਾਰੀ ਧਿਰ ਦੇ ਪੈਰਾਂ ਵਿਚ ਇਸ ਕਦਰ ਵਿੱਛੀਆਂ ਹੋਈਆਂ ਹਨ ਕਿ ਈ.ਵੀ.ਐੱਮ. ਦੀ ਕਾਰਗੁਜ਼ਾਰੀ ਗੰਭੀਰ ਇਲਜ਼ਾਮਾਂ ਵਿਚ ਘਿਰੀ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਨੇ ਇਹਨਾਂ ਮਸ਼ੀਨਾਂ ਦੀ ਵਰਤੋਂ ਉੱਪਰ ਰੋਕ ਨਹੀਂ ਲਗਾਈ। 19 ਲੱਖ ਤੋਂ ਵੱਧ ਈ.ਵੀ.ਐੱਮ. ਗ਼ਾਇਬ ਹਨ ਫਿਰ ਵੀ ਚੋਣਾਂ ਈ.ਵੀ.ਐੱਮ. ਕਰਵਾਈਆਂ ਗਈਆਂ। ਜੋ ਇਸ ਸ਼ੱਕ ਨੂੰ ਬਲ ਬਖ਼ਸ਼ਦਾ ਹੈ ਕਿ ਖ਼ਾਸ ਉਮੀਦਵਾਰਾਂ ਨੂੰ ਜਿਤਾਉਣ ਲਈ ਬਾਕੀ ਭ੍ਰਿਸ਼ਟ ਤਰੀਕਿਆਂ ਦੇ ਨਾਲ ਈ.ਵੀ.ਐੱਮ. ਜ਼ਰੀਏ ਧੋਖਾਧੜੀ ਵੀ ਕੁਛ ਨਾ ਕੁਛ ਭੂਮਿਕਾ ਨਿਭਾਉਂਦੀ ਹੈ। ਹਾਲਾਂਕਿ ਰਾਸ਼ਟਰਵਾਦੀ ਜਨੂੰਨ ਅਤੇ ਫਿਰਕੂ ਪਾਲਾਬੰਦੀ ਦੇ ਹਥਿਆਰਾਂ ਦੇ ਹੁੰਦਿਆਂ ਸੱਤਾਧਾਰੀ ਧਿਰ ਨੂੰ ਇਸ ਦੀ ਬਹੁਤੀ ਲੋੜ ਨਹੀਂ ਪੈਂਦੀ।

ਮੋਦੀ ਸਰਕਾਰ ਬਣ ਚੁੱਕੀ ਹੈ ਅਤੇ ਹਿੰਦੂਤਵ ਫਾਸ਼ੀਵਾਦ ਅਗਲੇ ਹਮਲਿਆਂ ਦੀ ਤਿਆਰੀ ਵਿਚ ਹੈ। ਹਕੀਕਤ ਵਿਚ ਉਸ ਭਾਸ਼ਣ ਤੋਂ ਉਲਟ ਵਾਪਰੇਗਾ ਜੋ ਮੋਦੀ ਵੱਲੋਂ 23 ਮਈ ਸ਼ਾਮ ਨੂੰ ਜਿੱਤ ਤੋਂ ਬਾਦ ਮੁਲਕ ਦੇ ਨਾਂ ਪਰੋਸਿਆ ਗਿਆ। ਇਹ ਵੀ ਬਰਾਬਰ ਸੱਚ ਹੈ ਕਿ ਅਜਿੱਤ ਜਾਪਦੇ ਫਾਸ਼ੀਵਾਦੀ ਰਾਜਾਂ ਦੀ ਉਮਰ ਲੰਮੀ ਨਹੀਂ ਹੁੰਦੀ। ਜਦਕਿ ਇਹਨਾਂ ਦੀ ਥੋੜ੍ਹਚਿਰੀ ਆਓਧ ਵੀ ਸਟੇਟ ਨੂੰ 'ਅੰਦਰਲੇ ਦੁਸ਼ਮਣਾਂ' ਦੀ ਨਸਲਕੁਸ਼ੀ ਕਰਨ ਵਾਲੇ ਖ਼ੌਫ਼ਨਾਕ ਸੰਦ ਵਿਚ ਬਦਲ ਦਿੰਦੀ ਹੈ। ਮੁਲਕ ਦੀਆਂ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਹੋਣੀ ਦਾ ਸਾਹਮਣਾ ਕਰਨ ਲਈ ਹੁਣ ਤੋਂ ਹੀ ਕਮਰਕੱਸੇ ਕਰ ਲੈਣੇ ਚਾਹੀਦੇ ਹਨ।

# ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਸਮਰਪਿਤ ਨਾਟਕ ਮੇਲਾ ਸਿਖਰਾਂ ਨੂੰ ਛੂਹ ਗਿਆ







ਸਰੀ (ਪਰਮਿੰਦਰ ਸਵੈਚ) : 26 ਮਈ ਦਿਨ ਐਤਵਾਰ ਨੂੰ ਪ੍ਰੋਗਰੈਸਿਵ ਆਰਟਸ ਕਲੱਬ ਵਲੋਂ ਨੌਰਥ ਡੈਲਟਾ ਹਾਇਰ ਸੰਕੈਡਰੀ ਸਕੂਲ ਵਿੱਚ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਸਮਰਪਿਤ ਨਾਟਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਦੇ ਕੇ ਇਸ ਪ੍ਰੋਗਰਾਮ ਦੀ ਅਹਿਮੀਅਤ ਨੂੰ ਸਮਝਦੇ ਹੋਏ ਇਸ ਨਾਟਕ ਮੇਲੇ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਨਾਟਕ ਮੇਲੇ ਦੀ ਸ਼ੁਰੂਆਤ ਸੰਤੋਖ ਢੇਸੀ ਨੇ ਰੇਡਿਓ ਰੈੱਡ ਐਫ ਐਮ ਦੀ ਪ੍ਰਸਿੱਧ ਸਾਬਕਾ ਰੇਡਿਓ ਹੋਸਟ ਨਵਜੋਤ ਢਿੱਲੋਂ ਦੀ ਜਾਣ ਪਛਾਣ ਕਰਾਉਂਦੇ ਹੋਏ ਸਟੇਜ ਦੀ ਸੰਚਾਲਕਾ ਦੇ ਤੌਰ 'ਤੇ ਉਸਨੂੰ ਜ਼ਿੰਮੇਵਾਰੀ ਸੰਭਾਲੀ। ਨਵਜੋਤ ਢਿੱਲੋਂ ਨੇ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਪ੍ਰੋਗਰੈਸਿਵ ਆਰਟਸ ਕਲੱਬ ਦੀ ਸਮੁੱਚੀ ਸੋਚ, ਕੰਮ ਤੇ ਟੀਚਿਆਂ ਬਾਰੇ ਚਾਨਣਾ ਪਾਉਂਦੇ ਹੋਏ ਸਾਹਿਤ ਦੀ ਨਾਟਕ ਦੀ ਵਿਧਾ ਦੀ ਮਹੱਤਤਾ ਬਾਰੇ ਵੀ ਦੱਸਿਆ ਤੇ ਲੋਕਾਂ ਨੂੰ ਨਾਟਕ ਦੇਖਣ ਆਉਣ ਤੇ ਇਸ ਕਲੱਬ ਦਾ ਅੰਗ ਬਣਨ ਲਈ ਵੀ ਪ੍ਰੇਰਤ ਕੀਤਾ। ਉਸਨੇ ਸਭ ਤੋਂ ਪਹਿਲਾਂ ਸੰਗੀਤ ਮੰਡਲੀ ਭਦੌੜ ਦੇ ਬਾਨੀ ਪਿਆਰਾ ਸਿੰਘ ਚਾਹਲ ਦੇ ਗਰੀਬ ਕਾਮੇ ਲਈ ਗਾਏ ਗੀਤ "ਛਾਵਾਂ ਕਦੇ ਕਦੇ ਸਾਡੀਆਂ ਬਰੂਹਾਂ ਟੱਪ ਆਈਆਂ, ਨਹੀਂ ਤਾਂ ਧੁੱਪਾਂ ਵਿੱਚ ਹੀ ਪਿੰਡਿਆਂ ਨੇ ਸੜ ਜਾਣਾ ਸੀ" ਨਾਲ ਸ਼ੁਰੂਆਤ ਕਰਵਾਈ। ਇਸ ਤੋਂ ਬਾਅਦ ਪਰਮਿੰਦਰ ਸਵੈਚ ਵਲੋਂ ਲਿਖਿਆ ਤੇ ਨਿਰਦੇਸ਼ਿਤ ਕੀਤਾ ਨਾਟਕ "ਲਾਸ਼ ਦਾ ਮੁੱਲ" ਆਰਟਸ ਕਲੱਬ ਦੀ ਟੀਮ ਵਲੋਂ ਖੇਡਿਆ ਗਿਆ ਜੋ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਦੀ ਕੁੱਝ ਦਿਨਾਂ ਦੀ ਕਹਾਣੀ ਸੀ ਜਿਸ ਵਿੱਚ ਔਰਤਾਂ ਨੇ ਕਿਵੇਂ ਸੰਤਾਪ ਹੰਢਾਇਆ ਅਤੇ ਉਸ ਜ਼ਿੱਲਤ ਭਰੀ ਜ਼ਿੰਦਗੀ ਨਾਲ ਦੋ ਹੱਥ ਕਿਵੇਂ ਕੀਤੇ। ਇਸ ਇਤਿਹਾਸਕ ਨਾਟਕ ਨੂੰ ਦੇਖ ਕੇ ਲੋਕ ਬਹੁਤ ਭਾਵਕ ਹੋ ਉੱਠੇ ਅਤੇ ਇਹਨਾਂ ਅਣਗੌਲ਼ੇ ਸ਼ਹੀਦਾਂ ਨੂੰ ਨਤ ਮਸਤਕ ਵੀ ਹੋਏ। ਇਸਤੋਂ ਬਾਅਦ ਪ੍ਰਸਿੱਧ ਗਾਇਕ ਸੋਨੂੰ ਪੰਡਵਾਲ ਵਲੋਂ ਸ਼ਹੀਦ ਭਗਤ ਸਿੰਘ ਦੀ ਘੋੜੀ ਤੇ ਸ਼ਹੀਦ ਊਧਮ ਸਿੰਘ ਦੀ ਵਾਰ ਗਾਈਆਂ ਗਈਆਂ। ਇਸ ਸਮੇਂ ਦੌਰਾਨ ਨਵਜੋਤ ਢਿੱਲੋਂ ਨੇ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਜੋ ਧੀਆਂ ਬਾਰੇ ਲਿਖੀ ਹੋਈ ਹੈ ਦਰਸ਼ਕਾਂ ਨਾਲ ਸਾਂਝੀ ਕੀਤੀ। ਇਸਤੋਂ ਬਾਅਦ ਦੂਸਰਾ ਨਾਟਕ "ਗੋਲਡਨ ਟ੍ਰੀ" ਕੁਲਵਿੰਦਰ ਖੈਰ੍ਹਾ ਦੁਆਰਾ ਲਿਖਿਆ ਤੇ ਪਰਮਿੰਦਰ ਸਵੈਚ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਸੀ ਜੋ ਮਾਰਚ 2007 ਵਿੱਚ ਤਿੰਨ ਫਾਰਮ ਵਰਕਰਾਂ



ਜੋ ਫਾਰਮ ਤੇ ਕੰਮ ਤੇ ਜਾਣ ਸਮੇਂ ਇੱਕ ਐਕਸੀਡੈਂਟ ਵਿੱਚ ਮਾਰੀਆਂ ਗਈਆਂ ਸਨ, ਉਹਨਾਂ ਪਰਿਵਾਰਾਂ ਅਤੇ ਕੈਨੇਡਾ ਵਿੱਚ ਫਾਰਮ ਵਰਕਰਾਂ ਦੇ ਸ਼ੋਸ਼ਣ ਅਤੇ ਸਮੱਸਿਆਵਾਂ ਦੇ ਦੁਆਲੇ ਘੁੰਮਦੀ ਕਹਾਣੀ ਹੈ। ਇਹ ਨਾਟਕ ਕੈਨੇਡੀਅਨ ਜਨਜੀਵਨ ਦੀ ਤਰਜ਼ਮਾਨੀ ਕਰਦਾ ਹੋਇਆ ਲੋਕਾਂ ਦੇ ਧੁਰ ਜ਼ਿਹਨ ਵਿੱਚ ਲਹਿ ਗਿਆ। ਇਸ ਵਿੱਚ ਜਿੱਥੇ ਲੋਕ ਹੱਸ ਹੱਸ ਕੇ ਦੂਹਰੇ ਹੋਏ ਉੱਥੇ ਅੰਤ ਵਿੱਚ ਵੱਡੇ ਸੁਨੇਹੇ ਵੀ ਲੈ ਕੇ ਗਏ। ਇਹਨਾਂ ਦੋਨਾਂ ਨਾਟਕਾਂ ਵਿੱਚ ਆਰਟਸ ਕਲੱਬ ਦੇ ਮੈਂਬਰ ਤੇ ਕਲਾਕਾਰਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਸ਼ਿੱਦਤ ਨਾਲ ਨਿਭਾਈ। ਇਹਨਾਂ ਵਿੱਚ ਛੋਟੇ ਬੱਚੇ ਪਰਨੀਤ ਤੇ ਜਸ਼ਨ ਨੇ ਬਹੁਤ ਵਧੀਆ ਭੂਮਿਕਾ ਨਿਭਾਈ। ਕੇ.ਪੀ. ਸਿੰਘ, ਹਰਪ੍ਰੀਤ ਆਹਲੂਵਾਲੀਆ, ਨਰਿੰਦਰ ਮੰਗੂਵਾਲ, ਸੁਖਪ੍ਰੀਤ ਸਿੱਧੂ, ਸੰਤੋਖ ਢੇਸੀ, ਕੁਲਦੀਪ ਟੋਨੀ, ਪ੍ਰਿੰਸ ਗੋਸਵਾਮੀ, ਮਲਕੀਤ ਸਵੈਚ ਤੇ ਪਰਮਿੰਦਰ ਸਵੈਚ ਨੇ ਬਹੁਤ ਵਧੀਆ ਕਲਾਕਾਰੀ ਕੀਤੀ। ਅੰਤ ਵਿੱਚ ਔਰਤਾਂ ਵਲੋਂ ਪ੍ਰੋਗਰੈਸਿਵ ਗਿੱਧਾ ਵੀ ਪਾਇਆ ਗਿਆ ਜਿਸ ਵਿੱਚ ਬਿਮਲ ਕਾਹਲੋਂ, ਹਰਪ੍ਰੀਤ ਆਹਲੂਵਾਲੀਆ, ਰਾਜਵੰਤ, ਕਿਰਨ, ਪਰਮਜੀਤ ਸੁੰਨੜ, ਹਰਬੰਸ ਪੁਰੇਵਾਲ, ਮਨਜੀਤ ਲਿੱਧੜ, ਰਣਜੀਤ ਕੌਰ, ਕੁਲਦੀਪ ਟੋਨੀ, ਸੋਨੀਆ ਆਦਿ ਨੇ ਬਹੁਤ ਵੀ ਜੋਸ਼ ਨਾਲ ਇਹ ਗਿੱਧਾ ਪਾਇਆ ਜਿਸਦੀ ਇੱਕ ਇੱਕ ਬੋਲੀ ਲੋਕਾਂ ਨੂੰ ਵੱਡਾ ਸੁਨੇਹਾ ਦੇ ਕੇ ਜਾਂਦੀ ਹੈ, ਇਹ ਬੋਲੀਆਂ ਬਖ਼ਸ਼ ਸੰਘਾ, ਰਾਮ ਸਰੂਪ ਸ਼ਰਮਾ ਤੇ ਪਰਮਿੰਦਰ ਸਵੈਚ ਵਲੋਂ ਲਿਖੀਆਂ ਗਈਆਂ ਸਨ। ਨਾਟਕ 'ਲਾਸ਼ ਦਾ ਮੁੱਲ' ਵਿਚਲੇ ਗੀਤ ਤੇ ਗਿੱਧੇ ਦੀਆਂ ਬੋਲੀਆਂ ਜੋੜੀ ਨੰਬਰ 1 ਦੇ ਲੱਖਾ ਤੇ ਨਾਜ਼ ਵਲੋਂ ਗਾਈਆਂ ਗਈਆਂ ਸਨ।ਇਸ ਪ੍ਰੋਗਰਾਮ ਵਿੱਚ ਸਕੰਦਰ ਸਿੰਘ ਤੇ ਜਤਿੰਦਰ ਸਿੰਘ ਬਰਾੜ ਨੇ ਮਿਊਜਕ ਤੇ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਈ। ਕੰਵਲ ਕਿੰਗਰਾ, ਸ਼ਾਨ ਸਵੈਚ ਤੇ ਜਾਸਮਿਨ ਸਵੈਚ ਨੇ ਲਾਈਟਾਂ ਤੇ ਕੰਮ ਕੀਤਾ। ਸਟੇਜ ਸੈੱਟ ਅੱਪ ਇਕਬਾਲ ਪੁਰੇਵਾਲ, ਬਲਿਹਾਰ ਲੇਹਲ, ਮਨਜੀਤ ਲਿੱਧੜ, ਮਲਕੀਤ ਸਵੈਚ ਤੇ ਦਵਿੰਦਰ ਬਚਰਾ ਨੇ ਜ਼ਿੰਮੇਵਾਰੀ ਨਿਭਾਈ। ਨਾਟਕਾਂ ਵਿੱਚ ਕਲਾਕਾਰਾਂ ਦੀਆਂ ਪੁਸ਼ਾਕਾਂ ਪਰਮਿੰਦਰ ਸਵੈਚ ਵਲੋਂ ਤਿਆਰ ਕੀਤੀਆਂ ਗਈਆਂ ਸਨ। ਅੰਤ ਵਿੱਚ ਨਵਜੋਤ ਢਿੱਲੋਂ ਨੇ ਮੀਡੀਆ, ਸੰਪੋਸ਼ਰਜ਼ ਤੇ ਆਏ ਲੋਕਾਂ ਦਾ ਧੰਨਵਾਦ ਕੀਤਾ।

## ਸੂਰਤ ਅੱਗ ਹਾਦਸਾ

# 'ਫਾਇਰ ਬ੍ਰਿਗੇਡ ਕੋਲ ਨਾ ਲੰਬੀਆਂ ਪੌੜੀਆਂ ਸਨ ਨਾ ਬੁਛਾੜਾਂ ਦੀ ਅੱਗ ਤੱਕ ਪਹੁੰਚ'



ਸ਼ੁੱਕਰਵਾਰ ਨੂੰ 20 ਵਿਦਿਆਰਥੀਆਂ ਦੀ ਮੌਤ ਤੋਂ ਬਾਅਦ ਪੂਰੇ ਸੂਰਤ ਸ਼ਹਿਰ ਵਿੱਚ ਸੋਗ ਦੀ ਲਹਿਰ ਹੈ। ਸੂਰਤ ਦੇ ਮੁੱਖ ਸ਼ਮਸ਼ਾਨ ਘਾਟ ਵਿੱਚ ਸ਼ਨਿੱਚਰਵਾਰ ਸਵੇਰੇ ਸੰਸਕਾਰ ਲਈ ਪਹੁਚੀਆਂ ਲਾਸ਼ਾਂ ਦੀ ਲਾਈਨ ਲੱਗੀ ਹੋਈ ਸੀ। ਆਪਣੇ ਬੱਚੇ ਗੁਆ ਬੈਠੇ ਮਾਪਿਆਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਹਰ ਚਿਹਰਾ ਗ਼ਮਗੀਨ ਸੀ, ਮੌਕੇ 6ਤੇ ਮੌਜੂਦ ਪੁਲਿਸ ਵਾਲਿਆਂ ਦੀਆਂ ਅੱਖਾਂ ਵੀ ਹੰਝੂਆਂ ਨਾਲ ਤਰ ਸਨ।

ਸੂਰਤ ਦੇ ਸਰਥਾਨਾ ਇਲਾਕੇ ਦੀ ਇੱਕ ਕਮਰਸ਼ੀਅਲ ਇਮਾਰਤ ਵਿੱਚ ਅੱਗ ਲੱਗ ਗਈ ਸੀ ਜਿਸ ਦੀ ਛੱਤ 'ਤੇ ਟੀਨ ਦਾ ਸ਼ੈਡ ਪਾਕੇ ਕੋਚਿੰਗ ਸੈਂਟਰ ਚਲਾਇਆ ਜਾ ਰਿਹਾ ਸੀ।

ਆਲੋਹਾ ਕੰਪਲੈਕਸ ਆਰਕਿਟਿਕ ਅਤੇ ਡਿਜ਼ਾਈਨਿੰਗ ਦੇ ਗ੍ਰੈਜੂਏਟ ਪ੍ਰੋਗਰਾਮਾਂ ਲਈ ਦਾਖਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾਂਦੀ ਹੈ। ਛੁੱਟੀਆਂ ਦੌਰਾਨ ਗਰਮੀਆਂ ਦੀਆਂ ਵਿਸ਼ੇਸ਼ ਕਲਾਸਾਂ ਵਿੱਚ ਬੱਚੇ ਇਨ੍ਹਾਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਆਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ।

ਇਲਾਕੇ ਵਿੱਚ ਪਾਟੀਦਾਰ ਭਾਈਚਾਰੇ ਦੀ ਸੰਘਣੀ ਆਬਾਦੀ ਹੈ।

**20 ਬੱਚਿਆਂ ਦੀ ਮੌਤ**

ਤਕਸ਼ਿਲਾ ਨਾਮ ਦੀ ਇਸ ਇਮਾਰਤ ਦੇ ਨਜ਼ਦੀਕ ਹੀ ਗੁਜਰਾਤ ਬਿਜਲੀ ਬੋਰਡ ਦਾ ਟਰਾਂਸਫਰਾਮਰ ਸੀ ਜਿਸ ਤੋਂ ਨਿਕਲੇ ਚੰਘਿਆੜਿਆਂ ਕਾਰਨ ਅੱਗ ਲੱਗੀ।

ਹਾਦਸੇ ਦੇ ਚਸ਼ਮਦੀਦ ਪ੍ਰਫੁੱਲ ਮਨਕਾਨਾ ਮੁਤਾਬਕ, ਇਸ ਚੰਘਿਆੜੇ ਕਾਰਨ ਹੇਠਲੇ ਤੋਂ ਤੀਸਰੀ ਮੰਜ਼ਿਲ ਤੱਕ ਅੱਗ ਫੈਲ ਗਈ ਅਤੇ ਫਿਰ ਛੱਤ 'ਤੇ ਲੱਗੀ ਥਰਮੋਕੋਲ ਕਾਰਣ ਅੱਗ ਪਲਾਂ ਵਿੱਚ ਹੀ ਭੜਕ ਪਈ।

ਸੂਰਤ ਦੇ ਪੁਲਿਸ ਕਮਿਸ਼ਨਰ ਸਤੀਸ਼ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਾਦਸੇ ਦੌਰਾਨ ਛੱਤ ਉੱਪਰ ਚਾਲੀ ਬੱਚੇ ਸਨ। ਇਨ੍ਹਾਂ ਵਿੱਚੋਂ ਅੱਗ ਵਿੱਚ ਝੁਲਸਣ ਤੇ ਛੱਤ ਤੋਂ ਛਾਲਾਂ ਮਾਰਨ ਕਰਕੇ 20 ਬੱਚਿਆਂ ਦੀਆਂ ਜਾਨਾਂ ਚਲੀਆਂ ਗਈਆਂ।

**ਫਾਇਰ ਬ੍ਰਿਗੇਡ ਉੱਪਰ ਲੋਕਾਂ ਦਾ ਗੁੱਸਾ**

ਜਦੋਂ ਦਮਕਲ ਵਿਭਾਗ ਦੇ ਕਰਮਚਾਰੀ ਇੱਥੇ ਪਹੁੰਚੇ ਤਾਂ ਉਨ੍ਹਾਂ ਕੋਲ ਲੋੜੀਂਦੀ ਉੱਚਾਈ ਦੀਆਂ ਪੌੜੀਆਂ ਨਹੀਂ ਸਨ ਕਿ ਉਹ ਤੀਸਰੀ ਮੰਜ਼ਿਲ ਤੱਕ ਪਹੁੰਚ ਸਕਦੇ।

ਇਸ ਦੌਰਾਨ ਕੁਝ ਬੱਚਿਆਂ ਦੇ ਪਰਿਵਾਰਕ ਮੈਂਬਰ ਵੀ ਉੱਥੇ ਪਹੁੰਚ ਗਏ।

ਇੱਕ ਬੱਚੇ ਮੀਤ ਸੰਘਾਣੀ ਦੇ ਇੱਕ ਰਿਸ਼ਤੇਦਾਰ ਨੇ ਦੱਸਿਆ ਕਿ ਉਹ ਦਮਕਲ ਵਾਲਿਆਂ ਨਾਲ ਦੂਸਰੀ ਮੰਜ਼ਿਲ ਤੱਕ ਗਏ ਪਰ ਪਾਣੀ ਦਾ ਪ੍ਰੈਸ਼ਰ ਇਨਾਂ ਨਹੀਂ ਸੀ ਕਿ ਪਾਣੀ ਤੀਜੀ ਮੰਜ਼ਿਲ ਤੱਕ ਪਹੁੰਚ ਸਕਦਾ।

ਲੋਕਾਂ ਵਿੱਚ ਇਸ ਹਾਦਸੇ ਤੋਂ ਬਾਅਦ ਬਹੁਤ ਜ਼ਿਆਦਾ ਗੁੱਸਾ ਹੈ। ਉਸੇ ਦਿਨ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਨੇ ਪੀੜਤ ਪਰਿਵਾਰ ਨੂੰ ਚਾਰ-ਚਾਰ ਲੱਖ ਦੇ ਮੁਆਵਜ਼ੇ ਦਾ ਐਲਾਨ ਕਰ ਦਿੱਤਾ ਸੀ।

ਪਾਟੀਦਾਰ ਭਾਈਚਾਰੇ ਦੇ ਇੱਕ ਸੰਗਠਨ ਵੱਲੋਂ ਬੰਦ ਦਾ ਸੱਦਾ ਦਿੱਤਾ ਗਿਆ ਹੈ। ਪਾਟੀਦਾਰ ਅਨਾਮਤ ਅੰਦੋਲਨ ਸਮਿਤੀ ਦੇ ਬੁਲਾਰੇ ਨੇ ਬੀਬੀਸੀ ਨੂੰ ਦੱਸਿਆ ਕਿ ਜਦੋਂ ਤੱਕ ਦੋਸ਼ੀਆਂ ਨੂੰ ਫੜਿਆ ਨਹੀਂ ਜਾਂਦਾ, ਵਿਰੋਧ ਜਾਰੀ ਰਹੇਗਾ।

ਸ਼ਨਿੱਚਰਵਾਰ ਨੂੰ ਇਲਾਕੇ ਦੀਆਂ ਜ਼ਿਆਦਾਤਰ ਦੁਕਾਨਾਂ ਬੰਦ ਰਹੀਆਂ।

**3 ਸਾਲਾ ਦੀ ਬਾਲੜੀ ਮਸਾਂ ਹੀ ਬਚੀ**

ਸੂਰਤ ਪੁਲਿਸ ਨੇ ਏਲੋਹਾ ਕਲਾਸੇਜ ਦੇ ਸੰਚਾਲਕ ਭਾਰਗਵ ਬੂਟਾਨੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਭਾਰਗਵ ਇਮਾਰਤ ਦੀ ਛੱਤ ਤੇ ਟੀਨ ਦੀ ਛੱਤ ਹੇਠ ਆਪਣਾ ਕੋਚਿੰਗ ਸੈਂਟਰ ਚਲਾਉਂਦੇ ਸਨ। ਦੂਸਰੇ ਤੇ ਤੀਸਰੀ ਮੰਜ਼ਿਲ ਦੇ ਮਾਲਕ ਹਰਸੁਲ ਭਾਈ ਵੇਕੜੀਆ ਅਤੇ ਜਿਗਨੇਸ਼ ਬਾਘੜਾਲ ਹਨ।

ਪ੍ਰੇਸ਼ ਪਟੇਲ ਦੀ ਬੇਟੀ ਸ਼ਰੁਤੀ ਪਟੇਲ (13) ਉਸੇ ਕੋਚਿੰਗ ਸੈਂਟਰ ਵਿੱਚ ਸੀ। ਉਹ ਹਾਦਸੇ ਸਮੇਂ ਕਿਸੇ ਤਰ੍ਹਾਂ ਬਚ ਗਈ। ਪਟੇਲ ਨੇ ਬੀਬੀਸੀ ਨੂੰ ਦੱਸਿਆ ਕਿ ਦਮਕਲ ਦੀਆਂ ਗੱਡੀਆਂ ਦੇਰੀ ਨਾਲ ਪਹੁੰਚੀਆਂ।

ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਦਮਕਲ ਵਾਲੇ ਪਹੁੰਚੇ ਤਾਂ ਉਨ੍ਹਾਂ ਕੋਲ ਉਪਕਰਣ ਨਹੀਂ ਸਨ। ਇੱਕ ਹੋਰ ਵਿਦਿਆਰਥੀ, ਨੀਟ ਸੰਘਾਨੀ (17) ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਦੇ ਮਾਮੇ ਮਿਲਿੰਦ ਵਾਲਾ ਨੇ ਦੱਸਿਆ, ਨੀਟ ਪੜ੍ਹਾਈ ਵਿੱਤ ਬਹੁਤ ਵਧੀਆ ਸੀ ਅਤੇ ਦਸਵੀਂ ਵਿੱਚ 89 ਫੀਸਦੀ ਨੰਬਰ ਮਿਲੇ ਸਨ ਅਤੇ ਉਹ ਆਰਕੀਟੈਕਟ ਬਣਨਾ ਚਾਹੁੰਦਾ ਸੀ।" ਇੱਕ ਹੋਰ ਵਿਦਿਆਰਥੀ ਦਰਸ਼ਨ ਢੋਲਾ (17) ਭਾਵੇਂ ਬੱਚ ਗਿਆ ਪਰ ਉਸ ਦੇ ਜਬਾੜੇ 'ਤੇ ਸੱਟਾਂ ਲੱਗੀਆਂ ਹਨ।



ਦਰਸ਼ਨ ਦੇ ਭਰਾ ਨੇ ਦੱਸਿਆ, "ਉਹ ਕਾਫ਼ੀ ਚੰਗਾ ਵਿਦਿਆਰਥੀ ਸੀ ਜਿਸ ਦਾ ਆਲ ਇੰਡੀਆ ਜੇਈਈ ਵਿੱਚ ਟੌਪ 100 ਰੈਂਕਾਂ ਵਿੱਚ ਨਾਮ ਆਇਆ ਸੀ।"

**ਛੱਤਾਂ ਤੇ ਕਾਰੋਬਾਰੀ ਗਤੀਵਿਧੀਆਂ ਨਾਲ ਹਾਦਸਾ** : ਇਸ ਪੂਰੇ ਮਾਮਲੇ ਵਿੱਚ ਫਾਇਰ ਚੀਫ਼ ਬਸੰਤ ਪਾਰਿਖ ਨੇ ਕੋਈ ਟਿੱਪਣੀ ਕਰਨ ਤੋਂ ਮਨ੍ਹਾਂ ਕਰ ਦਿੱਤਾ।

ਗੁਜਰਾਤ ਅਰਬਨ ਡਿਵੈਲਪਮੈਂਟ ਐਂਡ ਅਰਬਨ ਹਾਊਸਿੰਗ ਡਿਪਾਰਟਮੈਂਟ ਦੇ ਪ੍ਰਿੰਸੀਪਲ ਸੱਕਤਰ ਮੁਕੇਸ਼ ਪੁਰੀ ਨੇ ਬੀਬੀਸੀ ਨੂੰ ਦੱਸਿਆ, ਫਾਇਰ ਬ੍ਰਿਗੇਡ ਬਾਰੇ ਜੋ ਵੀ ਸ਼ਿਕਾਇਤਾਂ ਹਨ ਉਨ੍ਹਾਂ ਬਾਰੇ ਸਰਕਾਰ ਨੇ ਜਾਂਚ ਦੇ ਹੁਕਮ ਦੇ ਦਿੱਤੇ ਹਨ ਅਤੇ ਉਹ ਆਪ ਇਸ ਦੀ ਜਾਂਚ ਕਰ ਰਹੇ ਹਨ। ਕੱਲ੍ਹ ਤੱਕ ਇਸ ਜਾਂਚ ਦੀ ਰਿਪੋਰਟ ਸਰਕਾਰ ਨੂੰ ਸੌਂਪ ਦੇਣਗੇ।ਉਨ੍ਹਾਂ ਕਿਹਾ ਕਿ ਫਾਇਰ ਡਿਪਾਰਟਮੈਂਟ ਦੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ। ਅਜਿਹੇ ਹਾਦਸੇ ਗੁਜਰਾਤ ਵਿੱਚ ਦੁਬਾਰਾ ਨਾ ਹੋਣ ਇਸ ਲਈ ਨੀਤੀ ਤਿਆਰ ਕੀਤੀ ਜਾਵੇਗੀ।

ਬਹੁਤ ਸਾਰੇ ਲੋਕਾਂ ਨੇ ਬੀਬੀਸੀ ਨੂੰ ਦੱਸਿਆ ਕਿ ਕਈ ਅਜਿਹੀਆਂ ਕਮਰਸ਼ੀਅਲ ਇਮਾਰਤਾਂ ਹਨ ਜਿਨ੍ਹਾਂ ਦੀਆਂ ਛੱਤਾਂ ਕਿਰਾਏ ਤੇ ਚੜ੍ਹੀਆਂ ਹੋਈਆਂ ਹਨ।

ਸੰਭਵ ਗੱਲ ਹੈ ਕਿ ਜੇ ਛੱਤ ਤੇ ਸ਼ੈੱਡ ਬਣਾ ਕੇ ਕਾਰੋਬਾਰੀ ਕੰਮਕਾਜ ਚੱਲ ਰਿਹਾ ਹੈ ਤਾਂ ਉੱਥੇ ਸੁਰੱਖਿਆ ਦੇ ਬੰਦੋਬਸਤਾਂ ਦੀ ਕੋਈ ਗਰੰਟੀ ਨਹੀਂ ਹੈ। ਬਾਹਰ ਨਿਕਲਣ ਦਾ ਰਾਹ ਵੀ ਇੱਕ ਹੀ ਹੁੰਦਾ ਹੈ।



### ਬਰੈਂਪਟਨ ਐਕਸ਼ਨ ਕੋਲੀਸ਼ਨ ਵੱਲੋਂ ਆਯੋਜਿਤ ਭਰਵੇਂ ਇਕੱਠ ਵਿਚ

# ਬਰੈਂਪਟਨ 'ਚ ਯੂਨੀਵਰਸਿਟੀ ਤੇ ਇਕ ਹੋਰ ਹਸਪਤਾਲ ਦੀ ਜ਼ੋਰਦਾਰ ਮੰਗ ਉੱਭਰੀ







ਬਰੈਂਪਟਨ, (ਡਾ.ਝੰਡ) –ਲੰਘੇ ਐਤਵਾਰ 26 ਮਈ ਨੂੰ ਬਰੈਂਪਟਨ ਸੌਕਰ ਸੈਂਟਰ ਦੇ ਵੱਡੇ ਹਾਲ ਵਿਚ ਬਰੈਂਪਟਨ ਐਕਸ਼ਨ ਕੋਲੀਸ਼ਨ ਵੱਲੋਂ ਬਾਅਦ ਦੁਪਹਿਰ 2.00 ਵਜੇ ਬਰੈਂਪਟਨ-ਵਾਸੀਆਂ ਦੀ ਭਰਵੀਂ ਇਕੱਤਰਤਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ 30 ਤੋਂ ਵਧੀਕ ਸਮਾਜਿਕ, ਸਾਹਿਤਕ, ਸੀਨੀਅਰਜ਼ ਅਤੇ ਵਰਕਰਜ਼ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਆਮ ਲੋਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਪ੍ਰਬੰਧਕਾਂ ਵੱਲੋਂ ਲਗਾਈਆਂ ਗਈਆਂ 300 ਤੋਂ ਵਧੇਰੇ ਕੁਰਸੀਆਂ ਥੋੜ੍ਹੀਆਂ ਪੈ ਗਈਆਂ ਅਤੇ ਕਈਆਂ ਨੂੰ ਖਲੋ ਕੇ ਹੀ ਇਸ ਭਾਰੀ ਇਕੱਠ ਵਿਚ ਆਪਣੀ ਹਾਜ਼ ਭਰਨੀ ਪਈ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਨਵੀ ਔਜਲਾ ਨੇ ਇਹ ਮੀਟਿੰਗ ਬੁਲਾਉਣ ਦੇ ਉਦੇਸ਼ ਬਾਰੇ ਦੱਸਦਿਆਂ ਕਿਹਾ ਕਿ ਓਨਟਾਰੀਓ ਸੂਬਾ ਸਰਕਾਰ ਵੱਲੋਂ ਹੈੱਲਥ ਤੇ ਐਜੂਕੇਸ਼ਨ ਪੱਖੋਂ ਬਰੈਂਪਟਨ ਨੂੰ ਬਿਲਕੁਲ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ। ਛੇ ਲੱਖ ਤੋਂ ਵਧੀਕ ਆਬਾਦੀ ਵਾਲੇ ਇਸ ਸ਼ਹਿਰ ਵਿਚ ਕੇਵਲ ਇਕ ਹੀ ਹਸਪਤਾਲ ਹੈ ਜਿੱਥੇ ਮਰੀਜ਼ਾਂ ਦੀਆਂ ਲੰਮੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ ਅਤੇ ਵੇਟਿੰਗ-ਸਮਾਂ ਕਈ-ਕਈ ਘੰਟੇ ਚੱਲਦਾ ਹੈ। ਏਸੇ ਤਰ੍ਹਾਂ ਇਸ ਵੱਡੇ ਸ਼ਹਿਰ ਵਿਚ ਕੋਈ ਯੂਨੀਵਰਸਿਟੀ ਨਹੀਂ ਹੈ ਜਦ ਕਿ ਇਸ ਦੇ ਆਲੇ ਦੁਆਲੇ ਦੇ ਛੋਟੇ-ਛੋਟੇ ਸ਼ਹਿਰਾਂ ਵਿਚ ਯੂਨੀਵਰਸਿਟੀਆਂ ਮੌਜੂਦ ਹਨ ਅਤੇ ਬਰੈਂਪਟਨ-ਵਾਸੀਆਂ ਨੂੰ ਆਪਣੀਆਂ ਇਨ੍ਹਾਂ ਮੁੱਖ ਮੰਗਾਂ ਲਈ ਆਵਾਜ਼ ਉਠਾਉਣੀ ਚਾਹੀਦੀ ਹੈ। ਉਪਰੰਤ, ਨਾਹਰ ਸਿੰਘ ਔਜਲਾ ਵੱਲੋਂ ਆਏ ਮਹਿਮਾਨਾਂ ਤੇ ਬਰੈਂਪਟਨ-ਵਾਸੀਆਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕਾਂ ਨਵੀ ਔਜਲਾ ਤੇ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਵੱਖ-ਵੱਖ ਬੁਲਾਰਿਆਂ ਨੂੰ ਵਾਰੋ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ।

ਬੁਲਾਰਿਆਂ ਵਿਚ ਸੱਭ ਤੋਂ ਪਹਿਲਾਂ ਬਰੈਂਪਟਨ ਦੇ ਵਾਰਡ ਨੰਬਰ 9-10 ਦੇ ਕਾਊਂਸਲਰ ਹਰਕੀਰਤ ਸਿੰਘ ਨੇ ਬਰੈਂਪਟਨ ਵਿਚ ਪਿਛਲੇ ਸਾਲ ਐਲਾਨੀ ਗਈ ਯੂਨੀਵਰਸਿਟੀ ਵਿਚ ਟੋਰਾਂਟੋ ਦੀ ਰਾਇਰਸਨ ਯੂਨੀਵਰਸਿਟੀ ਵੱਲੋਂ ਪਾਏ ਜਾਣ ਵਾਲੇ ਯੋਗਦਾਨ ਦੀ ਗੱਲ ਛੇੜੀ ਜਿਸ ਦਾ ਡੱਗ ਫ਼ੋਰਡ ਦੀ ਸਰਕਾਰ ਵੱਲੋਂ ਲੋੜੀਂਦੇ ਫ਼ੰਡਾਂ ਤੋਂ ਨਾਂਹ ਕਰਕੇ ਭੋਗ ਪਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੁਣ ਰਾਇਰਸਨ ਯੂਨੀਵਰਸਿਟੀ ਬਰੈਂਪਟਨ ਵਿਚ ਆਪਣਾ ਸੈਂਟਰ ਫ਼ਾਰ ਸਾਈਬਰ ਸਕਿਊਰਿਟੀ ਆਈਨੋਵੇਸ਼ਨ ਸ਼ੁਰੂ ਕਰਨ ਜਾ ਰਹੀ ਹੈ ਜਿਸ ਲਈ ਸਿਟੀ ਕਾਊਂਸਲ ਨੇ ਹਾਮੀ ਭਰ ਦਿੱਤੀ ਹੈ। ਉਨ੍ਹਾਂ ਡੱਗ ਫ਼ੋਰਡ ਵੱਲੋਂ ਸਿਹਤ ਸਬੰਧੀ ਫ਼ੰਡਾਂ ਵਿਚ ਕੱਟ ਲਾਉਣ ਲਈ ਸੂਬਾ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਏਸੇ ਵਾਰਡ ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ ਵਿਚ ਰੀਜਨ ਤੇ ਸਿਟੀ ਕਾਂਊਂਸਲ ਦੇ ਕੰਮਾਂ ਦਾ ਵੱਖਰੇਵਾਂ ਕਰਦਿਆਂ ਹੋਇਆਂ ਪੀਲ ਰੀਜਨ ਕਾਊਂਸਲ ਵੱਲੋਂ ਬਰੈਂਪਟਨ ਵਿਚ ਕਰਵਾਏ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਬਰੈਂਪਟਨ ਨੂੰ ਪਬਲਿਕ ਹੈੱਲਥ ਦੇ ਸੁਧਾਰ ਲਈ ਹੋਰ ਫ਼ੰਡਾਂ ਦੀ ਜ਼ਰੂਰਤ ਹੈ ਜਦ ਕਿ ਫ਼ੋਰਡ ਸਰਕਾਰ ਮੌਜੂਦਾ ਫ਼ੰਡਾਂ ਵਿਚ ਵੀ ਕੱਟ ਲਗਾ ਰਹੀ ਹੈ। ਉਨ੍ਹਾਂ ਬਰੈਂਪਟਨ ਵਿਚ ਐੱਲ.ਆਰ.ਟੀ. ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਤੇ ਸ਼ਹਿਰ ਵਿਚ ਪਬਲਿਕ ਫ਼ੰਡਿਡ ਯੂਨੀਵਰਸਿਟੀ ਦੀ ਗੱਲ ਜ਼ੋਰਦਾਰ ਸ਼ਬਦਾਂ ਵਿਚ ਕੀਤੀ। ਇਸ ਮੌਕੇ

ਬਰੈਂਪਟਨ ਐਕਸ਼ਨ ਕੋਲੀਸ਼ਨ ਦੇ ਬੁਲਾਰੇ ਪਰਮਿੰਦਰ ਗ਼ਦਰੀ ਨੇ ਉਚੇਰੀ ਸਿੱਖਿਆ ਲਈ ਯੂਨੀਵਰਸਿਟੀ ਦੀ ਮਹਾਨਤਾ ਬਾਰੇ ਦੱਸਦਿਆਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਹਜ਼ਾਰਾਂ ਤੱਕ ਦੀ ਆਬਾਦੀ ਵਾਲੇ ਸ਼ਹਿਰਾਂ ਵਿਚ ਤਾਂ ਯੂਨੀਵਸਿਟੀਆਂ ਮੌਜੂਦ ਹਨ ਪਰ 5,93,636 ਦੀ ਆਬਾਦੀ ਵਾਲੇ ਕੈਨੇਡਾ ਦੇ ਨੌਵੇਂ ਵੱਡੇ ਸ਼ਹਿਰ ਵਿਚ ਕੋਈ ਯੂਨੀਵਰਸਿਟੀ ਨਹੀਂ ਹੈ। ਕੋਲੀਸ਼ਨ ਦੇ ਦੂਸਰੇ ਬੁਲਾਰੇ ਹਰਿੰਦਰ ਹੁੰਦਲ ਨੇ ਬਰੈਂਪਟਨ ਵਿਚ ਸਿਹਤ ਸੇਵਾਵਾਂ ਦੇ ਮਾੜੇ ਪ੍ਰਬੰਧ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼ਹਿਰ ਦੇ ਇਕਲੌਤੇ ਹਸਪਤਾਲ ਵਿਚ ਮਰੀਜ਼ਾਂ ਦਾ ਅਕਸਰ ਬਹੁਤ ਰਸ਼ ਰਹਿੰਦਾ ਹੈ ਅਤੇ ਇਸ ਵਿਚ ਬੈੱਡਾਂ ਦੀ ਘਾਟ ਕਾਰਨ ਉਨ੍ਹਾਂ ਦਾ ਮਾੜਾ-ਮੋਟਾ 'ਹਾਲਵੇਅ ਇਲਾਜ' ਹੀ ਕੀਤਾ ਜਾਂਦਾ ਹੈ। 'ਪੀਲ ਮੈਮੋਰੀਅਲ ਹੌਸਪੀਟਲ' ਨਾਂ ਦੇ ਦੂਸਰੇ ਹਸਪਤਾਲ ਦੀਆਂ ਸੇਵਾਵਾਂ ਨੂੰ 2016 ਵਿਚ ਬੰਦ ਕਰਕੇ ਇਸ ਵਿਚ ਕੇਵਲ 'ਇਨਟੈਗਰੇਟਿਡ ਹੈੱਲਥ ਸਰਵਿਸਿਜ਼' ਹੀ ਸਵੇਰੇ ਦਸ ਵਜੇ ਤੋਂ ਸ਼ਾਮ ਦੇ ਸੱਤ ਵਜੇ ਤੀਕ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਬਰੈਂਪਟਨ ਵਿਚ ਇਕ ਹੋਰ ਨਵੇਂ ਹਸਪਤਾਲ ਦੀ ਅਤਿਅੰਤ ਲੋੜ 'ਤੇ ਜ਼ੋਰ ਦਿੰਦਿਆਂ ਹੋਇਆ ਉਨ੍ਹਾਂ ਫ਼ੋਰਡ ਸਰਕਾਰ ਵੱਲੋਂ ਪਿੱਛੇ ਜਿਹੇ ਨੌਕਰੀ ਤੋਂ ਕੱਢੀਆਂ ਗਈਆਂ 600 ਨਰਸਾਂ ਦੀ ਕਾਰਵਾਈ ਨੂੰ ਬੇਹੱਦ ਮਾੜਾ ਗਰਦਾਨਦਿਆਂ ਹੋਇਆਂ ਕਿਹਾ ਕਿ ਓਨਟਾਰੀਓ ਦੇ ਹਸਪਤਾਲਾਂ ਵਿਚ ਨਰਸਾਂ ਅਤੇ ਡਾਕਟਰਾਂ ਦੀ ਸਗੋਂ ਹੋਰ ਜ਼ਰੂਰਤ ਹੈ। ਉਨ੍ਹਾਂ ਮਰੀਜ਼ਾਂ ਦੇ ਖਾਣਾ ਔਟਵਾ ਦੀ ਵੱਡੀ ਕਾਰਪੋਰੇਟ ਕੰਪਨੀ ਵੱਲੋਂ ਮੁਹੱਈਆ ਕੀਤੇ ਜਾਣ ਬਾਰੇ ਵੀ ਦੱਸਿਆ। ਇੰਜੀ. ਦਲਬੀਰ ਸਿੰਘ ਕੰਬੋਜ ਜਿਨ੍ਹਾਂ 9-10 ਸਾਲ ਪਹਿਲਾਂ ਬਰੈਂਪਟਨ ਵਿਚ ਯੂਨੀਵਰਸਿਟੀ ਬਣਾਉਣ ਲਈ ਸੂਬਾ ਸਰਕਾਰ ਨੂੰ ਪਹਿਲੀ ਪਟੀਸ਼ਨ ਭੇਜ ਕੇ ਆਵਾਜ਼ ਉਠਾਈ ਸੀ ਤੇ ਬਾਅਦ ਵਿਚ ਕਈ ਹੋਰ ਪਟੀਸ਼ਨਾਂ ਵੀ ਭੇਜੀਆਂ, ਨੇ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸੂਬੇ ਦੇ ਵੱਖ-ਵੱਖ ਸ਼ਹਿਰਾਂ ਨੂੰ ਵੱਖ-ਵੱਖ ਪ੍ਰਾਜੈਕਟਾਂ ਲਈ ਫੰ ਦੀ ਵੰਡ ਸਮੇਂ ਬਰੈਂਪਟਨ ਨਾਲ ਕੀਤੇ ਜਾ ਰਹੇ ਪੱਖ-ਪਾਤੀ ਰਵੱਈਏ ਬਾਰੇ ਤੱਥਾਂ ਸਮੇਤ ਵਿਸਥਾਰ-ਪੂਰਵਕ ਚਾਨਣਾ ਪਾਇਆ। ਇਸ ਦੌਰਾਨ ਬਰੈਂਪਟਨ ਦੇ ਚੁਣੇ ਹੋਏ ਨੁਮਾਂਇੰਦਿਆਂ ਐੱਮ.ਪੀ.ਪੀਜ਼. ਅਮਰਜੋਤ ਸੰਧੂ ਅਤੇ ਪ੍ਰਭਮੀਤ ਸਰਕਾਰੀਆਂ ਦੀ ਗ਼ੈਰ-ਹਾਜ਼ਰੀ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ ਜਿਨ੍ਹਾਂ ਨੂੰ ਇਸ ਇਕੱਤਰਤਾ ਲਈ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ ਸੀ।

ਇਸ ਮੌਕੇ ਹੋਰ ਬੁਲਾਰਿਆਂ ਵਿਚ ਸ਼ਾਮਲ ਡਾ. ਬਲਜਿੰਦਰ ਸਿੰਘ ਸੇਖੋਂ, ਡਾ. ਸੁਖਦੇਵ ਸਿੰਘ ਝੰਡ, ਸਰੋਕਾਰਾਂ ਦੀ ਆਵਾਜ਼ ਦੇ ਹਰਬੰਸ ਸਿੰਘ, ਜੇਮਜ਼ ਪੌਟਰ ਸੀਨੀਅਰਜ਼ ਐਸੋਸੀਏਸ਼ਨ ਤੋਂ ਪ੍ਰੀਤਮ ਸਿੰਘ ਸਰਾਂ, ਕੈਸੀ ਕੈਂਬਲ ਸੀਨੀਅਰਜ਼ ਐਸੋਸੀਏਸ਼ਨ ਤੋਂ ਇਕਬਾਲ ਸਿੰਘ ਵਿਰਕ, ਕੁਲਦੀਪ ਸਿੰਘ ਬੋਪਾਰਾਏ, ਪਰਮਜੀਤ ਸਿੰਘ ਗਿੱਲ ਅਤੇ ਇਕਬਾਲ ਸੁੰਬਲ ਦੇ ਸੰਬੋਧਨ ਦਾ ਮੁੱਖ-ਧੁਰਾ ਬਰੈਂਪਟਨ ਵਿਚ ਪਬਲਿਕ ਫ਼ੰਡਾਂ ਨਾਲ ਬਣਾਈ ਜਾਣ ਵਾਲੀ ਯੂਨੀਵਰਸਿਟੀ ਅਤੇ ਇਕ ਹੋਰ ਨਵੇਂ ਹਸਪਤਾਲ ਦੀ ਲੋੜ ਉੱਪਰ ਹੀ ਕੇਂਦ੍ਰਿਤ ਰਿਹਾ। ਜਿੱਥੇ ਡਾ. ਸੇਖੋਂ ਨੇ ਬਰੈਂਪਟਨ ਦੀ ਇਸ ਭਵਿੱਖ-ਮਈ ਯੂਨੀਵਰਸਿਟੀ ਲਈ ਮੇਨ-ਸਟਰੀਟ ਦੇ 'ਗੋ-ਸਟੇਸ਼ਨ' ਦੇ ਨਜ਼ਦੀਕ ਸਿਟੀ ਕਾਊਂਸਲ ਵੱਲੋਂ ਨਿਰਧਾਰਤ ਕੀਤੀ ਗਈ ਸੀਮਤ ਜਿਹੀ ਜਗ੍ਹਾ ਜਿੱਥੇ 20-22 ਮੰਜ਼ਲੀ ਮਲਟੀ-ਸਟੋਰੀ ਬਣਾਉਣ ਦੀ ਤਜਵੀਜ਼ ਹੈ, ਨੂੰ ਯੂਨੀਵਰਸਿਟੀ ਦੀ ਲੋੜ ਲਈ ਨਾ-ਕਾਫ਼ੀ ਦੱਸਿਆ ਅਤੇ ਇਸ ਦੇ ਲਈ ਘੱਟੋ-ਘੱਟ 100-150 ਏਕੜ ਜਗ੍ਹਾ ਦੀ ਮੰਗ ਕੀਤੀ, ਉੱਥੇ ਡਾ. ਝੰਡ ਨੇ ਬਰੈਂਪਟਨ ਵਿਚ ਟੋਰਾਂਟੋ ਦੀ ਰਾਇਰਸਨ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੇ ਜਾ ਰਹੇ 'ਸੈਂਟਰ ਫ਼ਾਰ ਸਾਈਬਰ ਕਰਾਈਮ ਆਈਨੋਵੇਸ਼ਨ' ਨੂੰ ਉਸ ਯੂਨੀਵਰਸਿਟੀ ਦਾ ਇਕ ਵਿਭਾਗ ਦੱਸਦਿਆਂ ਹੋਇਆਂ ਕਿਹਾ ਕਿ ਯੂਨੀਵਰਸਿਟੀਆਂ ਵਿਚ ਤਾਂ ਸੈਂਕੜੇ ਹੀ ਵਿਭਾਗ ਚੱਲਦੇ ਹਨ ਅਤੇ ਕਿਸੇ ਯੂਨੀਵਰਸਿਟੀ ਦਾ ਕੋਈ ਇਕ ਵਿਭਾਗ ਕਿਸੇ ਖ਼ਾਸ ਖਿੱਤੇ ਵਿਚ ਪੂਰੀ ਯੂਨੀਵਰਸਿਟੀ ਦਾ ਬਦਲ ਨਹੀਂ ਬਣ ਸਕਦਾ। ਉਨ੍ਹਾਂ ਡਾ. ਸੇਖੋਂ ਦੀ ਯੂਨੀਵਰਸਿਟੀ ਲਈ ਵਧੇਰੇ ਖੁੱਲ੍ਹੀ ਜਗ੍ਹਾ ਦੀ ਵੀ ਪ੍ਰੋੜ੍ਹਤਾ ਕੀਤੀ। ਹਰਬੰਸ ਸਿੰਘ ਨੇ ਫ਼ੋਰਡ ਸਰਕਾਰ ਵੱਲੋਂ ਹੈੱਲਥ ਅਤੇ ਐਜੂਕੇਸ਼ਨ ਤੇ ਲਾਏ ਗਏ ਕੱਟਾਂ ਦੀ ਨਿਖੇਧੀ ਕਰਦਿਆਂ ਹੋਇਆਂ ਇਨ੍ਹਾਂ ਨੂੰ ਬਰੈਂਪਟਨ ਸ਼ਹਿਰ ਨੂੰ ਹੋਰ ਪਿੱਛੇ ਧੱਕਣ ਵਾਲੀ ਕਾਰਵਾਈ ਦੱਸਿਆ। ਕੁਲਦੀਪ ਬੋਪਾਰਾਏ ਨੇ ਸਿਟੀ ਕਾਊਂਸਲ ਦੀ ਬਰੈਂਪਟਨ ਡਾਊਨ ਟਾਊਨ ਦੇ ਗੋ-ਸਟੇਸ਼ਨ ਨੇੜਲੀ ਮੌਜੂਦਾ ਤਜਵੀਜ਼ ਨੂੰ ਰੱਦ ਕਰਦਿਆਂ ਹੋਇਆਂ ਕਿਹਾ ਕਿ ਅਜਿਹੇ ਕੰਮ ਰੋਜ਼-ਰੋਜ਼ ਨਹੀਂ ਹੁੰਦੇ ਅਤੇ ਯੂਨੀਵਰਸਿਟੀ ਕਿਸੇ ਖੁੱਲ੍ਹੀ ਥਾਂ 'ਤੇ ਬਣਨੀ ਚਾਹੀਦੀ ਹੈ। ਅਖ਼ੀਰ ਵਿਚ ਚਰਨਜੀਤ ਬਰਾੜ ਨੇਂ ਆਏ ਹੋਏ ਸਮੂਹ ਬਰੈਂਪਟਨ-ਵਾਸੀਆਂ ਦਾ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਵੱਲੋਂ ਬਰੈਂਪਟਨ-ਵਾਸੀਆਂ ਨੂੰ ਇਨ੍ਹਾਂ ਦੋਹਾਂ ਮੁੱਖ ਮੰਗਾਂ ਦੀ ਪੂਰਤੀ ਲਈ ਲਈ ਸੰਘਰਸ਼ ਲਈ ਤਿਆਰ ਹੋਣ ਬਾਰੇ ਕਿਹਾ ਗਿਆ।






ਉਘੇ ਨਾਟਕਕਾਰ ਸਵ. ਭਾਅ ਜੀ ਗੁਰਸ਼ਰਨ ਸਿੰਘ ਦੀ ਬੇਟੀ ਡਾ. ਨਵਸ਼ਰਨ ਕੈਨੇਡਾ ਦੇ ਸ਼ਹਿਰ ਸਰੀ, ਵਿੰਨੀਪੈਗ ਅਤੇ ਟੋਰਾਂਟੋ ਫੇਰੀ ਦੌਰਾਨ

# ਜਲ੍ਹਿਆਂ ਵਾਲ਼ੇ ਬਾਗ਼ ਦੀ ਸ਼ਤਾਬਦੀ ਅਤੇ ਇਸ ਦੀ ਭਾਰਤ ਦੇ ਮੌਜੂਦਾ ਹਲਾਤ ਵਿੱਚ ਪ੍ਰਸੰਗਿਕਤਾ ’ਤੇ ਡਾ. ਨਵਸ਼ਰਨ ਦਾ ਪਬਲਿਕ ਲੈਕਚਰ






ਵਿੰਨੀਪੈਗ, (ਸਰੋਕਾਰਾਂ ਦੀ ਆਵਾਜ਼) : ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿੰਨੀਪੈੱਗ ਦੁਆਰਾ 6 ਮਈ, 2019 ਨੂੰ ਐਂਬਰ ਟਰੇਲ ਕਮਿਊਨਟੀ ਸਕੂਲ, 1575 ਟੈਂਪਲਟਨ ਐਵੇਨਿਊ, ਵਿੰਨੀਪੈੱਗ ਵਿਖੇ ਡਾ. ਨਵਸ਼ਰਨ ਸਿੰਘ ਦਾ ਜਲ੍ਹਿਆਂਵਾਲ਼ੇ ਬਾਗ਼ ਦੇ ਸਾਕੇ ਦੀ ਸ਼ਤਾਬਦੀ ਅਤੇ ਇਸ ਦੀ ਭਾਰਤ ਦੇ ਮੌਜੂਦਾ ਹਲਾਤ ਵਿੱਚ ਪ੍ਰਸੰਗਿਕਤਾ ’ਤੇ ਪਬਲਿਕ ਲੈਕਚਰ ਕਰਵਾਇਆ ਗਿਆ।

ਡਾ. ਨਵਸ਼ਰਨ ਉੱਘੇ ਰੰਗਮੰਚੀ ਅਤੇ ਔਰਤਾਂ ਦੇ ਹੱਕਾਂ ਅਤੇ ਜਮਹੂਰੀ ਅਧਿਕਾਰਾਂ ਦੀ ਲਹਿਰ ਵਿੱਚ ਸਰਗਰਮ ਐਕਟੀਵਿਸਟ ਹਨ। ਧਾਰਮਿਕ ਨਫ਼ਰਤ ਦੇ ਅਧਾਰ ’ਤੇ ਸਿਖ਼ਰ ’ਤੇ ਹੋ ਰਹੇ ਅਪਰਾਧਾਂ ਵਾਲ਼ੇ ਦੇਸ਼ ਭਾਰਤ ਵਿੱਚ ਉਹ ‘ਕਾਰਵਾਂ-ਏ-ਮੁਹੱਬਤ’ ਨਾਂ ਦੀ ਸੰਸਥਾ ਦੇ ਨਾਲ਼ ਕੰਮ ਕਰਦਿਆਂ ਪਿਆਰ-ਮੁਹੱਬਤ ਦਾ ਪੈਗ਼ਾਮ ਲੈ ਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗਊ ਰਖਸ਼ਕਾਂ ਅਤੇ ਹਿੰਦੂ ਫਾਸ਼ੀਵਾਦੀਆਂ ਦੁਆਰਾ ਕਤਲ ਕੀਤੇ ਲੋਕਾਂ ਦੇ ਪੀੜਤ ਪਰਿਵਾਰਾਂ ਨਾਲ਼ ਦੁੱਖ ਵੰਡਾਉਣ ਉਨ੍ਹਾਂ ਦੇ ਘਰ-ਘਰ ਜਾਂਦੇ ਹਨ। https://karwanemohabbat.in ‘ਕਾਰਵਾਂ-ਏ-ਮੁਹੱਬਤ’ ਦਾ ਵੈੱਬ ਐਡਰੈਸ ਹੈ। ਉਹਨਾਂ ਨੇ ਆਪਣੇ ਲੈਕਚਰ ਵਿੱਚ ਦੱਸਿਆ ਕਿ ਸੌ ਸਾਲ਼ ਪਹਿਲਾਂ ਗ਼ੁਲਾਮ ਭਾਰਤ ਵਿੱਚ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਵਿੱਚ ਜਲ੍ਹਿਆਂ ਵਾਲ਼ੇ ਬਾਗ਼ ਵਿਖੇ ਹਿੰਦੂ, ਮੁਸਲਮਾਨਾਂ ਨੇ ਆਪਸੀ ਧਾਰਮਿਕ ਵਖਰੇਵਿਆਂ ਨੂੰ ਭੁੱਲਕੇ ਰੋਲਟ ਐਕਟ ਤਹਿਤ ਪਾਸ ਹੋਏ ਜਿਹੜੇ ਕਾਲ਼ੇ ਕਾਨੂੰਨ ਦੇ ਖ਼ਿਲਾਫ਼ ਇਕੱਤਰ ਹੋਕੇ ਮੁਜ਼ਾਹਰਾ ਕਰਦਿਆਂ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਹੀਦੀਆਂ ਦਿੱਤੀਆਂ ਸਨ ਉਹੀ ਕਾਲ਼ੇ ਕਾਨੂੰਨ ਅਜ਼ਾਦ ਭਾਰਤ ਵਿੱਚ ਸਰਕਾਰਾਂ ਦੁਆਰਾ ਪਾਸ ਕੀਤੇ ਅਤੇ ਲਾਗੂ ਕੀਤੇ ਜਾ ਰਹੇ ਹਨ। ਇਹਨਾਂ ਮਾਰੂ ਕਾਨੂੰਨਾਂ ਦੇ ਸਿੱਧੇ ਸ਼ਿਕਾਰ ਦਲਿਤ ਅਤੇ ਘੱਟ-ਗਿਣਤੀਆਂ ਦੇ ਲੋਕ ਖ਼ਾਸ ਕਰਕੇ ਮੁਸਲਮਾਨ ਹੋ ਰਹੇ ਹਨ। ਭਾਰਤ ਵਿੱਚ ਉਹਨਾਂ ਦਾ ਜੀਣਾ ਦੁੱਭਰ ਹੋਇਆ ਪਿਆ ਹੈ। ਹਿੰਦੂ, ਮੁਸਲਮਾਨਾਂ ਵਿੱਚ ਨਫ਼ਰਤ ਪੈਦਾ ਕਰਕੇ ਸਾਂਝੀਵਾਲ਼ਤਾ ਦੇ ਸਿਧਾਂਤ ਨੂੰ ਛਿੱਕੇ ਟੰਗਿਆ ਜਾ ਰਿਹਾ ਹੈ ਅਤੇ ਅਹਿੰਸਾ ਦੀ ਰਾਜਨੀਤੀ ਖੇਡਦਿਆਂ ਦੰਗੇ-ਫ਼ਸਾਦਾਂ ਨੂੰ ਅੰਜ਼ਾਮ ਦਿੱਤਾ ਜਾ ਰਿਹਾ ਹੈ। ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਘੱਟ-ਗਿਣਤੀਆਂ ਅਤੇ ਦਲਿਤਾਂ ’ਤੇ ਕੀਤੇ ਜਾ ਰਹੇ ਅੱਤਿਆਚਾਰਾਂ ਦੀ ਕਹਾਣੀ ਭਾਰਤ ਦੇ ਲੋਕਤੰਤਰੀ ਦੇਸ਼ ਹੋਣ ਦੇ ਦਾਅਵੇ ’ਤੇ ਸਵਾਲ ਉਠਾਉਂਦੀ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਲਗਾਤਾਰ ਇਸ ਤਰ੍ਹਾਂ ਜਾਰੀ ਹੈ ਕਿ ਭਾਰਤ ਵਿੱਚ ਦਲਿਤ ਅਤੇ ਘੱਟ-ਗਿਣਤੀਆਂ ਦੇ ਲੋਕ ਡਰੇ, ਸਹਿਮੇ ਪਏ ਹਨ। ਧਰਮ ਦੇ ਅਧਾਰ ’ਤੇ ਫਾਸ਼ਿਸਟ ਸਟੇਟ ਦੇ ਵਿਰੁੱਧ ਅਤੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਸਰਗਰਮ ਸਮਾਜਿਕ ਕਾਰਕੁੰਨਾਂ, ਵਿਦਿਆਰਥੀ ਆਗੂਆਂ, ਦਲਿਤ ਤੇ ਘੱਟ-ਗਿਣਤੀ ਲੋਕਾਂ ਦੇ ਲੀਡਰਾਂ ਅਤੇ ਪੱਤਰਕਾਰਾਂ ਨੂੰ ਵੱਖ-ਵੱਖ ਕੇਸਾਂ ’ਚ ਫਸਾਕੇ ਦੇਸ਼ਧਰੋਹੀ ਗਰਦਾਨਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ ਅਤੇ ਕਤਲ ਵੀ ਕੀਤੇ ਜਾ ਰਹੇ ਹਨ।

ਉਹਨਾਂ ਨੇ ਆਈ.ਆਰ.ਆਈ. ਭਾਈਚਾਰੇ ਨੂੰ ਅਪੀਲ ਕੀਤੀ ਕਿ ਬੇਸ਼ੱਕ ਉਹ ਸੱਤ ਸਮੁੰਦਰ ਪਾਰ ਆ ਵਿਕਸਿਤ ਦੇਸ਼ਾਂ ਵਿੱਚ ਵਸ ਗਏ ਹਨ ਪਰ ਉਹਨਾਂ ਦੀਆਂ ਜੜ੍ਹਾਂ ਹਿੰਦੋਸਤਾਨ ਵਿੱਚ ਹਨ। ਉਹ ਆਪਣੇ-ਆਪ ਨੂੰ ਕਦੇ ਵੀ ਉੱਥੋਂ ਨਾਲੋਂ ਤੋੜਕੇ ਨਹੀਂ ਦੇਖ ਸਕਦੇ। ਕਿਉਂਜੋ ਸੰਸਾਰ ਇੱਕ ਗਲੋਬਲ ਪਿੰਡ ਬਣ ਗਿਆ ਹੈ ਸੋ ਉੱਥੋਂ ਦੀਆਂ ਘਟਨਾਵਾਂ ਵਿਕਸਿਤ ਦੇਸ਼ਾਂ ਦੇ ਬਾਸ਼ਿੰਦਿਆਂ ’ਤੇ ਵੀ ਪ੍ਰਭਾਵ ਪਾਉਂਦੀਆਂ ਹਨ। ਸੋ ਸਾਨੂੰ ਚਾਹੀਦਾ ਹੈ ਕਿ ਸਭ ਤਰ੍ਹਾਂ ਦੇ ਵਖਰੇਵੇਂ ਭੁੱਲ ਕੇ ਮਨੁੱਖੀ ਹੱਕਾਂ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਬਹਾਲੀ ਲਈ ਸਰਗਰਮ ਲਹਿਰਾਂ ਦਾ ਸਮਰਥਨ ਕਰੀਏ ਅਤੇ ਜ਼ਬਰ-ਜ਼ੁਲਮ, ਅਨਿਆਂ, ਦਰਿੰਦਗੀ, ਅਣਮਨੁੱਖੀ ਵਰਤਾਰਿਆਂ, ਧਰਮ ਦੇ ਅਧਾਰ ’ਤੇ ਨਫ਼ਰਤ, ਅਹਿੰਸਾ, ਦੰਗੇ-ਫ਼ਸਾਦ, ਸੰਪਰਦਾਇਕਤਾ ਅਤੇ ਘਟੀਆ ਰਾਜਨੀਤੀ ਦਾ ਵਿਰੋਧ ਕਰੀਏ ਅਤੇ ਹੋਰ ਲੋਕਾਂ ਨੂੰ ਵੀ ਸੁਚੇਤ ਕਰੀਏ ਕਿਉਂਕਿ ਇਸ ਵਿੱਚ ਹੀ ਮਨੁੱਖਤਾ ਦੀ ਭਲਾਈ ਹੈ।

ਬੀਰਬਲ ਭਦੌੜ ਨੇ ਸਟੇਜ ਸਾਂਭਦਿਆਂ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ। ਇਸ ਮੌਕੇ ’ਤੇ ਸਭਾ ਦੇ ਮੈਂਬਰ ਜਸਵੀਰ ਮੰਗੂਵਾਲ਼, ਸਭਜੀਤ ਕੌਰ, ਮਹਿੰਦਰ ਸਰਾਂ (ਐੱਮ. ਐੱਲ. ਏ., ਮੇਪਲਜ਼), ਮੁਖ਼ਤਿਆਰ ਸਿੰਘ, ਮੰਗਤ ਸਹੋਤਾ, ਅਵਤਾਰ ਸਿੱਧੂ, ਹਰਿੰਦਰ ਗਿੱਲ, ਕਰਮਜੀਤ ਬਹੋਨਾ, ਦਰਸ਼ਨ ਵਾਂਦਰ, ਬਲਜੀਤ ਖ਼ਾਨ ਅਤੇ ਜਗਮੀਤ ਮੱਤਾ ਹਾਜ਼ਰ ਸਨ। ਸਭਾ ਦੇ ਮੈਂਬਰ ਕਮਲ ਅਤੇ ਹਰਨੇਕ ਧਾਲੀਵਾਲ ਦੁਆਰਾ ਕਿਤਾਬਾਂ ਦੀ ਸਟਾਲ ਲਗਾਈ ਗਈ। ਵੀਨਾ ਜੀ, ਜਲ ਕੌਰ, ਜਸਵਿੰਦਰ ਕੌਰ, ਡਾ. ਜਸਵਿੰਦਰ ਕੰਵਲ (ਕੀਵਾਟਿਨ ਮੈਡੀਕਲ ਸੈਂਟਰ), ਪ੍ਰੋ. ਪਰਸ਼ੋਤਮ ਦਾਸ, ਕੇਵਲ ਬਰਾੜ, ਡਾ. ਨਿਰਮਲ ਹਰੀ, ਪ੍ਰੋ. ਦਿਲਜੀਤ ਬਰਾੜ, ਮਾਸਟਰ ਸੂਰਜ ਭਾਨ, ਜੱਗਾ ਬਰਾੜ ਅਤੇ ਸਤਨਾਮ ਸਿੰਘ ਆਦਿ ਤੋਂ ਇਲਾਵਾ 80-85 ਪਤਵੰਤੇ ਸੱਜਣਾਂ ਨੇ ਇਕੱਤਰ ਹੋ ਕੇ ਜਲ੍ਹਿਆਂ ਵਾਲ਼ੇ ਬਾਗ਼ ਦੇ ਸਾਕੇ ਦੀ ਸੌ ਸਾਲ਼ਾ ਵਰ੍ਹੇਗੰਢ ਨੂੰ ਮਨਾਇਆ। ਇਸ ਪ੍ਰੋਗਰਾਮ ਨੂੰ ਸਫ਼ਲ ਬਨਾਉਣ ਵਿੱਚ ਸਕੂਲ ਪ੍ਰਿੰਸੀਪਲ, ਜਗਦੀਪ ਸਿੰਘ ਤੂਰ, ਪੱਤ੍ਰਿਕਾ ਸਰੋਕਾਰਾਂ ਦੀ ਅਵਾਜ਼, ਕਨੇਡਾ ਦੇ ਪੰਜਾਬੀ ਅਖ਼ਬਾਰ ਨਵ-ਸਵੇਰ ਅਤੇ ਪੰਜਾਬ-ਟੂਡੇ ਨੇ ਵੱਡਮੁੱਲਾ ਯੋਗਦਾਨ ਪਾਇਆ। ਇਸ ਪੋਗਰਾਮ ਦੀ ਵੀਡੀਓ ਕਵਰੇਜ ਪੰਜਾਬੀ ਵਿਜ਼ਨ ਟੀ.ਵੀ. ਨੇ ਕੀਤੀ।

# ‘ਕੈਨੇਡੀਅਨ ਕੂੰਜਾਂ’ ਦਾ ਪ੍ਰਭਾਵਸ਼ਾਲੀ ਰੀਲੀਜ਼ ਸਮਾਰੋਹ



ਕੈਲਗਰੀ (ਮਾ. ਭਜਨ) :5 ਮਈ, 2019 ਨੂੰ ਜੈਨੇਸਿਜ਼ ਸੈਂਟਰ ਵਿੱਚ ਮੰਨੀ ਪ੍ਰਮੰਨੀ ਸੰਸਥਾ ਸ਼ਬਦ-ਸਾਂਝ, ਕੈਲਗਰੀ ਵਲੋਂ ਗੁਰਚਰਨ ਕੌਰ ਥਿੰਦ ਦਾ ਚੌਥਾ ਕਹਾਣੀ ਸੰਗ੍ਰਿਹ ‘ਕੈਨੇਡੀਅਨ ਕੂੰਜਾਂ’ ਸਾਹਿਤ ਪ੍ਰੇਮੀਆਂ ਦੇ ਭਰਵੇਂ ਇੱਕਠ ਵਿੱਚ ਰੀਲੀਜ਼ ਕੀਤਾ ਗਿਆ। ਕਿਤਾਬ ਸਬੰਧੀ ਡਾ: ਲਖਵੀਰ ਸਿੰਘ ਰਿਆੜ ਅਤੇ ਸਭਾ ਦੇ ਪ੍ਰਧਾਨ ਡਾ: ਬਲਵਿੰਦਰ ਬਰਾੜ ਵਲੋਂ ਪੇਪਰ ਪੜ੍ਹੇ ਗਏ ਅਤੇ ਬਹੁਤ ਵਿਸਥਾਰਤ ਤੇ ਭਾਵਪੂਰਤ ਵਿਚਾਰ ਚਰਚਾ ਕੀਤੀ ਗਈ। ਸਮਾਜਿਕ ਵਿਸ਼ਿਆਂ ’ਤੇ ਅਧਾਰਤ ਇਹਨਾਂ ਕਹਾਣੀਆਂ ਵਿੱਚ ਪੇਸ਼ ਬਦਲਦੀਆਂ ਸਮਾਜਿਕ ਕਦਰਾਂ ਕੀਮਤਾਂ ਅਤੇ ਮਰਦ ਔਰਤ ਦੇ ਰਿਸ਼ਤੇ ਦਰਮਿਆਨ ਉਪਜ ਰਹੀਆਂ ਝੋਲਾਂ ਨੂੰ ਆਲੋਚਕਾਂ ਨੇ ਬਾਖ਼ੂਬੀ ਵਿਚਾਰਿਆ ਅਤੇ ਲਿਖਤ ਦੇ ਰਚਨਾਤਮਿਕ ਪੱਖ ਦੀ ਵੀ ਲੋੜੀਂਦੀ ਚੀਰ-ਫਾੜ ਕੀਤੀ। ਕਹਾਣੀਆਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਮਰਦ ਤੇ ਔਰਤ ਇੱਕ ਦੂਜੇ ਦੇ ਪੂਰਕ ਹਨ, ਸਿਹਤਮੰਦ ਸਮਾਜ ਲਈ ਦੋਵਾਂ ਦਾ ਯੋਗਦਾਨ ਅਤੀ ਮਹੱਤਵਪੂਰਨ ਹੈ। ਪ੍ਰੰਤੂ ਬਦਲਦੇ ਸਮਾਜਿਕ ਸਰੋਕਾਰਾਂ ਹਿੱਤ ਪੁਰਾਣੀਆਂ ਦਕੀਆਨੂਸੀ ਸੋਚਾਂ ਤੇ ਰਹੁਰੀਤਾਂ ਨੂੰ ਬਦਲਣਾ ਜ਼ਰੂਰੀ ਹੈ ਅਤੇ ਅਸੀਂ ਬਦਲ ਸਕਦੇ ਹਾਂ। ਪ੍ਰਿੰਸੀਪਲ ਕ੍ਰਿਸ਼ਨ ਸਿੰਘ ਜੀ ਨੇ ਵੀ ਕਿਤਾਬ ਸਬੰਧੀ ਆਪਣਾ ਨਜ਼ਰੀਆ ਪੇਸ਼ ਕੀਤਾ। ਗੁਰਚਰਨ ਕੌਰ ਥਿੰਦ ਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਿਹ, ਤਿੰਨ ਨਾਵਲ, ਇੱਕ ਲੇਖ ਸੰਗ੍ਰਿਹ ਅਤੇ ਇੱਕ ਅੰਗਰੇਜ਼ੀ ਵਿੱਚ ਅਨੁਵਾਦਤ ਨਾਵਲ ਛੱਪ ਚੁੱਕਾ ਹੈ। ਪ੍ਰਧਾਨਗੀ ਮੰਡਲ ਵਿੱਚ ਡਾ: ਬਲਵਿੰਦਰ ਬਰਾੜ, ਪੰਜਾਬ ਤੋਂ ਆਏ ਡਾ: ਭਾਟੀਆ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ: ਗੁਰਪਿੰਦਰ ਸਿੰਘ ਸਮਰਾ ਅਤੇ ਗੁਰਚਰਨ ਕੌਰ ਥਿੰਦ ਸ਼ਾਮਲ ਸਨ। ਸਮਾਗਮ ਦੀ ਕਾਰਵਾਈ ਸਭਾ ਦੇ ਸਕੱਤਰ ਡਾ: ਮੁਖਿਤਿਆਰ ਸਿੰਘ ਬਡੂਵਾਲੀਆ ਜੀ ਨੇ ਬਹੁਤ ਸੁਚਜੱਤਾ ਨਾਲ ਨਿਭਾਈ। ਡਾ: ਹਰਭਜਨ ਢਿਲੋਂ ਨੇ ਸਭਾ ਦੇ ਉਦੇਸ਼ ਬਿਆਨ ਕੀਤੇ ਅਤੇ ਡਾ: ਗੁਰਪਿੰਦਰ ਸਿੰਘ ਸਮਰਾ ਨੇ ਆਪਣੇ ਸੰਬੋਧਨ ਵਿੱਚ ਵਿਦੇਸ਼ਾਂ ਵਿੱਚ ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਪੰਜਾਬ ਵਿੱਚ ਰੋਗੀਆਂ ਦਾ ਇਲਾਜ ਕਰਨ ਵਾਲੇ ਡਾ: ਭਾਟੀਆ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਪਾ ਵਾਹ ਵਾਹ ਖੱਟੀ। ਸ਼ਬਦ-ਸਾਂਝ ਵਲੋਂ ਉਹਨਾਂ ਨੂੰ ਪਲੇਕ ਦੇ ਕੇ ਸਨਮਾਨਿਆ ਗਿਆ। ਸੁਰਿੰਦਰ ਗੀਤ ਅਤੇ ਕੇਸਰ ਸਿੰਘ ਨੀਰ ਹੁਰਾਂ ਆਪਣੀਆਂ ਖ਼ੂਬਸਰਤ ਗ਼ਜ਼ਲਾਂ ਨਾਲ ਸਾਂਝ ਪਾਈ ਅਤੇ ਬਚਿੱਤਰ ਸਿੰਘ ਜੀ ਨੇ ਪਾਰਸ ਦੀ ਰਚਨਾ ਆਪਣੀ ਬੁਲੰਦ ਅਵਾਜ਼ ਵਿੱਚ ਪੇਸ਼ ਕੀਤੀ। ਜਰਨੈਲ ਐਲੋਂ ਨੇ ਮਾਂ-ਬੋਲੀ ਪੰਜਾਬੀ ਨੂੰ ਸਮਰਪਤ ਗੀਤ ਸੁਰੀਲੀ ਅਵਾਜ਼ ਵਿੱਚ ਗਾਇਆ।

ਗੁਰਚਰਨ ਕੌਰ ਥਿੰਦ ਨੇ ਸਭਾ ਦਾ ਅਤੇ ਹਾਜ਼ਰ ਸ੍ਰੋਤਿਆਂ ਦਾ ਧੰਨਵਾਦ ਕੀਤਾ ਅਤੇ ਆਪਣੀ ਕਿਤਾਬ ਬਾਰੇ ਗੱਲ ਕਰਦਿਆਂ ਦੱਸਿਆ ਕਿ ਇਸ ਕਿਤਾਬ ਵਿੱਚ ਉਹਨਾਂ ਦੇ 2006 ਵਿੱਚ ਪਹਿਲੀ ਵਾਰ ਕੈਨੇਡਾ ਆਉਣ ਤੋਂ ਲੈ ਕੇ 2017 ਤੱਕ ਦੀਆਂ 17 ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਉਸਦੇ ਉਹ ਆਪਣੇ ਹਨ ਜਿਹੜੇ ਪੰਜਾਬ ਵਸਦੇ ਉਥੋਂ ਦੇ ਬਦਲਦੇ ਹਾਲਾਤਾਂ ਸੰਗ ਜੂਝਦੇ ਨਵੇਂ ਸਮਾਜਿਕ ਮੁੱਲ ਸਥਾਪਤ ਕਰ ਰਹੇ ਹਨ। ਉਹ ਸਾਰੇ ਲੋਕ ਜੋ ਪੰਜਾਬ ਤੋਂ ਹਿਜਰਤ ਕਰ ਬਾਹਰ ਆ ਵਸੇ ਹਨ ਅਤੇ ਇਥੋਂ ਦੇ ਮੂਲੋਂ ਹੀ ਬਦਲੇ ਹਾਲਾਤਾਂ ਸੰਗ ਜੂਝ ਰਹੇ ਹਨ। ਇਥੋਂ ਦੇ ਸੁੱਖ ਅਰਾਮ ਮਾਣਦੇ ਉਪਜੀਆਂ ਮਾਨਸਿਕ, ਸਮਾਜਿਕ ਤੇ ਆਰਥਿਕ ਉਲਝਣਾਂ ਹੰਢਾ ਰਹੇ ਹਨ ਜਾਂ ਸਮਰਥਾ ਅਨੁਸਾਰ ਸੁਲਝਾਉਣ ਦੇ ਆਹਰ ਵਿੱਚ ਹਨ। ਰੇਡੀਓ ਰੈਡ ਐਫ ਐਮ ਤੋਂ ਰਿਸ਼ੀ ਨਾਗਰ ਅਤੇ ਪੰਜਾਬੀ ਅਖਬਾਰ ਦੇ ਸੰਪਾਦਕ ਹਰਬੰਸ ਬੁੱਟਰ ਜੀ ਇਸ ਸਮਾਗਮ ਵਿੱਚ ਉਚੇਚੇ ਸ਼ਾਮਲ ਹੋਏ। ਇਸ ਦੌਰਾਨ ਲੇਖਿਕਾ ਦੀ ਰਿਲੀਜ਼ ਕੀਤੀ ਕਿਤਾਬ ਦੇ ਨਾਲ ਉਸਦੀਆਂ ਦੂਸਰੀਆਂ ਕਿਤਾਬਾਂ ਵੀ ਰੱਖੀਆਂ ਗਈਆਂ ਸਨ। ਇਨ੍ਹਾਂ ਦੀ ਖਰੀਦਾਰੀ ਹਾਜ਼ਰੀਨ ਵਲੋਂ ਬੜੇ ਚਾਅ ਨਾਲ ਕੀਤੀ ਗਈ ਜੋ ਕਿ ਪੰਜਾਬੀ ਪ੍ਰੇਮੀਆਂ ਲਈ ਸਕੂਨ ਵਾਲੀ ਗੱਲ ਹੈ। ਉਪਰੰਤ ਪ੍ਰੋਸੇ ਗਏ ਚਾਹ ਪਾਣੀ ਦਾ ਸਭ ਨੇ ਆਨੰਦ ਮਾਣਿਆ।







ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ

# ਡਾ. ਸੁਖਦੇਵ ਸਿੰਘ ਝੰਡ ਦੀ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ': ਚੌਹਾਨ ਤੋਂ ਬਰੈਂਪਟਨਲੋਕ-ਅਰਪਿਤ

## ਭਖਵੀਂ ਬਹਿਸ ਦੌਰਾਨ ਬੁਲਾਰਿਆਂ ਵੱਲੋਂ ਕਈ ਮਹੱਤਵ-ਪੂਰਨ ਨੁਕਤੇ ਉਠਾਏ ਗਏ



ਬਰੈਂਪਟਨ, (ਹਰਬੰਸ) : ਲੰਘੇ ਐਤਵਾਰ ਡਾ. ਸੁਖਦੇਵ ਸਿੰਘ ਝੰਡ ਦੀ ਸਵੈ-ਜੀਵਨੀ "ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ" 19 ਮਈ 2019 ਨੂੰ ਸਥਾਨਕ ਐੱਫ. ਸਕੂਲ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਹੀਨਾਵਾਰ ਇਕੱਤਰਤਾ ਵਿਚ ਅਦੀਬਾਂ ਤੇ ਪੰਜਾਬੀ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿਚ ਲੋਕ-ਅਰਪਿਤ ਕੀਤੀ ਗਈ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਡਾ. ਵਰਿਆਮ ਸਿੰਘ ਸੰਧੂ, ਸ. ਪੂਰਨ ਸਿੰਘ ਪਾਂਧੀ, ਪ੍ਰੋ.ਰਾਮ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਪੁਸਤਕ-ਲੇਖਕ ਸੁਖਦੇਵ ਸਿੰਘ ਝੰਡ ਅਤੇ ਉਨ੍ਹਾਂ ਦੇ ਹਾਈ ਸਕੂਲ ਦੌਰਾਨ ਰਹੇ ਉਸਤਾਦ ਪ੍ਰਿੰ. ਸੇਵਾ ਸਿੰਘ ਕੌੜਾ ਸ਼ਾਮਲ ਸਨ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਪੁਸਤਕ ਸਬੰਧੀ ਵਿਸਤ੍ਰਿਤ ਪੇਪਰ ਪੜ੍ਹਿਆ ਗਿਆ ਜਿਸ ਵਿਚ ਉਨ੍ਹਾਂ ਵੱਲੋਂ ਡਾ. ਝੰਡ ਦੀ ਸਵੈ-ਜੀਵਨੀ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਉਜਾਗਰ ਕੀਤਾ ਗਿਆ। ਆਪਣੇ ਪੇਪਰ ਵਿਚ ਉਨ੍ਹਾਂ ਸੁਖਦੇਵ ਸਿੰਘ ਦੇ ਬਚਪਨ ਦੇ ਦਿਨਾਂ, ਉਸ ਦੀ ਸਕੂਲ ਤੇ ਕਾਲਜ ਦੀ ਪੜ੍ਹਾਈ ਤੇ ਨੌਕਰੀ ਦੌਰਾਨ ਦਰਪੇਸ਼ ਦਿੱਕਤਾਂ ਤੇ ਦੁਸ਼ਵਾਰੀਆਂ ਦਾ ਭਰਪੂਰ ਜ਼ਿਕਰ ਕੀਤਾ ਅਤੇ ਪੁਸਤਕ ਦੇ ਸਰਵਰਕ ਪੱਤੇ ਤੇ ਪਰਛਾਵੇ ਅਤੇ ਇਸ ਦੇ ਅੰਤ ਵਿਚ ਦਰਜ ਕੀਤੀ ਗਈ ਬੰਸਾਵਲੀ ਦੀ ਖ਼ੂਬ ਸਰਾਹਨਾ ਕੀਤੀ।

ਉਪਰੰਤ, ਪੰਜਾਬੀ ਸਾਹਿਤ ਦੀਆਂ ਵਿਦਵਾਨ ਸ਼ਖ਼ਸੀਅਤਾਂ ਡਾ. ਵਰਿਆਮ ਸਿੰਘ ਸੰਧੂ, ਪੂਰਨ ਸਿੰਘ ਪਾਂਧੀ, ਕਹਾਣੀਕਾਰ ਕੁਲਜੀਤ ਮਾਨ, ਪ੍ਰਿੰ. ਰਾਮ ਸਿੰਘ ਕੁਲਾਰ, ਪ੍ਰੋ. ਰਾਮ ਸਿੰਘ, ਪੰਜਾਬ ਤੋਂ ਪਿਛਲੇ ਦਿਨੀਂ ਇੱਥੇ ਬਰੈਂਪਟਨ ਪਹੁੰਚੇ ਪ੍ਰਿੰ. ਸੇਵਾ ਸਿੰਘ ਕੌੜਾ, ਪ੍ਰਿੰ. ਸੰਜੀਵ ਧਵਨ, ਪ੍ਰਿੰ. ਸਰਵਣ ਸਿੰਘ, ਕਰਨ ਅਜਾਇਬ ਸਿੰਘ ਸੰਘਾ, ਬਲਰਾਜ ਚੀਮਾ, ਮਲੂਕ ਸਿੰਘ ਕਾਹਲੋਂ, ਡਾ. ਜਗਮੋਹਨ ਸਿੰਘ ਸੰਘਾ ਤੇ ਹੋਰ ਕਈਆਂ ਨੇ ਇਸ ਮੌਕੇ ਪੁਸਤਕ ਸਬੰਧੀ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਜਿੱਥੇ ਡਾ. ਵਰਿਆਮ ਸਿੰਘ ਸੰਧੂ ਨੇ ਡਾ. ਝੰਡ ਵੱਲੋਂ ਪੁਸਤਕ ਵਿਚ ਦਰਜ ਬ੍ਰਿਤਾਂਤ ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਹੋਇਆਂ ਕਿਹਾ ਕਿ ਬਹਿਸ ਸਬੰਧਿਤ ਪੁਸਤਕ ਵਿਚਲੇ ਵੇਰਵਿਆਂ ਬਾਰੇ ਹੋਣੀ ਚਾਹੀਦੀ ਹੈ ਨਾ ਕਿ ਉਸ ਵਿਚ ਗ਼ੈਰ-ਹਾਜ਼ਰ ਮੈਟਰ ਬਾਰੇ, ਉੱਥੇ ਪ੍ਰੋ. ਰਾਮ ਸਿੰਘ ਵੱਲੋਂ ਸਵੈ-ਜੀਵਨੀ ਦੀ ਸਾਹਿਤਕ ਮਹੱਤਤਾ ਅਤੇ ਇਸ ਦੇ ਗੁਣਾਂ ਬਾਰੇ ਭਰਪੂਰ ਚਾਨਣਾ ਪਾਇਆ ਗਿਆ ਅਤੇ ਉਨ੍ਹਾਂ ਵੱਲੋਂ ਡਾ. ਝੰਡ ਦੀ ਪੁਸਤਕ ਵਿਚ ਰਹਿ ਗਈਆਂ ਕੁਝ ਕਮੀਆਂ-ਪੇਸ਼ੀਆਂ ਬਾਰੇ ਬੜੇ ਹੀ ਭਾਵਪੂਰਤ ਸ਼ਬਦਾਂ ਵਿਚ ਜ਼ਿਕਰ ਕੀਤਾ ਗਿਆ।

ਇਸ ਦੌਰਾਨ ਹਰਜਸਪ੍ਰੀਤ ਗਿੱਲ ਦੇ ਇਕ ਸੁਆਲ "ਸਵੈ-ਜੀਵਨੀ ਕੀ ਹੈ ਤੇ ਇਸ ਵਿਚ ਕੀ ਕੁਝ ਹੋਣਾ ਚਾਹੀਦਾ ਹੈ" ਨੇ ਨਵੀਂ ਬਹਿਸ ਛੇੜੀ। ਬਲਵੰਤ ਗਾਰਗੀ, ਖ਼ੁਸ਼ਵੰਤ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਲੇਖਕਾਂ ਦੀਆਂ ਸਵੈ-ਜੀਵਨੀਆਂ ਦਾ ਹਵਾਲਾ ਦਿੰਦਿਆਂ ਹੋਇਆਂ ਕਈ ਬੁਲਾਰਿਆਂ ਨੇ ਸਵੈ-ਜੀਵਨੀ ਵਿਚ ਸਾਹਿਤਕ-ਤੜਕਾ ਮੌਜੂਦ ਹੋਣ ਤੇ ਜ਼ੋਰ ਦਿੱਤਾ, ਜਦਕਿ ਕਈ ਹੋਰਨਾਂ ਦਾ ਵਿਚਾਰ ਸੀ ਕਿ ਹਰੇਕ ਲੇਖਕ ਦੇ ਲਿਖਣ ਦਾ ਆਪੋ-ਆਪਣਾ ਢੰਗ-ਤਰੀਕਾ ਹੈ। ਕਈ ਆਪਣੀ ਸਵੈ-ਜੀਵਨੀ ਨੂੰ ਕੁਝ ਵਧੇਰੇ ਵਧਾ-ਚੜ੍ਹਾਅ ਕੇ ਪੇਸ਼ ਕਰਦੇ ਹਨ ਅਤੇ ਕਈ ਇਸ ਨੂੰ ਆਪਣੇ ਜੀਵਨ ਦੀ ਸੱਚਾਈ ਦੇ ਨੇੜੇ ਰੱਖਣਾ ਚਾਹੁੰਦੇ ਹਨ। ਕਈ ਬੁਲਾਰਿਆਂ ਦਾ ਵਿਚਾਰ ਸੀ ਕਿ ਡਾ. ਝੰਡ ਦੀ ਇਹ ਸਵੈ-ਜੀਵਨੀ ਉਸ ਦੇ ਸੰਘਰਸ਼ਮਈ ਜੀਵਨ ਤੇ ਉਸਦੀ ਸਮੁੱਚੀ ਸ਼ਖ਼ਸੀਅਤ ਦੇ ਬਹੁਤ ਨਜ਼ਦੀਕ ਹੈ ਅਤੇ ਇਸ ਵਿਚ ਤੜਕੇ ਦੀ ਵਰਤੋਂ ਘੱਟ ਹੀ ਕੀਤੀ ਗਈ ਹੈ। ਇਸ ਤਰ੍ਹਾਂ ਇਹ ਸਮਾਗਮ ਡਾ. ਝੰਡ ਦੀ ਇਸ ਪੁਸਤਕ ਦੀ ਸਮੀਖਿਆ ਦੇ ਨਾਲ਼ ਨਾਲ਼ ਸਵੈ-ਜੀਵਨੀ ਸਬੰਧੀ ਆਮ ਪਹੁੰਚ ਬਾਰੇ ਇਕ ਉਸਾਰੂ ਤੇ ਸਾਰਥਿਕ ਮਾਰਗ-ਦਰਸ਼ਕ ਬਹਿਸ ਦਾ ਹਾਸਲ ਹੋ ਨਿਬੜਿਆ। ਇਸ ਸਮਾਗਮ ਦੀ ਇਹ ਵੀ ਵਿਸ਼ੇਸ਼ਤਾ ਸੀ ਕਿ ਇਸ ਵਿਚ ਡਾ. ਝੰਡ ਦੇ ਹਾਈ ਸਕੂਲ ਸਮੇਂ ਦੇ ਅਧਿਆਪਕ ਪ੍ਰਿੰ. ਸੇਵਾ ਸਿੰਘ ਕੌੜਾ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨੌਕਰੀ ਦੌਰਾਨ ਰਹੇ ਸਹਿ-ਕਰਮੀ ਗੁਰਮੀਤ ਸਿੰਘ ਬਾਜਵਾ ਤੇ ਗੁਰਪ੍ਰੀਤ ਸਿੰਘ ਬਾਠ ਇਸ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਇਕਬਾਲ ਬਰਾੜ ਨੇ ਆਪਣੀ ਹਾਜ਼ਰੀ ਸੁਰੀਲੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦਾ ਸਦਾ-ਬਹਾਰ ਗੀਤ "ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ" ਗਾ ਕੇ ਲੁਆਈ।

ਡਾ. ਝੰਡ ਵੱਲੋਂ ਸਮਾਗਮ ਦੇ ਮੁੱਖ-ਬੁਲਾਰਿਆਂ ਤੇ ਬਹਿਸ ਵਿਚ ਹਿੱਸਾ ਲੈਣ ਵਾਲੇ ਵਿਦਵਾਨਾਂ ਅਤੇ ਇਸ ਸਾਹਿਤਕ ਸਮਾਗਮ ਵਿਚ ਸ਼ਾਮਲ ਹੋਏ ਸਮੂਹ ਹਾਜ਼ਰ ਲੇਖਕਾਂ, ਕਵੀਆਂ/ਕਵਿੱਤਰੀਆਂ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਪੁਸਤਕ ਸਬੰਧੀ ਉਠਾਏ ਗਏ ਸੁਆਲਾਂ ਦੇ ਜੁਆਬ ਦਿੱਤੇ ਗਏ। ਇਸ ਮੌਕੇ ਪੰਜਾਬੀ ਟੀ.ਵੀ. ਮੀਡੀਆ ਦੀ ਉਤਸ਼ਾਹੀ ਸ਼ਖ਼ਸੀਅਤ ਚਮਕੌਰ ਮਾਛੀਕੇ ਵੱਲੋਂ ਸਮਾਗਮ ਦੀ ਕਾਰਵਾਈ ਦੇ ਮੁੱਖ-ਅੰਸ਼ ਆਪਣੇ ਕੈਮਰੇ ਵਿਚ ਕੈਦ ਕੀਤੇ ਗਏ, ਜਦਕਿ ਫ਼ੋਟੋਗਰਾਫ਼ੀ ਦੀ ਸੇਵਾ ਕਰਾਉਣ ਇਮੀਗ੍ਰੇਸ਼ਨ ਦੇ ਮੁੱਖ-ਸੰਚਾਲਕ ਰਾਜਪਾਲ ਹੋਠੀ ਨੇ ਨਿਭਾਈ। ਮੰਚ-ਸੰਚਾਲਨ ਦੀ ਪ੍ਰਮੁੱਖ-ਜ਼ਿੰਮੇਂਵਾਰੀ ਤਲਵਿੰਦਰ ਮੰਡ ਵੱਲੋਂ ਬਾਖ਼ੂਬੀ ਨਿਭਾਈ ਗਈ। ਸਮਾਗਮ ਵਿਚ ਕ੍ਰਿਪਾਲ ਸਿੰਘ ਪੰਨੂੰ, ਗੁਰਦੇਵ ਸਿੰਘ ਮਾਨ, ਰਜਿੰਦਰ ਸਿੰਘ ਅਠਵਾਲ, ਜਨਾਬ ਮਕਸੂਦ ਚੌਧਰੀ, ਸੁਖਮਿੰਦਰ ਰਾਮਪੁਰੀ, ਜੋਗਿੰਦਰ ਸਿੰਘ ਅਣਖੀਲਾ, ਪਰਮਜੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਗਿੱਲ, ਗੁਰਦੇਵ ਚੌਹਾਨ, ਗੁਰਦਿਆਲ ਬੱਲ, ਮਹਿੰਦਰ ਸਿੰਘ ਵਾਲੀਆ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ, ਸੁਰਿੰਦਰ ਸਿੰਘ ਸੰਧੂ, ਪ੍ਰਿੰ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਵਿਪਨਦੀਪ ਸਿੰਘ ਮਰੋਕ, ਨਾਹਰ ਸਿੰਘ ਔਜਲਾ, ਗੁਰਮੇਲ ਸਿੰਘ ਬਿੰਦ, ਬਲਦੇਵ ਸਿੰਘ ਮੁੱਤਾ, ਪ੍ਰਤੀਕ ਆਰਟਿਸਟ, ਭੁਪਿੰਦਰ ਦੁਲੇ, ਸੰਨੀ ਸ਼ਿਵਰਾਜ, ਬਲਰਾਜ ਧਾਲੀਵਾਲ, ਸੁਰਜੀਤ ਕੌਰ, ਰਮਿੰਦਰ ਵਾਲੀਆ, ਅਮਰਜੀਤ ਪੰਛੀ, ਜਗਦੀਸ਼ ਕੌਰ ਝੰਡ, ਅਜੀਤ ਕੌਰ ਬਿੰਦ, ਸਰਬਜੀਤ ਕਾਹਲੋਂ, ਜਗਦੀਸ਼ ਕੌਰ ਕਾਹਲੋਂ, ਹਰਜੀਤ ਕੌਰ ਮੁੱਤਾ ਅਤੇ ਕਈ ਹੋਰ ਮਹੱਤਵਪੂਰਨ ਸ਼ਖ਼ਸੀਅਤਾਂ ਸ਼ਾਮਲ ਸਨ।


# ਸ਼ਹੀਦ ਸੁਖਦੇਵ ਦੇ ਜਨਮ ਦਿਨ ਤੇ ਇਨਕਲਾਬੀ ਬਦਲ ਉਸਾਰਨ ਲਈ ਸੰਘਰਸ਼

## ਤੇਜ਼ ਕਰਨ ਦਾ ਅਹਿਦ





ਲੁਧਿਆਣਾ, (ਬਲਜਿੰਦਰ) : ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਦੇ ਤੀਸਰੇ ਸਾਥੀ ਸ਼ਹੀਦ ਸੁਖਦੇਵ ਦਾ ਜਨਮ ਦਿਨ ਲੁਧਿਆਣਾ ਵਿਖੇ ਉਹਨਾਂ ਦੇ ਜਨਮ ਸਥਾਨ ਮਹੱਲਾ ਨੌਂ ਘਰਾ ਜਾਕੇ ਮਨਾਇਆ ਗਿਆ। ਲੁਧਿਆਣਾ ਦੀਆਂ ਇਨਕਲਾਬੀ ਜੱਥੇਬੰਦੀਆਂ, ਲੋਕ ਮੋਰਚਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ, ਬਿਗੁਲ ਮਜ਼ਦੂਰ ਦਸਤਾ, ਇਨਕਲਾਬੀ ਲੋਕ ਮੋਰਚਾ ਪੰਜਾਬ ਦੇ ਕਾਰਕੁਨਾਂ ਦਾ ਕਾਫ਼ਲਾ, ਸਥਾਨਕ ਨਗਰ ਨਿਗਮ ਕਾਰ ਪਾਰਕਿੰਗ ਤੋਂ ਰੋਹ ਭਰਪੂਰ ਪੈਦਲ ਮਾਰਚ ਕਰਦਿਆਂ ਸ਼ਹੀਦ ਸੁਖਦੇਵ ਦੇ ਜਨਮ ਸਥਾਨ ਪਹੁੰਚਿਆ, ਜੋ ਅੱਜ ਵੀ ਉਪਰੋਕਤ ਮਹੱਲੇ ਵਿੱਚ ਮੌਜੂਦ ਹੈ। ਇੱਥੇ ਸ਼ਹੀਦ ਦੇ ਘਰ ਅੱਗੇ ਇਨਕਲਾਬੀ ਲੋਕਾਂ ਵੱਲੋਂ ਲਗਾਏ ਸ਼ਹੀਦ ਸੁਖਦੇਵ ਦੇ ਬੁੱਤ ਸਾਹਮਣੇ ਇਨਕਲਾਬੀ ਨਾਹਰਿਆਂ ਨੂੰ ਗਜਾਉਂਦਿਆਂ ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਕੀਤੀ ਗਈ ਜਿਸ ਨੂੰ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ। ਮਜ਼ਦੂਰ ਆਗੂ ਹਰਜਿੰਦਰ ਸਿੰਘ, ਇਨਕਲਾਬੀ ਲੋਕ ਮੋਰਚੇ ਦੇ ਵਿਜੈ ਨਰਾਇਣ ਸਮੇਤ ਬਿਗੁਲ ਮਜ਼ਦੂਰ ਦਸਤੇ ਦੇ ਰਾਜਵਿੰਦਰ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਕੰਵਲਜੀਤ ਖੰਨਾਂ ਨੇ ਸੰਬੋਧਨ ਕਰਦਿਆਂ ਵੋਟ ਬਟੋਰੂ ਸਿਆਸਤਦਾਨਾਂ ਤੋਂ ਕਿਸੇ ਭਲੇ ਦੀ ਆਸ ਛੱਡਕੇ, ਸ਼ਹੀਦਾਂ ਵੱਲੋਂ ਚਿਤਵੇ ਇਨਕਲਾਬੀ ਬਦਲ ਉਸਾਰਨ ਤੇ ਜ਼ੋਰ ਦਿੱਤਾ। ਉਹਨਾਂ ਸਪਸ਼ਟ ਕੀਤਾ ਕਿ ਅੱਜ ਜਿਹੜੇ ਸਿਆਸਤਦਾਨ ਲੋਕਾਂ ਦੀਆਂ ਵੋਟਾਂ ਲੈਕੇ ਬਦਲ-ਬਦਲਕੇ ਰਾਜ ਗੱਦੀਆਂ ਪ੍ਰਾਪਤ ਕਰ ਰਹੇ ਹਨ, ਇਨ੍ਹਾਂ ਨੇ ਦੇਸੀ ਤੇ ਵਿਦੇਸ਼ੀ ਸਰਮਾਏਦਾਰਾਂ ਕੋਲ ਦੇਸ਼ ਦੇ ਮਾਲ ਖ਼ਜ਼ਾਨੇ ਵੇਚਣ ਲਈ ਸੇਲ ਲਾਈ ਹੋਈ ਹੈ। ਆਪਣੀ ਦਲਾਲੀ ਲੈਕੇ ਖ਼ੁਦ ਵੀ ਮਾਲੋ ਮਾਲ ਹੋ ਰਹੇ ਹਨ , ਜਦੋਂ ਕਿ ਆਮ ਲੋਕਾਂ ਦਾ ਜਿਊਣਾ ਹੋਰ ਵੀ ਦੁੱਭਰ ਕਰ ਦਿੱਤਾ ਹੈ। ਅੰਗਰੇਜ਼ਾਂ ਦੀ ਤਰ੍ਹਾਂ ਹੀ ਦੇਸ਼ ਨੂੰ ਲੁੱਟਕੇ ਦਿਨੋ ਦਿਨ ਮਾਇਆ ਦੇ ਅੰਬਾਰ ਲਾਕੇ ਅਰਬਪਤੀ ਬਣ ਰਹੇ ਇਹ ਲੁਟੇਰੇ ਦੇਸ਼ ਨੂੰ ਸਿਉਂਕ ਦੀ ਤਰ੍ਹਾਂ ਚਿੰਬੜੇ ਹੋਏ ਹਨ। ਸ਼ਹੀਦ ਸੁਖਦੇਵ ਅਤੇ ਉਹਨਾਂ ਦੇ ਸਾਥੀਆਂ ਨੇ ਅੰਗਰੇਜ਼ਾਂ ਦਾ ਕੁੱਲ ਸਰਮਾਇਆ ਜ਼ਬਤ ਕਰਕੇ ਲੋਕਾਂ ਦੀ ਮਾਲਕੀ ਹੇਠ ਲਿਆਉਣ ਦਾ ਐਲਾਨ ਕੀਤਾ ਸੀ। ਪਰ ਸਾਡੀਆਂ ਮੌਜੂਦਾ ਸਿਆਸੀ ਪਾਰਟੀਆਂ ਨੇ ਉਹ ਸਾਰਾ ਸ਼ਰਮਾਇਆ ਅੱਜ ਵੀ ਅੰਗਰੇਜ਼ਾਂ ਦੀ ਮਾਲਕੀ ਹੇਠ ਹੀ ਰੱਖਿਆ ਹੋਇਆ ਹੈ ਜੋ ਕਿ ਲਗਾਤਾਰ ਕੈੜੀ ਵੇਲ ਦੀ ਤਰ੍ਹਾਂ ਵਧ ਰਿਹਾ ਹੈ। ਸਾਰਾ ਰਾਜ ਪ੍ਰਬੰਧ ਵੀ ਜਿਉਂ ਦਾ ਤਿਉਂ ਚਲਾਇਆ ਜਾ ਰਿਹਾ ਹੈ। ਸ਼ਹੀਦਾਂ ਨੂੰ ਧਰਮਾਂ ਤੇ ਫ਼ਿਰਕਿਆਂ ਵਿੱਚ ਵੰਡਣ ਵਾਲੀ ਸੌੜੀ ਰਾਜਨੀਤੀ ਕਰਨ ਵਾਲੇ ਸਿਆਸਤਦਾਨਾਂ ਦੀ ਸਖ਼ਤ ਨਿਖੇਧੀ ਕੀਤੀ ਗਈ ਜਿਹੜੇ ਸ਼ਹੀਦ ਭਗਤ ਸਿੰਘ ਅਤੇ ਸੁਖਦੇਵ ਨੂੰ ਸੰਧੂ ਅਤੇ ਥਾਪਰ ਬਰਾਦਰੀ ਵਿੱਚ ਵੰਡਕੇ ਆਪਣੀ ਸਿਆਸਤ ਚਮਕਾ ਰਹੇ ਹਨ। ਇਸ ਸਮੇਂ ਲੋਕ ਕਲਾ ਮੰਚ ਮੁੱਲਾਂਪੁਰ ਦੀ ਟੀਮ ਨੇ ਹਰਕੇਸ਼ ਚੌਧਰੀ ਦੀ ਅਗਵਾਈ ਵਿੱਚ ਗੀਤਾਂ ਰਾਹੀਂ ਅਤੇ ਬਿਗੁਲ ਮਜ਼ਦੂਰ ਦਸਤੇ ਵੱਲੋਂ ਨਾਟਕ ਬੁੱਤ ਜਾਗ ਪਿਆਖੇਡਕੇ ਵੀ ਆਪਣੀ ਹਾਜ਼ਰੀ ਲਵਾਈ। ਮਹੱਲਾ ਨੌਂ ਘਰਾ ਦੇ ਵਾਸੀ ਬਲਵੀਰ ਸੈਨ ਸ਼ਰਮਾ ਨੇ ਸਮੁੱਚੇ ਇਨਕਲਾਬੀ ਕਾਫ਼ਲੇ ਲਈ ਖਾਣੇ ਅਤੇ ਪਾਣੀ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ। ਅੰਤ 'ਚ ਵਾਪਸੀ ਤੇ ਪ੍ਰੋਗਰਾਮ ਦੇ ਖ਼ਾਤਮੇ ਸਮੇਂ ਸਾਥੀ ਲਖਵਿੰਦਰ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਜਸਵੰਤ ਜੀਰਖ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਇਸ ਸਮੇਂ ਕਸਤੂਰੀ ਲਾਲ, ਦਲਜੀਤ ਸਿੰਘ, ਗੱਲਰ ਚੌਹਾਨ, ਹਿੰਮਤ ਸਿੰਘ, ਬਲਜੀਤ ਕੌਰ, ਵਿੰਨੀ, ਤਰਕਸ਼ੀਲ ਆਗੂ ਆਤਮਾ ਸਿੰਘ, ਸੁਖਵਿੰਦਰ ਲੀਲ, ਹਰਸਾ ਸਿੰਘ, ਚਰਨ ਨੂਰਪੁਰਾ, ਮਾ. ਮਨਜੀਤ ਬਢੇਲ, ਹਰਦੇਵ ਮੁੱਲਾਂਪੁਰ, ਸੁਰਿੰਦਰ ਸ਼ਰਮਾ, ਐਡਵੋਕੇਟ ਹਰਪ੍ਰੀਤ ਜੀਰਖ, ਅਰੁਣ ਕੁਮਾਰ, ਕਾ ਸੁਰਿੰਦਰ, ਸਤਨਾਮ ਸਿੰਘ ਅਤੇ ਵਿਨੋਦ ਕੁਮਾਰ ਆਦਿ ਬਹੁਤ ਸਾਰੇ ਅਗਾਂਹਵਧੂ ਲੋਕਾਂ ਨੇ ਇਸ ਸਮੇਂ ਸ਼ਿਰਕਤ ਕੀਤੀ।




# ਸੱਤਵੀ ਇੰਸਪੀਰੇਸ਼ਨਲ ਸਟੈੱਪਸ'ਚ ਟੀ.ਪੀ.ਏ.ਆਰ. ਕਲੱਬ ਦੇ 200 ਤੋਂ ਵੱਧ ਮੈਂਬਰਾਂ ਸਮੇਤ ਹਜ਼ਾਰ ਤੋਂ ਵਧੇਰੇ ਦੌੜਾਕਾਂ ਤੇ ਵਾਕਰਾਂ ਨੇ ਲਿਆ ਹਿੱਸਾ

ਬਰੈਂਪਟਨ, (ਡਾ. ਝੰਡ) - ਬੀਤੇ ਐਤਵਾਰ 19 ਮਈ ਨੂੰ ਹੋਈ ਸੱਤਵੀਂ ਇੰਸਪੀਰੇਸ਼ਨਲ ਸਟੈੱਪਸ ਵਿਚ ਵੱਖ-ਵੱਖ ਦੌੜਾਂ ਵਿਚ ਦੌੜਨ ਵਾਲਿਆਂ ਤੇ ਪੈਦਲ ਚੱਲਣ ਵਾਲਿਆਂ ਵਿਚ ਇਕ ਹਜ਼ਾਰ ਤੋਂ ਵਧੇਰੇ ਲੋਕਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਟੀ.ਪੀ.ਏ.ਆਰ.ਕਲੱਬ ਦੇ 200 ਤੋਂ ਵਧੇਰੇ ਮੈਂਬਰਾਂ ਨੇ ਬੜੇ ਉਤਸ਼ਾਹ ਤੇ ਜੋਸ਼ ਨਾਲ ਭਾਗ ਲਿਆ।

ਸਵੇਰੇ ਸਾਢੇ ਪੰਜ ਵਜੇ ਸਕਾਰਬਰੋ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਈ 42 ਕਿਲੋਮੀਟਰ ਫੁੱਲ ਮੈਰਾਥਨ ਲਈ 11 ਦੌੜਾਕ ਸਨ, ਜਦ ਕਿ ਰਾਮਗੜ੍ਹੀਆ ਗੁਰੂਘਰ ਤੋਂ ਪੌਣੇ ਅੱਠ ਵਜੇ 21 ਕਿਲੋਮੀਟਰ ਹਾਫ਼ ਮੈਰਾਥਨ ਦੌੜਨ ਵਾਲਿਆਂ ਦੀ ਗਿਣਤੀ 46 ਸੀ। ਬਾਰਾਂ ਕਿਲੋਮੀਟਰ ਤੇ ਪੰਜ ਕਿਲੋਮੀਟਰ ਲਈ ਰਜਿਸਟਰ ਹੋਏ ਦੌੜਾਕਾਂ ਦੀ ਇਹ ਗਿਣਤੀ ਵੱਧਦੀ ਵੱਧਦੀ 185 ਅਤੇ 429 ਤੱਕ ਪਹੁੰਚ ਗਈ। ਪੰਜ ਕਿਲੋਮੀਟਰ ਦੌੜਨ ਵਾਲਿਆਂ ਦੀ ਵਡੇਰੀ ਗਿਣਤੀ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਚਾਰ ਵੱਖ-ਵੱਖ ਗਰੁੱਪਾਂ ਵਿਚ ਦੌੜਨ ਲਈ ਹਰੀ ਝੰਡੀ ਦਿੱਤੀ ਗਈ।। ਵੱਖ-ਵੱਖ ਦੌੜਾਂ ਲਈ ਬਾਕਾਇਦਾ ਰਜਿਸਟਰ ਹੋਏ ਇਨ੍ਹਾਂ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਅਜਿਹੇ ਵਿਅੱਕਤੀ ਵੀ ਸਨ ਜੋ ਆਪਣੇ ਨਾਂ ਸਮੇਂ-ਸਿਰ ਰਜਿਸਟਰ ਨਹੀਂ ਕਰਵਾ ਸਕੇ ਅਤੇ ਸ਼ੁਗਲੀਆ ਤੌਰ ਤੇ ਇਸ ਮਹਾਨ ਈਵੈਂਟ ਵਿਚ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਛੇ ਸਾਲ ਤੋਂ ਛੋਟੇ ਬੱਚਿਆਂ ਲਈ ਇਕ ਕਿਲੋਮੀਟਰ ਦੌੜ ਦਾ ਵੀ ਆਯੋਜਨ ਕੀਤਾ ਗਿਆ।

## ਵੱਖ-ਵੱਖ ਉਮਰ ਵਰਗਾਂ ਵਿਚ ਜੇਤੂ ਮਰਦਾਂ ਤੇ ਔਰਤਾਂ ਨੂੰ ਸਨਮਾਨਿਤ ਕੀਤਾ ਗਿਆ




ਡਿਕਸੀ ਗੁਰਘਰ ਦੇ ਸਾਹਮਣੇ ਬਣਾਈ ਗਈ ਫ਼ਿਨਿਸ਼-ਲਾਈਨ ਉੱਪਰ ਪਹੁੰਚਣ ਤੇ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਦਾ ਤਾੜੀਆਂ ਦੀ ਗੂੰਜ ਨਾਲ ਸੁਆਗ਼ਤ ਕੀਤਾ ਜਾ ਰਿਹਾ ਸੀ। ਚਾਰੇ ਪਾਸੇ ਪੀਲੇ ਰੰਗ ਦੀਆਂ ਟੀ-ਸ਼ਰਟਾਂ ਵਾਲਿਆਂ ਦਾ ਸਮੁੰਦਰ ਨਜ਼ਰ ਆ ਰਿਹਾ ਸੀ। ਇਹ ਟੀ-ਸ਼ਰਟਾਂ ਸਿੱਖ ਸਪਿਰਿਚੂਅਲ ਸੈਂਟਰ ਗੁਰੂਘਰ ਵੱਲੋਂ ਸਪਾਂਸਰ ਕੀਤੀਆਂ ਗਈਆਂ ਸਨ। ਦੌੜਾਕਾਂ ਲਈ ਵੱਖ-ਵੱਖ ਫ਼ਲਾਂ, ਸਪਰਾਊਟਿਡ ਮੂੰਗੀ ਤੇ ਹੋਰ ਪੌਸ਼ਟਿਕ ਪਦਾਰਥਾਂ ਦਾ ਸੁਯੋਗ ਪ੍ਰਬੰਧ ਸੀ। ਇਕ ਵੱਡੇ ਟੈਂਟ ਵਿਚ ਕੜੀ-ਚਾਵਲ ਦਾ ਲੰਗਰ ਵੀ ਚੱਲ ਰਿਹਾ ਸੀ। ਵੱਖ-ਵੱਖ ਉਮਰ-ਵਰਗਾਂ ਵਿਚ ਜੇਤੂ ਦੌੜਾਕ ਮਰਦ ਤੇ ਔਰਤਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਸੀ। ਇਨ੍ਹਾਂ ਜੇਤੂਆਂ ਵਿਚ ਫੁੱਲ ਮੈਰਾਥਨ ਕੈਟਗਰੀ ਵਿਚ ਬਹਾਦਰ ਸਿੰਘ ਸ਼ੋਕਰ (ਸਮਾਂ 3 ਘੰਟੇ 39 ਮਿੰਟ 57 ਸਕਿੰਟ) ਪਹਿਲੇ ਨੰਬਰ ਤੇ ਅਤੇ ਕਮਲਜੀਤ ਸਿੰਘ (ਸਮਾਂ 4 ਘੰਟੇ 29 ਮਿੰਟ 56 ਸਕਿੰਟ) ਤੇ ਦੂਸਰੇ ਨੰਬਰ ਤੇ ਰਹੇ। ਫੁੱਲ ਮੈਰਾਥਨ ਦੀ ਵਾਕਰ ਕੈਟਾਗਰੀ ਵਿਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਸੰਜੂ ਗੁਪਤਾ ਨੂੰ 6 ਘੰਟੇ 3 ਮਿੰਟ 12 ਸਕਿੰਟ ਦੇ ਸਮੇਂ ਨਾਲ ਪਹਿਲਾ ਅਤੇ ਰਾਜਨ ਸੱਭਰਵਾਲ ਨੂੰ 8 ਘੰਟੇ 27 ਮਿੰਟ ਨਾਲ ਦੂਸਰਾ ਸਥਾਨ ਪ੍ਰਾਪਤ ਹੋਇਆ। ਇੰਜ ਹੀ, ਹਾਫ਼ ਮੈਰਾਥਨ ਵਿਚ ਹਰਜੋਤ ਬੈਂਸ 1 ਘੰਟਾ 50 ਮਿੰਟ ਨਾਲ ਪਹਿਲੇ ਤੇ ਸਤਿੰਦਰ ਸਿਵੀਆ 1 ਘੰਟਾ 51 ਮਿੰਟ ਨਾਲ ਪਹਿਲੇ ਤੇ ਦੂਸਰੇ ਨੰਬਰ ਤੇ ਰਹੇ। 12 ਕਿਲੋਮੀਟਰ ਕੈਟਾਗਰੀ ਵਿਚ ਜਤਿੰਦਰ ਜਸਵਾਲ 50 ਮਿੰਟ 41 ਸਕਿੰਟ ਅਤੇ ਦਲਵੀਰ ਬਹਿਲ 55 ਮਿੰਟ 10 ਸਕਿੰਟ ਨਾਲ ਪਹਿਲੇ ਤੇ ਦੂਸਰੇ ਸਥਾਨ ਤੇ ਰਹੇ। 5 ਕਿਲੋਮੀਟਰ ਦੌੜ ਵਿਚ ਜੈਵੀਰ ਸੰਧਰ 20 ਮਿੰਟ 35 ਸਕਿੰਟ ਅਤੇ ਈਥਨ ਬੈਨਿੰਗ 21 ਮਿੰਟ 11 ਸਕਿੰਟ ਨਾਲ ਪਹਿਲੇ ਤੇ ਦੂਸਰੇ ਨੰਬਰ ਤੇ ਰਹੇ।

ਔਰਤਾਂ ਦੀ ਕੈਟਾਗਰੀ ਵਿਚ ਫੁੱਲ ਮੈਰਾਥਨ ਵਾਕਰ ਤਰਨਜੀਤ ਕੌਰ (9:23:06) ਤੇ ਖ਼ੁਸ਼ਵਿਨ ਧਾਲੀਵਾਲ ਨੇ ਏਨੇ ਹੀ ਸਮੇਂ (9:23:06) ਨਾਲ ਪਹਿਲਾ ਤੇ ਸਥਾਨ ਪ੍ਰਾਪਤ ਕੀਤਾ ਅਤੇ ਹਾਫ਼ ਮੈਰਾਥਨ ਵਿਚ ਰੁਪਿੰਦਰ ਢਿੱਲੋਂ (2:21:29) ਤੇ ਗੁਰਜੌਤ ਥਾਂਦੀ (3:01:31) ਪਹਿਲੇ ਤੇ ਦੂਸਰੇ ਨੰਬਰ ਤੇ ਰਹੀਆਂ। 12 ਕਿਲੋਮੀਟਰ ਦੌੜ ਵਿਚ ਕਿਰਨ ਬੱਟੂ (1:05:04) ਤੇ ਜਸਵਿੰਦਰ ਮਾਹੀ (1:17:18) ਨਾਲ ਪਹਿਲੇ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ। 5 ਕਿਲੋਮੀਟਰ ਦੌੜ ਵਿਚ ਅਮੀਤ ਕਲੇਰ 27 ਮਿੰਟ 32 ਸਕਿੰਟ ਤੇ ਅਨੁਰੀਤ ਬੇਦੀ 28 ਮਿੰਟ 44 ਸਕਿੰਟ ਸਮੇਂ ਨਾਲ ਪਹਿਲੇ ਤੇ ਦੂਸਰੇ ਨੰਬਰ ਤੇ ਰਹੀਆਂ।

ਟੀ.ਪੀ. ਏ.ਆਰ. ਕਲੱਬ ਦਾ ਮੈਂਬਰ ਸੰਜੂ ਗੁਪਤਾ ਜਿੱਥੇ 42 ਕਿਲੋਮੀਟਰ ਵਾਕਰ ਕੈਟਾਗਰੀ ਵਿਚ 6 ਘੰਟੇ 3 ਮਿੰਟ 12 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ ਤੇ ਰਿਹਾ, ਉੱਥੇ ਇਸ ਕਲੱਬ ਦੇ ਧਿਆਨ ਸਿੰਘ ਸੋਹਲ ਹਾਫ਼ ਮੈਰਾਥਨ 1 ਘੰਟਾ 52 ਮਿੰਟ 12 ਸਕਿੰਟ ਸਮੇਂ ਨਾਲ ਤੀਸਰੇ ਨੰਬਰ ਤੇ ਅਤੇ ਸਵਰਨ ਸਿੰਘ 1 ਘੰਟਾ 52 ਮਿੰਟ 47 ਸਕਿੰਟ ਨਾਲ ਚੌਥੇ ਨੰਬਰ ਤੇ ਰਹੇ। ਕਲੱਬ ਦੇ ਹੋਰ ਮੈਂਬਰਾਂ ਸੋਢੀ ਕੰਗ ਨੇ ਇਹ ਦੌੜ 2 ਘੰਟੇ 11 ਮਿੰਟ 9 ਸਕਿੰਟ, ਰੈਮੀ ਪੁਨੀਆ ਨੇ 2 ਘੰਮੇ 11 ਮਿੰਟ 32 ਸਕਿੰਟ ਅਤੇ ਸੁਖਦੇਵ ਸੰਧੂ ਨੇ 2 ਘੰਟੇ 29 ਮਿੰਟ 29 ਸਕਿੰਟ ਵਿਚ ਸਮਾਪਤ ਕੀਤੀ। ਇੱਥੇ ਇਹ ਜ਼ਿਕਰਯੋਗ ਹੈ ਕਿ ਸੰਜੂ ਗੁਪਤਾ ਨੇ ਇੰਸਪੀਰੇਸ਼ਨਲ ਸਟੈੱਪਸ ਈਵੈਂਟ ਦੀਆਂ ਹੁਣ ਤੀਕ ਹੋਈਆਂ ਸੱਤ ਦੌੜਾਂ ਵਿੱਚੋਂ ਛੇਆਂ ਵਿਚ ਹਿੱਸਾ ਲਿਆ ਹੈ। ਪਹਿਲੀ ਵਾਰ ਉਹ ਹਾਫ਼ ਮੈਰਾਥਨ ਦੌੜਿਆਂ ਅਤੇ ਫਿਰ ਪੰਜ ਵਾਰ ਲਗਾਤਾਰ ਫੁੱਲ-ਮੈਰਾਥਨ ਵਿਚ ਭਾਗ ਲੈਂਦਾ ਰਿਹਾ। ਇਸ ਤਰ੍ਹਾਂ ਇੰਸਪੀਰੇਸ਼ਨਲ ਸਟੈੱਪਸ ਵਿਚ ਇਹ ਉਸ ਦੀ ਲਗਾਤਾਰ ਪੰਜਵੀ ਫੁੱਲ-ਮੈਰਾਥਨ ਦੌੜ ਹੈ।

ਇਸ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਈਸ਼ਰ ਸਿੰਘ ਚਾਹਲ (75 ਸਾਲ) ਨੇ 12 ਕਿਲੋਮੀਟਰ ਦੌੜ 2 ਘੰਟੇ 8 ਮਿੰਟ 8 ਸਕਿੰਟ ਵਿਚ ਪੂਰੀ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਉਨ੍ਹਾਂ ਦਾ ਛੋਟਾ ਬੇਟਾ ਜੋਤ ਚਾਹਲ, ਨੂੰਹ ਜਸਕੀਰਤ ਚਾਹਲ ਅਤੇ ਪੋਤਰੀਆਂ ਮੇਹਰ (13 ਸਾਲ) ਤੇ ਮੌਜ (4 ਸਾਲ) ਅਮਰੀਕਾ ਦੇ ਸ਼ਹਿਰ ਫੇਅਟਵਿਲ ਤੋਂ ਉਚੇਚੇ ਤੌਰ ਤੇ ਇਸ ਈਵੈਂਟ ਵਿਚ ਭਾਗ ਲੈਣ ਲਈ ਇਕ ਦਿਨ ਪਹਿਲਾਂ ਇੱਥੇ ਪਹੁੰਚੇ ਅਤੇ ਈਵੈਂਟ ਦੀ ਸਮਾਪਤੀ ਤੋਂ ਬਾਅਦ ਓਸੇ ਦਿਨ ਹੀ ਵਾਪਸ ਚਲੇ ਗਏ। ਉਨ੍ਹਾਂ ਦੀ ਨੂੰਹ ਜਸਕੀਰਤ ਚਾਹਲ ਨੇ 12 ਕਿਲੋਮੀਟਰ ਦੌੜ 1 ਘੰਟਾ 26 ਮਿੰਟ 41 ਸਕਿੰਟ ਵਿਚ ਪੂਰੀ ਕੀਤੀ ਅਤੇ ਛੇਵੇਂ ਸਥਾਨ ਤੇ ਰਹੀ।

ਟੀ.ਪੀ.ਏ.ਆਰ. ਕਲੱਬ ਦਾ ਇਕ ਹੋਰ ਹਾਸਲ ਇਸ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੇ ਵੱਡੇ ਭਰਾ ਹਜ਼ੂਰਾ ਸਿੰਘ ਬਰਾੜ ਦਾ 11 ਸਾਲਾ ਪੋਤਰਾ ਰਣਬੀਰ ਬਰਾੜ ਹੈ ਜਿਸ ਨੇ 12 ਕਿਲੋਮੀਟਰ ਦੌੜ 1 ਘੰਟਾ 20 ਮਿੰਟ 8 ਸਕਿੰਟ ਵਿਚ ਸਮਾਪਤ ਕਰਕੇ 10-12 ਸਾਲ ਦੀ ਆਪਣੀ ਕੈਟਾਗਰੀ ਵਿਚ ਪਹਿਲੇ ਨੰਬਰ ਤੇ ਆਇਆ। ਉਹ ਇਸ ਕਲੱਬ ਦਾ ਸੱਭ ਤੋਂ ਛੋਟੀ ਉਮਰ ਵਾਲਾ ਮੈਂਬਰ ਹੈ ਅਤੇ ਉਸ ਦੀ ਇਸ ਪ੍ਰਾਪਤੀ ਨਾਲ ਪੰਜਾਬੀ ਕਮਿਊਨਿਟੀ ਦੇ ਹੋਰ ਬੱਚਿਆਂ ਤੇ ਨੌਜੁਆਨਾਂ ਨੂੰ ਭਾਰੀ ਉਤਸ਼ਾਹ ਮਿਲੇਗਾ।













ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਕਸ਼ੀਦਕਾਰੀ ਹੁਨਰਮੰਦ ਕਾਮੇ ਤੰਗੀਤੁਰਸ਼ੀ ਦੀ ਮਾਰ ਹੇਠ

ਪੁਰਾਣੇ ਲਖਨਊ ਦੇ ਭੀੜ ਵਾਲੇ ਇਲਾਕੇ ਦੇ ਚੌਕ ਤੋਂ ਕਰੀਬ ਦੋ ਕਿਲੋਮੀਟਰ ਅੰਦਰ ਗੰਦਗੀ ਅਤੇ ਬਦਬੂ ਨਾਲ ਭਰਪੂਰ ਨਾਲੇ ਦੇ ਉੱਪਰ ਬਣੀਆਂ ਪੱਟੜੀਆਂ ਤੇ ਬਣੇ ਛੋਟੇ ਮਕਾਨਾਂ ਅਤੇ ਕਮਰਿਆਂ ਵਿੱਚ ਦਾਖਲ ਹੋਣ ਤੋਂ ਪਹਿਲਾਂ ਕੋਈ ਇਹ ਕਲਪਨਾ ਵੀ ਮੁਸ਼ਕਿਲ ਨਾਲ ਹੀ ਕਰ ਸਕਦਾ ਹੈ ਕਿ ਇੰਨੇ ਗੰਦੇ ਮਾਹੌਲ ਨੂੰ ਪਾਰ ਕਰਕੇ ਇਨ੍ਹਾਂ ਤੰਗ ਕਮਰਿਆਂ ਵਿੱਚ ਤੁਹਾਨੂੰ ਨਾਯਾਬ ਕਸੀਦਾਕਾਰੀ ਦੇਖਣ ਨੂੰ ਮਿਲੇਗੀ। ਇੱਥੇ ਕਾਰੀਗਰਾਂ ਦੇ ਅੱਧਬਣੇ ਅਤੇ ਤਿਆਰ ਵਸਤਰਾਂ ਤੇ ਆਲਾ ਦਰਖੇ ਦੀ ਜ਼ਰਦੋਜੀ/ ਕਸ਼ੀਦਕਾਰੀ ਦੇਖਣ ਹੀ ਵਾਲੀ ਹੈ। ਤੁਸੀਂ ਖ਼ੂਬਸੂਰਤ ਜਰਦੋਜੀ (ਕਸ਼ੀਦਕਾਰੀ) ਨਾਲ ਸਜੇ ਖ਼ੂਬਸੂਰਤ ਵਸਤਰਾਂ ਨੂੰ ਤੁਸੀਂ ਦੇਖਦੇ ਹੀ ਰਹਿ ਜਾਓਗੇ ਅਤੇ ਸੋਚਣ ਲੱਗੋਗੇ ਕਿ ਨਿਸ਼ਚੇ ਹੀ ਜਰਦੋਜੀ ਦੇ ਕਾਰੀਗਰ ਖ਼ੁਸ਼ਹਾਲ ਹੋਣਗੇ ਅਤੇ ਉਨ੍ਹਾਂ ਨੂੰ ਆਪਣੇ ਹੁਨਰ ਨਾਲ ਖ਼ੂਬ ਪੈਸਾ ਮਿਲਦਾ ਹੋਵੇਗਾ, ਪਰ ਮਾੜੀ ਗੱਲ ਹੈ ਕਿ ਇਹ ਅਨੁਮਾਨ ਸਹੀ ਸਾਬਤ ਨਹੀਂ ਹੋਵੇਗਾ।



ਭਲੇ ਹੀ ਇਨ੍ਹਾਂ ਕਾਰੀਗਰਾਂ ਦੇ ਹੱਥਾਂ ਦਾ ਹੁਨਰ ਬੇਮਿਸਾਲ ਹੈ, ਪਰ ਉਨ੍ਹਾਂ ਦੀ ਮਾਲੀ ਹਾਲਤ ਇੰਨੀ ਖ਼ੂਬਸੂਰਤ ਨਹੀਂ ਹੈ। ਅਹਾਤਾ ਸੂਰਤ ਸਿੰਘ ਚੌਪੱਟੀਆ ਦੇ ਦਸ ਫੁੱਟ ਲੰਬੇ ਅਤੇ ਅੱਠ ਫੁੱਟ ਚੌੜੀ ਤੰਗ ਕਮਰੇ ਚ ਬੈਠੇ ਕਾਰੀਗਰ ਜਾਂ ਤਾਂ ਗੱਪਸ਼ੱਪ ਕਰਦੇ ਖੁਸ਼ ਨਜ਼ਰ ਆ ਰਹੇ ਹਨ ਪਰ ਉਨ੍ਹਾਂ ਦੇ ਚਿਹਰਿਆਂ ਦੀ ਇਹ ਖੁਸ਼ੀ ਚੰਦ ਮਿੰਟ ਦੀ ਹੀ ਹੈ। ਪਲ ਭਰ ਵਿੱਚ ਹੀ ਉਨ੍ਹਾਂ ਦੇ ਚਿਹਰੇ ਪੀਲੇ ਪੈ ਜਾਂਦੇ ਹਨ ਅਤੇ ਉਨ੍ਹਾਂ ਦੀ ਦੁਰਦਸ਼ਾ ਝਲਕਣ ਲਗਦੀ ਹੈ, ਕਸ਼ੀਦਕਾਰੀ ਦੇ ਕੰਮ ਵਿਚ ਕਰੀਬ ਅੱਠ ਦਹਾਕਿਆਂ ਤੋਂ ਲੱਗੇ ਪਚੰਨਵੇਂ ਸਾਲਾ ਮਸ਼ੂਕ ਅਲੀ ਪੁਰਾਣੀਆਂ ਯਾਦਾਂ ਵਿੱਚ ਖੋ ਜਾਂਦੇ ਹਨ, ਉਹ ਦਸਦੇ ਹਨ ਕਿ ਸੋਲ੍ਹਾਂ ਦੀ ਉਮਰ ਵਿੱਚ ਜਦ ਉਨ੍ਹਾਂ ਨੇ ਕਾਰੀਗਰੀ ਸ਼ੁਰੂ ਕੀਤੀ ਸੀ ਤਾਂ ਕਸ਼ੀਦਕਾਰੀ ਦੇ ਕੰਮ ਵਿੱਚ ਲੱਗਣ ਵਾਲੇ ਮਟੀਰੀਅਲ ਦੀ ਕੀਮਤ ਬਹੁਤ ਘੱਟ ਸੀ, ਜਦ ਕਿ ਤਿਆਰ ਵਸਤਾਂ ਦੀ ਕੀਮਤ ਅੱਛੀ ਮਿਲ ਜਾਂਦੀ ਸੀ, ਅਜਿਹੇ ਵਿੱਚ ਘਰ ਦਾ ਖਰਚਾ ਚੱਲ ਜਾਂਦਾ ਸੀ ਪਰ ਬਾਅਦ ਵਿੱਚ ਹੌਲੀ ਹੌਲੀ ਹਾਲਾਤ ਖਰਾਬ ਹੋਣ ਲੱਗੇ। ਕਸ਼ੀਦਕਾਰੀ ਦਾ ਕੰਮ ਫਾਇਫੇਮੰਦ ਨਾ ਰਹਿਣ ਕਾਰਨ ਕਾਰੀਗਰਾਂ ਨੂੰ ਦੂਸਰੇ ਕੰਮਾਂ ਵੱਲ ਰੁੱਖ ਕਰਨਾ ਪਿਆ। ਮਸ਼ੂਕ ਅਲੀ ਦੇ ਚਾਰ ਲੜਕੇ ਹਨ ਪਰ ਸਿਰਫ਼ ਇੱਕ ਲੜਕੇ ਮੁਹੰਮਦ ਨਸੀਮ ਨੇ ਹੀ ਕਸ਼ੀਦਕਾਰੀ ਦਾ ਕੰਮ ਸੁਰੂ ਕੀਤਾ। ਆਮਦਨੀ ਘੱਟ ਹੋਣ ਕਾਰਨ ਅਨੀਸ ਵੀ ਬਹੁਤ ਖੁਸ਼ ਨਹੀਂ। 65 ਸਾਲ ਦੇ ਅਨੀਸ਼ ਦਸਦੇ ਹਨ ਕਿ ਉਹ ਬਿਨਾਂ ਮਸ਼ੀਨ ਦੀ ਮਦਦ ਨਾਲ ਹੱਥਾਂ ਨਾਲ ਹੀ ਜ਼ਰੀ ਦਾ ਕੰਮ ਕਰਕੇ ਵਸਤਰ ਤਿਆਰ ਕਰਦੇ ਹਨ ਪਰ ਉਹਨਾਂ ਨੂੰ ਇਹਨਾਂ ਦੀ ਪੂਰੀ ਕੀਮਤ ਨਾਲ ਨਹੀਂ ਮਿਲ ਪਾਉਂਦੀ, ਇਸੇ ਤਰ੍ਹਾਂ ਨਾਲ ਉਹ ਹੁਣ ਇਹ ਕੰਮ ਨਹੀਂ ਕਰਦੇ ਹਨ। ਉਨ੍ਹਾਂ ਨੇ ਸਾਊਦੀ ਅਰਬ ਵਿੱਚ ਵੀ ਆਰੀ ਜਰਦੋਜੀ/ ਕਸ਼ੀਦਕਾਰੀ ਦਾ ਕੰਮ ਕੀਤਾ। ਪਿੱਛੋਂ ਉਨ੍ਹਾਂ ਨੇ ਘਰ ਵਾਪਸ ਆ ਕੇ ਕਾਰਖਾਨਾ ਲਾਇਆ ਪਰ ਲੋੜੀਂਦਾ ਕੰਮ ਅਤੇ ਕੀਮਤ ਨਾ ਮਿਲਣ ਕਰਕੇ ਉਨ੍ਹਾਂ ਨੂੰ ਕਾਰਖਾਨਾ ਬੰਦ ਕਰਨਾ ਪਿਆ। ਹੁਣ ਉਨ੍ਹਾਂ ਨੂੰ ਛੋਟੀ ਜਿਹੀ ਦੁਕਾਨ ਖੋਹ ਲਈ ਹੈ। ਆਰੀ ਜਰਦੋਜੀ ਦੀ ਬਦਹਾਲੀ ਤੇ ਮਰੀਅਮ ਜਰੀ ਆਰਟ ਦੇ ਮਾਸਟਰ ਮੋਹੰਮਦ ਉਸਮਾਨ ਦੱਸਦੇ ਹਨ ਕਿ ਰਾਜੇ ਮਹਾਰਾਜਿਆਂ ਦੇ ਜ਼ਮਾਨੇ ਤੋਂ ਕਸ਼ੀਦਕਾਰੀ ਦਾ ਕੰਮ ਹੋ ਰਿਹਾ ਹੈ। ਇੱਕ ਦੌਰ ਅਜਿਹਾ ਸੀ ਜਦ ਕਾਰੀਗਰਾਂ ਨੇ ਆਪਣੇ ਹੁਨਰ ਦਾ ਲੋਹਾ ਮਨਵਾਇਆ, ਇਸ ਦੌਰ ਵਿੱਚ ਕਮਾਈ ਵੀ ਖ਼ੂਬ ਹੋਈ, ਪਰ ਹੁਣ ਗਾਹਕਾਂ ਦੀ ਕਮੀ ਹੋਣ ਕਾਰਨ ਕੰਮ ਨਹੀਂ ਮਿਲਦਾ, ਪੂਰੀ ਕੀਮਤ ਨਾ ਮਿਲਣ ਕਾਰਨ ਕਾਰੀਗਰਾਂ ਦਾ ਮੋਹ ਭੰਗ ਹੋ ਰਿਹਾ ਹੈ, ਇਹੀ ਵਜ੍ਹਾ ਹੈ ਕਿ ਨਵੇਂ ਕਸ਼ੀਦਕਾਰੀ ਕਾਰੀਗਰ ਦੂਸਰੇ ਕਾਰੋਬਾਰ ਕਰਨ ਲੱਗੇ ਜਾਂ ਮਜ਼ਦੂਰੀ ਕਰਨ ਲੱਗੇ। ਉਹ ਦੱਸਦੇ ਹਨ ਕਿ ਇਕ ਸਾੜੀ ਤਿਆਰ ਕਰਨ ਵਿੱਚ ਦਸ ਦਿਨ ਲੱਗ ਜਾਂਦੇ ਹਨ,ਆਪਣਾ ਮਟੀਰੀਅਲ ਲਾਉਣ ਤੇ ਵੀ ਇਸ ਦੀ ਕੀਮਤ ਮੁਸ਼ਕਲ ਪੱਚੀ ਸੌ ਰੁਪਏ ਮਿਲ ਪਾਉਂਦੀ ਹੈ। ਇਸ ਕੀਮਤ ਨਾਲ ਤਾਂ ਖਰਚਾ ਵੀ ਨਹੀਂ ਨਿਕਲ ਪਾਉਂਦਾ। ਮਟੀਰੀਅਲ ਦੀ ਕੀਮਤ ਤੋਂ ਇਲਾਵਾ ਦੁਕਾਨ ਦਾ ਕਿਰਾਇਆ, ਬਿਜਲੀ ਦੇ ਬਿੱਲ,ਮਜ਼ਦੂਰੀ ਦਾ ਖਰਚਾ ਹੁੰਦਾ ਹੈ। ਚੋਣਾਂ ਦੇ ਸਮੇਂ ਨੇਤਾ ਵੋਟ ਮੰਗਣ ਆਉਂਦੇ ਹਨ ਪਰ ਕਿਸੇ ਸਰਕਾਰ ਨੇ ਸਾਡੇ ਬਾਰੇ ਨਹੀਂ ਸੋਚਿਆ। 28 ਸਾਲਾ ਮੁਹੰਮਦ ਸ਼ਾਰਿਕ ਨੇ ਕਰੀਬ ਬਾਰਾਂ ਸਾਲ ਕਸ਼ੀਦਕਾਰੀ ਦਾ ਕੰਮ ਕੀਤਾ ਪਰ ਆਮਦਨੀ ਘੱਟ ਹੋਣ ਕਾਰਨ ਡੇਢ ਸਾਲ ਪਹਿਲਾਂ ਪੰਜਾਬ ਚਲੇ ਗਏ। ਲਖਨਊ ਵਿੱਚ ਆਪਣੇ ਘਰ ਆਏ ਸ਼ਾਰਿਕ ਦਾ ਕਹਿਣਾ ਹੈ ਕਿ ਕਸ਼ੀਦਕਾਰੀ ਵਿੱਚ ਤੇਰਾਂ ਘੰਟੇ ਕੰਮ ਕਰਨ ਤੇ 300 ਰੁਪਏ ਹੀ ਮਿਲਦੇ ਸਨ, ਅਜੇਹੀ ਹਾਲਤ ਚ ਕੋਈ ਦੂਜਾ ਕੰਮ ਕਰਨਾ ਬਿਹਤਰ ਲੱਗਿਆ। ਇਸ ਵਜ੍ਹਾ ਕਰਕੇ ਇਹ ਕਸ਼ੀਦਕਾਰੀ ਦਾ ਕੰਮ ਛੱਡ ਕੇ ਪੰਜਾਬ ਚਲੇ ਗਏ। ਸਮਾਂ ਬਦਲਦੇ ਹੀ ਕਸ਼ੀਦਕਾਰੀ ਦੇ ਸਾਹਮਣੇ ਵੀ ਨਵੀਆਂ ਨਵੀਆਂ ਦਿੱਕਤਾਂ ਪੈਦਾ ਹੋ ਗਈਆਂ। 60 ਸਾਲਾ ਮੁਹੰਮਦ



ਅਸ਼ਫਾਕ ਕੁਰੈਸ਼ੀ ਦਾ ਕਹਿਣਾ ਹੈ ਕਿ ਪਹਿਲਾਂ ਕਸ਼ੀਦਕਾਰੀ ਦੇ ਕੱਪੜਿਆਂ ਦਾ ਕੋਈ ਬਦਲ ਨਹੀਂ ਹੁੰਦਾ ਸੀ ਪਰ ਅੱਜ ਮਸ਼ੀਨਾਂ ਨੇ ਉਨ੍ਹਾਂ ਦੇ ਹੁਨਰ ਤੇ ਗਹਿਰਾ ਹਮਲਾ ਕੀਤਾ ਹੈ। ਅੱਜ ਕੰਪਿਊਟਰ ਨਾਲ ਡਿਜ਼ਾਈਨ ਤਿਆਰ ਕਰਕੇ ਮਸ਼ੀਨਾਂ ਨਾਲ ਡਿਜ਼ਾਈਨਰ ਵਸਤਰ ਤਿਆਰ ਕਰ ਦਿੱਤੇ ਜਾਂਦੇ ਹਨ।ਇਸ ਵਿੱਚ ਵਕਤ ਘੱਟ ਲੱਗਦਾ ਹੈ ਅਤੇ ਲਾਗਤ ਵੀ ਘੱਟ ਜਾਂਦੀ ਹੈ। ਸਭ ਤੋਂ ਗਲਤ ਗੱਲ ਹੋਈ ਕਿ ਗਾਹਕਾ ਨੂੰ ਮਸ਼ੀਨਾਂ ਨਾਲ ਬਣੇ ਡਿਜ਼ਾਈਨਰ ਵਸਤਾਂ ਨੂੰ ਹੱਥ ਨਾਲ ਕੀਤੀ ਕਸ਼ੀਦਕਾਰੀ ਦੱਸ ਕੇ ਠੱਗਿਆ ਜਾ ਰਿਹਾ ਹੈ।

ਕੀਮਤ ਘੱਟ ਹੋਣ ਕਾਰਨ ਉਹ ਆਸਾਨੀ ਨਾਲ ਖਰੀਦ ਲੈਂਦੇ ਹਨ ਅਤੇ ਉਤਪਾਦਕ ਤੇ ਵਪਾਰੀ ਫਾਇਦਾ ਉਠਾ ਲੈਂਦੇ ਹਨ। ਝੂਠੇ ਦੇ ਇਸ ਕਾਰੋਬਾਰ ਵਿੱਚ ਨੁਕਸਾਨ ਸਿਰਫ ਕਾਰੀਗਰਾਂ ਨੂੰ ਹੀ ਉਠਾਉਣਾ ਪੈਂਦਾ ਹੈ। ਉਹ ਹੱਥਾਂ ਨਾਲ ਹੀ ਜ਼ਰੀ ਦਾ ਕੰਮ ਕਰਦੇ ਹਨ। ਇਨ੍ਹਾਂ ਹੁਨਰਮੰਦਾਂ ਦੇ ਨਾਂਅ ਤੇ ਦੂਸਰੇ ਲੋਕ ਫ਼ਾਇਦਾ ਉਠਾ ਰਹੇ ਹਨ। ਕਸ਼ੀਦਕਾਰੀ ਨਾਲ ਰੋਜ਼ੀ ਰੋਟੀ ਦਾ ਜੁਗਾੜ ਨਾ ਹੋਣ ਕਰਕੇ ਕੁਰੈਸ਼ੀ ਨੇ ਦੋ ਸਾਲ ਪਹਿਲਾਂ ਕੰਮ ਛੱਡ ਦਿੱਤਾ ਸੀ, ਜਦ ਕਿ ਬਚਪਨ ਵਿੱਚ ਹੀ ਕੰਮ ਸ਼ੁਰੂ ਕਰਨ ਵਾਲੇ ਕੁਰੈਸ਼ੀ ਨੇ ਕਈ ਦਹਾਕਿਆਂ ਤੱਕ ਕੰਮ ਕੀਤਾ ਉਨ੍ਹਾਂ ਦੇ ਬੇਟੇ ਮੁਹੰਮਦ ਆਤਿਫ ਨੇ ਵੀ ਇਹ ਕੰਮ ਛੱਡ ਕੇ ਬਰਗਰ ਦੀ ਦੁਕਾਨ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕੁਰੈਸ਼ੀ ਕਹਿੰਦੇ ਹਨ ਕਿ ਇੱਕ ਸੂਟ ਤਿਆਰ ਕਰਨ ਵਿੱਚ ਦੋ ਕਾਰੀਗਰਾਂ ਨੂੰ ਦੱਸ ਦਿਨ ਲੱਗਦੇ ਹਨ ਇਸ ਦੀ ਵਿਕਰੀ ਮੁਸ਼ਕਿਲ ਨਾਲ ਪੰਜ ਹਜ਼ਾਰ ਰੁਪਏ ਵਿੱਚ ਹੀ ਹੁੰਦੀ ਹੈ। ਦਰਅਸਲ ਕੰਪਿਊਟਰ ਅਤੇ ਮਸ਼ੀਨਾਂ ਦੇ ਦੌਰ ਵਿੱਚ ਕਾਰੀਗਰ ਹਾਰ ਗਏ ਹਨ। ਇੱਕ ਅਨੁਮਾਨ ਅਨੁਸਾਰ ਮਸ਼ੀਨਾਂ ਨਾਲ ਬਣੇ ਡਿਜ਼ਾਈਨ ਵਸਤਾਂ ਦੀ ਲਾਗਤ ਕਸ਼ੀਦਕਾਰੀ ਵਸਤਰਾਂ ਦੇ ਮੁਕਾਬਲੇ ਇਕ ਚੌਥਾਈ ਹੀ ਰਹਿੰਦੀ ਹੈ। ਘਰੇਲੂ ਬਾਜ਼ਾਰ ਵਿੱਚ ਮਸ਼ੀਨ ਨਾਲ ਬਣੇ ਇਨ੍ਹਾਂ ਕੱਪੜਿਆਂ ਦੀ ਵਿਕਰੀ ਜਿਆਦਾ ਹੈ। ਵਿਦੇਸ਼ਾਂ ਵਿੱਚ ਵੀ ਕੁਝ ਬਰਾਮਦਕਾਰ ਇਨ੍ਹਾਂ ਵਸਤਾਂ ਦੀ ਸਪਲਾਈ ਕਰਦੇ ਹਨ। ਅਜਿਹੇ ਵਿੱਚ ਕਾਰੀਗਰਾਂ ਤੇ ਲਾਗਤ ਘਟਾਉਣ ਦਾ ਲਗਾਤਾਰ ਦਬਾਅ ਰਹਿੰਦਾ ਹੈ। ਤਾਂ ਕਸ਼ੀਦਕਾਰੀ ਵਿੱਚ ਇਸਤੇਮਾਲ ਹੋਣ ਵਾਲੇ ਮਟੀਰੀਅਲ ਦੀ ਕੀਮਤ ਘਟਾਉਣ ਦਾ ਹੀ ਵਿਕਲਪ ਬਚਦਾ ਹੈ। ਪਹਿਲਾਂ ਸੋਨਾ ਚਾਂਦੀ ਦੀਆਂ ਤਾਰਾਂ ਨਾਲ ਵੀ ਕੰਮ ਕੀਤਾ ਜਾਂਦਾ ਸੀ, ਪਰ ਹੁਣ ਜਰਕਨ,ਕਰਦਾਨਾ, ਸ਼ਾਦੀ, ਨਕਸ਼ੀ,ਰੇਸ਼ਮ ਅਤੇ ਕੋਰਾ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਬਾਵਜੂਦ ਹਾਲ ਦੇ ਸਾਲਾਂ ਵਿੱਚ ਇਨ੍ਹਾਂ ਦੀ ਵੀ ਕੀਮਤ ਵਧੀ ਗਈ। ਪਹਿਲਾਂ ਪੱਚੀ ਸੌ ਰੁਪਏ ਕੀਮਤ ਵਾਲੇ ਕਸ਼ੀਦਕਾਰੀ ਬਸਤਰ ਵਿੱਚ ਪੰਜਾਹ ਰੁਪਏ ਦਾ ਮਟੀਰਿਅਲ ਲੱਗਦਾ ਸੀ ਪਰ ਹੁਣ ਕਰੀਬ ਢਾਈ ਸੌ ਰੁਪਏ ਇਸ ਵਿੱਚ ਖਰਚ ਹੋ ਜਾਂਦੇ ਹਨ। ਵੈਸੇ ਮੰਗ ਹੋਣ ਅਤੇ ਕਾਰੀਗਰ ਸੋਨੇ ਤੇ ਚਾਂਦੀ ਦੀਆਂ ਤਾਰਾਂ ਦਾ ਕੰਮ ਵੀ ਕਰਦੇ ਹਨ ਪਰ ਇਨ੍ਹਾਂ ਦੀ ਮੰਗ ਬੇਹੱਦ ਘੱਟ ਰਹਿੰਦੀ ਹੈ। ਕੀਮਤ ਘੱਟ ਮਿਲਣ ਕਾਰਨ ਮਹੀਨ ਤੇ ਦਰਮਿਆਨੀ ਕਸ਼ੀਦਕਾਰੀ ਦਾ ਮਿਹਨਤਾਨਾ ਲਗਾਤਾਰ ਘੱਟ ਰਿਹਾ ਹੈ,ਇਹੀ ਵਜ੍ਹਾ ਹੈ ਕਿ ਕਾਰੀਗਰਾਂ ਨੂੰ ਦੂਸਰੇ ਕੰਮ ਧੰਦਿਆਂ ਵੱਲ ਰੁੱਖ ਕਰਨਾ ਪੈ ਰਿਹਾ ਹੈ। ਕਸ਼ੀਦਕਾਰੀ ਦੇ ਕੰਮ ਵਿੱਚ ਰੋਟੀ ਰੋਜ਼ੀ ਚਲਾਉਣੀ ਵੀ ਅਸੰਭਵ ਹੋ ਗਈ ਹੈ। ਕਸ਼ੀਦਕਾਰੀ ਦੇ ਕੰਮ ਤੋਂ ਜ਼ਿਆਦਾਤਰ ਭਾਰਤੀ ਵਿਅਰ ਹੀ ਤਿਆਰ ਹੁੰਦੇ ਹਨ ਜਿੰਨ੍ਹਾਂ ਦੇ ਖਰੀਦਦਾਰ ਅਮੀਰ ਅਤੇ ਮੱਧ ਵਰਗ ਦੇ ਹੁੰਦੇ ਹਨ। ਆਮ ਤੌਰ ਤੇ ਲੇਡੀਜ਼ ਸੂਟ ਗਰਾਰੇ,ਲਹਿੰਗੇ,ਸਾੜ੍ਹੀ ਗਾਊਨ ਅਤੇ ਸ਼ੇਰਵਾਨੀ ਤੇ ਕਸ਼ੀਦਕਾਰੀ ਕੀਤੀ ਜਾਂਦੀ ਹੈ। ਇੱਕ ਸਮੱਸਿਆ ਇਹ ਵੀ ਹੈ ਕਿ ਕਾਰੀਗਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਪੂਰਾ ਪੈਸਾ ਇਸ ਲਈ ਨਹੀਂ ਮਿਲਦਾ ਹੈ ਕਿਉਂਕਿ ਗ੍ਰਾਹਕਾਂ ਤੱਕ ਬਸਤਰ ਪਹੁੰਚਾਉਣ ਵਾਲੇ ਥੋਕ ਅਤੇ ਪ ?ਚੂਨ ਵਪਾਰੀਆਂ ਦਾ ਮਾਰਜਨ ਕਾਫੀ ਜ਼ਿਆਦਾ ਰਹਿੰਦਾ ਹੈ।

ਮੁਹੰਮਦ ਉਸਮਾਨ ਕਹਿੰਦੇ ਹਨ ਕਿ ਗਾਹਕ ਨੂੰ ਜੇ ਕੋਈ ਕਸ਼ੀਦਕਾਰੀ ਵਸਤਰ ਪੰਜ ਹਜ਼ਾਰ ਰੁਪਏ ਵਿੱਚ ਵਿਕ ਰਿਹਾ ਹੈ ਤਾਂ ਕਾਰੀਗਰ ਨੂੰ ਮੁਸ਼ਕਿਲ ਪੱਚੀ ਸੌ ਰੁਪਏ ਹੀ ਮਿਲਦੇ ਹਨ, 30 ਫੀਸਦੀ ਮੁਨਾਫਾ ਥੋਕ ਵਿਕੇ ?ਤਾ ਲੈਂਦਾ ਹੈ ਜਦਕਿ ਬਾਕੀ ਸੱਤਰ ਫੀਸਦੀ ਮੁਨਾਫਾ ਫੁਟਕਲ ਵਿਕਰੇਤਾ ਲੈਂਦਾ ਹੈ। ਕਿਉਂਕਿ ਕਾਰੀਗਰਾਂ ਨੂੰ ਤੁਰੰਤ ਭੁਗਤਾਨ ਦੀ ਲੋੜ ਰਹਿੰਦੀ ਹੈ ਇਸ ਆਧਾਰ ਤੇ ਥੋਕ ਅਤੇ ਫੁਟਕਲ ਵਪਾਰੀ ਜ਼ਿਆਦਾ ਮਾਰਜਨ ਨੂੰ ਵਾਜਬ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ। ਜ਼ਰੀ ਦੇ ਵਸਤਰਾਂ ਦਾ ਕਾਰੋਬਾਰ ਕਰਨ ਵਾਲੀ ਫਰਮ ਸੋਨੀ ਡਿਜਾਇਨਰ ਸਟੂਡੀਓ ਦੇ ਸੁਮਿਤ ਗੁਪਤਾ ਦਸਦੇ ਹਨ ਕਿ ਭਾਰਤੀ ਹਸਤ ਸ਼ਿਲਪ ਦੀ ਕੌਮਾਂਤਰੀ ਪੱਧਰ ਤੇ ਮੰਗ ਐਨੀ ਘੱਟ ਨਹੀਂ ਹੈ, ਪਰ ਕਾਰੀਗਰਾਂ ਦੇ ਦਿਲਕਸ਼ ਉਤਪਾਦਾਂ ਦੀ ਪਹੁੰਚ ਉੱਥੋਂ ਤੱਕ ਨਹੀਂ ਹੁੰਦੀ। ਵਿਦੇਸ਼ੀ ਬਾਜ਼ਾਰਾਂ ਵਿੱਚ ਪਹੁੰਚ ਬਣਾਉਣ ਲਈ ਕਾਰੀਗਰਾਂ ਨੂੰ ਸਰਕਾਰ ਦੀ ਤਰਫੋਂ ਕੋਈ ਸਹਾਇਤਾ ਨਹੀਂ ਮਿਲਦੀ ਹੈ। ਸਰਕਾਰ ਦੀ ਤਰਫੋਂ ਨਾ ਤਾਂ ਕਸ਼ੀਦਕਾਰੀ ਕਾਰੀਗਰਾਂ ਲਈ ਕਲੱਸਟਰ ਵਿਕਸਿਤ ਕੀਤਾ ਗਿਆ ਹੈ ਤੇ ਨਾ ਹੀ ਕੋਈ ਕਾਮਨ ਫੈਸਿਲਟੀ ਸੈਂਟਰ (ਸੀਐੱਫਸੀ) ਬਣਾਇਆ ਗਿਆ। ਕੀ ਸਰਕਾਰ ਦੀ ਤਰਫੋਂ ਕੋਈ ਮਦਦ ਨਾ ਮਿਲਣ ਕਾਰਨ ਕਾਰੀਗਰਾਂ ਦੇ ਨਾਲ ਕਸ਼ੀਦਕਾਰੀ ਨਾਲ ਜੁੜੇ ਕਾਰੋਬਾਰ ਵੀ ਪ੍ਰਭਾਵਤ ਹੋ ਰਹੇ ਹਨ। ਜਾਣਕਾਰਾਂ ਦਾ ਕਹਿਣਾ ਹੈ ਕਸ਼ੁਦਕਾਰੀ ਦੀ ਬਰਾਮਦ ਤੇ ਵੀ ਇਸ ਦਾ ਮਾੜਾ ਅਸਰ ਪੈ ਰਿਹਾ ਹੈ, ਉਹ ਦੱਸਦੇ ਹਨ ਕਿ ਵਾਜਬ ਪੈਸਾ ਨਾ ਮਿਲਣ ਅਤੇ ਰੋਟੀ ਰੋਜ਼ੀ ਚਲਾ ਪਾਉਣ ਚ ਦਿੱਕਤ ਆਉਣ ਦੇ ਕਾਰਨ ਕਸ਼ੀਦਕਾਰੀ ਦੇ ਕਾਰੀਗਰਾਂ ਦੀ ਗਿਣਤੀ ਲਗਾਤਾਰ ਘੱਟ ਹੋ ਰਹੀ ਹੈ। ਕੁਝ ਸਾਲਾਂ ਵਿੱਚ ਇਨ੍ਹਾਂ ਦੀ ਗਿਣਤੀ ਘੱਟ ਕੇ ਸਿਰਫ਼ ਇੱਕ ਤਿਹਾਈ ਰਹਿ ਗਈ ਹੈ। ਚਿਕਨ ਅਤੇ ਜਰਦੋਜੀ ਦੇ ਕਾਰੋਬਾਰੀ ਮੁਹੰਮਦ ਨਦੀਮ ਕਹਿੰਦੇ ਹਨ ਕਿ ਕਸ਼ੀਦਕਾਰੀ ਦਾ ਕੰਮ ਸੂਬੇ ਵਿੱਚ ਲਖਨਊ, ਬਰੇਲੀ, ਬਦਾਉ, ਚੰਦੋਲੀ, ਉਨਾਵ, ਖਾਸਗੰਜ, ਲਲਿਤਪੁਰ, ਸ਼ਾਹਜਹਾਂਪੁਰ ਤੱਕ ਫੈਲਿਆਂ ਹੋਇਆ ਹੈ, ਜਦ ਕਿ ਇੱਕ ਧਾਗੇ ਨਾਲ ਹੋਣ ਵਾਲੀ ਚਿਕਨਕਾਰੀ ਤੇ ਕਾਰੀਗਰ ਲਖਨਊ, ਲਖੀਮਪੁਰ, ਸੀਤਾਪੁਰ, ਬਾਰਾਬੰਕੀ, ਉਨਾਵ, ਫੈਜ਼ਾਬਾਦ ਅਤੇ ਰਾਏਬਰੇਲੀ ਵਿੱਚ ਹਨ। ਇਨ੍ਹਾਂ ਦੋਨਾਂ ਦੇ ਕਾਰੀਗਰਾਂ ਵਿੱਚ ਔਰਤਾਂ ਦੀ ਵੀ ਵੱਡੀ ਗਿਣਤੀ ਹੈ। ਔਰਤਾਂ ਨੂੰ ਪ੍ਰਤੀ ਪੀਸ ਦੇ ਹਿਸਾਬ ਨਾਲ ਮਿਹਨਤਾਨਾ ਮਿਲਦਾ ਹੈ। ਉਨ੍ਹਾਂ ਨੂੰ ਮਹੀਨੇ ਵਿੱਚ ਬੜੀ ਮੁਸ਼ਕਿਲ ਨਾਲ ਢਾਈ ਤੋਂ ਤਿੰਨ ਹਜ਼ਾਰ ਰੁਪਏ ਦੀ ਕਮਾਈ ਹੁੰਦੀ ਹੈ। ਕਸ਼ੀਦਕਾਰੀ ਕਾਰੀਗਰਾਂ ਬਾਰੇ ਸਰਕਾਰ ਦੀ ਨੀਤੀ ਬਿਆਨ ਕਰਦਿਆਂ ਉਦਯੋਗ ਵਿਭਾਗ ਭਾਰਤ ਦੇ ਸੰਯੁਕਤ ਨਿਦੇਸ਼ਕ ਸੁਨੀਲ ਕਪੂਰ ਦੱਸਦੇ ਹਨ ਕਿ " ਕਾਰੀਗਰਾਂ ਲਈ ਅੱਠ ਚੋਂ ਦੋ ਜਿਲ੍ਹਿਆਂ ਉਨਾਵ ਤੇ ਬਰੇਲੀ ਵਿੱਚ ਕਾਮਨ ਫੈਸਿਲਟੀ ਸੈਂਟਰ ਸਥਾਪਿਤ ਕੀਤੇ ਜਾ ਰਹੇ ਹਨ। ਇਨ੍ਹਾਂ ਦੀਆਂ ਇਮਾਰਤਾਂ ਬਣ ਗਈਆਂ ਹਨ, ਮਸ਼ੀਨਾਂ ਦਾ ਟੈਂਡਰ ਚੋਣਾਂ ਤੋਂ ਬਾਅਦ ਹੋਵੇਗਾ, ਬਾਕੀ ਛੇ ਜ਼ਿਲ੍ਹਿਆਂ ਵਿੱਚ ਵੀ ਸੀ ਐਫ ਸੀ ਸਥਾਪਤ ਹੋਣਗੇ। ਪਿਛਲੇ ਚੌਵੀ ਸਤੰਬਰ ਤੋਂ ਇਸ ਸਾਲ ਮਾਰਚ ਤੱਕ 30 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ, ਇਸ ਵਿੱਚ ਉਨ੍ਹਾਂ ਨੂੰ ਸਾਢੇ ਚਾਰ ਕਰੋੜ ਰੁਪਏ ਸਬਸਿਡੀ ਦਿੱਤੀ ਗਈ ਹੈ। ਕੈਂਪ ਲਾ ਕੇ ਮੁਦਰਾ ਯੋਜਨਾ ਦੇ ਤਹਿਤ ਵੀ ਕਰਜ਼ੇ ਦੀ ਵਿਵਸਥਾ ਕਰਾਈ ਗਈ। ਇਸ ਸਾਰੇ ਦਾ ਫਾਇਦਾ ਕਾਰੀਗਰਾਂ ਨੂੰ ਮਿਲੇਗਾ। ਇਸ ਤੋਂ ਇਲਾਵਾ ਦੇਸ਼ ਵਿਦੇਸ਼ ਵਿੱਚ ਲੱਗਣ ਵਾਲੇ ਮੇਲਿਆਂ ਵਿੱਚ ਕਾਰੀਗਰਾਂ ਨੂੰ ਆਪਣੇ ਉਤਪਾਦ ਦਿਖਾਉਣ ਅਤੇ ਵੇਚਣ ਲਈ ਸਬਸਿਡੀ ਦਿੱਤੀ ਜਾ ਰਹੀ ਹੈ।"

ਪਰ ਜੋ ਅਸਲ ਨੁਕਤਾ ਹੈ ਉਸ ਬਾਰੇ ਸਰਕਾਰ ਕਾਰਵਾਈ ਕਰੇ ਤਾਂ ਹੀ ਕੁਝ ਫਾਇਦਾ ਹੋਣ ਦੀ ਸੰਭਾਵਨਾ ਹੈ, ਕਹਿਣ ਦਾ ਭਾਵ ਕਿ ਕੰਪਿਊਟਰ ਡਿਜ਼ਾਈਨਰਾਂ ਵੱਲੋਂ ਤਿਆਰ ਮਾਲ ਨੂੰ ਹੱਥ ਨਾਲ ਕੀਤੀ ਕਸ਼ੀਦਕਾਰੀ ਦਾ ਮਾਲ ਦਸ ਕੇ ਮਹਿੰਗੇ ਭਾਅ ਬਾਜ਼ਾਰ ਵਿੱਚ ਵੇਚਣ ਨਾਲ ਕਾਰੀਗਰਾਂ ਨਾਲ ਧੋਖਾ ਹੁੰਦਾ ਹੈ, ਕਸ਼ੀਦਕਾਰੀ ਦੇ ਹੁਨਰਮੰਦਾਂ ਨਾਲ ਹੁੰਦੀ ਇਸ ਚਾਰ ਸੌ ਵੀਹ ਨੂੰ ਤਾਂ ਸਰਕਾਰ ਹੀ ਨੱਥ ਪਾ ਸਕਦੀ ਹੈ।ਹੋਰ ਕੋਈ ਇਹ ਕੰਮ ਨਹੀਂ ਕਰ ਸਕਦਾ।



# Winnipeg 1919




The centenary of the 1919 Winnipeg General Strike offers a unique opportunity to revisit Canada's largest and most significant sympathy strike.

What was the context in which 35,000 workers, half of whom did not belong to a union, struck for six weeks in support of the collective bargaining goals of building and metal trades workers? What local, national and international events fueled this massive job action that saw one-half of Winnipeg's families stand together?

Much has been written about these questions and the confrontation itself in the century since it all took place. Understanding the Winnipeg General Strike requires understanding the labour-management dynamic in Winnipeg during the war years, and indeed in the period of significant population growth in the two decades preceding the general strike.

**1901–1920**

Winnipeg's status as a key hub-city was cemented through urban growth during the first two decades of the 20th century. The city's population more than quadrupled between 1901 and 1920 (from 40,000 to 179,000) and Winnipeg moved from the country's sixth largest city to its third largest.

The preponderance of British-born immigrants plus a massive influx of Eastern European citizens combined to create a very diverse and dynamic city with a host of distinct ethnic communities, not to mention very clear lines between the rich and the poor.

During this period the number of local unions tripled and demand for a better life for workers grew steadily. So too did public support for labour's aims and for other social justice pursuits.

**1906**

Two disputes in 1906 illustrate the fierce contest over union recognition that came to define the acrimony that permeated labour relations in Winnipeg.

Both the Contract Shops dispute and the strike by employees of the Winnipeg Electric Street Railway Company saw employers resort to injunctions and lawsuits, hence Winnipeg's reputation as "injunction city." The vigor with which employers opposed unionization fuelled solidarity among workers.

Of interest in the streetcar workers dispute was the near total public support as citizens refused to ride streetcars driven by replacement workers. The public support enabled a positive settlement for streetcar workers and it offered a glimpse of broad public support for labour's goals.

Throughout the first two decades of the century, beyond population growth, Winnipeg displayed an activist culture in the presence of the social gospel movement and an active suffragist moment that saw Manitoba become the first province to extend the vote to some women in 1916.

Labour and other progressive forces also united to support a progressive single tax system. Each of these endeavours revealed an engaged and activist citizenry.

**1913–1915 — Recession**

The positive population and economic growth experienced by Winnipeg and the West in general came to an abrupt halt in 1913. An economic downturn quickly turned depression-like.

The most direct cause was a sharp decline in British investment due to power struggles centred in the Balkans. British investment in Canadian railways, towns, industries and grain elevators was converted into domestic U.K. defence investments.

The depression hit Winnipeg hard and lasted two full years. All workers felt it, particularly those employed in the building trades. Wages fell and union membership declined as unemployment rose.

**1914–1918 — The Great War**

The Great War helped pull the country out of recession but the improved economy did not spark wage increases. The federal government, through order-in-council P.C. 1743, outlawed strikes for the duration of war in all industries engaged in war production. This ordinance impacted all industries.

In 1918, P.C. 2525 completely outlawed strikes or lockouts in industrial disputes; this too was by order-in-council. Two further ordinances outlawed immigrant organizations and other "alien" organizations including the International Workers of the World (IWW).

All of these moves by the federal government combined to fuel worker resentment and militancy. Real wages declined during this period of high inflation.

Union membership in Canada nearly tripled between 1915 and 1919, and strikes began occurring. In Winnipeg in 1917, more days were lost to strikes than in the previous four years combined. Estimates were that one in five workers walked picket lines in Canada and the United States during this period.

Three distinct events occurred in Winnipeg in 1918 that help explain the conditions which gave rise to the 1919 general strike.

In May that year, four civic unions struck over the issues of union recognition and wages. These included waterworks, power and light, and teamsters workers. A brokered tentative deal a few days into the dispute was surprisingly defeated by a narrow vote of city council, which sought a permanent no-strike clause for all civic agreements.

This move escalated things far beyond the four civic groups. City firemen struck in support of their civic coworkers. A week later, provincial telephone operators, railway and streetcar workers and others struck in sympathy. Accounts vary, but at least 6,800 workers from outside of the civic service walked off the job.

Business interests formed the Committee of 100, and the federal government, fearing the spread of sympathy walkouts in five large Canadian cities, dispatched Senator Gideon Robertson to Winnipeg.

Robertson and representatives of the Committee of 100 commenced direct negotiations with the striking civic workers and a deal based upon the previously rejected agreement was reached. The deal provided for wage hikes, union recognition and a negotiated return to work protocol. It was a near total victory for the workers.

The second important event of 1918 was the growing militancy and prominence of the Winnipeg Trades and Labour Council. In May, the council supported the job action of civic workers. In July it again voted for another general sympathy strike, this time in support of Winnipeg metal trades workers. Senator Robertson was again sent to Winnipeg and he assisted in achieving a settlement and averting a strike.

The general strike option again surfaced within the Trades and Labour Council in October 1918, this time in support of striking Canadian Pacific freight handlers in Calgary. Specifically, government plans to prosecute five strike leaders for defying an anti-strike ordinance were shelved due to the outcry from labour. The utility of the general strike weapon was further entrenched.

Thirdly and finally, a series of key events took place in December 1918. First, the Trades and Labour Council passed a resolution providing that general strike votes would require a majority of the total membership to approve, thus shifting strike determining authority to the council and away from local unions. Also that month, the fiery Machinist Union leader R. B. Russell was defeated in his bid for the council presidency by moderate James Winning.

On December 22, at a meeting called jointly by the Trades and Labour Council and the Socialist Party of Canada, a packed house of 1,700 at the Walker Theatre passed three resolutions. The first denounced the federal government's repeated recourse to orders-in-council. The Great War was over and labour and other progressives called for the repeal of all anti-labour legislation enacted during the war years.

The second resolution called for the release of all political prisoners incarcerated during the war years. Finally, the gathering called for the withdrawal of all allied forces from Russia, and Winnipeg workers offered congratulations to the

revolutionaries who had seized control from the Russian Czar.

Federal authorities had undercover agents at the Walker Theatre that day and their reports on the meeting spoke of a militant labour movement, one that was questioning the established order.

**January 10, 1919 — The Majestic Theatre Meeting**

The New Year began with a second major public meeting, this one called by the Socialist Party of Canada and held at the Majestic Theatre. It picked up where the Walker Theatre meeting had left off.

Speakers denounced the press for not telling the truth about events in Russia. Union leader Bob Russell, a fiery speaker, rejected capitalism and the inequalities it produced, calling for a new system in which workers would have control. Again, undercover agents attending the meeting reported to their federal authorities on the growing militancy evident in Winnipeg.

The federal government and Winnipeg business leaders clearly felt that labour sought to replace capitalism and these beliefs governed their actions going forward.

**February 6–11, 1919 — The Seattle General Strike**

Workers throughout North America watched events unfold in Seattle that were driven by wage demands and labour's efforts to secure wage increases for all workers, both skilled and unskilled. The dispute was massive in scope. Essential services were provided only as determined by the strike committee, which produced signs authorizing fire and hospital laundry services, for example.

**Returned Soldiers**

One new reality not present during the 1918 civic workers strike was the large numbers of returned soldiers, home after the Great War. The soldiers returned to high levels of unemployment. They also returned to hear some senior labour leaders critical of the war itself and the wartime government in particular.

These forces combined to create a new tension in Winnipeg, one not previously present. Shortly after the Majestic Theatre meeting a group of veterans invaded the hall of the Socialist Party of Canada, trashing it and burning books. Some returned soldiers resented immigrants (aliens) who occupied what many believed to be the jobs they held prior to the war.

It is important to note that not all returned soldiers displayed such frustration or even held such beliefs. As it became clear, there were many returned soldiers who actively supported labour during the general strike. But we cannot overstate the role that returned soldiers played within the heated labour-management debates that existed in Winnipeg in early 1919.

**March 13, 1919 — The Western Labour Conference, Calgary**

Western Canadian trade unionists had for some time been dissatisfied with the Eastern Canadian union leadership, a group they felt embraced craft unionism and was unwilling to challenge the system. Hence the Western Labour Conference held in Calgary, where delegates affirmed strong support for industrial unionism and workers organized industrywide, not by craft. The vehicle for this would be the One Big Union (OBU).

Delegates in debate denounced capitalism and supported resolutions calling for a five-day work week and the six-hour day. The mood in Calgary revealed a trade union leadership that was increasingly confident in the content of its new agenda and its ability to realize this vision through collective action.

That spring, the Trades and Labour Council in Winnipeg sent a couple of clear messages to the two senior levels of government. Provincially, the council refused to nominate labour members to the government's proposed Industrial Disputes Commission. They also refused to testify before the Mathers Commission set up by the Borden government to investigate industrial relations in Canada.

Winnipeg labour leaders were in no mood to be told what the "rules of the game" were to be when it came to achieving the legitimate economic interests of workers.

**The Winnipeg General Strike and its aftermath**

As the preceding history makes clear, the six-week general strike that engulfed Winnipeg entirely, and was widely reported in the U.S. and throughout the Commonwealth, did not occur in a vacuum. Nor was it a spontaneous accident of sorts. The events leading up to the strike, both locally and beyond, all combined to make such a clash understandable if not predictable.

The events of the six-week struggle have been well documented and need not be recounted here in detail (see the timeline in this Manitoba Federation of Labour newsletter). What continues to spawn reflection and debate, however, are questions about the major lessons of the strike. What indeed is the legacy of this massive display of solidarity in Winnipeg? As a lifelong unionist myself, I venture to make five observations on this question.

First and foremost, the general strike was a large and difficult defeat for the workers involved. Thousands lost their jobs, thousands more returned to work and never did enjoy either trade union membership or the fruits of free collective bargaining.

Civic employees who were not dismissed had to sign their allegiance to the city and pledge to never engage in sympathy strike action upon pain of instant dismissal. Civic workers came to refer to this requirement as the "slave pact," which stayed on the city's books until 1931.

Second, while history has dismissed the charge that the general strike represented a Bolshevik uprising intent upon overthrowing the established order, it is important to understand how profoundly some held these views.

The Committee of 1,000 are on record stating that "some of the leaders of the strike were more concerned in setting up the Russian Soviet form of government in Canada than in settling any trades disputes, than an organized propaganda to incite Revolution in Canada was stalking under cover of this and other strikes."

Business, by way of private prosecutions funded, we now know, by the federal government (from funds earmarked for returned soldiers), silenced labour leadership by incarcerating them. The aggressiveness of the business community response and that of the federal government were designed to put labour in its place and to prevent further massive strikes. In that goal they largely succeeded. In deputizing hundreds of so-called special constables who assumed the authority of the state, business was also able to silence elected officials and the justice system, which both opted to conduct an aggressive prosecution of the strike's proponents.

My third observation is that labour did make achievements for all workers through the general strike. They won the hearts and minds of the vast majority of the general public and this support was not diminished by the manner in which the strike ended.

Notwithstanding the vitriolic bashing by mainstream media, the public respected those who led the general strike. Three leaders were elected in the 1920 provincial election from their jail cells. The public did not view them as criminals. Labour candidates in Winnipeg enjoyed similar electoral success at the federal and civic levels.

Labour's successful participation in the political process achieved two important outcomes. Firstly, it put the lie to any notion that the leaders of the general strike were out to overthrow the system. People don't run for office in systems they want to destroy.

The leaders of the 1919 general strike also established a political constant that has survived for a century in Manitoba: labour is still a force politically, and its vision for a more caring and sharing society enjoys widespread public support in the province.

A fourth observation about the strike's legacy has to do with how we organize as workers. Labour in 1919 Winnipeg had its own daily newspaper. It had open air meeting attended by thousands. The result was a citizenry that was conscious of its class and aware of the issues of the day. In today's digital age of unlimited information, one is left to wonder how it is that labour's view of the world has so much less currency with the general public than it did 100 years ago.

Finally, there is something to be gleaned from how we have commemorated the strike at different points over the past century. In 1969, Winnipeg city council debated a motion to recognize the general strike on its 50th anniversary. It was an acrimonious debate and a small plaque ended up being placed in low-profile location at city hall.

The events of 1919 were still too raw, even a half-century after the fact. Winnipeg was still too divided a city, at the family level and within the broader community itself, for any widespread discussion of this key event in the history of Manitoba.

By 1994, on the 75th anniversary of the general strike, all the participants were gone, which allowed for both celebration of the event and, more importantly, public discussion on this most significant of events in the history of Winnipeg, and indeed of the Canadian labour movement. Another plaque was erected in the Manitoba legislature that captures the difficult challenge of summarizing just what the general strike meant and means. That plaque reads as follows:

On May 15, 1919 some 30,000 workers in the City of Winnipeg went on strike in support of building and metal trades workers, who had walked out seeking union recognition, collective bargaining, higher wages and a shorter working week.

The Winnipeg General Strike was widely reported throughout North America and the British Empire, and was a watershed event in Canadian labour history. The general strike concluded at 11:00 a.m. on June 26, 1919.

In the years since the strike, the province of Manitoba has enacted legislation which recognizes workers' rights to participate in free collective bargaining, to organize and to healthy and safe workplaces.

This plaque commemorates the 75th anniversary of the 1919 Winnipeg General Strike. A landmark in Canadian History.

Today, a century on from the general strike, the issues that gave rise to it remain both unresolved and arguably more pressing than ever.

The right to form unions and to engage in free collective bargaining remains contested terrain in much of the world, including Canada. There continue to be many disputes centered around union recognition.

Inequality—locally, nationally and globally—is a dominant issue and the gap between the rich and the poor has never been wider.

As was the case in the Winnipeg of 1919, the backlash against immigrants and refugees is a global phenomena and these divisions hurt both communities and economies.

Many governments in many countries continue to spend more on weapons and defence than on services for people such as health care and education.

In terms of class consciousness, how we can better educate workers and equip them to distinguish between false or inaccurate reporting and valid, fact-based information remains a key challenge.

And fundamentally, what has come of the belief that true freedom and fairness means that none can truly be free if even one is not?

Winnipeg General Strike leader Bill Pritchard, in his famous address to the jury, spoke to the workers he served, challenging them as follows:

The great appear great to us because we are on our knees. Let us rise!

It is a message worth remembering, and repeating.

# Strip Search, Sexual Harassment and Intimidation of Students in Akal University



A fact-finding team (the team) comprising of 4 members from the Chandigarh based women's collective Bekhauf Azaadi and 7 members from the democratic rights organisation AFDR (Association for Democratic Rights) visited Akal University (University), Talwandi Sabo on My 6, 2019 to investigate the recent incident of strip search of women students. The statements and actions of the male members of the management of the University indicated the general patriarchal and repressive atmosphere of the University – the Dean (Academics) MS Johal stated that "universities are like jail", the trustee of Kalgidhar Society denied the team entry into the University because "the University is my private (personal) property", and the Vice Chancellor is said to have emotionally blackmailed the women students to prevent them from making a legal complaint, by surrendering his turban in front of them; making the whole incident about his and University's honour and not about the violation of fundamental rights of the students.

Background of the incident: On April 25, 2019 wardens at the Akal University, Talwandi Sabo found a used sanitary pad in the hostel washroom. Immediately thereafter, one warden, one assistant warden, and one security guard frisked and strip searched 12 women students individually inside the hostel premises. The next day even during breakfast, the security guard mentally harassed the students who were searched the previous night, by making repressive remarks such as "we know the colour of your underwear, do you want to be strip searched again?". The women students went through extreme mental and sexual harassment. The same day and the next day, alongwith the day scholars a protest was mounted against the University where the students demanded legal action against the warden and others. While the University released a notice terminating the services of the warden and security guard, the University simultaneously engaged in counselling each student individually impressing upon them that any legal action would mean the loss of their reputation, since legal cases usually involve dishonour and indignity for the women involved. The University also called the parents of the women students and counselled them to control their children and drop the demands for any legal action.

Day of the fact-finding: Through various sources it was confirmed that the University declared preparatory leave on Sunday evening (May 5, 2019) when they allegedly received news that the fact-finding team was planning to visit the University to investigate the incident. When the team reached the spot, the management of the University represented by the Dean (Academics) MS Johal, the trustee of Kalgidhar Society Bhai Jasbir Singh, legal counsel Mr. Ravi Sharma/ Vashisht alongwith approximately 15 security guards met the team outside the gates of the University. For approximately an hour, the University management refused to let the team enter the University in order to talk to the students, misbehaved with the members of the team – all in order to try and protect the University's reputation and to prevent any news being carried outside. After one hour, the management agreed to allow 5 members of the team to enter the University for the purposes of meeting the Vice Chancellor. At the gate of the University, the management once again entered into heated discussion with the team since they wanted to confiscate the mobile phones of the delegation members at the gate. After a lot of disagreement during which the legal counsel of the management misbehaved with the team members, the team was allowed in. Once inside, the team was seated with the same management members and the Vice Chancellor was not called. The management refused to arrange a meeting with any students of the University and repeatedly thwarted any attempts at independent investigation of the incident. Importantly, this is the first time in the 40 years of AFDR that any educational institute has refused to let a fact-finding team of AFDR enter the university premises, and has also maltreated its members outside the gate of the University.

Discriminatory atmosphere within the University: Many students have confirmed that there exists extremely repressive and discriminatory behaviour inside the University. During the fact-finding, the team observed various issues, including: (i) strict timings of girls' hostel vs. relaxed timings for boys' hostel, (ii) segregation between the male and female students even within the classroom, (iii) shaming of women students who interact with male students, (iv) strict reporting of women students' whereabouts to their parents, and compulsory intimidation to parents when women students leave the campus ensuring that they only reach their home and no other place, (v) the cultural life of the students was restricted to religious activities conducted inside the University. It was indicated that no cultural societies are allowed to function, and the administration has strict control over student life, (vi) an environment of fear and intimidation where students (both male and female) were afraid to report such incidents and other cases of discrimination for fear of extreme consequences, (vii) attempts were made to confiscate phones of the team members and the hostility of the management towards anyone asking questions was apparent. Given these facts, the initial observations of the fact-finding team are as follows:

- The incident of April 25, 2019 which has been reported in the media is not only criminal in nature, it is also in clear violation of the fundamental rights of the female students (including specifically the right to privacy).

- On being questioned, it was clear that the management members were not aware of the applicable UGC guidelines. They showed no knowledge of the Saksham Guidelines issued by the UGC, nor do the reported incidents indicate that the University has followed any of the guidelines mentioned in the Saksham Report (Measures for Ensuring the Safety of Women and Programmes for Gender Sensitization on Campuses), 2016;

- There is an environment of patriarchal control by the management of the University where they justify the logic of protectionism and behave as self-appointed legal guardians of the students, especially female students;

- The management is using fear and intimidation to silence both male and female students, in order to prohibit them from reporting any incidents outside the University;

- The general atmosphere of "education" within the University indicates that instead of providing an atmosphere of free and fair thinking, both male and female students' thought processes are being stifled, their fundamental rights are being violated, and they and their parents are being treated as mere consumers of this Private University.

Preliminary views of the fact-finding team: It is the constitutional duty of the state to provide and ensure good education which can secure development of the citizens of this country. Moreover, right to education is guaranteed under the Constitution of India. We are seeing a new trend where these newly built private universities behave no better than corporations under Special Economic Zones (SEZs) that prohibit entry of "outsiders" and take advantage of relaxation of laws and norms, while exploiting its students as cheap labour in many cases. In such scenarios, the state is also scuttling its responsibility by handing over the social responsibility of education to private institutions (i.e. profit earning corporations) which are only interested in providing "services" to consumers while violating all UGC norms, and other laws of the land.

## ਅਸੀਂ ਨਹੀਂ ਹਾਰੇ

ਅਸੀਂ ਅਜੇ ਵੀ
ਮੈਦਾਨ ਵਿੱਚ ਨਿੱਤਰੇ ਹੋਏ ਹਾਂ।

ਫ਼ਾਸ਼ੀਵਾਦ ਦੇ ਉਭਾਰ ਨੇ
ਸਾਡੀ ਪ੍ਰਤੀਬੱਧਤਾ ਨੂੰ
ਬੱਲ ਬਖ਼ਸ਼ਿਆ ਹੈ।

ਅਸੀਂ ਵੋਟਾਂ ਲਈ ਨਹੀਂ
ਅਸੀਂ ਲੋਕਾਂ ਲਈ ਖੜ੍ਹਦੇ ਹਾਂ।

ਅਸੀਂ ਸੱਤਾ ਹਥਿਆਉਣ ਲਈ ਨਹੀਂ
ਸੱਤਾ ਪਲਟਾਉਣ ਲਈ ਲੜਦੇ ਹਾਂ।

ਕੀ ਹੋਇਆ
ਜੇ ਉਸ ਕੋਲ
ਹਥਿਆਰਾਂ ਦਾ ਜ਼ਖ਼ੀਰਾ ਹੈ।

ਕੀ ਹੋਇਆ
ਜੇ ਉਸ ਕੋਲ
ਪੈਸੇ ਦੀ ਅੰਨ੍ਹੀ ਤਾਕਤ ਹੈ।

ਕੀ ਹੋਇਆ
ਜੇ ਉਸ ਕੋਲ
ਸੱਤਾ ਹੈ
ਸਾਧਨਾਂ 'ਤੇ ਕਬਜ਼ਾ ਹੈ।

ਸਾਡੇ ਕੋਲ
ਇੱਕ ਉਮੀਦ ਹੈ
ਇੱਕ ਜਜ਼ਬਾ ਹੈ।

ਸਾਡੇ ਕੋਲ
ਗੁਆਉਣ ਲਈ
ਕੁੱਝ ਵੀ ਨਹੀਂ
ਤੇ ਜਿੱਤਣ ਲਈ
ਸਾਰੀ ਕਾਇਨਾਤ ਪਈ ਹੈ।

ਇਸ ਤੋਂ ਪਹਿਲਾਂ
ਕਿ ਜ਼ੁਬਾਨ ਬੰਦੀ ਦੀ
ਉਲੰਘਣਾ ਦੇ ਦੋਸ਼ ਹੇਠ
ਸਿਰ ਕਲਮ ਕਰ ਦਿੱਤੇ ਜਾਣ
ਗੂੰਗਿਆਂ ਦੇ।

ਸੋਨੇ ਦੇ ਲਿਬਾਸਾਂ ਨੂੰ
ਘੂਰਨ ਦੇ ਇਵਜ ਵਜੋਂ
ਕੱਢ ਲਈਆਂ ਜਾਣ
ਅੰਨ੍ਹਿਆਂ ਦੀਆਂ ਅੱਖਾਂ।

ਬੋਲ਼ਿਆਂ 'ਤੇ
ਸੁਣ ਕੇ ਅਣਸੁਣਿਆ ਕਰਨ ਦਾ
ਇਲਜ਼ਾਮ ਲਗਾ ਕੇ
ਢਾਲ਼ ਦਿੱਤਾ ਜਾਵੇ ਸਿੱਕਾ
ਉਹਨਾਂ ਦੇ ਕੰਨਾਂ ਵਿੱਚ।

ਇਸ ਤੋਂ ਪਹਿਲਾਂ ਕਿ
ਅਪਣੇ ਹੀ ਕਤਲ ਦੇ ਇਲਜ਼ਾਮ ਵਿੱਚ
ਹੰਢਾਉਣੀ ਪੈ ਜਾਵੇ
ਉਮਰਾਂ ਦੀ ਕੈਦ
ਜਾਂ ਕਾਲ਼ੇ ਪਾਣੀ ਦੀ ਸਜ਼ਾ।

ਆਓ ਲੜੀਏ
ਆਪਣੇ ਹਿੱਸੇ ਦਾ ਯੁੱਧ।

**- ਸੁਰਜੀਤ ਗੱਗ**

# ਮਾਰਕਸ ਦੀ ਪੂੰਜੀ ਦੇ ਕੁੱਝ ਮਹੱਤਵਪੂਰਨ ਪੱਖ



ਅਜਾਇਬ ਸਿੰਘ ਟਿਵਾਣਾ
+91 98157 93350



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਿਨਸ ਉਤਪਾਦਕ ਕਿਰਤ ਦੇ ਦੋਹਰੇ ਕਿਰਦਾਰ ਦੀ ਤਰ੍ਹਾਂ ਪੂੰਜੀਵਾਦੀ ਉਤਪਾਦਨ ਪ੍ਰਕਿਰਿਆ ਦਾ ਵੀ ਦੋਹਰਾ ਕਿਰਦਾਰ ਹੁੰਦਾ ਹੈ। ਇਹ ਕਿਰਤ ਪ੍ਰਕਿਰਿਆ ਅਤੇ ਮੁਲਵਰਧਨ ਪ੍ਰਕਿਰਿਆ ਦੀ ਏਕਤਾ ਹੁੰਦੀ ਹੈ। ਕਿਰਤ ਦੀ ਪ੍ਰਕਿਰਿਆ ਮਨੁੱਖਾਂ ਅਤੇ ਕਿਰਤ ਦਰਮਿਆਨ ਵਾਪਰਦੀ ਹੈ। ਮਨੁੱਖ ਕੁਦਰਤ ਤੇ ਕਾਰਜ ਕਰਦੇ ਹਨ, ਇਸ ਸਮੇਂ ਖੁਦ ਨੂੰ ਵੀ ਬਦਲਦੇ ਹਨ, ਆਪਣੀਆਂ ਖੁਦ ਦੀਆਂ ਸਮਰੱਥਾਵਾਂ ਨੂੰ ਵਿਕਸਤ ਕਰਦੇ ਹਨ। ਕਿਰਤ ਪ੍ਰਕਿਰਿਆ ਦੀ ਹੋਂਦ ਕਦੇ ਵੀ ਸ਼ੁੱਧ ਰੂਪ 'ਚ ਨਹੀਂ ਹੁੰਦੀ। ਇਹ ਹਮੇਸ਼ਾਂ ਸਮਾਜਿਕ ਤੌਰ 'ਤੇ ਨਿਰਧਾਰਿਤ ਰੂਪ 'ਚ ਵਾਪਰਦੀ ਹੈ: ਗੁਲਾਮ ਕਿਰਤ ਤੇ ਅਧਾਰਿਤ ਉਤਪਾਦਨ ਪ੍ਰਕਿਰਿਆ, ਜਗੀਰੂ ਮੁਜਾਰੇ ਦੀ ਉਤਪਾਦਨ ਪ੍ਰਕਿਰਿਆ ਜਾਂ ਪੂੰਜੀਵਾਦ 'ਚ ਉਜਰਤੀ ਕਾਮਿਆਂ ਦੀ ਉਤਪਾਦਨ ਪ੍ਰਕਿਰਿਆ। ਪੂੰਜੀਵਾਦੀ ਉਤਪਾਦਨ ਪ੍ਰਕਿਰਿਆ ਅੰਦਰ ਕਿਰਤ ਦੋ ਵਿਲੱਖਣ ਵਿਸ਼ੇਸ਼ਤਾਵਾਂ ਦਿਖਾਉਂਦੀ ਹੈ। ਪਹਿਲੀ ਇਹ ਪੂੰਜੀਪਤੀ ਦੇ ਕੰਟਰੋਲ ਹੇਠ ਚਲਦੀ ਹੈ। ਦੂਸਰਾ ਕਿਰਤ ਪ੍ਰਕਿਰਿਆ ਦਾ ਉਤਪਾਦ ਪੂੰਜੀਪਤੀ ਦੀ ਜਾਇਦਾਦ ਹੁੰਦੀ ਹੈ ਨਾਂ ਕਿ ਸਿੱਧੇ ਉਤਪਾਦਕ ਦੀ। ਪੂੰਜੀਪਤੀ ਨੇ ਕਿਰਤ ਸ਼ਕਤੀ ਅਤੇ ਉਤਪਾਦਨ ਦੇ ਸਾਧਨਾਂ ਨੂੰ ਖਰੀਦਿਆ ਹੁੰਦਾ ਹੈ। ਇਸ ਤਰ੍ਹਾਂ ਕਿਰਤ ਪ੍ਰਕਿਰਿਆ ਪੂੰਜੀਪਤੀ ਦੀਆਂ ਵਸਤਾਂ ਦਰਮਿਆਨ ਚੱਲਣ ਵਾਲੀ ਪ੍ਰਕਿਰਿਆ ਹੁੰਦੀ ਹੈ। ਇਹ ਉਤਪਾਦਨ ਇੱਕ ਵਰਤੋਂ ਮੁੱਲ ਹੁੰਦਾ ਹੈ। ਪਰੰਤੂ ਪੂੰਜੀਵਾਦੀ ਉਤਪਾਦਨ ਪ੍ਰਕਿਰਿਆ ਵਿੱਚ ਇਸ ਦਾ ਉਦੋਂ ਤੱਕ ਹੀ ਉਤਪਾਦਨ ਕੀਤਾ ਜਾਂਦਾ ਹੈ ਜਦੋਂ ਤੱਕ ਇਹ ਮੁੱਲ ਅਤੇ ਵਾਧੂ ਮੁੱਲ ਰੱਖਦਾ ਹੈ। ਮੁੱਲ ਵਰਧਮਾਨ ਸਿਰਫ਼ ਇਸ ਲਈ ਸੰਭਵ ਹੁੰਦਾ ਹੈ ਕਿ ਕੋਈ ਜਿਨਸ ਖਰੀਦੀ ਜਾਂਦੀ ਹੈ ਅਤੇ ਉਸ ਦਾ ਉਪਭੋਗ ਕੀਤਾ ਜਾਂਦਾ ਹੈ। ਇਹ ਜਿਨਸ ਹੈ ਕਿਰਤ ਸ਼ਕਤੀ। ਪਰੰਤੂ ਇਸ ਜਿਨਸ ਦਾ ਉਪਭੋਗ ਕਰਨ ਲਈ ਪੈਦਾਵਾਰ ਦੇ ਸਾਧਨ (ਕੱਚਾ ਮਾਲ, ਮਸ਼ੀਨਾਂ ਆਦਿ) ਜ਼ਰੂਰੀ ਹਨ। ਉਤਪਾਦਨ ਪ੍ਰਕਿਰਿਆ ਦੇ ਨਤੀਜੇ ਵਜੋਂ ਜਿਨਸਾਂ ਦਾ ਇੱਕ ਨਵਾਂ ਸਮੂਹ ਪੈਦਾ ਕੀਤਾ ਜਾਂਦਾ ਹੈ ਜਿਸ ਦਾ ਮੁੱਲ ਲਗਾਈ ਗਈ ਪੂੰਜੀ ਨਾਲੋਂ ਵੱਧ ਹੁੰਦਾ ਹੈ ਜਿਸ ਨੂੰ ਵੇਚਕੇ ਵਧਿਆ ਹੋਇਆ ਧਨ (M') ਪ੍ਰਾਪਤ ਹੁੰਦਾ ਹੈ। ਨਵੀਆਂ ਪੈਦਾ ਹੋਈਆਂ ਜਿਨਸਾਂ ਦੇ ਮੁੱਲ ਵਿੱਚ ਪੈਦਾਵਰ ਦੇ ਸਾਧਨ ਅਤੇ ਕਿਰਤ ਸ਼ਕਤੀ ਪੂਰੀ ਤਰ੍ਹਾਂ ਭਿੰਨ ਭੂਮਿਕਾ ਨਿਭਾਉਂਦੇ ਹਨ। ਪੈਦਾਵਾਰ ਦੇ ਸਾਧਨਾਂ ਦਾ ਮੁੱਲ ਨਵੀਂ ਬਣੀ ਜਿਨਸ 'ਚ ਅੰਸ਼ਿਕ ਰੂਪ 'ਚ ਜਾਂ ਪੂਰੇ ਦਾ ਪੂਰਾ ਤਬਦੀਲ ਹੁੰਦਾ ਹੈ। ਮਾਰਕਸ ਪੂੰਜੀ ਦੇ ਇਸ ਭਾਗ ਨੂੰ ਸਥਿਰ (Constant capital) ਪੂੰਜੀ ਕਹਿੰਦਾ ਹੈ ਜਾਂ ਸੰਖੇਪ ਰੂਪ 'ਚ C। ਪਰੰਤੂ ਕਿਰਤ ਸ਼ਕਤੀ ਦਾ ਮਾਮਲਾ ਵੱਖਰਾ ਹੁੰਦਾ ਹੈ। ਕਿਰਤ ਸ਼ਕਤੀ ਦਾ ਮੁੱਲ ਜਿਨਸਾਂ 'ਚ ਸਾਰਾ ਤਬਦੀਲ ਨਹੀਂ ਹੁੰਦਾ। ਕਿਰਤ ਸ਼ਕਤੀ ਦੇ ਉਪਭੋਗ ਨਾਲ ਨਵਾਂ ਮੁੱਲ ਪੈਦਾ ਹੁੰਦਾ ਹੈ। ਨਵੇਂ ਸਿਰਜੇ ਗਏ ਮੁੱਲ ਅਤੇ ਕਿਰਤ ਸ਼ਕਤੀ ਦੇ ਮੁੱਲ ਦੇ ਫਰਕ ਨੂੰ ਵਾਧੂ ਮੁੱਲ ਕਿਹਾ ਜਾਂਦਾ ਹੈ। ਮਾਰਕਸ ਪੂੰਜੀ ਦੇ ਉਸ ਹਿੱਸੇ ਨੂੰ, ਜੋ ਉਜਰਤਾਂ ਦੀ ਅਦਾਇਗੀ ਕਰਨ ਲਈ ਵਰਤਿਆ ਜਾਂਦਾ ਹੈ, ਅਸਥਿਰ ਪੂੰਜੀ (variable capital) ਕਹਿੰਦਾ ਹੈ। ਪੂੰਜੀ ਦਾ ਇਹ ਭਾਗ ਉਤਪਾਦਨ ਪ੍ਰਕਿਰਿਆ ਦਰਮਿਆਨ ਮੁੱਲ ਨੂੰ ਤਬਦੀਲ ਕਰਦਾ ਹੈ। ਕਾਮਿਆਂ ਦੀ ਉਜਰਤ ਦੀ ਅਦਾਇਗੀ V ਹੁੰਦੀ ਹੈ ਪਰੰਤੂ ਉਹ V+S ਦੇ ਰੂਪ ਵਿੱਚ ਨਵੇਂ ਮੁੱਲ ਦਾ ਉਤਪਾਦਨ ਕਰਦੇ ਹਨ। ਇਸ ਤਰ੍ਹਾਂ ਇੱਕ ਖਾਸ ਸਮੇਂ ਦੁਰਾਨ ਪੈਦਾ ਕੀਤੇ ਜਿਨਸਾਂ ਦੇ ਸਮੂਹ ਦੇ ਮੁੱਲ ਨੂੰ ਇਸ ਤਰ੍ਹਾਂ ਦਰਸਾਇਆ ਜਾਂਦਾ ਹੈ:

C+V+S

**ਸਥਿਰ ਪੂੰਜੀ+ਅਸਥਿਰ ਪੂੰਜੀ+ਵਾਧੂ ਮੁੱਲ**

ਇਸ ਤਰ੍ਹਾਂ ਪੂੰਜੀ ਦਾ ਮੁੱਲ ਵਰਧਮਾਨ ਅਸਥਿਰ ਪੂੰਜੀ ਤੋਂ ਹੀ ਹੁੰਦਾ ਹੈ। ਮੁੱਲ ਵਰਧਮਾਨ ਦੇ ਪੱਧਰ ਨੂੰ ਸਮਝਣ ਲਈ ਮਾਰਕਸ ਨੇ ਵਾਧੂ ਮੁੱਲ ਦਾ ਅਸਥਿਰ ਪੂੰਜੀ ਨਾਲ ਸੰਬੰਧ ਜੋੜਿਆ। ਉਸ ਨੇ ਵਾਧੂ ਮੁੱਲ/ਅਸਥਿਰ ਪੂੰਜੀ (S/V) ਨੂੰ ਵਾਧੂ ਮੁੱਲ ਦੀ ਦਰ ਦਾ ਨਾਮ ਦਿੱਤਾ। ਇਹ ਕਿਰਤ ਸ਼ਕਤੀ ਦੀ ਲੁੱਟ ਦਾ ਮਾਪ ਵੀ ਹੈ। ਪੂੰਜੀਪਤੀ ਦਾ ਮੁੱਲ ਵਰਧਮਾਨ ਦਾ ਪੈਮਾਨਾ ਮੁਨਾਫ਼ੇ ਦੀ ਦਰ ਹੈ ਜੋ ਵਾਧੂ ਮੁੱਲ/ਸਥਿਰ ਪੂੰਜੀ+ਅਸਥਿਰ ਪੂੰਜੀ ਹੈ:

Rate of profit = S/(C+V)

ਮੁਨਾਫ਼ਾ ਅਤੇ ਮੁਨਾਫ਼ੇ ਦੀ ਦਰ ਪੂੰਜੀਵਾਦ ਦੇ ਰੋਜ਼ਾਨਾ ਜੀਵਨ ਵਿੱਚ ਫੈਸਲਾਕੁਨ ਭੂਮਿਕਾ ਨਿਭਾਉਂਦੇ ਹਨ। ਪੂਰਵ-ਪੂੰਜੀਵਾਦੀ ਸਮਾਜਾਂ ਵਿੱਚ ਵਟਾਂਦਰਾ ਮੁੱਲ ਦੀ ਥਾਂ ਵਰਤੋਂ ਮੁੱਲ ਦਾ ਬੋਲਬਾਲਾ ਸੀ। ਵਾਧੂ ਕਿਰਤ ਲੋੜਾਂ ਦੇ ਸੰਕੁਚਿਤ ਸਮੂਹ ਦੁਆਰਾ ਸੀਮਤ ਹੁੰਦੀ ਸੀ। ਪਰੰਤੂ ਪੂੰਜੀਵਾਦੀ ਸਮਾਜ 'ਚ ਵਾਧੂ ਮੁੱਲ ਲਈ ਬੇਥਾਹ ਭੁੱਖ ਖੁਦ ਉਤਪਾਦਨ ਦੇ ਚਰਿੱਤਰ 'ਚੋਂ ਹੀ ਜਨਮ ਲੈਂਦੀ ਹੈ। ਵਾਧੂ ਕਿਰਤ ਲਈ ਸੀਮਾਰਹਿਤ ਭੁੱਖ, ਜੋ ਪੂੰਜੀਵਾਦੀ ਪੈਦਾਵਾਰ ਦੇ ਢੰਗ ਦਾ ਲੱਛਣ ਹੈ, ਕਿਰਤੀ ਦੀ ਸਿਹਤ ਅਤੇ ਜ਼ਿੰਦਗੀ ਦੀ ਕੋਈ ਪ੍ਰਵਾਹ ਨਹੀਂ ਕਰਦੀ। ਇਸ ਤਰ੍ਹਾਂ ਲੁਕਵੇਂ ਰੂਪ 'ਚ ਕਿਰਤ ਸ਼ਕਤੀ ਦੀ ਬਰਬਾਦੀ ਤੇ ਮੋਹਰ ਲਾਉਂਦੀ ਹੈ। ਇਹ ਵਿਅਕਤੀਗਤ ਪੂੰਜੀਪਤੀਆਂ ਦੀ ਨੈਤਿਕ ਅਸਫਲਤਾ ਨਹੀਂ ਬਲਕਿ ਪੂੰਜੀਵਾਦੀ ਜਿਨਸ ਉਤਪਾਦਨ ਦਾ ਤਾਰਕਿਕ ਸਿੱਟਾ ਹੈ। ਪੂੰਜੀਪਤੀਆਂ ਦਰਮਿਆਨ ਮੁਕਾਬਲਾ ਹਰੇਕ ਪੂੰਜੀਪਤੀ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਖਰੀਦੀ ਗਈ ਜਿਨਸ ਦੀ ਵੱਧ ਤੋਂ ਵੱਧ ਵਰਤੋਂ ਕਰੇ। ਕਿਰਤੀ ਵੀ ਖਰੀਦਣ ਅਤੇ ਵੇਚਣ ਦੇ ਤਰਕ ਅਨੁਸਾਰ ਵਿਵਹਾਰ ਕਰਦੇ ਹੋਏ ਕੰਮ ਦੀ ਦਿਹਾੜੀ ਦੀ ਲੰਬਾਈ ਨੂੰ ਛੋਟੇ ਤੋਂ ਛੋਟਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਿਸ਼ਵ ਵਿੱਚ ਮੌਜੂਦਾ 8 ਘੰਟੇ ਦੀ ਦਿਹਾੜੀ ਕਿਰਤੀਆਂ ਦੀ ਲੰਬੀ ਜਦੋਜਹਿਦ ਦਾ ਨਤੀਜਾ ਹੈ। ਇਸ ਤਰ੍ਹਾਂ ਪੂੰਜੀਪਤੀ ਅਤੇ ਕਿਰਤੀ ਦੋਵੇਂ ਹੀ ਜਿਨਸ ਵਟਾਂਦਰੇ ਦੇ ਨਿਯਮਾਂ ਦਾ ਸਹਾਰਾ ਲੈਂਦੇ ਹਨ। ਪਰੰਤੂ ਮਾਰਕਸ ਅਨੁਸਾਰ "ਬਰਾਬਰ ਦੇ ਅਧਿਕਾਰਾਂ 'ਚ ਤਾਕਤ ਫੈਸਲਾ ਕਰਦੀ ਹੈ"। ਪੂੰਜੀ ਦੇ ਸਵੈ-ਮੁਲਵਰਧਨ ਦੀਆਂ ਕੋਈ ਸੀਮਾਵਾਂ ਨਹੀਂ ਹੁੰਦੀਆਂ ਅਤੇ ਇਸ ਕਰਕੇ ਮੁੱਲ ਵਰਧਨ ਦੀ ਕੋਈ ਦਰ ਨਹੀਂ ਹੁੰਦੀ। ਮਾਰਕਸ ਕੰਮ ਦੀ ਦਿਹਾੜੀ ਨੂੰ ਲੰਬਾ ਕਰਨ ਰਾਹੀਂ ਵਾਧੂ ਮੁੱਲ ਦੀ ਦਰ 'ਚ ਵਾਧਾ ਕਰਨ ਨੂੰ ਨਿਰਪੇਖ ਵਾਧੂ ਮੁੱਲ ਦਾ ਉਤਪਾਦਨ ਅਤੇ ਇਹ ਕੰਮ ਲੋੜੀਂਦਾ ਕਿਰਤ ਸਮਾਂ ਘਟਾਕੇ ਕਰਨ ਨੂੰ ਸਾਪੇਖ ਵਾਧੂ ਮੁੱਲ ਦਾ ਉਤਪਾਦਨ ਕਹਿੰਦਾ ਹੈ ਸਾਪੇਖ ਵਾਧੂ ਮੁੱਲ ਦੇ ਉਤਪਾਦਨ ਦਾ ਮਤਲਬ ਹੈ ਕਿਰਤ ਦੀ ਉਤਪਾਦਕਤਾ 'ਚ ਵਾਧਾ ਕਰਨ ਰਾਹੀਂ ਉਪਜੀਵਕਾ ਦੇ ਸਾਧਨਾਂ ਦੇ ਮੁੱਲ 'ਚ ਕਮੀ ਕਰਨੀ। ਜਦੋਂ ਕੋਈ ਵੀ ਪੂੰਜੀਪਤੀ ਦੂਜਿਆਂ ਨਾਲੋਂ ਪਹਿਲਾਂ ਕਿਸੇ ਖੇਤਰ 'ਚ ਕਿਰਤ ਦੀ ਉਤਪਾਦਕਤਾ 'ਚ ਵਾਧਾ ਕਰਦਾ ਹੈ ਤਾਂ ਉਸ ਨੂੰ ਫਾਲਤੂ ਵਾਧੂ ਮੁੱਲ ਪ੍ਰਾਪਤ ਹੁੰਦਾ ਹੈ। ਇਹ ਉਦੋਂ ਤੱਕ ਹੁੰਦਾ ਰਹਿੰਦਾ ਹੈ ਜਦੋਂ ਤੱਕ ਦੂਜੇ ਪੂੰਜੀਪਤੀ ਵੀ ਉਸ ਪੱਧਰ ਦਾ ਉਤਪਾਦਕਤਾ 'ਚ ਵਾਧਾ ਨਹੀਂ ਕਰ ਲੈਂਦੇ ਅਤੇ ਇਹ ਵਾਧਾ ਆਮ ਨਹੀਂ ਹੋ ਜਾਂਦਾ। ਦੂਸਰੇ ਪੂੰਜੀਪਤੀਆਂ ਲਈ ਕੀਮਤਾਂ ਦੇ ਮੁਕਾਬਲੇ 'ਚ ਬਣੇ ਰਹਿਣ ਲਈ ਉਤਪਾਦਕਤਾ 'ਚ ਵਾਧਾ ਕਰਨ ਅਤੇ ਲਾਗਤਾਂ ਘਟਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ। ਮੁਕਾਬਲਾ ਪੂੰਜਪਤੀਆਂ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਕਿਸੇ ਵੀ ਪੂੰਜੀਪਤੀ ਵੱਲੋਂ ਸ਼ੁਰੂ ਕੀਤੇ ਗਏ ਉਤਪਾਦਕਤਾ ਦੇ ਵਾਧੇ 'ਚ ਸ਼ਾਮਲ ਹੋਣ। ਪੂੰਜੀ ਦੇ ਅੰਤਰਨਿਹਿਤ ਨਿਯਮ, ਜਿਵੇਂ ਕਿ ਉਤਪਾਦਕਤਾ 'ਚ ਵਾਧਾ ਕਰਨਾ, ਵਿਅਕਤੀਗਤ ਪੂੰਜੀਪਤੀ ਦੀ ਇੱਛਾ ਤੋਂ ਅਜ਼ਾਦ ਹੁੰਦੇ ਹਨ। ਇਹ ਨਿਯਮ ਮੁਕਾਬਲੇ ਦੇ ਫੌਲਾਦੀ ਨਿਯਮਾਂ ਦੇ ਤੌਰ 'ਤੇ ਆਪਣੇ ਆਪ ਨੂੰ ਥੋਪਦੇ ਹਨ। ਇਸ ਲਈ ਪੂੰਜੀਪਤੀ ਇਨ੍ਹਾਂ ਦੇ ਥੋਪੇ ਜਾਣ ਦੀ ਇੰਤਜ਼ਾਰ ਨਹੀਂ ਕਰਦਾ ਬਲਕਿ ਖੁਦ ਸਭ ਤੋਂ ਪਹਿਲਾਂ ਉਤਪਾਦਕਤਾ 'ਚ ਵਾਧਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਪੇਖ ਮੁੱਲ 'ਚ ਵਾਧਾ ਕਰਨ ਦੇ ਵੱਖ ਵੱਖ ਢੰਗ ਹਨ ਜਿਵੇਂ ਕਿ ਸਹਿਕਾਰਿਤਾ, ਕਿਰਤ ਦੀ ਵੰਡ, ਮਸ਼ੀਨਰੀ ਦੀ ਵਰਤੋਂ ਕਰਨੀ, ਟੇਲਰਿਜ਼ਮ, ਅਸੈਂਬਲੀ ਲਾਈਨ, ਅਦਿ ਇਸੇ ਲਈ ਅਪਣਾਏ ਜਾਂਦੇ ਹਨ। ਅਜਿਹੇ ਢੰਗ ਅਪਣਾਕੇ ਪਹਿਲਾਂ ਜਿੰਨੀ ਕਿਰਤ ਦੀ ਮਾਤਰਾ ਖਰਚ ਕਰਕੇ ਵਧੇਰੇ ਉਤਪਾਦ ਪੈਦਾ ਕੀਤੇ ਜਾਂਦੇ ਹਨ। ਸਿੱਟੇ ਵਜੋਂ ਵਿਅਕਤੀਗਤ ਉਤਪਾਦਾਂ ਦਾ ਮੁੱਲ ਘਟ ਜਾਂਦਾ ਹੈ। ਉਤਪਾਦਨ ਦੀਆਂ ਪੂੰਜੀਵਾਦੀ ਹਾਲਤਾਂ ਤਹਿਤ ਵਧੀ ਹੋਈ ਕਿਰਤ ਦੀ ਉਤਪਾਦਕਤਾ ਪੂੰਜੀ ਦੀ ਉਤਪਾਦਕ ਸ਼ਕਤੀ ਜਾਪਦੀ ਹੈ। ਇਸ ਤਰ੍ਹਾਂ ਪੂੰਜੀ ਦੀ ਅਜਿਹੀ ਸ਼ਕਤੀ ਦੇ ਤੌਰ 'ਤੇ ਦਿੱਖ, ਜਿਸ ਕੋਲ ਆਪਣੀ ਉਤਪਾਦਕ ਸ਼ਕਤੀ ਹੈ, ਨੂੰ ਮਾਰਕਸ ਦੇ ਸ਼ਬਦਾਂ 'ਚ ਪੂੰਜੀ ਦੀ ਜੜ੍ਹ-ਪੂਜਾ ਕਿਹਾ ਜਾਂਦਾ ਹੈ ਜਿਸ ਦੀ ਬੁਨਿਆਦ ਉਤਪਾਦਨ ਪ੍ਰਕਿਰਿਆ ਦਾ ਪੂੰਜੀਵਾਦੀ ਸੰਗਠਨ ਹੈ। ਪੂੰਜੀਵਾਦੀ ਪ੍ਰਕਿਰਿਆ ਦਾ ਇੱਕੋ ਇੱਕ ਉਦੇਸ਼ ਮੁੱਲ ਵਰਧਨ ਹੈ। ਇਸ ਤਹਿਤ ਮਨੁੱਖੀ ਪ੍ਰਾਣੀਆਂ ਅਤੇ ਕੁਦਰਤ ਨੂੰ ਮਹਿਜ ਮੁੱਲ ਵਰਧਨ ਦੇ ਸੰਦ ਸਮਝਿਆ ਜਾਂਦਾ ਹੈ।

ਪੂੰਜੀ ਦੇ ਗੇੜ ਦੀ ਪ੍ਰਕਿਰਿਆ ਤਹਿਤ ਪੂੰਜੀ ਦੇ ਸੂਤਰ (M-C-M') ਦੇ ਤਿੰਨ ਪੜਾਅ ਹਨ:

ਪਹਿਲਾ, ਪੂੰਜੀਪਤੀ ਧਨ ਲੈ ਕੇ ਜਿਨਸ ਖਰੀਦਣ ਲਈ ਮੰਡੀ ਵਿੱਚ ਜਾਂਦਾ ਹੈ।ਉਹ ਪੈਦਾਵਾਰ ਦੇ ਸਾਧਨ (MP) ਅਤੇ ਕਿਰਤ ਸ਼ਕਤੀ (LP) ਖਰੀਦਦਾ ਹੈ ਅਤੇ ਇਸ ਤਰ੍ਹਾਂ ਆਪਣੇ ਧਨ ਨੂੰ ਉਤਪਾਦਕ ਪੂੰਜੀ (Productive capital) ਵਿੱਚ ਬਦਲਦਾ ਹੈ ਤਾਂ ਕਿ ਨਵੀਆਂ ਜਿਨਸਾਂ ਪੈਦਾ ਕੀਤੀਆਂ ਜਾ ਸਕਣ ਜਿਨ੍ਹਾਂ ਨੂੰ ਵੇਚਕੇ ਮੁਨਾਫ਼ਾ ਕਮਾਇਆ ਜਾ ਸਕੇ।

ਦੂਜਾ, ਪੂੰਜੀ ਦੇ ਗੇੜ ਦੀ ਪ੍ਰਕਿਰਿਆ ਵਿੱਚ ਰੁਕਾਵਟ ਪੈਂਦੀ ਹੈ। ਉਤਪਾਦਕ ਪੂੰਜੀ ਨੂੰ ਉਤਪਾਦਨ ਦੀ ਪ੍ਰਕਿਰਿਆ ਵਿੱਚ ਖਰਚ ਕੀਤਾ ਜਾਂਦਾ ਹੈ। ਇਸ ਪੂੰਜੀਵਾਦੀ ਉਤਪਾਦਨ ਪ੍ਰਕਿਰਿਆ ਦੇ ਸਿੱਟੇ ਵਜੋਂ ਜਿਨਸਾਂ ਦੀ ਨਵੀਂ ਮਾਤਰਾ ਪੈਦਾ ਹੁੰਦੀ ਹੈ ਜਿਸ ਨੂੰ ਜਿਨਸ ਪੂੰਜੀ (commodity capital) ਕਿਹਾ ਜਾਂਦਾ ਹੈ। ਇਹ ਲਗਾਈ ਗਈ ਪਹਿਲੀ ਪੂੰਜੀ ਨਾਲੋਂ ਸਿਫ਼ਤੀ ਤੌਰ ਤੇ ਵੱਖਰੀ ਹੁੰਦੀ ਹੈ ਅਤੇ ਇਸ ਦਾ ਮੁੱਲ ਵੀ ਪਹਿਲੀ ਪੂੰਜੀ ਨਾਲੋਂ ਜ਼ਿਆਦਾ ਹੁੰਦਾ ਹੈ।

ਤੀਜਾ, ਪੂੰਜੀ ਦੇ ਗੇੜ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ। ਹੁਣ ਪੂੰਜੀਪਤੀ ਨਵੀਂ ਜਿਨਸ ਦੇ ਵਿਕਰੇਤਾ ਦੇ ਤੌਰ ਤੇ ਮੰਡੀ 'ਚ ਪ੍ਰਵੇਸ਼ ਕਰਦਾ ਹੈ। ਉਹ ਹੁਣ ਜਿਨਸ ਦੀ ਨਵੀਂ ਮਾਤਰਾ (C') ਨੂੰ ਵੇਚਕੇ ਪਹਿਲਾਂ ਨਾਲੋਂ ਵਧੇਰੇ ਧਨ (M') ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਜਿਨਸ ਪੂੰਜੀ ਨੂੰ ਮੁੜ ਧਨ ਪੂੰਜੀ 'ਚ ਬਦਲਦਾ ਹੈ। ਪਰੰਤੂ ਹੁਣ ਇਸ ਦਾ ਮੁੱਲ ਵਰਧਨ ਹੋ ਚੁੱਕਾ ਹੁੰਦਾ ਹੈ। ਭਾਵ ਧਨ ਪੂੰਜੀ ਦੇ ਮੁੱਲ 'ਚ ਵਾਧੂ ਮੁੱਲ ਦੀ ਰਾਸ਼ੀ ਜਿੰਨਾ ਵਾਧਾ ਹੋ ਚੁੱਕਾ ਹੁੰਦਾ ਹੈ। ਮਾਰਕਸ ਇਸ ਪੂੰਜੀ ਨੂੰ ਜਿਹੜੀ ਤਿੰਨ ਰੂਪਾਂ ਧਨ ਪੂੰਜੀ, ਉਤਪਾਦਕ ਪੂੰਜੀ ਅਤੇ ਜਿਨਸ ਪੂੰਜੀ ਦੇ ਵਿੱਚੋਂ ਗੁਜਰਦੀ ਹੈ, ਸਨਅਤੀ ਪੂੰਜੀ ਕਹਿੰਦਾ ਹੈ ਸੇਵਾਵਾਂ ਦੇ ਕਾਰੋਬਾਰ 'ਚ ਨਿਵੇਸ਼ ਕੀਤੀ ਗਈ ਪੂੰਜੀ ਵੀ ਸੱਨਅਤੀ ਪੂੰਜੀ ਹੁੰਦੀ ਹੈ। ਇੱਕੋ ਇੱਕ ਫਰਕ ਇਹ ਹੁੰਦਾ ਹੈ ਕਿ ਤਿਆਰ ਮਾਲ (finished product), ਜਿਵੇਂ ਕਿ ਰੰਗਭੂਮੀ ਦੀ ਪੇਸ਼ਕਾਰੀ ਜਾਂ ਢੋਆ ਢੁਆਈ ਦੀ ਕਾਰਵਾਈ, ਪਦਾਰਥਕ ਵਸਤੂ ਨਹੀਂ ਹੁੰਦੀ ਜੋ ਅਜ਼ਾਦ ਜਿਨਸ ਦੇ ਤੌਰ ਤੇ ਕਾਰਜ ਕਰਦੀ ਹੋਵੇ। ਇਸ ਦਾ ਉਪਭੋਗ ਅਤੇ ਉਤਪਾਦਨ ਦੀ ਪ੍ਰਕਿਰਿਆ ਨਾਲੋ ਨਾਲ ਚਲਦੇ ਹਨ ਜਿਵੇਂ ਕਿ ਨਾਟਕ ਦੀ ਪੇਸ਼ਕਾਰੀ ਜਾਂ ਸਫਰ 'ਚ ਵਾਪਰਦਾ ਹੈ। ਇਸ ਨੂੰ ਸੂਤਰ ਦੇ ਰੂਪ 'ਚ ਇਸ ਤਰ੍ਹਾਂ ਦਿਖਾਇਆ ਜਾ ਸਕਦਾ ਹੈ:

M-C (MP+L)…*…P-M' ਜਾਂ
ਧਨ-ਜਿਨਸ (ਪੈਦਾਵਰ ਦੇ ਸਾਧਨ+ਕਿਰਤ ਸ਼ਕਤੀ)…*…ਉਤਪਾਦਕ ਪੂੰਜੀ-ਧਨ' (*ਇੱਥੇ ਜਿਨਸ ਗਾਇਬ ਹੈ)

ਪੂੰਜੀ ਦੇ ਤੀਜੇ ਭਾਗ ਵਿੱਚ ਮਾਰਕਸ ਦਾ ਮੁੱਖ ਸਰੋਕਾਰ ਸਮੁੱਚੇ ਤੌਰ 'ਤੇ ਵਿਚਾਰਿਆਂ ਪੂੰਜੀ ਦੀ ਗਤੀ (movement) 'ਚੋਂ ਪੈਦਾ ਹੁੰਦੇ ਠੋਸ ਰੂਪਾਂ ਨੂੰ ਖੋਜਣਾ ਅਤੇ ਪੇਸ਼ ਕਰਨਾ ਹੈ ਕਿ ਇਹ ਰੂਪ ਸਮਾਜ ਦੀ ਸਤ੍ਹਾ ਤੇ ਕਿਸ ਤਰ੍ਹਾਂ ਦੇ ਲੱਗਦੇ ਹਨ ਜਾਣੀ ਕਿ ਮੁਕਾਬਲੇ ਵਿੱਚ ਵੱਖ-ਵੱਖ ਪੂੰਜੀਆਂ ਦੀਆਂ ਇੱਕ ਦੂਜੀ ਉੱਪਰ ਕਿਰਿਆਵਾਂ ਅਤੇ ਖੁਦ ਪੈਦਾਵਾਰ ਦੇ ਏਜੰਟਾਂ ਦੀ ਨਿੱਤ ਦਿਨ ਦੀ ਚੇਤਨਾ ਵਿੱਚ ਕਿਸ ਤਰ੍ਹਾਂ ਦੇ ਲੱਗਦੇ ਹਨ। ਉਦਾਹਰਣ ਦੇ ਤੌਰ ਤੇ ਪੂੰਜੀਵਾਦੀ ਢੰਗ ਨਾਲ ਪੈਦਾ ਕੀਤੀ ਗਈ ਹਰੇਕ ਜਿਨਸ ਦਾ ਮੁੱਲ ਸਥਿਰ ਪੂੰਜੀ, ਅਸਥਿਰ ਪੂੰਜੀ ਅਤੇ ਵਾਧੂ ਮੁੱਲ ਦਾ ਜੋੜ ਹੁੰਦਾ ਹੈ। (C+V+S) ਜਾਂ ਦੂਸਰੇ ਸ਼ਬਦਾਂ ਵਿੱਚ ਪੈਦਾਵਾਰ ਦੇ ਸਾਧਨਾਂ ਦੇ ਮੁੱਲ ਅਤੇ ਕਿਰਤ ਦੀ ਵਰਤੋਂ ਰਾਹੀਂ ਸਿਰਜੇ ਗਏ ਨਵੇਂ ਮੁੱਲ ਦਾ ਜੋੜ ਹੁੰਦਾ ਹੈ। ਸਥਿਰ ਅਤੇ ਅਸਥਿਰ ਪੂੰਜੀ ਦੇ ਜੋੜ ਨੂੰ ਜਿਨਸ ਦੀ ਲਾਗਤ ਕਿਹਾ ਜਾਂਦਾ ਹੈ। ਜਿਨਸ ਦੇ ਮੁੱਲ ਦੀ ਸਿਰਜਨਾ ਦੇ ਪ੍ਰਸੰਗ 'ਚ ਸਥਿਰ ਅਤੇ ਅਸਥਿਰ ਪੂੰਜੀ ਦੀ ਭੂਮਿਕਾ ਵੱਖ ਵੱਖ ਹੁੰਦੀ ਹੈ। ਵਰਤੇ ਗਏ ਪੈਦਾਵਰ ਦੇ ਸਾਧਨਾਂ ਦਾ ਆਪਣਾ ਮੁੱਲ ਉਪਜ 'ਚ ਤਬਦੀਲ (transfer) ਹੋ ਜਾਂਦਾ ਹੈ ਪਰੰਤੂ ਕਿਰਤ ਸ਼ਕਤੀ ਖਰਚਣ ਨਾਲ ਇੱਕ ਨਵਾਂ ਮੁੱਲ ਉੱਪਜ 'ਚ ਤਬਦੀਲ ਹੂੰਦਾ ਹੈ। ਇਹ ਨਵਾਂ ਮੁੱਲ ਕਿਰਤ ਸ਼ਕਤੀ ਦੇ ਮੁੱਲ ਅਤੇ ਵਾਧੂ ਮੁੱਲ ਦੇ ਜੋੜ (V+S) ਦੇ ਬਰਾਬਰ ਹੁੰਦਾ ਹੈ। ਪਰੰਤੂ ਇਹ ਗੱਲ ਪ੍ਰਤੱਖ ਨਹੀਂ ਹੁੰਦੀ। ਇਹ ਇੱਕ ਭੇਦ ਬਣ ਜਾਂਦਾ ਹੈ। ਉਜਰਤ ਦੇ ਰੂਪ 'ਚ ਸਮੁੱਚੀ ਕਿਰਤ ਅਦਾ ਕੀਤੀ ਕਿਰਤ (paid labour) ਜਾਪਦੀ ਹੈ। ਪੂੰਜੀ ਦੇ ਦੋਵਾਂ ਭਾਗਾਂ 'ਚ ਬੁਨਿਆਦੀ ਵਖਰੇਵਾਂ ਸਪੱਸ਼ਟ ਰੂਪ 'ਚ ਦਿਖਾਈ ਨਹੀਂ ਦਿੰਦਾ। ਪੂੰਜੀਪਤੀ ਇੱਕੋ ਇੱਕ ਫਰਕ ਅਚਲ (Fixed) ਅਤੇ ਚਲਦੀ ਫਿਰਦੀ ਪੂੰਜੀ (Circulating capital) ਵਿੱਚ ਦੇਖਦਾ ਹੈ ਭਾਵੇਂ ਕਿ ਇਸ ਦਾ ਮੁੱਲ ਦੀ ਸਿਰਜਨਾ ਨਾਲ ਕੋਈ ਲਾਗਾ ਦੇਗਾ ਨਹੀਂ ਹੁੰਦਾ। ਪੂੰਜੀਪਤੀ ਸਮਝਦਾ ਹੈ ਕਿ ਵਾਧੂ ਮੁੱਲ ਪੂੰਜੀ ਦੇ ਸਾਰੇ ਭਾਗਾਂ 'ਚੋਂ ਸਮਾਨ ਰੂਪ 'ਚ ਪੈਦਾ ਹੁੰਦਾ ਹੈ। ਨਿਵੇਸ਼ ਕੀਤੀ ਕੁੱਲ ਪੂੰਜੀ ਦੇ ਫਲ਼ ਦੇ ਤੌਰ 'ਤੇ ਵਾਧੂ ਮੁੱਲ ਨੂੰ ਮੁਨਾਫ਼ਾ ਕਹਿੰਦੇ ਹਨ। ਪਰੰਤੂ ਮੁਨਾਫ਼ਾ ਅਤੇ ਵਾਧੂ ਮੁੱਲ ਇੱਕੋ ਚੀਜ਼ ਨਹੀਂ। ਵਾਧੂ ਮੁੱਲ ਨਵੇਂ ਮੁੱਲ ਦਾ ਉਹ ਹਿੱਸਾ ਹੁੰਦਾ ਹੈ ਜਿਹੜਾ ਕਿ ਕਿਰਤ ਸ਼ਕਤੀ ਦੇ ਮੁੱਲ ਤੋਂ ਵਾਧੂ ਹੁੰਦਾ ਹੈ ਜੋ ਕਿ ਜਿੰਦਾ ਕਿਰਤ ਦੁਆਰਾ ਸਿਰਜਿਆ ਗਿਆ ਹੁੰਦਾ ਹੈ। ਪੂੰਜੀਵਾਦੀ ਹਾਲਤਾਂ ਤਹਿਤ ਕਿਰਤ ਸ਼ਕਤੀ ਦੀ ਵਰਤੋਂ ਵਾਧੂ ਮੁੱਲ ਦਾ ਸਰੋਤ ਬਣਦੀ ਹੈ। ਦੂਸਰੇ ਪਾਸੇ ਮੁਨਾਫ਼ਾ ਜਿਨਸ ਦੇ ਉਤਪਾਦਨ ਲਈ ਨਿਵੇਸ਼ ਕੀਤੀ ਗਈ ਪੂੰਜੀ ਦੇ ਹਿੱਸੇ ਤੋਂ ਵੱਧ ਜਿਨਸ ਦੇ ਮੁੱਲ ਨੂੰ ਕਿਹਾ ਜਾਂਦਾ ਹੈ। ਇੱਥੇ ਪੂੰਜੀ ਮੁਨਾਫ਼ੇ ਦਾ ਕਾਰਨ ਜਾਪਦੀ ਹੈ। ਸੂਤਰ ਦੇ ਰੂਪ 'ਚ:

**ਮੁਨਾਫ਼ਾ=ਨਵੀਂ ਜਿਨਸ ਦਾ ਮੁੱਲ-ਨਿਵੇਸ਼ ਕੀਤੀ ਪੂੰਜੀ ਦਾ ਮੁੱਲ**

ਮਾਰਕਸ ਦੇ ਸ਼ਬਦਾਂ ਵਿੱਚ ਚੇਤਨਤਾ 'ਚ ਪੂੰਜੀ ਪੈਦਾਵਾਰ ਅਤੇ ਪੂੰਜੀ ਦੇ ਗੇੜ ਦੀਆਂ ਪ੍ਰਕਿਰਿਆਵਾ ਰਾਹੀਂ ਆਪਣੀ ਗਤੀ ਦੁਰਾਨ ਇਸ ਨਵੇਂ ਮੁੱਲ ਨੂੰ ਪੈਦਾ ਕਰਦੀ ਹੈ ਪਰੰਤੂ ਇਹ ਕਿਵੇਂ ਵਾਪਰਦਾ ਹੈ ਹੁਣ ਰਹੱਸਮਈ ਬਣ ਜਾਂਦਾ ਹੈ ਅਤੇ ਉਨ੍ਹਾਂ ਛੁਪੇ ਹੋਏ ਗੁਣਾ 'ਚੋਂ ਨਿਕਲਦਾ ਜਾਪਦਾ ਹੈ ਜੋ ਖੁਦ ਪੂੰਜੀ ਦੇ ਅੰਤਰ ਨਿਹਿਤ ਹਨ। ਕਿਉਂਕਿ ਉਜਰਤ ਨੂੰ ਕਿਰਤ-ਸ਼ਕਤੀ ਦੇ ਮੁੱਲ ਦੀ ਅਦਾਇਗੀ ਦੇ ਤੌਰ 'ਤੇ ਨਹੀਂ ਦੇਖਿਆ ਜਾਂਦਾ ਬਲਕਿ ਕਿਰਤ ਦੀ ਅਦਾਇਗੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਇਸ ਕਰਕੇ ਵਾਧੂ ਮੁੱਲ ਮੁਨਾਫ਼ੇ ਦੇ ਤੌਰ 'ਤੇ ਦਿਖਾਈ ਦਿੰਦਾ ਹੈ ਜਾਣੀ ਕਿ ਪੂੰਜੀ ਦੇ ਫਲ ਦੇ ਤੌਰ 'ਤੇ ਜੋ ਇੱਕ ਹੋਰ ਰਹੱਸਵਾਦ (mystification) ਹੈ। ਇਸ ਵਿਚਾਰ ਦੀ ਇਸ ਕਰਕੇ ਅਮਲੀ ਮਹੱਤਤਾ ਹੈ ਕਿਉਂਕਿ ਵਿਅਕਤੀਗਤ ਪੂੰਜੀਪਤੀ ਸਿਰਫ ਆਪਣੇ ਮੁਨਾਫ਼ 'ਚ ਦਿਲਚਸਪੀ ਰੱਖਦਾ ਹੈ।ਉਹ ਮੁਨਾਫ਼ੇ ਦੀ ਦਰ 'ਚ ਵੱਖ-ਵੱਖ ਢੰਗਾਂ ਨਾਲ ਵਾਧਾ ਕਰਦਾ ਹੈ ਜਿਵੇਂ ਕਿ ਸਥਿਰ ਪੂੰਜੀ ਦੀ ਵਰਤੋਂ 'ਚ ਬੱਚਤ ਕਰਕੇ, ਸਥਿਰ ਪੂੰਜੀ ਦੇ ਉਤਪਾਦਨ 'ਚ ਬੱਚਤ ਕਰਕੇ, ਪੂੰਜੀ ਦੇ ਗੇੜੇ (turnover) ਨੂੰ ਤੇਜ ਕਰਕੇ।

ਪੂੰਜੀਵਾਦੀ ਉਤਪਾਦਨ ਦੇ ਸੰਬੰਧਾਂ ਤਹਿਤ ਧਨ ਦੀ ਇੱਕ ਰਾਸ਼ੀ ਨੂੰ ਪੂੰਜੀ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਔਸਤ ਮੁਨਾਫ਼ੇ ਦੀ ਆਸ ਕੀਤੀ ਜਾ ਸਕਦੀ ਹੈ। ਧਨ ਹੁਣ ਮੁੱਲ ਦਾ ਅਜ਼ਾਦ ਪ੍ਰਗਟਾਵਾ ਨਹੀਂ ਰਹਿੰਦਾ (ਜਿਵੇਂ ਕਿ ਸਧਾਰਨ ਗੇੜ ਤਹਿਤ ਹੁੰਦਾ ਸੀ) ਬਲਕਿ ਸੰਭਾਵੀ ਪੂੰਜੀ (Potential capital) ਬਣ ਜਾਂਦਾ ਹੈ। ਇਸ ਬਾਰੇ ਮਾਰਕਸ ਕਹਿੰਦਾ ਹੈ:

ਇਸ ਸੰਭਾਵੀ ਪੂੰਜੀ ਦੀ ਸਮਰੱਥਾ 'ਚ, ਮੁਨਾਫ਼ੇ ਦੀ ਪੈਦਾਵਾਰ ਦੇ ਸਾਧਨ ਦੇ ਤੌਰ 'ਤੇ, ਇਹ ਇੱਕ ਜਿਨਸ ਬਣ ਜਾਂਦਾ ਹੈ ਪਰੰਤੂ ਇਹ ਜਿਨਸ ਇੱਕ ਖਾਸ ਕਿਸਮ ਦੀ ਹੁੰਦੀ ਹੈ। ਜਾਂ ਇਉਂ ਕਹਿ ਲਓ, ਪੂੰਜੀ ਇੱਕ ਜਿਨਸ ਬਣ ਜਾਂਦੀ ਹੈ।

ਇਸ ਵਿਲੱਖਣ ਜਿਨਸ ਦੀ ਵਿਕਰੀ ਦਾ ਵਿਲੱਖਣ ਰੂਪ ਹੁੰਦਾ ਹੈ। ਧਨ ਉਧਾਰ ਦਿੱਤਾ ਜਾਂਦਾ ਹੈ। ਪੂੰਜੀਵਾਦੀ ਹਾਲਤਾਂ ਤਹਿਤ ਇੱਕ ਖਾਸ ਸਮੇਂ ਦੇ ਅੰਦਰ ਮੁਨਾਫ਼ਾ ਦੇਣ ਦੀ ਯੋਗਤਾ ਨੂੰ ਵੇਚਿਆ ਜਾਂਦਾ ਹੈ। ਇਸ ਵਿਲੱਖਣ ਜਿਨਸ ਦੀ ਦਿੱਤੀ ਜਾਣ ਵਾਲੀ ਕੀਮਤ ਵਿਆਜ ਹੈ। ਇਹ ਵਿਆਜ ਉਸ ਮੁਨਾਫ਼ੇ 'ਚੋਂ ਦਿੱਤਾ ਜਾਂਦਾ ਹੈ ਜਿਹੜਾ ਕਿ ਧਨ ਦੀ ਮਦਦ ਨਾਲ ਬਣਾਇਆ ਜਾਂਦਾ ਹੈ। ਪੂੰਜੀਵਾਦੀ ਪ੍ਰਬੰਧ ਦੀ ਇਹ ਗੱਲ ਨਵੀਂ ਹੈ ਕਿ ਇੱਥੇ ਵੱਡੀ ਪੱਧਰ ਤੇ ਲਏ ਕਰਜ਼ੇ ਕਰਜ਼ਦਾਰਾਂ ਨੂੰ ਅਮੀਰ ਬਣਾਉਣ ਦਾ ਕੰਮ ਕਰਦੇ ਹਨ ਜਦੋਂ ਉਹ ਧਨ ਉਧਾਰ ਲੈ ਕੇ ਇਸ ਨੂੰ ਪੂੰਜੀ ਦੇ ਤੌਰ ਤੇ ਵਰਤਦੇ ਹਨ। ਅਧੁਨਿਕ ਵਿਆਜ ਵਾਲੀ ਪੂੰਜੀ ਦਾ ਗੇੜ ਕੁੱਝ ਇਸ ਤਰ੍ਹਾਂ ਹੈ:

(ਬਾਕੀ ਅਗਲੇ ਅੰਕ 'ਚ)

# ਸਥਾਪਤੀ ਵਿਰੁੱਧ ਬਗਾਵਤ ਦੀ ਧੀਮੀ ਸੁਰ ਦਾ ਧਾਰਨੀ – ਸੁਖਵਿੰਦਰ ਪੱਪੀ



ਪਰਦੀਪ ਕਸਬਾ

ਸਾਹਿਤ ਅਤੇ ਸਮਾਜ ਦਾ ਆਪਸੀ ਰਿਸ਼ਤਾ ਵੀ ਦਵੰਦਵਾਦੀ ਹੁੰਦਾ ਹੈ ਇਸ ਕਰਕੇ ਸਾਹਿਤ ਸਮਾਜ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ, ਸੁਖਵਿੰਦਰ ਪੱਪੀ ਦੀ ਕਵਿਤਾ ਇਕ ਵਿਸ਼ੇਸ਼ ਦੌਰ ਦੇ ਆਮਦ ਤੋਂ ਬਾਅਦ ਦੀ ਹੈ। ਇਹ ਦੌਰ ਜਦੋਂ ਪੰਜਾਬ ਵਿਚ ਹਰੀ ਕ੍ਰਾਂਤੀ ਦੇ ਬੀਜ ਨੇ ਇਥੋਂ ਆਰਥਿਕਤਾ ਨੂੰ ਹਲੂਣਾ ਮਾਰਿਆ, ਉਥੇ ਇਸ ਨੇ ਚੇਤਨਾ ਨੂੰ ਝੰਜੋੜਨ ਦਾ ਯਤਨ ਵੀ ਕੀਤਾ। ਇਹ ਇਸ ਸਮੇਂ ਵਿਚ ਹੋ ਰਹੀ ਸਮਾਜਿਕ ਉਥਲ-ਪੁਥਲ ਦਾ ਹੀ ਸਿੱਟਾ ਸੀ। ਜਿਸ ਕਾਰਨ ਪੰਜਾਬੀ ਬੰਦੇ ਅੰਦਰ ਵੱਖ-ਵੱਖ ਤਰ੍ਹਾਂ ਦੀ ਚੇਤਨਾ ਦੇ ਬੀਜ ਫੁੱਟ ਰਹੇ ਸਨ, ਉਹ ਹਾਲਤਾਂ, ਕਿਸਮਤਾਂ, ਉਦੇ ਹੁੰਦੇ ਜਾਂਦੇ ਮੁਨਾਰਿਆਂ ਦੇ ਕਾਰਨਾਂ ਨੂੰ ਘੋਖਣ ਦਾ ਯਤਨ ਕਰਨ ਲੱਗਾ, ਇਸ ਸਮਾਜਿਕ ਉਥਲ-ਪੁਥਲ ਦੇ ਦੌਰ ਨੇ ਨਵੀਂ ਜਮਾਤੀ ਵੰਡ ਦੇ ਪੜਾਅ ਨੂੰ ਸਥਾਪਤ ਕੀਤਾ ਅਤੇ ਬਹੁਤ ਲੋਕਾਂ ਦੀ ਮਿਹਨਤ ਦਾ ਸਿੱਟਾ ਇਹ ਵੀ ਨਿਕਲਿਆ ਕਿ ਉਹ ਆਪਣੀ 'ਮੰਜ਼ਿਲ ਮਕਦੂਦ' ਤੱਕ ਨਾ ਪਹੁੰਚ ਸਕੇ। ਭਾਵ ਆਪਣੀ ਜਮਾਤ ਨਾ ਬਦਲ ਸਕੇ। ਇਸ ਨਵੇਂ ਦੌਰ ਵਿਚ ਸਾਹਿਤ/ਕਵਿਤਾ ਵੀ ਪੁਰਾਣੇ ਚੌਖਟਿਆਂ ਨੂੰ ਤੋੜ ਕੇ ਬਾਹਰ ਅਤੇ ਪਹਿਲਾਂ ਦੀ ਝਰੀਵਾਦੀ ਕਵਿਤਾ ਦਾ ਨਕਾਰ ਕਰਕੇ ਨਵੇਂ ਪ੍ਰਤੀਮਾਨ ਸਥਾਪਤ ਕਰਨ ਲੱਗੀ। ਸਮਾਜਿਕ ਤਬਦੀਲੀ ਦੀ ਨਵੀਂ ਜਮਾਤ ਵੰਡ ਨੇ ਲੋਕਾਂ ਅੰਦਰ ਆਸਹਿਜ ਬੀਜ ਬੀਜ ਦਿੱਤਾ, ਜਿਸ ਦਾ ਸਿੱਟਾ ਨਿਕਲਿਆ ਕਿ ਸੱਤਰਵਿਆਂ ਵਿਚ ਮਨੁੱਖ ਦੀ ਅਸਲ ਮੰਜ਼ਿਲ ਦੀ ਪ੍ਰਾਪਤੀ ਲਈ ਜਿਥੇ ਹਥਿਆਰਬੰਦ ਜਿਹਾਦ ਨੇ ਸਿਰ ਚੁੱਕਿਆ, ਉਥੇ ਕਵਿਤਾ ਨੇ ਵੀ ਆਪਣਾ ਪੁਰਾਣਾ ਰੁਮਾਸ਼ਵਾਦੀ ਕਵਿਤਾ ਦੀ ਪੁੱਠ ਲਾਹ ਦਿੱਤੀ ਅਤੇ ਕਵਿਤਾ ਨੂੰ ਰੋਹ ਦੀ ਪਾਣ ਚਾੜ੍ਹ ਦਿੱਤਾ। ਰੋਹ ਦੀ ਪਾਣ ਵਿਚ ਬਹੁਤ ਸਾਰੀ ਕਵਿਤਾ ਤਾਂ ਝੱਲ ਵਾਂਗ ਹੀ ਅੱਖੋਂ ਲਾਤੇ ਹੋ ਗਈ, ਪ੍ਰੰਤੂ ਚੇਤਨਾ, ਚਿੰਤਨ, ਸੂਖਮਤਾ ਅਤੇ ਸੁਹਜ ਭਰੀ ਕਵਿਤਾ ਭਵਿੱਖ ਲਈ ਅਮਿੱਟ ਪੈੜਾਂ ਛੱਡ ਗਈ, ਸੁਖਵਿੰਦਰ ਪੱਪੀ ਨੇ ਅਜਿਹੇ ਸਮੇਂ ਕਵਿਤਾ ਦੀ ਰਚਨਾ ਕੀਤੀ ਜਦੋਂ ਪੰਜਾਬ ਦੀ ਧਰਤੀ 'ਤੇ ਕਮਿਊਨਿਸਟ ਹੋਣ ਦਾ ਐਲਾਨ ਕਰਨਾ ਮੌਤ ਦੇ ਵਰੰਟ 'ਤੇ ਅੰਗੂਠਾ ਲਾਉਣ ਦੇ ਬਰਾਬਰ ਸੀ। ਅਜਿਹੇ ਦੌਰ ਵਿਚ ਕਵੀ ਕਮਿਊਨਿਸਟ ਹੋਣ ਦਾ ਐਲਾਨ ਵੀ ਕਰਦਾ ਹੈ ਤੇ ਵਿਚਾਰਧਾਰਾ ਉਪਰ ਪਹਿਰਾ ਦਿੰਦਾ ਹੋਇਆ ਉਸ ਨੂੰ ਅਸਲ ਵਿਚ ਲਾਗੂ ਵੀ ਕਰਨ ਦੀ ਜਦੋ ਜਹਿਦ ਵੀ ਕਰਦਾ ਹੈ।

ਵੈਸੇ ਤਾਂ ਸਮੁੱਚੀ ਪੰਜਾਬੀ ਨਕਸਲੀ ਕਵਿਤਾ ਵਿਚ ਸਿੱਖ ਇਤਿਹਾਸ ਦੇ ਨਾਇਕਾਂ ਦਾ ਵੇਰਵਾ ਇਸ ਕਵਿਤਾ ਦਾ ਇਕ ਵੱਖਰਾ ਪਛਾਣ ਚਿੰਨ੍ਹ ਹੈ। ਜੋ ਪ੍ਰਗਤੀਵਾਦੀ ਕਵਿਤਾ ਵਿਚ ਗੈਰ ਹਾਜ਼ਰ ਰਹਿੰਦਾ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਹ ਲੋਕਾਈ ਨੂੰ ਮਹਾਨ ਨਾਇਕ ਦੀ ਉਡੀਕ ਕਰਨ ਦੀ ਬਜਾਏ ਆਪਣੇ ਨਾਇਕਾਂ ਦੇ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਤ ਕਰਦੀ ਹੈ। ਨਕਸਲੀ ਕਵਿਤਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ ਤੇ ਬੰਦਾ ਸਿੰਘ ਬਹਾਦਰ ਆਦਿ ਜੁਝਾਰੂਆਂ ਨੂੰ ਆਪਣੀ ਕਵਿਤਾ ਵਿਚ ਨਾਇਕ ਚਿੱਤਵਦੀ ਹੈ। ਅਜਿਹੇ ਹੀ ਨਾਇਕ ਬਿੰਬਾਂ ਨੂੰ ਨਕਸਲੀ ਕਵੀ ਦਰਸ਼ਨ ਖੱਟਕੜ, ਜੈਮਲ ਸਿੰਘ ਪੱਡਾ, ਸੰਤ ਰਾਮ ਉਦਾਸੀ ਹੋਰਾਂ ਦੀ ਕਵਿਤਾ ਉਭਾਰਦੀ ਹੈ, ਸੁਖਵਿੰਦਰ ਪੱਪੀ ਵੀ ਇਸੇ ਪੈੜ ਵਿਚ ਆਪਣੀ ਪੈੜ ਧਰਦਾ ਹੋਇਆ ਪ੍ਰਤੀਤ ਹੁੰਦਾ ਹੈ ਜਦ ਉਹ ਕਹਿੰਦਾ ਹੈ :

**ਅਸੀਂ ਕਦ ਭੁੱਲੇ ਹਾਂ ਗੁਰੂ**
**ਅਸੀਂ ਕਦੇ ਵੀ ਭੁੱਲੇ ਨਹੀਂ ਤੈਨੂੰ**
**ਸਾਨੂੰ ਸਭ ਯਾਦ ਹੈ**
**ਯਾਦ ਹੈ ਤੇ**
**ਕਲਗੀ**
**ਨੀਲਾ ਘੋੜਾ**
**ਚਿੱਟਾ ਬਾਜ**
**ਰੇਸ਼ਮੀ ਚੋਲਾ**
ਸਭ ਯਾਦ ਹੈ ਸਾਨੂੰ ਮਿੱਤਰ ਪਿਆਰੇ।

ਕਵੀ ਕਵਿਤਾ ਰਾਹੀਂ ਲੋਟੂ ਨਿਜ਼ਾਮ ਖਿਲਾਫ਼ ਲੜਨ ਦਾ ਦਮ ਵੀ ਭਰਦਾ ਹੈ, ਆਪਣੀ ਸਥਾਪਤੀ ਵਿਰੁੱਧ ਬਗਾਵਤ ਦੀ ਧੀਮੀ ਸੁਰ ਦਾ ਧਾਰਨੀ ਹੈ ਪਰ ਨਿਰਾਸ਼ਾਵਾਦੀ ਨਹੀਂ ਸਗੋਂ ਇਨਕਲਾਬ ਵਿਚ ਪੱਕਾ ਵਿਸ਼ਵਾਸ ਹੈ ਤੇ ਸਮੇਂ ਦੇ ਆਉਣ 'ਤੇ ਨਿਜ਼ਾਮ ਹੱਥੋਂ ਮਾਰੇ ਗਏ, ਲੁੱਟੇ ਗਏ ਹਰ ਮਨੁੱਖ ਨੂੰ ਇਨਸਾਫ਼ ਦੇਣ ਦਾ ਦਾਅਵਾ ਵੀ ਕਰਦਾ ਹੈ। ਪੂੰਜੀਵਾਦੀ ਕੀਮਤਾਂ ਨੇ ਮਾਨਵਵਾਦੀ ਮੁੱਲਾਂ ਦਾ ਘਾਣ ਕਰਕੇ ਮਨੁੱਖਤਾ ਨੂੰ ਸਮਾਜ ਵਿਚ ਨਸਟ ਕਰਨ ਦਾ ਇਕ ਗੈਰ ਮਨੁੱਖੀ ਯਤਨ ਅਰੰਭਿਆ ਹੋਇਆ ਹੈ, ਕਵੀ ਆਸਵੰਦ ਹੈ ਕਿ ਜਿਹੜਾ ਸਿਸਟਮ ਮਨੁੱਖ ਲਈ ਕਲਿਆਣਕਾਰੀ ਨਹੀਂ ਉਸਦਾ ਖਾਤਮਾ ਇਕ ਦਿਨ ਲੋਕ ਸ਼ਕਤੀ ਕਰੇਗੀ ਤੇ ਵਕਤ ਦੇ ਆਉਣ 'ਤੇ ਸਜ਼ਾਵਾਂ ਵੀ ਦਿੱਤੀਆਂ ਜਾਣਗੀਆਂ ਜਿਸ ਦੀ ਸਾਹਸੀ ਕਵੀ ਕੁਝ ਇਸ ਭਰਦਾ ਹੈ:

ਕਾਤਲਾਂ ਨੂੰ ਸਜ਼ਾਵਾਂ ਦੇਣ ਲਈ

ਆਦਮੀ ਦੀ ਰੂਹ 'ਚ ਪੈਂਦੇ ਵੈਣਾਂ ਨੂੰ ਗਵਾਹ ਬਣਾਵੇਂਗੇ ਅਸੀਂ ਕਾਤਲਾਂ ਨੂੰ ਸਜ਼ਾਵਾਂ ਦੇਣ ਲਈ

ਜਲਾਲ ਵਰਤ ਦੇ ਟੁਕੜਿਆਂ ਨੂੰ ਦਿਲ ਦੀ ਮੇਜ਼ 'ਤੇ ਟਿਕਾਵਾਂਗੇ ਅਸੀਂ।

ਜਮਾਤੀ ਸਮਾਜਕ ਤਾਣੇ ਬਾਣੇ ਅੰਦਰ ਧਰਮ ਇਕ ਅਜਿਹੀ ਸੰਸਥਾ ਹੈ ਜਿਸ ਦਾ ਕਿਰਦਾਰ ਵੀ ਜਮਾਤੀ ਹੁੰਦਾ ਹੈ, ਧਰਮ ਨੂੰ ਹਮੇਸ਼ਾ ਹੀ ਰਾਜ ਕਰਦੀਆਂ ਸ਼੍ਰੇਣੀਆਂ ਨੂੰ ਆਪਣੀ ਲੁੱਟ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਹੈ। ਮੌਜੂਦਾ ਸਮੇਂ ਵਿਚ ਰਾਜਨੀਤੀ ਤੇ ਧਰਮ ਇਸ ਤਰ੍ਹਾਂ ਰਲਗਡ ਹੋ ਚੁੱਕੇ ਹਨ ਇਨ੍ਹਾਂ ਦੋਨਾਂ ਨੂੰ ਅਲੱਗ ਕਰਕੇ ਦੇਖਣਾ ਮੁਸ਼ਕਿਲ ਹੋ ਚੁੱਕਾ ਹੈ, ਭਾਰਤੀ ਪ੍ਰਬੰਦ ਦੇ ਉਚ ਉਸਾਰ ਵਿਚ ਪਿਆ ਧਰਮ ਇਕ ਜਟਿਲ ਸਮੱਸਿਆ ਬਣ ਚੁੱਕਾ ਹੈ। ਧਰਮ ਰਾਜਨੀਤੀ ਤੇ ਕਾਨੂੰਨ ਧਰਮ ਦੇ ਆਪਸੀ ਸੰਸਥਾਗਤ ਰਿਸ਼ਤੇ ਤੇ ਚੋਟ ਲਗਾਉਂਦੇ ਕਵੀ ਹਾਕਮ ਜਮਾਤ, ਧਰਮ ਕਾਨੂੰਨ ਤਿੰਨਾਂ ਦੀ ਇਕਜੁਟਤਾ ਨੂੰ ਲੋਕਾਂ ਖਿਲਾਫ਼ ਭੁਗਤਦੀ ਹੋਣ ਦੀ ਨਿਸ਼ਾਨਦੇਹੀ ਵੀ ਕਰਦਾ ਹੈ,

**ਮੈਂ ਹਾਕਮ ਹਾਂ ਭਾਰਤ ਵਰਸ਼ ਦਾ**
**ਦੱਸੋ ਇਨ੍ਹਾਂ ਨੂੰ**
**ਕਿ ਮੈਂ ਮੁਫ਼ਤ ਖੂਨ ਵੰਡਦਾਹਾਂ**
**ਗੋਸਤ ਵੰਡਦਾ ਹਾਂ ਸਿਰਫ ਚੰਵ ਖੰਜਰਾਂ ਬਦਲੇ**
**ਕਹਿਰ ਦੀ ਤਪਸ਼ ਮੌਸਮਾਂ ਅੰਦਰ**
**ਕਾਨੂੰਨ ਦੇ ਹਰਫ਼ਾਂ ਦੀ ਸੀਤ ਬਰਫ਼ ਵੰਡਦਾ ਹਾਂ।**

ਅਜੋਕੇ ਪੂੰਜੀਵਾਦ ਦੁਆਰਾ ਪੂਰੀ ਮਾਨਵਤਾ ਨੂੰ ਆਪਣੇ ਸਿਕੰਜੇ ਵਿਚ ਕੱਸ ਲਿਆ ਹੋਣ ਕਰਕੇ ਲੇਖਕ/ਸਾਹਿਤਕਾਰ ਵੀ ਇਸ ਤੋਂ ਬਚ ਨਹੀਂ ਸਕਿਆ। ਇਸ ਦੇ ਸਿੱਟੇ ਵਜੋਂ ਉਹ ਵੀ ਪੂੰਜੀਵਾਦ-ਪੱਖਪਾਤ ਸਭਿਆਚਾਰ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ, ਇਸ ਉਪਭੋਗਤਾਵਾਦੀ ਪ੍ਰਬੰਧ ਨੇ ਸਾਹਿਤ ਨੂੰ ਵੇਚ ਤੇ ਖਰੀਦ ਵਸਤੂ ਬਣਾ ਕੇ ਰੱਖ ਦਿੱਤਾ ਹੈ। ਅਜੋਕੇ ਸਾਹਿਤਕਾਰ ਦੀ ਜ਼ਿੰਦਗੀ ਦਾ ਮਕਸਦ ਸਿਰਫ ਪੈਸਾ ਕਮਾਉਣਾ ਹੀ ਰਹਿ ਗਿਆ ਹੈ, "ਕਾਰਲ ਮਾਰਕਸ ਨੇ ਲੇਖਕ ਨੂੰ ਅਜਿਹੀ ਭੈੜੀ ਮਾਨਸਿਕਤਾ ਤੋਂ ਬਚਣ ਦੀ ਸਲਾਹ ਦਿੰਦਿਆਂ ਲਿਖਿਆ ਹੈ ਕਿ "ਇਹ ਠੀਕ ਹੈ ਕਿ ਲੇਖਕ ਨੂੰ ਜਿਊਣ ਤੇ ਲਿਖਣਯੋਗ ਹੋਣ ਲਈ ਕਮਾਈ ਕਰਨੀ ਪੈਂਦੀ ਹੈ। ਪਰ ਉਸ ਨੂੰ ਕਿਸੇ ਵੀ ਸੂਰਤ ਵਿਚ ਕਮਾਈ ਕਰਨ ਲਈ ਜਿਊਣਾ ਜਾਂ ਲਿਖਣਾ ਨਹੀਂ ਚਾਹੀਦਾ।" ਸੁਖਵਿੰਦਰ ਪੱਪੀ ਕਾਵਿ ਰਚਨਾ ਨੂੰ ਹਥਿਆਰ ਵਜੋਂ ਵਰਤਾ ਹੈ ਤੇ ਨਾਲ ਹੀ ਉਹ ਉਨ੍ਹਾਂ ਸਰਕਾਰੀ ਕਵੀਆਂ, ਚਿੱਤਰਕਾਰਾਂ ਨੂੰ ਵੰਗਾਰਦਾ ਹੋਇਆ ਆਪਣੇ ਸ਼ਿਕਵੇ ਵੀ ਜ਼ਾਹਿਰ ਕਰਦਾ ਹੈ।

**ਲੰਘ ਜਾਉ ਤੁਸੀਂ ਵੀ**
**ਜਿਵੇਂ ਸਾਰਾ ਸ਼ਹਿਰ ਲੰਘ ਗਿਆ।**
**ਊਲ ਜਲੂਲਵਾਦ ਦੇ ਪ੍ਰਸਿੱਧ ਕਵੀਓ**
**ਚਿੱਤਰਕਾਰੋ, ਦਿਲਦਾਰੋ, ਮੇਰੇ ਯਾਰੋ,**
**ਮੈਂ ਕੁਝ ਸਦੀਆਂ ਹੋਰ, ਕੱਲਾ ਹੀ ਤੜਪ ਲਵਾਂਗਾ**
**ਮੈਂ ਉਡੀਕਾਂਗਾ ਦੂਰ ਸਮੁੰਦਰ 'ਚ ਝਗੜ ਕੇ ਲੜਦੇ ਜਹਾਜ਼ੀਆਂ ਵਾਅਦੇ ਦੀ ਆਵਾਜ਼।**

ਸਾਡੇ ਸਮਾਜ ਦੀ ਬਦਰਤ ਅਰਕ ਜਗੀਰੂ ਅਤੇ ਅਰਧ ਬਸਤੀਵਾਦੀ ਵਾਲੀ ਹੈ ਸੁਭਾਵਿਕ ਹੈ ਕਿ ਅਜਿਹੇ ਸਮਾਜ ਅੰਦਰ ਮਰਦ ਪ੍ਰਧਾਨ ਸੋਚ ਹਾਵੀ ਰਹਿੰਦੀ ਹੈ, ਅਜਿਹੇ ਸਮਾਜ ਵਿਚ ਮਰਦ ਔਰਤ ਤੇ ਹਰ ਪੱਖੋਂ ਭਾਰੂ ਰਹਿੰਦਾ ਹੈ, ਉਸ ਦੀ ਹੋਣੀ ਉਸਦੇ ਪਿਤਾ, ਭਰਾ, ਪਤੀ ਅਤੇ ਪੁੱਤਰ ਹੱਥ ਹੁੰਦੀ ਹੈ, ਔਰਤ



ਹਮੇਸ਼ਾ ਹੀ ਆਪਣੇ ਅਧੂਰੇ ਆਪੇ 'ਤੇ ਝੂਰਦੀ ਹੋਈ ਬੇਵਸੀ ਦੀ ਹਾਲਤ ਬਹੁਤ ਵਾਰ ਹਲਾਤ ਨਾਲ ਸਮਝੌਤਾ ਕਰ ਲੈਂਦੀ ਹੈ ਪਰ ਉਸਦੀ ਅੰਦਰਲੀ ਔਰਤ ਸੰਤਾਪ ਭੋਗਦੀ ਰਹਿੰਦੀ ਹੈ। ਔਰਤ ਹਮੇਸ਼ਾ ਹੀ ਸਮੁੰਦਰ ਦੀ ਤਰ੍ਹਾਂ ਬਾਹਰੋਂ ਸ਼ਾਂਤ ਦਿੱਖਣ ਵਾਲੀ ਆਪਣੇ ਅੰਦਰ ਜਵਾਲਾਮੁਖੀ ਲੈ ਜ਼ਿੰਦਗੀ ਗੁਜ਼ਾਰਦੀ ਹੈ। ਔਰਤ ਦੀ ਇਸ ਅੰਦਰਲੀ ਵਿਧਾ ਨੂੰ ਕਵੀ ਵੱਖਰੇ ਹੀ ਅੰਦਾਜ਼ ਵਿਚ ਪੇਸ਼ ਕਰਦਾ ਹੈ :

**ਰੁੱਖਾਂ ਦੀ ਜੀਰਾਂਦ ਦੇ**
**ਪਤਾਲ ਦਾ ਲਵਾ ਕਦੇ**
**ਖਲਾਂ ਦੀ ਚਾਂਦੀ ਕਦੇ**
**ਕੇ ਬਲਦੇ ਕੋਲਿਆਂ ਦੀ ਅਗਨ**
**ਔਰਤ ਕੀ ਹੈ ?**

ਸੁਖਵਿੰਦਰ ਪੱਪੀ ਆਪਣੀ ਕਵਿਤਾ ਵਿਚ ਇਤਿਹਾਸਕ/ਮਿਥਿਹਾਸਕ ਹਵਾਲਿਆਂ ਦੀ ਭਰਪੂਰ ਵਰਤੋਂ ਕਰਦਾ ਹੈ ਪਰ ਉਹ ਇਨ੍ਹਾਂ ਦਾ ਜਮਾਤੀ ਨਜ਼ਰੀਏ ਤੋਂ ਨਵ ਵਿਆਖਿਆ ਵੀ ਪੇਸ਼ ਕਰਦਾ ਹੈ। ਉਹ ਮਿਥਿਆਦੇ ਪ੍ਰਚਲਤ ਅਰਥਾਂ ਨੂੰ ਉਲਟਾ ਦੇਣ ਦੀ ਜੁਗਤ ਵਰਤਦਾ ਹੈ ਉਸਦੀ ਜੁਗਤ ਮਿਥਿਹਾਸ ਨਾਲ ਸਹਿਜੇ ਹੀ ਪਾਠਕਾਂ ਦੇ ਮਨ ਅੰਦਰ ਵਿਚਾਰਧਾਰਕ ਵਿਸਫੋਟ ਕਰਕੇ ਨਵੇਂ ਅਰਥਾਂ ਦੀ ਸਿਰਜਣਾ ਕਰਦੀ ਹੈ, ਸਿਰਜਿਤ ਭਾਸ਼ਾ ਦੀਆਂ ਨਵੀਆਂ ਕਾਵਿ ਜੁਗਤਾਂ ਦੇ ਪਰਿਪੇਖ ਵਿਚ ਹੀ ਕਵੀ ਸਵੈ-ਕੁੰਫਿਤ ਅਨੁਭਵ ਵਿਚ ਸਮਾਜਕ ਸੋਚ ਤੇ ਕਥਾਵਾਂ ਨੂੰ ਜਾਣ ਕੇ ਪੁਰਾਣੀ ਖੋਖਲੀ ਤੇ ਅਰਥਹੀਣ ਸਮਾਜਿਕ ਸੰਰਚਨਾ ਨੂੰ ਤੋੜਦਾ ਹੋਇਆ ਕਾਵਿ ਸ਼ਬਦਾਂ ਤੋਂ ਨਵੇਂ ਅਰਥ ਪ੍ਰਬੰਧ ਦੀ ਸਿਰਜਣਾ ਦਾ ਮੋੜ ਮੁੜਦਾ ਹੈ। ਜੰਡ ਸਾਹਿਬਾਂ ਤੇ ਮਿਰਜਾ ਕਾਵਿ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੋਇਆ ਕਹਿੰਦਾ ਹੈ।

**ਜੰਡ ਤੋਂ ਬਿਨਾਂ ਕਿਹੜਾ ਕੋਈ ਮਰ ਨਹੀਂ ਸਕਦਾ**
**ਵਰਤ ਨੂੰ ਗਾਲ੍ਹ ਕੱਢਕੇ ਸਾਹਿਬਾਂ ਤੋਂ ਬਿਨਾਂ ਵੀ ਸੁੱਤਾ ਜਾ ਸਕਦੈ।**

ਯੁੱਧ ਸ਼ੁਰੂ ਤੋਂ ਹੀ ਮਨੁੱਖੀ ਜ਼ਿੰਦਗੀ ਦੇ ਇਤਿਹਾਸ ਦਾ ਅਹਿਮ ਹਿੱਸਾ ਰਿਹਾ ਹੈ, ਯੁੱਧ ਤੇ ਯੁੱਧ ਲੜਨ ਵਾਲਿਆਂ ਦਾ ਵੱਖਰਾ ਇਤਿਹਾਸ ਤੇ ਦ੍ਰਿਸ਼ਟੀਕੋਣ ਰਿਹਾ ਹੈ, ਯੁੱਧ ਵਿਚ ਜਾਨੀ ਮਾਲੀ ਨੁਕਸਾਨ ਦਾ ਵੀ ਇਕ ਵੱਖਰਾ ਅੰਕੜਾ ਹੈ ਪਰ ਕਵੀ ਦਾ ਬੁੱਧ ਨੂੰ ਦੇਖਣ ਦਾ ਦ੍ਰਿਸ਼ਟੀਕੋਣ ਦਵੰਤਾਮਿਕ ਹੈ ਉਹ ਬਾਹਰੀ ਮੈਦਾਨਾਂ ਵਿਚ ਲੜੇ ਜਾ ਰਹੇ ਬੁੱਧ ਤੋਂ ਹਟ ਕੇ ਮਨੁੱਖੀ ਮਨ ਵਿਚ ਪਰਤ-ਦਰ-ਪਰਤ ਚੱਲ ਰਹੇ ਬੁੱਧ ਦੀ ਗੱਲ ਕਰਦਾ ਹੈ। ਉਸਦਾ ਮੰਨਣਾ ਹੈ ਕਿ ਮਨੁੱਖ ਮਨ ਵਿਚ ਜੋ ਬੁੱਧ ਚੱਲ ਰਿਹਾ ਹੁੰਦਾ ਹੈ ਉਸ ਨੂੰ ਮੈਦਾਨ ਦੀ ਜ਼ਰੂਰਤ ਨਹੀਂ ਤੇ ਨਾ ਹੀ ਹਥਿਆਰਾਂ ਦੀ, ਇਹ ਉਸਦੇ ਆਪਣੇ ਨਾਲ ਚੱਲ ਰਿਹਾ ਹੁੰਦਾ ਹੈ ਜਿਸ ਵਿਚ ਉਹ ਆਪ ਹੀ ਆਪਣਾ ਵਿਰੋਧੀ ਦੁਸ਼ਮਣ ਹੋਣ ਦੀ ਭੂਮਿਕਾ ਅਦਾ ਕਰਦਾ ਹੈ, ਕਾਵਿ ਮਨੁੱਖੀ ਮਨ ਵਿਚ ਚੱਲ ਰਹੇ ਯੁੱਧ ਦੀਆਂ ਸੂਖਮਤਾਂ ਨਾਲ ਬੇਬਾਕੀ ਨਾਲ ਛੇੜ-ਛਾੜ ਕਰਦਾ ਹੈ। ਫਿਰ ਬਾਹਰੀ ਮੈਦਾਨਾਂ ਵਿਚ ਚੱਲ ਰਹੇ ਯੁੱਧ ਦੇ ਮੁਕਾਬਲਤਨ ਮਨੁੱਖ ਦੇ ਦਵੰਦਵਾਦੀ ਮਨ ਅੰਦਰ ਚੱਲ ਰਿਹਾ ਬੁੱਧ ਉਸ ਸਮੇਂ ਵੀ ਚਲ ਰਿਹਾ ਹੁੰਦਾ ਹੈ ਜਦੋਂ ਕਿੱਤੇ ਮੈਦਾਨਾਂ ਵਿਚ ਨਹੀਂ ਦਿੱਖ ਰਿਹਾ ਹੁੰਦਾ ਤੇ ਨਿਰੰਤਰ ਜਾਰੀ ਰਹਿੰਦੀ ਹੈ, ਮਨੁੱਖ ਦੇ ਆਪਣੇ ਆਪ ਨਾਲ ਚੱਲ ਰਹੇ ਸੰਘਰਸ਼ ਰੂਪ ਯੁੱਧ ਨੂੰ ਆਪਣੀ ਕਵਿਤਾ ਅੰਦਰ ਨਿਵੇਕਲੀ ਥਾਂ 'ਤੇ ਰੱਖਦਾ ਹੈ।

**ਬੁੱਧ ਸਿਰਫ ਉਹੀ ਨਹੀਂ ਹੁੰਦਾ**
**ਜੋ ਕਲਿੰਗਾ ਤੇ ਪਾਣੀਪਤ ਦੇ ਮੈਦਾਨ 'ਚ ਲੜਿਆ ਜਾਂਦਾ ਹੈ**
**ਜੋ ਚਮਕੌਰ ਦੀ ਗੜ੍ਹੀ, ਲੱਖੀ ਕੇ ਜੰਗਲ 'ਚ,**
.......
**ਯੁੱਧ ਉਹ ਵੀ ਹੁੰਦਾ ਹੈ**

ਜਦ ਕੋਈ ਬੁੱਧ ਘਰ ਤੋਂ ਬਾਹਰ ਦੀ ਦਹਿਲੀਜ਼ ਤੇ ਪੈਰ ਧਰਦਾ ਹੈ।

ਸਮਾਜ ਪ੍ਰਬੰਧ ਦੀ ਸਭ ਤੋਂ ਮੁਢਲੀ ਇਕਾਈ ਘਰ ਪ੍ਰਬੰਧ ਹੈ ਅਤੇ ਇਸ ਪ੍ਰਬੰਧ ਦੀ ਯੁੱਧ ਸੈਨਾ ਦੀ ਸਭ ਤੋਂ ਛੋਟੀ ਟੁਕੜੀ ਵੀ ਘਰ ਹੈ। ਘਰ ਇਕ ਕ੍ਰਾਂਤੀਕਾਰੀ ਜਾਂ ਸਮਾਜ ਨੂੰ ਬਦਲਣ ਵਾਲੇ ਹਰ ਯੋਧੇ ਨੂੰ ਘਰ ਆਪਣੀਆਂ ਖੁਹਾਇਸ਼ਾਂ ਰੂਪੀ ਬੇੜੀਆਂ ਵਿਚ ਕੈਦ ਕਰਨ ਦਾ ਯਤਨ ਕਰਦਾ ਹੈ। ਉਸਦੇ ਪੂਰਵਜ਼ ਜਿਨ੍ਹਾਂ ਦੀ ਪੈੜ ਵਿਚ ਪੈੜ ਧਰਨ ਦਾ ਕਵੀ ਦਾਅਵਾ ਕਰਦਾ ਹੈ। ਬੁੱਧ, ਨਾਨਕ ਦੁਆਰਾ ਵਿਰਸੇ ਵਿਚੋਂ ਮਿਲੀਆਂ ਪ੍ਰੰਪਰਾਵਾਂ ਉਸ ਨੂੰ ਸਮਾਜ ਨੂੰ ਬਦਲਣ ਦੀ ਪ੍ਰੇਰਣਾ ਦਿੰਦੇ ਹਨ, ਘਰ ਅਤੇ ਸਮਾਜ ਨੂੰ ਬਦਲਣ ਦਾ ਦਵੰਦ ਉਸਦੀ ਮਾਨਸਿਕਤਾ ਦਾ ਹਿੱਸਾ ਹੈ ਘਰ ਤੇ ਪਰਿਵਾਰਕ ਰਿਸ਼ਤਿਆਂ ਦੀ ਖਿੱਚ ਅਤੇ ਸਮਾਜ ਨੂੰ ਬਦਲਣ ਦਾ ਜਨੂੰਨ ਤੇ ਸਿਧਾਂਤ ਦੇ ਵਿਰੋਧ ਵਿਕਾਸੀ ਦਵੰਦਵਾਦ ਨੂੰ ਆਪਣੀ ਖਹਿਬਾਜ਼ੀ ਨੂੰ ਕਵੀ ਆਪਣੀ ਕਾਵਿ ਰਾਹੀਂ ਪੇਸ਼ ਕਰਦਾ ਹੈ। ਘਰ ਇਕ ਅਜਿਹਾ ਜੰਡ ਹੈ ਜਿਥੇ ਮਨੁੱਖ ਆਪਣੀਆਂ ਸਾਰੀਆਂ ਇੱਛਾਵਾਂ, ਮਨੋਕਾਮਨਾਵਾਂ ਤੇ ਸੁਪਨਿਆਂ ਨੂੰ ਆਪਣੇ ਆਪ ਖਤਮ ਕਰ ਲੈਂਦਾ ਹੈ। ਸਮਾਜਿਕ ਪ੍ਰਬੰਧ ਵਿਚ ਘਰ ਮਨੁੱਖ ਦੀਆਂ ਭਾਵਨਾਵਾਂ ਦੀ ਮਜਬੂਤ ਦਾਅਵੇਦਾਰੀ ਪੇਸ਼ ਕਰਦਾ ਹੈ। ਇਸ ਦਾਅਵੇਦਾਰੀ ਦੇ ਉਲਟੇ ਰੁੱਖ ਚੱਲਣ ਦੀ ਪਰਵਾਜ ਹਰ ਕਿਸੇ ਮਨੁੱਖ ਹਿੱਸੇ ਨਹੀਂ ਆਉਂਦਾ ਜਾਂ ਫਿਰ ਇਹ ਕਹਿ ਲਿਆ ਜਾਵੇ ਕਿ ਹਰ ਮਨੁੱਖ ਦੇ ਖਿਲਾਫ਼ ਬਗਾਵਤ ਕਰਨ ਦੀ ਹਿੰਮਤ ਨਹੀਂ ਜੁਟਾ ਸਕਦਾ। ਕਵੀ ਆਪਣੀ ਕਾਵਿ ਰਚਨਾ ਨੂੰ ਸਮਾਜ ਦੀਆਂ ਇਨ੍ਹਾਂ ਬਾਰੀਕੀਆਂ ਨੂੰ ਆਪਣੀ ਕਾਵਿ ਰਚਨਾ ਦੀ ਸੰਵੇਦਨਸ਼ੀਲਤਾ ਦਾ ਅੰਗ ਬਣਾਉਂਦਾ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ :

**ਘਰ ਮੇਰੇ ਸੁਪਨਿਆਂ ਦੀ ਜਗ੍ਹਾ ਨਹੀਂ**
**ਜਿਥੇ ਤੇਰਾ ਖ਼ਤ ਸਭ ਤੋਂ ਖਤਰਨਾਕ ਦਸਤਾਵੇਜ਼ ਹੈ**
.....
**ਘਰ ਉਹ ਜੰਡ ਹੈ ਜਿਥੇ ਤਰਕਸ਼ ਸਾਹਿਬਾਂ ਨਹੀਂ**
**ਬੰਦਾ ਖੁਦ ਹੀ ਟੰਗ ਲੈਂਦਾ ਹੈ**
**ਫਿਰ ਵੀਰ ਸ਼ਮੀਰ ਮਿਰਜੇ ਦੇ ਕਤਲ 'ਤੇ ਨਹੀਂ**
**ਉਸਦੇ ਜਿਊਣ 'ਤੇ ਹੱਸਦੇ ਨੇ।**

ਭਾਰਤ ਵਰਗੇ ਪਛੜੇ ਮੁਲਕਾਂ ਵਿਚਲੀ ਸਰਮਾਏਦਾਰੀ ਦਾ ਕਿਰਦਾਰ ਦਲਾਲ ਹੋਣ ਕਰਕੇ ਇਹ ਸਰਮਾਏਦਾਰੀ ਪੂਰੀ ਤਰ੍ਹਾਂ ਸਾਮਰਾਜੀ ਤਾਕਤਾਂ 'ਤੇ ਨਿਰਭਰ ਕਰਦੀ ਹੈ। ਇਹ ਇਕ ਅਜਿਹੀ ਕੜੀ ਹੈ ਜਿਸ ਰਾਹੀਂ ਸਾਮਰਾਜੀ ਤਾਕਤਾਂ ਲੁੱਟ ਕਰਦੀਆਂ ਹਨ। ਅਜੋਕੇ ਸਮੇਂ ਵਿਚ ਸਾਮਰਾਜੀ ਮੁਲਕ ਆਪਣੀਆਂ ਨਵੀਆਂ ਆਰਥਿਕ ਨੀਤੀਆਂ ਤਹਿਤ ਭਾਰਤ ਵਰਗੇ ਪਛੜੇ ਮੁਲਕਾਂ ਦੀ ਲੁੱਟ ਕਰ ਰਹੇ ਹਨ। ਇਨ੍ਹਾਂ ਨਵੀਆਂ ਆਰਥਿਕ ਨੀਤੀਆਂ ਨੇ ਭਾਰਤ ਦੀ ਆਰਥਿਕਤਾ ਨੂੰ ਸਾਮਰਾਜੀ ਤਾਕਤਾਂ ਦੇ ਕੰਟਰੋਲ ਹੇਠ ਰੱਖ ਦਿੱਤਾ ਹੈ ਇਸ ਤਰ੍ਹਾਂ ਦੇ ਆਰਥਿਕ ਪ੍ਰਬੰਧ ਤੇ ਉਸਰਿਆ ਸਾਰਾ ਹੀ ਢਾਂਚਾ ਸਮਾਜਿਕ ਤਾਣੇ-ਬਾਣੇ ਨੂੰ ਪ੍ਰਭਾਵਿਤ ਵੀ ਕਰਦਾਹੈ। ਸਮਾਜ ਅੰਦਰ ਪੈਦਾ ਹਰ ਕਦਰ ਨੂੰ ਪੈਸੇ ਨਾਲ ਜੋੜ ਦੇਖਿਆ ਜਾਂਦਾ ਹੈ। ਇਹੀ ਧੰਦੂਕਾਰਾ ਸਾਡੇ ਸਮਾਜਿਕ ਰਿਸ਼ਤਿਆਂ ਵਿਚ ਵੀ ਵਿਖਾਈ ਦਿੰਦਾ ਹੈ। ਇਹ ਰਿਸ਼ਤੇ ਇਕ ਅਜਿਹੀ ਗੁੰਝਲਦਾਰ ਸੰਸਥਾ ਬਣ ਚੁੱਕੇ ਹਨ ਕਿ ਮੌਜੂਦਾ ਮਨੁੱਖ ਇਨ੍ਹਾਂ ਰਿਸ਼ਤਿਆਂ ਨੂੰ ਨਾ ਚਾਹੁੰਦੇ ਹੋਇਆਂ ਵੀ ਨਹੀਂ ਛੱਡ ਸਕਦਾ, ਇਨ੍ਹਾਂ ਸਮਾਜਿਕ ਰਿਸ਼ਤਿਆਂ ਦੇ ਆਪਸੀ ਦਵੰਦ ਦੀ ਪੇਸ਼ਕਾਰੀ ਕੁਝ ਇਸ ਤਰ੍ਹਾਂ ਕਰਦਾ ਹੈ :

**ਮੇਰੀ ਨਜ਼ਰ 'ਚ ਆਦਮੀ ਦਾ**
**ਚਿਹਰਾ ਗਿਰ ਚੁੱਕਾ ਹੈ**
**ਹਰ ਰਿਸ਼ਤੇ ਦਾ ਨਾ**
**ਮੇਰੀ ਦਿਲ ਦੀ ਜੇਬ 'ਚ ਗੁਆਚ ਚੁੱਕਾ ਹੈ**
**ਹੁਣ ਆਦਮੀ ਨੂੰ ਮੈਂ ਚਿਹਰੇ ਤੋਂ ਨਹੀਂ**
**ਉਸਦੀ ਗਰਜ ਤੋਂ ਪਹਿਚਾਨਦਾ ਹਾਂ।**

ਅਜੋਕੇ ਭਾਰਤੀ ਸਮਾਜ ਦੀ ਧਰਾਤਲ 'ਤੇ ਖੜ ਕੇ ਕਵੀ ਇਤਿਹਾਸ ਦੇ ਸੈਂਕੜੇ ਸਾਲ ਪਹਿਲਾਂ ਹੋਈਆਂ ਬਗਾਵਤਾਂ ਦੇ ਨਾਇਕਾਵਾਂ ਦੀ ਪੁਨਰ ਸਿਰਜਨਾ ਕਰਦਾ ਹੋਇਆ, ਉਨ੍ਹਾਂ ਦੇ ਜੁਝਾਰੂ ਘੋਲ ਦੀ ਮਹੱਤਤਾ ਨੂੰ ਮੌਜੂਦਾ ਦੌਰ ਦੇ ਪ੍ਰਸੰਗ ਵਿਚ ਦੇਖਦਾ ਹੋਇਆ ਲੋਟੂ ਨਜ਼ਾਮ ਦੁਆਰਾ ਕੀਤੀ ਜਾਂਦੀ ਬੇਰਹਿਮ ਲੁੱਟ ਨੂੰ ਵੰਗਾਰਦਾ ਹੈ, ਉਹ ਇਥੇ ਹੀ ਨਹੀਂ ਰੁਕਦਾ ਇਸ ਤੋਂ ਅੱਗੇ ਕਦਮ ਰੱਖਦਾ ਹੋਇਆ ਕਿਰਤੀਆਂ ਦੀ ਸਦੀਆਂ ਤੋਂ ਹੁੰਦੀ ਆ ਰਹੀ ਲੁੱਟ ਨੂੰ ਬੇਪਰਦ ਕਰਦਾ ਹੈ। ਲੁਟੇਰਿਆਂ ਦੀ ਇਤਿਹਾਸ ਦੇ ਹਰ ਯੁੱਗ ਵਿਚ ਇਕੋ ਜਮਾਤ ਹੁੰਦੀ ਹੈ ਤੇ ਉਨ੍ਹਾਂ ਦਾ ਕੰਮ ਲੁੱਟ-ਜਬਰ, ਅਨਿਆਂ ਕਰਨਾ ਹੁੰਦਾਹੈ। ਇਸ ਦੇ ਉਲਟ ਝੱਟੇ ਜਾਣੇ ਵਾਲੇ ਕਿਰਤੀਆਂ ਦੀ ਵੀ ਇਕ ਵੱਖਰੀ ਜਮਾਤ ਹੁੰਦੀ ਹੈ। ਇਤਿਹਾਸਕ ਪਾਤਰਾਂ ਨਾਲ ਕਵੀ ਕਵੀ ਵਰਤਾ ਕਰਦਾ ਹੋਇਆ ਸਦੀਆਂ ਦੇ ਫਾਸਲਿਆਂ ਨੂੰ ਛੜਪਿਆ ਨਾਲ ਉਲੰਘਦਾ ਹੋਇਆ, ਸੰਘਰਸ਼ ਤੇ ਕੁਰਬਾਨੀਆਂ ਨੂੰ ਸਮਾਜਿਕ ਨਿਆਂ ਦੇ ਮਸਲੇ ਨਾਲ ਜੋੜਦਾ ਹੈ। ਲੁੱਟ-ਜਬਰ ਦੇ ਖਿਲਾਫ਼ ਸੰਘਰਸ਼ ਹਰ ਸਮਾਜ ਵਿਚ ਰਿਹਾ ਹੈ। ਇਹੋ ਸਾਂਝ ਹੀ ਸਦੀਆਂ ਦੇ ਵਕਫੇ ਨੂੰ ਖਤਮ ਕਰਕੇ ਹਰ ਇਕ ਕਵੀ ਜਮਾਤੀ ਸੰਘਰਸ਼ ਦੀਆਂ ਤੰਦਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਇਆ ਸੰਸਾਰ ਪੱਧਰ ਦੇ ਕਿਰਤੀਆਂ ਦੀ ਲੁੱਟ ਦੇ ਖਿਲਾਫ਼ ਸੰਘਰਸ਼ ਨੂੰ ਇਕ ਹੋ ਕੇ ਦੇਖਦਾ ਹੈ। ਸਦੀਆਂ ਦਾ ਕੋਈ ਵਕਫ਼ਾ ਨਹੀਂ ਸਪਾਰਟਾਕਸ ਕਾਵਿ ਰਾਹੀਂ ਕਵੀ ਆਪਣੀ ਦੁਨੀਆਂ ਭਰ ਦੇ ਕਿਰਤੀਆਂ ਨਾਲ ਸਾਂਝ ਪਾਉਂਦਾ ਹੈ :

**ਸਦੀਆਂ ਦਾ ਕੋਈ ਵਕਫਾ ਨਹੀਂ ਸਪਾਰਟਾਕਸ਼**
**ਕਿਤਾਬ ਦੇ ਇਕੋ ਸਫ਼ੇ 'ਤੇ**
**ਲਿਖੀ ਜਾ ਸਕਦੀ ਹੈ**
**ਤੇਰੀ ਤੇ ਮੇਰੀ ਜੀਵਨ ਕਥਾ**
**ਰੋਮ ਦੇ ਸਿਲਾਲੇਖਾਂ 'ਚ**
**ਤੇਰਾ ਚਿਤਰ ਤੜਪਦਾ ਹੈ**
**ਮੈਂ ਤੜਪਦਾ ਹਾਂ ਇਸ ਸਹਿਮ ਭਿੱਜੀ ਰਾਤ ਵਿਚ।**

ਨਵੀਆਂ ਆਰਥਿਕ ਨੀਤੀਆਂ ਆਉਣ ਨਾਲ ਮਨੁੱਖ ਅੰਦਰ ਨਿੱਜਵਾਦ ਭਾਰੂ ਹੋ ਜਾਣ ਨਾਲ ਸਥਿਤੀ ਹੋਰ ਵੀ ਬਦ ਤੋਂ ਬਦਤਰ ਹੋ ਚੁੱਕੀ ਹੈ। ਮੱਧਵਰਗੀ ਬੁੱਧੀਜੀਵੀ ਦੇ ਸਾਹਿਤਕਾਰ ਕਿਸੇ ਤਰ੍ਹਾਂ ਦੇ ਸਮਾਜਿਕ ਮੂਲ ਕਦਰ ਨਾਲ ਬੋਲਤਾ ਰਿਹਾ ਇਹ ਫਿਰ ਵੀ ਸਮਾਜਿਕ ਪੱਖੋਂ ਸਾਰਥਿਕ ਸਾਹਿਤ ਪੈਦਾ ਕਰਦਾ ਰਿਹਾ ਪਰ ਜਿਉਂ ਹੀ ਇਸ ਦਾ ਸਮਾਜਿਕ ਮੂਲ ਕਦਰ (ਮਨੁੱਖੀ ਬਰਾਬਰਤਾ ਤੇ ਲੁੱਟ ਖਿਲਾਫ਼ ਲੜਨ ਦਾ ਮਾਦਾ) ਨਾਲੋਂ ਟੁੱਟ ਗਿਆ, ਇਸ ਨੇ ਖੁਦਗਰਜ਼ੀ ਦਾ ਝੰਡਾ ਚੁੱਕ ਲਿਆ। ਪ੍ਰਯੋਗਵਾਦ ਅਤੇ ਆਧੁਨਿਕਤਾਵਾਦ ਲਈ ਖੁਦਗਰਜੀ ਸਭ ਤੋਂ ਵੱਧ ਮਨਭਾਉਂਦਾ ਵਿਸ਼ਾਹੈ। ਇਹ ਸਮਾਂ ਪਰਿਵਾਰ ਤੇ ਸਮਾਜ ਦੇ ਮੁਕਾਬਲੇ ਉਤੇ ਵਿਅਕਤੀ ਦੇ ਉਭਰਨ ਦਾ ਸਮਾਂ ਹੈ, ਕੇਂਦਰੀ ਸਥਾਨ ਵਿਅਕਤੀ ਮੱਲ ਲੈਂਦਾ ਹੈ, ਸਾਹਿਤ ਰਚਨਾ ਸਮਾਜ ਲਈ ਨਾ ਹੋ ਕੇ ਵਿਅਕਤੀ ਨਿੱਜ ਲਈ ਹੋ ਰਹੀ ਹੈ। ਸਾਹਿਤ ਸਮੂਹਿਕ ਖਪਤ ਦੀ ਵਸਤੂ ਨਾ ਰਹਿ ਕੇ ਵਿਅਕਤੀਗਤ ਖਪਤ ਦੀ ਚੀਜ਼ ਬਣ ਗਿਆ ਹੈ। ਕੁਝ ਅਜਿਹੀ ਹੀ ਪੀੜਾ ਦਾ ਅਹਿਸਾਸ ਕਵੀ ਆਪਣੀ ਕਾਵਿ ਰਚਨਾ ਰਾਹੀਂ ਮਹਿਸੂਸ ਕਰਦਾ ਪ੍ਰਤੀਤ ਹੁੰਦਾ ਹੈ।

**ਮਰ ਰਹੇ ਨੇ ਸ਼ਬਦ ਮੇਰੇ ਜਿਹਨ'ਚ**
**ਜ਼ਫ਼ਰਨਾਮਾ ਖਤਰਾਣੇ ਦੀ ਢਾਬ**
**ਲੱਖੀ ਦਾ ਜੰਗਲ ਚਮਕੌਰ ਦੀ ਗੜ੍ਹੀ**
**ਵਕਤ ਦੀ ਸਰਸਾ ਨਦੀ 'ਚ**
**ਸਭ ਕੁਝ ਵਹਿ ਰਿਹਾ ਹੈ।**



ਹਰੀਪਾਲ
403-714-4816

# ਟੈਕਸਾਂ ਦਾ ਬੋਝ ਕਾਰਪੋਰੇਸ਼ਨਾਂ ਨਹੀਂ, ਆਮ ਲੋਕ ਚੱਕਦੇ ਹਨ




*ਘਰਾਂ ਵਿੱਚ ਲੜਾਈਆਂ ਦਾ ਵੱਡਾ ਕਾਰਨ ਇਹ ਆਰਥਿਕ ਖਿਚੋਤਾਣ ਹੈ। ਕੈਨੇਡਾ ਕੋਲ਼ ਇੰਨੇ ਕੁਦਰਤੀ ਸਾਧਨ ਹਨ, ਸਾਡੇ ਕੋਲ਼ ਸੋਨਾ ਹੈ, ਲੱਕੜ ਹੈ, ਹੀਰੇ ਹਨ, ਤੇਲ ਹੈ, ਅਬਰਕ ਹੈ, ਸਲਫ਼ਰ ਹੈ, ਕੁਦਰਤੀ ਗੈਸ ਦੇ ਭੰਡਾਰ ਹਨ, ਫਿਰ ਵੀ ਅਸੀਂ ਗਰੀਬੀ ਹੰਢਾ ਰਹੇ ਹਾਂ, ਕੰਮਾਂ ਦੇ ਭੰਨੇ ਪਏ ਹਾਂ, ਆਖਿਰ ਇਹ ਕਿਉਂ ਹੈ?*

ਆਮ ਲੋਕ ਸੋਲਾਂ ਸੋਲਾਂ ਘੰਟੇ ਟੈਕਸੀ ਚਲਾਈ ਜਾਂਦੇ ਹਨ, ਹਫਤਾ ਹਫਤਾ ਟਰੱਕ ਲੈ ਕੇ ਗਏ ਘਰ ਨਹੀਂ ਮੁੜਦੇ, ਫੈਕਟਰੀਆਂ ਵਿੱਚ ਦੋ ਦੋ ਸ਼ਿਫਟਾਂ ਕੰਮ ਕਰੀ ਜਾਂਦੇ ਹਨ ਤਾਂ ਕਿ ਆਪਦੇ ਬਿੱਲ ਵਗੈਰਾ ਪੇ ਕਰਦੇ ਰਹਿਣ। ਪੈਸੇ ਦੀ ਖਿੱਚੋ ਤਾਣ ਵਿੱਚ ਜ਼ਿੰਦਗੀ ਕੱਢ ਦਿੰਦੇ ਹਨ। ਜਾਣੀ ਕਿ ਕੰਮ ਕਰਦੇ ਹਨ ਕਿਸ਼ਤਾਂ ਭਰਦੇ ਹਨ ਅਤੇ ਕਿਸ਼ਤਾਂ ਵਿੱਚ ਹੀ ਤੁਰਦੇ ਬਣਦੇ ਹਨ। ਕੰਮ ਕਰਦੇ ਕਰਦੇ ਕੋਈ ਨਾਂ ਕੋਈ ਬਿਮਾਰੀ ਸਹੇੜ ਲੈਂਦੇ ਹਨ, ਜਾਂ ਬਹੁਤੀ ਸ਼ਰਾਬ ਪੀਣ ਕਰਕੇ ਚਲਦੇ ਬਣਦੇ ਹਨ। ਤੁਸੀਂ ਮੰਨੋ ਜਾਂ ਨਾ ਮੰਨੋ ਜਿੰਨਾਂ ਫੰਡ ਲੋਕ ਰਿਟਾਇਰਮੈਂਟ ਵਿੱਚ ਪਾਂਉਦੇ ਹਨ ਉਨਾ ਵੀ ਵਾਪਸ ਨਹੀਂ ਲੈਂਦੇ ਪਹਿਲਾਂ ਹੀ ਤੁਰ ਜਾਂਦੇ ਹਨ। ਲੋਕ ਰਿਟਾਇਰਮੈਂਟ ਤੋਂ ਬਾਅਦ ਇੰਨੀ ਛੇਤੀ ਮਰ ਜਾਂਦੇ ਹਨ ਇਸਦਾ ਕਾਰਨ ਆਪ ਦੇ ਵਿੱਤ ਵੱਧ ਕੰਮ ਕਰਨਾਂ ਅਤੇ ਹਰ ਵੇਲ਼ੇ ਕੰਮ ਦੀ ਸਟਰੈਸ ਹੰਢਾਉਣਾ ਵੀ ਹੈ। ਉਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਉਹਨਾਂ ਕੋਲ਼ ਵਕਤ ਹੀ ਨਹੀਂ ਇਹ ਸੋਚਣ ਦਾ ਕਿ ਉਹਨਾਂ ਦੀ ਕਮਾਈ ਨੂੰ ਕੋਈ ਸੰਨ੍ਹ ਲਾ ਰਿਹਾ ਹੈ। ਜਦ ਕਦੇ ਆਰਥਿਕ ਮੰਦਾ ਵਗੈਰਾ ਆਉਂਦਾ ਹੈ ਫਿਰ ਨਸਲਵਾਦੀ ਸੰਗਠਨਾਂ ਨੂੰ ਹੱਲਾ ਸੇ ਦਿੱਤੀ ਜਾਂਦੀ ਹੈ। ਲੋਕ ਇਹਨਾਂ ਨਸਲਵਾਦੀ ਜੱਥੇਬੰਦੀਆਂ ਨਾਲ਼ ਲੜਦੇ ਰਹਿ ਜਾਂਦੇ ਹਨ ਅਤੇ ਸਰਮਾਏਦਾਰ ਆਪਦੀ ਲੁੱਟ ਖਸੁੱਟ ਦਾ ਕੰਮ ਅਰਾਮ ਨਾਲ਼ ਕਰੀ ਜਾਂਦੇ ਹਨ। ਸਰਕਾਰ ਕੋਈ ਵੀ ਆਵੇ ਲੋਕਾਂ ਦੀ ਲੁੱਟ ਖਸੁੱਟ ਬਰਕਰਾਰ ਰਹਿੰਦੀ ਹੈ। ਵੋਟਾਂ ਸਿਰਫ ਜੁਮਲੇਬੰਦੀ ਨਾਲ਼ ਬੱਝ ਕੇ ਰਹਿ ਗਈਆਂ ਹਨ। ਜਿੰਨਾ ਵੱਡਾ ਕੋਈ ਲੀਡਰ ਸਬਜ਼ਬਾਗ ਲੋਕਾਂ ਨੂੰ ਦਿਖਾਂਉਦਾ ਹੈ ਉਨੀਆਂ ਹੀ ਵੱਧ ਉਹ ਵੋਟਾਂ ਲੈ ਜਾਂਦਾ ਹੈ। ਆਪਣਾਂ ਵਿਸ਼ਾ ਤਾਂ ਟੈਕਸਾਂ ਦਾ ਹੈ, ਚਲੋ ਇਹਨਾਂ ਵਾਰੇ ਕੋਈ ਗੱਲ ਕਰੀਏ। ਚੱਲੋ ਫਰਜ਼ ਕਰੋ ਕਿ ਬਿਜਨਿਸ ਨੇ 40% ਟੈਕਸ ਦੇਣਾ ਹੈ ਉਹ ਕੀ ਕਰਦੇ ਹਨ, ਇੱਕ ਉਦਾਹਰਣ ਹੈ, ਕਿ ਇੱਕ ਕੰਪਨੀ ਨੇ ਇੱਕ ਕੰਪਿਊਟਰ 600 ਡਾਲਰ ਦਾ ਵੇਚਣਾ ਹੈ, ਹੁਣ ਉਸਨੇ 40% ਟੈਕਸ ਵੀ ਦੇਣਾ ਹੈ, ਉਹ ਕੀ ਕਰਦੀ ਹੈ ਉਹ ਪਹਿਲਾਂ ਹੀ ਕੰਪਿਊਟਰ ਦੀ ਕੀਮਤ ਇੱਕ ਹਜਾਰ ਰੱਖ ਦਿੰਦੀ ਹੈ ਜਾਣੀ ਕਿ ਜਿਹੜਾ ਟੈਕਸ ਦੇਣਾ ਹੈ ਉਹ ਵੀ ਗਾਹਕ ਦੇ ਕੋਲ਼ੋਂ ਹੀ ਲੈ ਲਿਆ। ਫੇਰ ਤੁਸੀਂ ਕਹੋਗੇ ਕਿ ਸੇਲਾਂ ਤੇ ਐਨਾਂ ਸਸਤਾ ਸਮਾਨ ਕਿਵੇਂ ਮਿਲਦਾ ਹੈ। ਹੁਣ ਫਰਜ ਕਰੋ ਕਿ ਕੰਪਨੀ ਨੇ ਹਜਾਰ ਕੰਪਿਊਟਰ ਬਣਾਇਆ ਪਰ ਉਹਨਾਂ ਨੇ ਆਪਦਾ ਨਫਾ 800 ਕੰਪਿਊਟਰਾਂ ਵਿੱਚੋਂ ਕੱਢ ਲਿਆ, ਫਿਰ ਬਾਕੀ 200 ਕੰਪਿਊਟਰ ਉਹ ਚਾਹੇ ਫਰੀ ਵੀ ਦੇ ਦੇਣ ਉਹ ਫਿਰ ਵੀ ਨਫੇ ਵਿੱਚ ਹੀ ਰਹਿੰਦੇ ਹਨ ਪਰ ਉਹ ਕਦੇ ਵੀ ਕੋਈ ਚੀਜ਼ ਫਰੀ ਨਹੀਂ ਦੇਣਗੇ । ਇਹ ਤਾਂ ਸੀ ਸਿਰਫ ਇੱਕ ਉਦਾਹਰਣ, ਇੱਕ ਹੋਰ ਉਦਾਹਰਣ ਹੈ, ਫਰਜ਼ ਕਰੋ ਕਿ ਕੰਪਨੀ ਨੇ ਇੱਕ ਡਾਲਰ ਟੈਕਸ ਦੇਣਾ ਹੈ, ਉਹ ਕੀ ਕਰਦੇ ਹਨ ਕਿ 60 ਸੈਂਟ ਤਾਂ ਉਹ ਵਸਤੂ ਦੀ ਕੀਮਤ ਵਧਾ ਕੇ ਕੱਢ ਲੈਂਦੇ ਹਨ ਤੇ ਬਾਕੀ 40 ਸੈਂਟ ਉਹ ਘੱਟ ਮਜ਼ਦੂਰੀ ਦੇ ਕੇ ਕੱਢ ਲੈਂਦੇ ਹਨ। ਕੈਨੇਡੀਅਨ ਬੈਂਕਾ ਜਿਹੜਾ ਟੈਕਸ ਪੇ ਕਰਦੀਆਂ ਹਨ ਉਹ ਵਿਆਜ ਅਤੇ ਬੈਂਕਿਗ ਫੀਸ ਵਧਾ ਕੇ ਪੂਰੇ ਕਰ ਲੈਂਦੀਆਂ ਹਨ। ਜਾਣੀ ਕਿ ਟੈਕਸਾਂ ਦਾ ਬੋਝ ਆਖਿਰ ਲੋਕਾਂ ਤੇ ਹੀ ਪੈਂਦਾ ਹੈ।

ਚਲੋ ਹੁਣ ਥੋੜਾ ਜਿਹਾ ਪਿੱਛੇ ਨੂੰ ਜਾਈਏ 65 ਸਾਲ ਪਹਿਲਾਂ ਕਾਰਪੋਰੇਸ਼ਨਾਂ ਅਤੇ ਕੈਨੇਡੀਅਨ ਲੋਕ ਇੱਕੋ ਹੀ ਦਰ ਨਾਲ਼ ਟੈਕਸ ਪੇ ਕਰਦੇ ਸਨ, ਜਾਣੀ ਟੈਕਸ ਦੇ ਇੱਕ ਡਾਲਰ ਵਿੱਚ 50 ਸੈਂਟ ਪਬਲਿਕ ਤੋਂ ਜਾਂਦੇ ਸਨ ਅਤੇ 50 ਸੈਂਟ ਕਾਰਪੋਰੇਸ਼ਨਾਂ ਵੱਲੋਂ ਆਉਂਦੇ ਸਨ। ਫਿਰ ਕੀ ਹੋਇਆ ਕੇ ਟੈਕਸ ਦੀ ਸਕੇਲ ਕਾਰਪੋਰੇਸ਼ਨਾਂ ਦੇ ਹੱਕ ਵਿੱਚ ਝੁਕਾ ਦਿੱਤੀ ਗਈ, ਕਾਰਪੋਰੇਸ਼ਨਾਂ ਦਾ ਟੈਕਸ ਇੰਨਾ ਘਟਾ ਦਿੱਤਾ ਗਿਆ ਕਿ ਹੁਣ ਉਸੇ ਡਾਲਰ ਵਿੱਚ ਕਾਰਪੋਰੇਸ਼ਨਾਂ ਸਿਰਫ 17 ਸੈਂਟ ਪਾਂਉਦੀਆਂ ਹਨ ਤੇ ਆਮ ਪਬਲਿਕ 83 ਸੈਂਟ ਪਾਂਉਦੀ ਹੈ। ਉਪਰ ਦਿੱਤੀਆਂ ਉਦਾਹਰਣਾਂ ਇਹ ਸਿੱਧ ਕਰਦੀਆਂ ਹਨ, ਉਹ ਜਿਹੜੇ 17 ਸੈਂਟ ਪਾਂਉਦੀਆਂ ਹਨ ਉਹ ਵੀ ਤੁਹਾਡੀਆਂ ਜੇਬਾਂ ਵਿੱਚੋਂ ਹੀ ਜਾਂਦੇ ਹਨ। ਹੁਣ ਇੱਕ ਸਰਵੇ ਦੇ ਮੁਤਾਬਿਕ 2015-16 ਵਿੱਚ ਲੋਕਾਂ ਨੇ 145 ਬਿਲੀਅਨ ਡਾਲਰ ਟੈਕਸ ਦਿੱਤਾ ਜਦਕਿ ਕਾਰਪੋਰੇਸ਼ਨਾਂ ਨੇ ਸਿਰਫ 41 ਬਿਲੀਅਨ ਡਾਲਰ ਟੈਕਸ ਦਿੱਤਾ। ਜੇਕਰ ਕਾਰਪੋਰੇਸ਼ਨਾਂ ਨੇ ਇੱਕ ਡਾਲਰ ਟੈਕਸ ਦਿੱਤਾ ਤਾਂ ਲੋਕਾਂ ਨੇ ਸਾਢੇ ਤਿੰਨ ਡਾਲਰ ਟੈਕਸ ਦਿੱਤਾ, ਇਹ 2015-16 ਦੀਆਂ ਟੈਕਸ ਰਿਟਰਨਾਂ ਦਾ ਹਿਸਾਬ ਹੈ। ਟੈਕਸ ਦਾ ਇਹ ਹਿੱਸਾ ਜਿਹੜਾ ਇੰਨਾ ਵੱਡਾ ਲੋਕ ਭਰਦੇ ਹਨ ਪਹਿਲਾਂ ਕਦੇ ਵੀ ਐਨਾ ਵੱਡਾ ਨਹੀਂ ਸੀ ਹੁੰਦਾ। ਕਾਰਪੋਰੇਸ਼ਨਾਂ ਤੋਂ ਸਰਕਾਰ ਨੇ ਟੈਕਸ ਘੱਟ ਹੀ ਨਹੀਂ ਕੀਤੇ, ਸਗੋਂ ਇਹ ਬੜੀਆਂ ਕੰਪਲੈਕਸ ਟੈਕਨੀਕਾਂ ਵਰਤ ਕੇ ਟੈਕਸ ਵਿਚਲੀਆਂ ਚੋਰ-ਮੋਰੀਆਂ ਵਰਤ ਕੇ ਹੋਰ ਵੀ ਘੱਟ ਟੈਕਸ ਪੇ ਕਰਦੀਆਂ ਹਨ। ਇੱਕ ਹੋਰ ਸਰਵੇ ਦੇ ਮੁਤਾਬਿਕ ਕੈਨੇਡਾ ਦੀਆਂ 102 ਕੰਪਨੀਆਂ ਨੇ ਪਿਛਲੇ ਛੇ ਸਾਲਾਂ ਵਿੱਚ ਇਹ ਚੋਰ ਮੋਰੀਆਂ ਵਰਤ ਕੇ 63 ਬਿੱਲੀਅਨ ਡਾਲਰ ਟੈਕਸ ਨਹੀਂ ਦਿੱਤਾ। ਕੈਨੇਡਾ ਦੀਆਂ ਵੱਡੀਆਂ ਕੰਪਨੀਆਂ ਨੂੰ ਸਿਰਫ ਉਹੀ ਵੱਡੀ ਕੰਪਨੀ ਹੈ ਜਿਸਦਾ ਨੈਟ-ਵਰਥ ਦੋ ਬਿਲੀਅਨ ਡਾਲਰ ਤੋਂ ਉਪਰ ਹੈ, ਦੀਆਂ 2011-2016 ਦੀਆਂ ਆਡਿਟ ਆਰਥਿਕ ਸਟੇਟਮੈਂਟਾਂ ਦੇ ਹਿਸਾਬ ਨਾਲ਼ ਉਹਨਾਂ ਨੇ ਸਿਰਫ 17 ਪੁਆਇੰਟ 7 ਪਰਸੈਂਟ ਟੈਕਸ ਪੇ ਕੀਤਾ ਹੈ ਜਦ ਕਿ ਉਸ ਸਮੇਂ ਉਹਨਾਂ ਤੇ ਟੈਕਸ ਦੀ ਦਰ ਛੱਬੀ ਪੁਆਇੰਟ ਛੇ ਪਰਸੈਂਟ ਸੀ। ਇਹਨਾਂ ਨੇ ਜਿਹੜਾ ਲਗਭਗ ਨੌ ਬਿਲੀਅਨ ਡਾਲਰ ਟੈਕਸ ਬਚਾਇਆ ਹੈ, ਉਹ ਸਕੂਲਾਂ, ਹਸਪਤਾਲ਼ਾਂ, ਸੜਕਾਂ, ਪੁਲੀਸ ਜਾਂ ਪੈਰਾਮੈਡੀਕਲ ਸੇਵਾਵਾਂ ਤੇ ਖਰਚ ਕੀਤਾ ਜਾ ਸਕਦਾ ਸੀ। ਦੂਜੀ ਵੱਡੀ ਅਤੇ ਅਫਸੋਸਨਾਕ ਗੱਲ ਇਹ ਹੈ ਕਿ ਜਿਹੜੀ ਇਹਨਾਂ ਕੰਪਨੀਆਂ ਨੇ ਟੈਕਸ ਦੀ ਬੱਚਤ ਕੀਤੀ ਹੈ ਉਹ ਕਾਨੂੰਨੀ ਦਾਇਰੇ ਦੇ ਵਿੱਚ ਹੀ ਆਂਉਦੀ ਹੈ ਜਾਣੀ ਕਿ ਕਾਨੂੰਨ ਵੀ ਕਾਰਪੋਰੇਸ਼ਨਾਂ ਦਾ ਪੱਖ ਪੂਰਨ ਲਈ ਹੀ ਬਣਾਏ ਗਏ ਹਨ। ਇੱਕ ਹੋਰ ਗੱਲ ਕੇ ਜੇਕਰ ਕਾਰਪੋਰੇਸ਼ਨਾਂ ਨੂੰ ਘਾਟਾ ਪੈ ਜਾਵੇ ਤਾਂ ਇਹ ਹੋਰ ਟੈਕਸ ਬਚਾਉਣ ਲਈ ਆਪਦੇ ਘਾਟੇ ਨੂੰ ਅਗਲੇ ਕੁੱਝ ਸਾਲਾਂ ਲਈ ਵੰਡ ਵੀ ਸਕਦੇ ਹਨ ਤੇ ਟੈਕਸ ਦੀ ਹੋਰ ਬੱਚਤ ਕਰ ਸਕਦੇ ਹਨ ਪਰ ਜੇਕਰ ਨਫ਼ਾ ਹੋਵੇ ਤਾਂ ਉਸਨੂੰ ਅਗਾਂਹ ਨਿਵੇਸ਼ ਕਰਨ ਲਈ ਰੱਖ ਲਿਆ ਜਾਂਦਾ ਹੇ ਜਾਂ ਸ਼ੇਅਰ ਹੋਲਡਰਾਂ ਨੂੰ ਡਿਵੀਡੈਂਡ ਦੇ ਰੂਪ ਵਿੱਚ ਵੰਡ ਦਿੱਤਾ ਜਾਂਦਾ ਹੈ ਫਿਰ ਜਦੋਂ ਉਹ ਟੈਕਸ ਫਾਈਲ ਕਰਦੇ ਹਨ ਤਾਂ ਕੈਪੀਟਲ ਗੇਨ ਦਾ ਫਾਰਮੂਲਾ ਲਾਗੂ ਹੋ ਜਾਂਦਾ ਹੈ ਅਤੇ ਟੈਕਸ ਹੋਰ ਘੱਟ ਹੋ ਜਾਂਦਾ ਹੈ। ਇਸਦਾ ਮਤਲਬ ਹੋਇਆ ਕੇ ਜਿਹੜਾ ਨਫ਼ਾ ਹੋਇਆ ਉਹ ਮੁੜ ਕੇ ਨਿਵੇਸ਼ਕਾਰਾਂ ਕੋਲ਼ ਹੀ ਚਲਿਆ ਗਿਆ। ਇੱਕ ਹੋਰ ਗੱਲ ਜਦੋਂ ਕਾਰਪੋਰੇਸ਼ਨਾਂ ਨੂੰ ਘਾਟਾ ਪੈਂਦਾ ਹੈ ਤਾਂ ਉਹਨਾਂ ਨੂੰ ਬੇਲ-ਆਊਟ ਕਰਨ ਲਈ ਟੈਕਸ ਪੇਅਰ ਦੇ ਕਰੋੜਾਂ ਡਾਲਰ ਝੋਕ ਦਿੱਤੇ ਜਾਂਦੇ ਹਨ ਤੇ ਜੇਕਰ ਕੋਈ ਗਰੀਬ ਕਿਸੇ ਕਾਰਨ ਘਰ ਦੀ ਕਿਸ਼ਤ ਨਹੀਂ ਦੇ ਸਕਦਾ ਤਾਂ ਉਸ ਦਾ ਘਰ ਕੁਰਕ ਹੋ ਜਾਂਦਾ ਹੈ, ਕੋਈ ਸਰਕਾਰ ਉਸਦੀ ਮਦਦ ਲਈ ਨਹੀਂ ਆਉਂਦੀ। ਜੇਕਰ ਸਾਡੀ ਕੇਂਦਰੀ ਸਰਕਾਰ ਇਹਨਾਂ ਵੱਡੀਆਂ ਕੰਪਨੀਆਂ ਦੀਆਂ ਚੋਰ ਮੋਰੀਆਂ ਬੰਦ ਕਰੇ ਤਾਂ ਜਿੰਨਾ ਟੈਕਸ ਸਰਕਾਰ ਇਹਨਾਂ ਤੋਂ ਲੈਦੀ ਹੈ, ਇਸਤੋਂ ਚਾਲ਼ੀ ਗੁਣਾ ਵੱਧ ਟੈਕਸ ਲਿਆ ਜਾ ਸਕਦਾ ਹੈ। ਇੱਕ ਔਸਤਨ ਸਾਲ ਵਿੱਚ ਕੈਨੇਡਾ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਸਾਢੇ ਦਸ ਬਿਲੀਅਨ ਡਾਲਰ ਘੱਟ ਟੈਕਸ ਪੇ ਕਰਦੀਆਂ ਹਨ, ਇਸ ਘਾਟੇ ਦਾ ਬੋਝ ਆਮ ਲੋਕਾਂ ਤੇ ਪੈਂਦਾ ਹੈ।

ਜੌਹਨ ਬਰੈਨਨ ਜਿਹੜਾ ਕਿ ਯੂਨੀਫਾਰ ਨਾਲ਼ ਇੱਕ ਅਰਥਸ਼ਾਸਤਰੀ ਹੈ ਦਾ ਕਹਿਣਾ ਹੈ ਕਿ ਕੈਨੇਡਾ ਸਰਕਾਰ ਜੇਕਰ ਟੈਕਸ ਵਿਚਲੀਆਂ ਇਹ ਚੋਰ-ਮੋਰੀਆਂ ਬੰਦ ਕਰੇ ਤਾਂ ਸਰਕਾਰ ਨੂੰ ਦਸ ਬਿੱਲੀਅਨ ਡਾਲਰ ਦਾ ਫਾਇਦਾ ਹੁੰਦਾ ਹੈ। ਇਹ ਦਸ ਬਿੱਲੀਅਨ ਡਾਲਰ ਸਰਕਾਰ ਦੇ ਕਰਜ਼ੇ ਘੱਟ ਕਰਨ ਲਈ ਵਰਤਿਆ ਜਾ ਸਕਦਾ ਹੈ ਜਾਂ ਲੋਕ-ਭਲਾਈ ਦੇ ਕੰਮਾਂ ਤੇ ਖਰਚ ਕੀਤਾ ਜਾ ਸਕਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਹਨਾਂ ਕਾਰਪੋਰੇਸ਼ਨਾਂ ਨੇ ਜਿੰਨਾ ਟੈਕਸ 1952 ਵਿੱਚ ਦਿੱਤਾ ਸੀ, ਉਨਾਂ ਟੈਕਸ 2017 ਵਿੱਚ ਦਿੱਤਾ ਜੇ ਡਾਲਰ ਦੀ ਖ਼ਰੀਦ ਸ਼ਕਤੀ ਦਾ ਹਿਸਾਬ ਲਾਈਏ। ਜਦੋਂ 1952 ਵਿੱਚ ਸਰਕਾਰ ਨੂੰ ਟੈਕਸ ਆਇਆ ਤਾਂ ਸਰਕਾਰ ਨੇ ਬੁਢਾਪਾ ਪੈਂਨਸ਼ਨ ਸ਼ੁਰੂ ਕੀਤੀ ਸੀ। ਉਸ ਸਮੇਂ ਜਾਣੀ ਕਿ ਦੂਜੀ ਵੱਡੀ ਜੰਗ ਤੋਂ ਬਾਅਦ ਪੂੰਜੀ ਨਿਵੇਸ਼ ਇੰਨਾਂ ਵਧਿਆ ਕਿ ਤਨਖ਼ਾਹਾਂ ਦੀ ਦਰ ਵੀ ਕਾਫ਼ੀ ਉੱਚੀ ਹੋ ਗਈ। ਉਸ ਸਮੇਂ ਦੌਲਤ ਦੀ ਵੰਡ ਇਸਤਰਾਂ ਹੋਈ ਕਿ ਵੱਧ ਤੋਂ ਵੱਧ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਇਆ। ਨਵੇਂ ਸਕੂਲ, ਹਸਪਤਾਲ ਅਤੇ ਵੱਡੇ ਵੱਡੇ ਹਾਈਵੇ ਬਣਾਏ ਗਏ। ਉਸ ਸਮੇਂ ਹੀ 1946 ਵਿੱਚ ਵੱਧ ਆਮਦਨ ਤੇ ਵੱਧ ਟੈਕਸ ਦਾ ਫਾਰਮੂਲਾ ਲਾਗੂ ਕੀਤਾ ਗਿਆ ਜਿਸਨੂੰ ਪਰੋਗਰੈਸਿਵ ਟੈਕਸ ਕਿਹਾ ਜਾਂਦਾ ਹੈ ਜਿਸਨੂੰ ਕੰਜਰਵੇਟਿਵ ਫਲੈਟ ਟੈਕਸ ਵਿੱਚ ਬਦਲਣਾਂ ਚਾਂਹੁਦੇ ਹਨ ਯਾਦ ਰਹੇ ਫਲੈਟ ਟੈਕਸ ਦੀ ਦਰ ਆਮਦਨ ਵਧਣ ਨਾਲ਼ ਵਧਦੀ ਨਹੀਂ ਹੈ। ਇਸ ਸਮੇਂ ਦੁਨੀਆਂ ਦੇ 67 ਮੁਲਕਾਂ ਵਿੱਚ ਕੈਨੇਡਾ ਦੀ ਆਰਥਿਕਤਾ ਸਭ ਤੋਂ ਵੱਧ ਤਕੜੀ ਹੈ, ਪਰ ਫੇਰ ਵੀ ਸਾਰੀਆਂ ਮਿਊਂਸਪੈਲਟੀਆਂ, ਸੂਬੇ ਜਾਂ ਕੇਂਦਰੀ ਸਰਕਾਰਾਂ ਨੂੰ ਕੰਮ ਚਲਾਉਣ ਲਈ ਕਰਜ਼ਾ ਚੁੱਕਣਾਂ ਪੈਂਦਾ ਹੈ। ਕੈਨੇਡਾ ਦਾ ਪਹਿਲਾ ਸਬ-ਵੇਅ 1949-1954 ਦੇ ਦਰਮਿਆਨ ਬਣਾਇਆ ਗਿਆ, ਇਸਦਾ ਖਰਚਾ ਸਾਢੇ 50 ਮਿਲੀਅਨ ਡਾਲਰ ਸੀ ਪਰ ਅੱਜ ਦੇ ਹਿਸਾਬ ਇਸਦਾ ਖਰਚਾ 464 ਮਿਲੀਅਨ ਡਾਲਰ ਹੈ। ਇਸ ਸਮੇਂ ਕੈਨੇਡਾ ਦੀ ਸਰਕਾਰ ਨੂੰ ਪਬਲਿਕ

(ਬਾਕੀ ਸਫ਼ਾ 26 'ਤੇ)



# ਸਾਮਰਾਜੀ ਸਾਜ਼ਿਸ਼ਾਂ ਵਿਰੁੱਧ ਜੂਝ ਰਿਹਾ ਵੈਨੇਜ਼ੁਏਲਾ



ਜਗਦੀਸ਼ ਸਿੰਘ ਚੋਹਕਾ
91-9217997445
001-403-285-4208



**ਚੂਵੇਜ਼ ਦੀ ਅਗਵਾਈ ਅਧੀਨ ਲੋਕਾਂ ਨੂੰ ਸਾਫ਼-ਸੁਥਰੀ ਅਤੇ ਲੋਕ-ਭਲਾਈ ਵਾਲੀ ਸਰਕਾਰ ਨਸੀਬ ਹੋਈ, ਜਿਸ ਨੇ 1999 ਨੂੰ ਦੇਸ਼ ਨੂੰ ਨਵਾਂ ਸੰਵਿਧਾਨ ਅਤੇ ਦੇਸ਼ ਦਾ ਨਾਂ ''ਬੋਲੀਵਾਰੀਅਨ ਰਿਪਬਲਿਕ ਆਫ ਵੈਨੇਜ਼ੁਏਲਾ ਦਿਤਾ। 1999 ਬਾਦ ਹੀ ਦੇਸ਼ ਦਾ ਰੁੱਖ ਪੂੰਜੀਵਾਦੀ ਆਰਥਿਕਤਾ ਦੇ ਉਲਟ ਸਮਾਜਵਾਦ ਵਲ ਵੱਧਿਆ। ਜਿਸ ਕਰਕੇ ਹੀ ਉਸ ਦਿਨ ਤੋਂ ਸਾਮਰਾਜੀ ਅਮਰੀਕਾ ਨੂੰ ਭਾਉਂਦਾ ਨਹੀਂ ਹਨ?**

ਲਾਤੀਨੀ-ਅਮਰੀਕਾ (ਉਪ-ਦੀਪ) ਦੇ ਬਸਤੀਵਾਦੀ ਸਾਮਰਾਜੀਆਂ ਤੋਂ ਮੁਕਤ ਹੋਏ ਦੇਸ਼ਾਂ ਦੇ ਲੋਕਾਂ ਅਤੇ ਅਮਰੀਕੀ ਸਾਮਰਾਜਵਾਦ ਵਿਚਕਾਰ, ਇਨਾਂ ਦੇਸ਼ਾਂ ਵਿੱਚ ਅਮਰੀਕੀ ਰਾਜਸੀ ਅਤੇ ਫੌਜੀ ਦਖ਼ਲ ਅੰਦਾਜ਼ੀ ਵਿੱਚ ਤਿੱਖਾ ਵਾਧਾ ਹੋਣ ਨਾਲ, 'ਇਸ ਖੇਤਰ ਅੰਦਰ ਆਏ ਦਿਨ ਗੰਭੀਰ ਟਕਰਾਅ ਹੋਰ ਜ਼ਿਆਦਾ ਤਿੱਖੇ ਹੋ ਰਹੇ ਹਨ! ਸ਼ੁਰੂ ਤੋਂ ਹੀ ਸਮਾਜਵਾਦੀ ਕਿਊਬਾ ਅਮਰੀਕੀ ਸਾਮਰਾਜ ਦੇ ਹਮਲਿਆਂ ਦਾ ਕੇਂਦਰ ਬਣਿਆ ਹੋਇਆ ਹੈ? ਇਸੇ ਤਰ੍ਹਾਂ ਹੋਰ ਦੇਸ਼ਾਂ ਅੰਦਰ ਪਿਛਲੀ ਅੱਧੀ ਸਦੀ ਤੋਂ ਸਾਮਰਾਜੀ ਦਖਲ-ਅੰਦਾਜ਼ੀ ਅਤੇ ਉਥਲ-ਪੁਥਲ ਆਏ ਦਿਨ ਨੋਟ ਕੀਤੀ ਜਾ ਰਹੀ ਹੈ। ਹੁਣ ਦੁਨੀਆਂ ਅੰਦਰ ਕੱਚੇ ਤੇਲ ਦੇ ਭੰਡਾਰਾਂ ਨਾਲ ਭਰਪੂਰ, '1999 ਤੋਂ ਸ਼ੋਸ਼ਲਿਸਟ ਪਾਰਟੀ ਦੀ ਅਗਵਾਈ ਵਿੱਚ ਸਮਾਜਵਾਦੀ ਰਾਹ ਤੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਲਾਤੀਨੀ ਦੇਸ਼, ਵੈਨੇਜ਼ੁਏਲਾ, 'ਅਮਰੀਕੀ-ਸਾਮਰਾਜ ਦੇ ਨਿੰਦਣਯੋਗ ਮਨਸੂਬਿਆਂ ਦਾ ਸ਼ਿਕਾਰ ਬਣਿਆ ਹੋਇਆ ਹੈ? ਸਾਮਰਾਜੀ ਸ਼ਕਤੀਆਂ ਤੇ ਉਨ੍ਹਾਂ ਦੇ ਪਿੱਠੂਆਂ ਅਤੇ ਉਲਟ ਇਨਕਲਾਬੀ ਸੱਜ-ਪਿਛਾਕੜ ਸ਼ਕਤੀਆਂ ਨੇ, 'ਵੈਨੇਜ਼ੁਏਲਾ ਅੰਦਰ ਖੁਰਾਕ ਦੀ ਥੁੜ੍ਹ, ਬੇਯਕੀਨੀ ਅਤੇ ਹੁਲੜਬਾਜ਼ੀ ਵਾਲੇ ਹਲਾਤਾਂ ਨੂੰ ਜਨਮ ਦੇ ਕੇ, 'ਦੇਸ਼ ਦੇ ਰਾਸ਼ਟਰਪਤੀ ਮਾਦੂਰੋ ਦੀ ਚੁਣੀਂ ਸਰਕਾਰ ਦਾ ਰਾਜ ਪਲਟਾ ਉਲਟਾਉਣ ਦੇ, 'ਉਪਰੋਥਲੀ ਤਿੰਨ ਵਾਰੀ ਸਾਜਸ਼ੀ ਫੇਲ੍ਹ ਯਤਨ ਕੀਤੇ ਹਨ?

ਵੈਨੇਜ਼ੁਏਲਾ ਅੰਦਰ ਆਏ ਖੱਬੇ ਪੱਖੀ ਉਭਾਰ ਨੂੰ ਰੋਕਣ ਲਈ ਤਾਂ, 'ਕਿ ਇਸ ਦੇਸ਼ ਅੰਦਰ ਜੋ ਕੌਮੀਕਰਨ ਕਰਕੇ ਅਰਥ ਵਿਵਸਥਾਵਾਂ ਅਤੇ ਰਾਜਨੀਤੀ ਅੰਦਰ ਤਬਦੀਲੀ ਆਈ ! ਜਿਸ ਕਾਰਨ ਅਮਰੀਕੀ ਸਾਮਾਰਾਜ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਗਲਬੇ ਟੁੱਟੇ ਹਨ ਤੇ ਕੰਟਰੋਲ ਢਿੱਲੇ ਪਏ ਹਨ! ਉਨ੍ਹਾਂ ਨੂੰ ਬਹਾਲ ਕਰਨ ਲਈ ਰਾਸ਼ਟਰਪਤੀ ਮਾਦੂਰੋ ਦੀ ਸਰਕਾਰ ਵਿਰੁੱਧ ਇਕ ਗਿਣ-ਮਿਥ ਦੇ ਰਾਜ-ਪਲਟਾ ਕਰਨ ਦੇ ਯਤਨ ਹੋ ਰਹੇ ਹਨ? ਪਹਿਲਾਂ ਲੋਕ ਪੱਖੀ ਸਰਕਾਰਾਂ ਨੂੰ ਅਸਥਿਰ ਕਰੋ, ਬਾਅਦ ਵਿੱਚ ਅਨਾਰਕੀ ਪੈਦਾ ਕਰਕੇ, 'ਜਮਹੂਰੀਅਤ ਦੀ ਬਹਾਲੀ ਦਾ ਢੋਲ ਪਿਟ ਕੇ, 'ਸਾਮਰਾਜ ਪੱਖੀ ਸ਼ਕਤੀਆਂ ਨੂੰ ਅੱਗੇ ਲਿਆਉਣਾ ਅਮਰੀਕਾ ਦਾ ਸਦਾ ਦਸਤੂਰ ਰਿਹਾ ਹੈ! ਭਾਵੇਂ ਅੱਜ ਵੀ ਵੈਨੇਜ਼ੁਏਲਾ ਦੇ ਲੋਕਾਂ, ਫੌਜ ਅਤੇ ਪੇਂਡੂ ਖੇਤਰਾਂ 'ਚ "ਬੋਲੀਵਾਰੀਆਈ" ਦੇ ਹੱਕ ਵਿੱਚ ਸਮਰਥਨ ਬਣਿਆ ਹੋਇਆ ਹੈ। ਸੋਵੀਅਤ ਰੂਸ ਦੇ ਖਿੰਡਰਾਅ ਬਾਦ ਦੁਨੀਆ ਅੰਦਰ ਬਹੁ-ਧਰੁਵੀ ਕਰਨ ਦੇ ਸੰਬੰਧ ਵਿਚ, 'ਪਰਸਪਰ ਵਿਰੋਧੀ ਰੁਝਾਨਾਂ ਕਾਰਨ, 'ਅੰਤਰਰਾਸ਼ਟਰੀ ਸਬੰਧਾਂ ਵਿੱਚ ਵੀ ਫਰਕ ਆਇਆ ਹੈ? ਲਾਤੀਨੀ ਅਮਰੀਕਾ ਵਿੱਚ ਕਈ ਦੇਸ਼ਾਂ-ਅਰਜਨਟੀਨਾ, ਬ੍ਰਾਜ਼ੀਲ, ਚਿਲੀ, ਪੇਰੂ ਆਦਿ ਅੰਦਰ ਸੱਜ ਪਿਛਾਕੜੀ ਸਰਕਾਰਾਂ ਬਣਨ ਅਤੇ ਸਾਮਰਾਜੀ ਸਮਰਥਿਤ ਸੱਜ-ਪਿਛਾਕੜੀ ਹਮਲਿਆ ਦੇ ਚੱਲਦਿਆਂ, 'ਇਸ ਖਿਤੇ ਅੰਦਰ ਅਮਰੀਕੀ-ਸਾਮਰਾਜਵਾਦੀ ਏਜੰਡਿਆ ਨੂੰ ਚੁਣੋਤੀ ਦੇਣ ਦੀਆਂ ਯੂਨੀਅਨ ਆਫ ਸਾਊਥ ਅਮਰੀਕਨ ਨੇਸ਼ਨਜ਼ (ਅਨਾਸੁਰ), ਦੱਖਣੀ ਕਾਮਨ ਮਾਰਕੀਟ (ਮਾਰਕੋਸਰ), ਬਲੋਵਾਰੀਅਨ ਗਠਜੋੜ ਫਾਰ ਪੀਪਲਜ਼ (ਅਲਬਾ) ਸੇਲੇਕ ਵਰਗੇ ਖੇਤਰੀ ਮੰਚਾਂ ਦੀ ਸਮਰੱਥਾ ਕਮਜ਼ੋਰ ਹੋਈ ਹੈ? ਜਿਸ ਕਰਕੇ ਇਸ ਖੇਤਰ ਅੰਦਰ ਅਮਰੀਕੀ-ਸਾਮਰਾਜ ਦੀ ਚੜ੍ਹ-ਮੱਚੀ ਹੋਈ ਹੈ!

ਸਾਮਰਾਜੀ ਅਮਰੀਕਾ ਨੇ ਤੀਸਰੀ ਦੁਨੀਆਂ ਦੇ ਦੇਸ਼ਾਂ ਨੂੰ ਕਦੇ ਵੀ ਉਭਰਨ ਨਹੀਂ ਦਿੱਤਾ, 'ਸਗੋਂ ਹਰ ਤਰ੍ਹਾਂ ਕਾਠੀ ਪਾ ਕੇ ਮਨ-ਮਰਜ਼ੀਆਂ ਕਰਦਾ ਹੈ? ਦੱਖਣੀ ਅਮਰੀਕਾ ਦਾ ਖੂਬਸੂਰਤ ਦੇਸ਼ ਵੈਨੇਜ਼ੁਏਲਾ, 'ਤੇਲ, ਖਣਿਜ ਪਦਾਰਥਾਂ ਅਤੇ ਕੁਦਰਤੀ ਸੋਮਿਆਂ ਕਰਕੇ ਦੇਸ਼ ਦੀ ਪ੍ਰਭੁਸਤਾ, ਆਜ਼ਾਦੀ ਅਤੇ ਲੋਕ ਭਲਾਈ ਲਈ ਚੁੱਕੇ ਜਾ ਰਹੇ ਕਦਮਾ ਕਾਰਨ, 'ਆਪਣੀਆਂ ਉਸਾਰੂ ਤੇ ਲੋਕ ਹਿਤੂ ਨੀਤੀਆਂ ਲਈ ਸੁਧਾਰਾਂ ਤੇ ਸਾਕਾਰਤਮਿਕ ਤਬਦੀਲੀਆਂ ਵਾਲੇ ਬਦਲਾਅ, 'ਅਮਰੀਕਾ ਨੂੰ ਭਾਉਂਦੇ ਨਹੀਂ ਹਨ! ਵੈਨੇਜ਼ੁਏਲਾ ਤੇ ਉਸ ਦੇ ਪੂਰਵ ਅਧਿਕਾਰੀ ਹੂਗੋ ਚੁਵੇਜ਼ ਵੱਲੋਂ ਅਪਣਾਈ ਸਮਾਜਵਾਦੀ ਵਿਚਾਰਧਾਰਾਂ ਅਤੇ ਅਮਲਾਂ ਵੱਲ ਪੁੱਟੇ ਕਦਮਾਂ ਕਾਰਨ ਅਮਰੀਕੀ ਸਾਮਰਾਜ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ, 'ਜਿਨ੍ਹਾਂ ਦੇ ਆਰਥਿਕ ਹਿਤਾਂ ਨਾਲ ਟਕਰਾਅ ਪੈਦਾ ਹੋਏ। ਉਹ ਮਹਾਂਸ਼ਕਤੀਆਂ ਇਸ ਦੇਸ਼ ਦੀ ਲੋਕਰਾਜੀ ਪ੍ਰਕਿਰਿਆ ਨੂੰ ਤਹਿਸ-ਨਹਿਸ ਕਰਕੇ ਰਾਜ-ਸਤਾ ਤੇ ਕਬਜ਼ਾ ਕਰਕੇ ਮੁੜ ਲੁੱਟ-ਖਸੁੱਟ ਵਾਲਾ ਰਾਜ-ਪ੍ਰਬੰਧ ਚਾਹੁੰਦੇ ਹਨ? ਲੋ ਰਾਜੀ ਵੈਨੇਜ਼ੁਏਲਾ ਦੇਸ਼ ਅੰਦਰ, 'ਸਾਮਾਜਵਾਦ ਵਲ ਵਧ ਰਹੇ ਰਾਜ-ਪ੍ਰਬੰਧ ਦੀ ਥਾਂ, 'ਵਿਰੋਧੀ ਨੇਤਾ ਗਵਾਈਦੋ ਜਮਹੂਰੀ ਢੰਗ ਨਾਲ ਚੁਣੇ ਰਾਸ਼ਟਰਪਤੀ ਮਾਦੂਰੋ ਨੂੰ ਜ਼ਬਰੀ ਸਤਾ ਤੋਂ ਬੇਦਖਲ ਕਰਕੇ, 'ਖੁਦ ਰਾਜਸਤਾ ਤੇ ਕਾਬਜ਼ ਹੋਣ ਲਈ, 'ਸਾਜ਼ਸ਼ੀ-ਸਾਮਰਾਜੀਆਂ ਨਾਲ ਘਿਉ-ਖਿਚੜੀ ਬਣਿਆ ਹੋਇਆ ਹੈ! ਉਸ ਨੇ ਤਿੰਨ ਵਾਰ ਅਸਫਲ ਬਗਾਵਤੀ ਯਤਨ ਕੀਤੇ ਹਨ ਅਤੇ ਇਕ ਸਾਜਿਸ਼ ਲਈ ਸਾਰਾ ਸਾਮਰਾਜੀ ਲਾਣਾ ਅਤੇ ਨਾਟੋ ਉਸ ਦੀ ਮਦਤ ਕਰਕੇ ਮਾਨਤਾ ਵੀ ਦੇ ਰਿਹਾ ਹੈ? ਜ਼ਾਹਰ ਹੈ, 'ਕਿ ਵੈਨੇਜ਼ੁਏਲਾ ਦੇ ਅੰਦਰੂਨੀ ਆਰਥਿਕ ਅਤੇ ਰਾਜਨੀਤਕ ਸੰਕਟ ਲਈ ਸਾਮਰਾਜ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ?

ਵੈਨੇਜੁਏਲਾ ਦਾ ਰਾਜਨੀਤਕ ਇਤਿਹਾਸ ਅੱਜ ਪੂੰਜੀਵਾਦ ਅਤੇ ਸਮਾਜਵਾਦੀ ਵਿਚਾਰਧਾਰਾ ਵਿਚਕਾਰ ਫਿਰਕੀਵਾਂਗ ਉਤੇ ਹੇਠਾਂ ਫਿਰ ਰਿਹਾ ਹੈ ! ਉਪ-ਨਿਵੇਸ਼, ਸਾਮਰਾਜ, ਪਿੱਛੜਾਪਣ, ਰਾਜਨੀਤਿਕ ਅਸਥਿਰਤਾ, ਫੌਜੀ ਪ੍ਰਭੁਤਾ ਜਿਹੇ ਰਾਜ ਪ੍ਰਬੰਧ ਨੇ, 'ਇਸ ਤੀਸਰੀ ਦੁਨੀਆ ਦੇ ਦੇਸ਼ ਨੂੰ, 'ਜੋ ਲੋਕਾਂ ਨੂੰ ਗਰੀਬੀ-ਗੁਰਬਤ ਤੋਂ ਨਿਜ਼ਾਤ ਦੇਣ ਲਈ ਹੂਗੋ-ਚੁਵੇਜ਼ ਦੀ ਅਗਵਾਈ ਵਿੱਚ ਸਮਾਜਵਾਦ ਵੱਧ ਰਿਹਾ ਸੀ ? ਉਸ ਦੇ ਉਤਰ-ਅਧਿਕਾਰੀ ਮਾਦੂਰੋ ਨੂੰ ਗੱਦੀ ਤੋਂ ਲਾਹੁਣ ਲਈ, 'ਵਿਰੋਧੀ ਨੇਤਾ ਜਿਸ ਨੂੰ ਸਾਰੀਆਂ ਸਾਮਰਾਜੀ ਸ਼ਕਤੀਆਂ ਦੀ ਹਿਮਾਇਤ ਹਾਸਲ ਹੈ, 'ਗਵਾਈਦੋ ਦੇਸ਼ ਭਰ ਵਿੱਚ ਅੰਦੋਲਨ ਚਲਾ ਰਿਹਾ ਹੈ! ਵੈਨੇਜ਼ੁਏਲਾ ਦੇ ਗੁਵਾਂਢੀ ਦੇਸ਼, 'ਬ੍ਰਾਜ਼ੀਲ, ਕੋਲੰਬੀਆ, ਚਿਲੀ, ਪੇਰੂ, ਏਕਵਾਡੋਰ, ਅਰਜਨਟਾਈਨਾ ਸਭ ਅਮਰੀਕਾ ਦੀ ਅਗਵਾਈ ਵਿੱਚ ਵਿਰੋਧੀ ਆਗੂ ਦੀ ਪਿੱਠ ਪਿਛੇ ਹਨ ! ਯੂਰਪੀ ਸੰਘ ਤੇ ਕੈਨੇਡਾ ਵੀ ਗਵਾਈਦੋ ਦੀ ਹਿਮਾਇਤ 'ਤੇ ਹਨ! ਅੰਤਰਰਾਸ਼ਟਰੀ ਪੱਧਰ 'ਤੇ ਰੂਸ, ਚੀਨ, ਟੁਰਕੀ, ਇਰਾਨ, ਬੋਲੀਵੀਆਂ, ਕਿਊਬਾ, ਮੈਕਸੀਕੋ ਆਦਿ ਦੇਸ਼ ਮਾਦੂਰੋ ਦੇ ਸਮਰਥ ਵਿੱਚ ਹਨ। ਇਸ ਵਿੱਚ ਕੋਈ ਸ਼ੱਕ ਨਹੀਂ, 'ਕਿ ਤੇਲ ਦੀਆਂ ਕੀਮਤਾਂ ਕਾਰਨ ਆਏ ਮੰਦੇ, ਅਮਰੀਕੀ ਸਾਮਰਾਜ ਵੱਲੋਂ ਲਾਈਆਂ ਰੋਕਾਂ, ਸਮਾਜਵਾਦੀ ਚੁੱਕੇ ਕਦਮਾਂ ਕਾਰਨ ਜਿਥੇ ਆਮ ਜਨਤਾ ਨੂੰ ਸਿਹਤ, ਸਿਖਿਆ ਅਤੇ ਮੁੱਢਲੀਆਂ ਸਹੂਲਤਾਂ ਦੇਣ ਲਈ ਜਨਤਕ ਪੂੰਜੀ ਲਾਉਣ ਅਤੇ ਲੋਕ ਪੱਖੀ ਯੋਜਨਾਵਾਂ ਦੀ ਸ਼ੁਰੂਆਤ ਕਾਰਨ ਹੀ ਅੰਦਰੂਨੀ ਆਰਥਿਕ ਢਾਂਚਾ ਹਿਲਿਆ ?

ਚੂਵੇਜ਼ ਦੇ ਰਾਜਕਾਲ ਦੀਆਂ ਜੋ ਮਾਦੂਰੋ ਵਲੋਂ ਜਾਰੀ ਰੱਖੀਆਂ ਜਾ ਰਹੀਆਂ ਲੋਕ-ਭਲਾਈ ਸਕੀਮਾਂ ਸਨ, 'ਦੇ ਦੂਰ-ਰਸ ਪ੍ਰਭਾਵ ਸਾਰੇ ਲਾਤੀਨੀ ਅਮਰੀਕੀ ਦੇਸ਼ਾਂ ਤੇ ਪੈਂਣੇ ਲਾਜ਼ਮੀ ਸਨ? ਚੂਵੇਜ ਦਾ ਸਮਾਜਵਾਦੀ ਪ੍ਰੋਗਰਾਮ, 'ਅਮਰੀਕੀ-ਸਾਮਰਾਜ ਲਈ ਇਕ ਚੈਲਜ ਸੀ? ਉਸ ਨੇ ਤੇਲ ਉਤਪਾਦਕ ਦੇਸ਼ਾਂ ਦੀ ਅਗਵਾਨੀ ਕੀਤੀ। ਸਾਰੇ ਦੇਸ਼ ਅੰਦਰ ਲੋਕਾਂ ਨੂੰ ਜਨਤਕ ਪੱਧਰ ਤੇ ਦਿੱਤੀ ਗਈ ਸਿੱਖਿਆ, ਸਿਹਤ, ਫਿਊਲ ਸਹਾਇਤਾ ਅਤੇ ਦੇਸ਼ ਦੇ ਨਿੱਜੀ ਫਾਰਮ ਖਾਨਾਂ ਤੇ ਤੇਲ ਦਾ ਸਰਕਾਰੀ-ਕਰਨ ਅਮਰੀਕਾ ਨੂੰ ਕਦੋਂ ਭਾਉਂਦਾ ਸੀ ਜੋ ਅਮਰੀਕੀ ਵਿਰੋਧ ਦਾ ਇਕ ਕੁਦਰਤੀ ਵਰਤਾਰਾ ਬਣ ਗਿਆ ? ਚੂਵੇਜ਼ ਲਈ ਕਿਊਬਾ ਇਕ ਮਾਡਲ ਅਤੇ ਮਾਰਗ-ਦਰਸ਼ਕ ਸੀ। ਅਮਰੀਕੀ ਅਰਥ-ਵਿਵੱਸਥਾ ਤੋਂ ਅਲੱਗ ਹੋਣ ਲਈ ਹੌਲੀ ਹੌਲੀ ਲੋਕਾਂ ਨਾਲ ਕੀਤੇ ਵਾਹਦੇ ਪੂਰੇ ਕਰਨ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਵੈਨੇਜ਼ੁਏਲਾ ਤੋਂ ਭੱਜਣ ਲਈ ਮਜ਼ਬੂਰ ਕਰ ਦਿੱਤਾ? ਇਹ ਉਹ ਕੁਝ ਲੋਕ ਪੱਖੀ ਕਦਮ ਸਨ! ਜਿਨ੍ਹਾਂ ਨੂੰ ਅਮਰੀਕੀ ਸਾਮਰਾਜ ਅਤੇ ਉਸ ਦੇ ਬੂਟ-ਚੱਟ ਕਦੀ ਵੀ ਨਹੀਂ ਚਾਹੁੰਦੇ ਸਨ? ਆਖਿਰ ਸਾਮਰਾਜ ਨੇ ਤੀਸਰੀ ਦੁਨੀਆਂ ਦੇ ਦੇਸ਼ ਵੈਨੇਜ਼ੁਏਲਾ, 'ਜੋ ਆਪਣੇ ਲੋਕਾਂ ਦੀ ਮੁਕਤੀ ਲਈ ਸਮਾਜਕ ਪ੍ਰੀਵਰਤਨ ਵੱਲ ਵੱਧ ਰਿਹਾ ਹੈ, ਵਿਰੁਧ ਹਰ ਤਰ੍ਹਾਂ ਦੇ ਛੜਜੰਤਰ ਕਰਕੇ ਸ਼ੁਰੂ ਕਰ ਦਿੱਤਾ?

ਚੂਵੇਜ਼ ਦੀ ਸੋਸ਼ਲਿਸਟ ਪਾਰਟੀ ਨੇ ਦੇਸ਼ ਦੇ ਲੋਕਾਂ ਲਈ ਅਲਪਕਾਲੀ ਰਾਜਨੀਤਕ ਹਿਤਾਂ ਲਈ ਲਗਾਤਾਰ ਕੰਮ ਕੀਤਾ ! ਪਰ ਇਕ ਕਮਜ਼ੋਰੀ ਜ਼ਰੂਰ ਰਹਿ ਗਈ, 'ਕਿ ਜਿਥੇ ਸਾਮਰਾਜ ਵਿਰੁਧ ਲੜਾਈ ਜਾਰੀ ਰੱਖਣੀ ਸੀ! ਉਥੇ ਦੇਸ਼ ਦੀ ਅਰਥ-ਵਿਵੱਸਥਾ ਦੀ ਮਜ਼ਬੂਤੀ ਲਈ ਅੰਦਰੂਨੀ ਮੰਡੀ ਅਤੇ ਸਨਅਤਾਂ ਨੂੰ ਵੀ ਮਜ਼ਬੂਤ ਕਰਨਾ ਸੀ ? ਲੋਕ ਭਲਾਈ ਸਕੀਮਾਂ ਦੇ ਨਾਲ-ਨਾਲ, 'ਲੋਕ ਸ਼ਕਤੀ ਨੂੰ ਕੌਮੀ ਹਿਤਾਂ 'ਚ ਖੜ੍ਹੇ ਹੋਣ ਲਈ, 'ਵਰਗ-ਸੰਘਰਸ਼ ਦੀ ਸਿਖਿਆ ਨਾਲ ਲੈੱਸ ਕਰਦੇ ਹੋਏ, 'ਜਮਾਤੀ ਦੁਸ਼ਮਣਾਂ ਦੀ ਪਿਛਾਣ ਲਈ ਵੀ ਜਾਗਰੂਕ ਕਰਨਾ ਚਾਹੀਦੀ ਸੀ? ਵਿਰੋਧੀ ਧਿਰ ਇਸ ਕਰਕੇ ਹੀ ਅੱਜ ਸਾਮਰਾਜ ਦਾ ਦੁੱਮ-ਛੱਲਾ ਬਣਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ? ਦੇਸ਼ ਅੰਦਰ ਖੁਰਾਕ, ਪਾਣੀ, ਊਰਜਾ ਅਤੇ ਹੋਰ ਜ਼ਰੂਰੀ ਵਸਤਾਂ ਦਾ ਸੰਕਟ, 'ਮਹਿੰਗਾਈ ਤੇ ਬੇਰੁਜ਼ਗਾਰੀ, 'ਸਾਮਰਾਜ ਵੱਲੋ ਪੈਦਾ ਕੀਤੇ 2008 ਦੇ ਆਰਥਿਕ ਸੰਕਟ ਤੇ ਤੇਲ ਦੀਆਂ ਕੀਮਤਾਂ 'ਚ ਆਇਆ ਡੋਬਾ ਇਨ੍ਹਾਂ ਸਭ ਲਈ ਜ਼ਿੰਮੇਵਾਰ ਹੈ! ਭਾਵੇਂ ਵਿਰੋਧੀ ਧਿਰ ਅਤੇ ਸਾਮਰਾਜੀ ਮੀਡੀਆ ਸਭ ਇਕੋ ਰੱਟ, 'ਜਮਹੂਰੀ ਢੰਗ ਨਾਲ ਚੁਣੇ ਹੋਏ ਰਾਸ਼ਟਰਪਤੀ ਮਾਦੂਰੋ ਨੂੰ ਚਲਦਾ ਕਰਨ ਲਈ ਚੀਕ ਰਹੇ ਹਨ। ਜਦ, 'ਕਿ ਦੇਸ਼ ਦੇ ਲੋਕ, ਦੇਸ਼ ਦੀਆਂ ਲੋਕ-ਰਾਜੀ ਸੰਸਥਾਵਾਂ ਕੋਰਟ ਤੇ ਫੌਜ, 'ਸਭ ਦੇਸ਼ ਦੇ ਰਾਸ਼ਟਰਪਤੀ ਦੇ ਹੱਕ ਵਿੱਚ ਸਨ! ਅਮਰੀਕੀ ਸਾਮਰਾਜ! ਹੀ ਦੁਨੀਆਂ ਦੀਆਂ ਚੁਣੀਆਂ ਸਰਕਾਰਾਂ ਨੂੰ ਅਲੱਗ-ਥਲੱਗ ਕਰਕੇ ਆਪਣੇ ਹਿਤ ਲਈ ਰਾਜ-ਪਲਟੇ ਕਰਕੇ ਆਪਣੀ ਲੁੱਟ ਨੂੰ ਜਾਰੀ ਰੱਖਣਾ ਚਾਹੁੰਦਾ ਹੈ? ਵੈਨੇਜ਼ੁਏਲਾ ਦੇ ਸੰਕਟ ਲਈ ਸਾਮਰਾਜ ਗਿਣ-ਮਿਥ ਕੇ ਜਿੱਥੇ ਜ਼ਿੰਮੇਵਾਰ ਹੈ! ਉਥੇ ਇਸ ਨੂੰ ਅਸਥਿਰ ਕਰਨ ਲਈ ਚਾਲਾਂ ਚਲ ਰਿਹਾ ਹੈ।

ਪਿਛਲੇ ਦਿਨੀਂ ਡੈਮੋਕ੍ਰੈਟਿਕ ਐਕਸ਼ਨ ਪਾਰਟੀ ਦੇ ਆਗੂਆਂ ਵੱਲੋਂ, 'ਦੇਸ਼ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੂਰੋ ਵਿਰੁਧ, 'ਵਿਰੋਧੀ ਨੇਤਾ ਗਵਾਈਦੋ ਦੀ ਮਿਲੀ ਭਗਤ ਨਾਲ ਰੱਚੀਆਂ ਤਿੰਨ ਵਾਰ ਅਸਫਲ ਬਗਾਵਤੀ ਸਾਜ਼ਸ਼ਾਂ ਵਿਰੁਧ, 'ਸੇਬਿਨ ਦੀ ਰਿਪੋਰਟ ਅਨੁਸਾਰ, 'ਵੈਨੇਜ਼ੁਏਲਾ ਦੇ ਸੁਪਰੀਮ ਕੋਰਟ ਨੇ ਜੈਂਬਰਾਨੋ ਤੇ 6 ਹੋਰ ਕੌਮੀ ਅਸੰਬਲੀ ਦੇ ਡਿਪਟੀਆਂ ਵਿਰੁਧ ਬਗਾਵਤ ਲਈ ਦੇਸ਼ ਧਰੋਹੀ ਦੇਸ਼ ਲਾ ਕੇ ਗ੍ਰਿਫਤਾਰੀ ਦੇ ਹੁਕਮ ਜਾਰੀ ਕੀਤੇ ਹਨ? ਇਸ ਵਿਦਰੋਹ ਲਈ ਜ਼ਿੰਮੇਵਾਰ ਸਾਜ਼ਸ਼ੀਆਂ ਦੀ ਰਿਹਾਈ ਲਈ ਅਰਜਨਟਾਈਨਾ ਚਿਲੀ, ਕੋਲੰਬੀਆਂ, ਪੀਰੂ ਦੀਆਂ ਸਰਕਾਰਾਂ ਨੂੰ ਬਹੁਤ ਤਲਖ਼ੀ ਮਹਿਸੂਸ ਹੋਈ ਹੈ? ਉਨ੍ਹਾਂ ਨੇ ਜੈਂਬਰਾਨੋ ਦੀ ਰਿਹਾਈ ਦੀ ਮੰਗ ਕੀਤੀ ਹੈ? ਕਈ ਸਾਜ਼ਸ਼ੀ ਆਗੂ ਕਰਾਕਸ ਅੰਦਰ ਵਿਦੇਸ਼ੀ ਅੰਬੈਸੀਆਂ ਅੰਦਰ ਪਨਾਹ ਲੈਣ ਲਈ ਤਰਲੋ-ਮੱਛੀ ਹੋ ਰਹੇ ਹਨ? ਵਿਦੇਸ਼ੀ ਸਰਕਾਰਾਂ ਵੱਲੋਂ ਇਨ੍ਹਾਂ ਸਾਜ਼ਸ਼ਕਾਰਾਂ ਨੂੰ ਮੁਆਫ਼ੀ ਦੇਣ ਦੀ ਮੰਗ ਕੀਤੀ ਗਈ ਹੈ! ਲੋਕ-ਜਮਹੂਰੀ ਢੰਗ ਨਾਲ ਚੁਣੇ ਗਏ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਦਾ ਤਿੰਨ ਵਾਰ ਸਾਜ਼ਸ਼ੀ ਢੰਗ ਨਾਲ ਤਖਤਾ ਪਲਟਾਉਣ ਲਈ ਜ਼ਿੰਮੇਵਾਰ ਦੋਸ਼ੀਆਂ ਲਈ ਮੁਆਫ਼ੀ ਤੇ ਰਿਹਾਈ ਦੀ ਮੰਗ ਵਿਦੇਸ਼ੀ ਸਰਕਾਰਾਂ ਕਰ ਰਹੀਆਂ ਹਨ।

ਦੱਖਣੀ ਅਮਰੀਕਾ (ਲਾਤੀਨੀ ਅਮਰੀਕਾ) ਦਾ ਦੇਸ਼ ਵੈਨੇਜ਼ੁਏਲਾ, 'ਜਿਹੜਾ 1499 ਨੂੰ ਇਕ ਇਟਲੀ ਦੇ ਸਮੁੰਦਰੀ ਜਲਵਾਹਕ ਏਲੋਨਸੋ ਡੇ ਉਜੇਡਾ ਨੇ ਲੱਭਿਆ ਸੀ! ਇਸ ਦੇਸ਼ ਦੀ ਸੰਸਕ੍ਰਿਤੀ ਦੇ ਚਿੰਨ੍ਹ 15,000 ਸਾਲ ਪੁਰਾਣੇ ਮਿਲਦੇ ਹਨ! 1499 ਤੋਂ ਬਾਅਦ ਬਸਤੀਵਾਦੀ ਯੁੱਗ, ਪ੍ਰਭੂ ਸੰਪੰਨ ਇਹ ਆਜ਼ਾਦ ਦੇਸ਼, 19ਵੀਂ ਸਦੀ ਤੋਂ 20ਵੀਂ ਸਦੀ ਰਾਹੀਂ ਹੁੰਦਾ ਹੋਇਆ 21ਵੀਂ ਸਦੀ 'ਚ ਪ੍ਰਵੇਸ਼ ਹੋ ਕੇ, 'ਅੱਜ ਸਮਾਜਵਾਦੀ ਧਾਰਾ ਵੱਲ ਵੱਧਣ ਲਈ ਇਕ ਡੂੰਘੇ ਸੰਕਟ ਦਾ ਸ਼ਿਕਾਰ ਬਣਿਆ ਹੋਇਆ ਹੈ? ਭੂਗੋਲਿਕ, ਵਾਤਾਵਰਨ, ਜੀਵ-ਜੰਤੂਆਂ ਵਾਲੀ ਭਿੰਨਤਾ, ਬਸਤੀਵਾਦੀ ਗੁਲਾਮੀ, ਆਟੋਕਰੇਸੀ, ਭ੍ਰਿਸ਼ਟਾਚਾਰ, ਕੱਚੇ ਤੇਲ ਦੀ ਆਰਥਿਕਤਾ ਅਧਾਰਿਤ ਰਾਜਨੀਤੀ ਇਸ ਦੇਸ਼ ਦੇ ਇਤਿਹਾਸ ਦੇ ਪੰਨੇ ਹਨ? ਬੋਲੀਵਾਰੀਅਨ ਰਿਪਬਲਿਕ ਆਫ ਵੈਨੇਜ਼ੁਏਲਾ, 'ਜਿਸ ਦਾ ਰਕਬਾ 9,16,445 ਵਰਗ ਕਿਲੋਮੀਟਰ ਹੈ। ਇਸ ਦੇ ਉਤਰ ਵਲ ਕੈਰੀਬੀਅਨ ਤੇ ਐਟਲਾਂਟਿਕ ਸਮੁੰਦਰ ਹਨ। ਇਸ ਦੇਸ਼ ਦੇ ਬਾਰਡਰ ਕੋਲੰਬੀਆ, ਬ੍ਰਾਜ਼ੀਲ ਦੱਖਣ ਵਲ, ਟਰਨੀਡਾਡ ਤੇ ਟੋਬਾਗੋ ਉਤਰ ਪੂਰਬ ਵਲ ਹਨ। ਇਹ ਜੀਵ-ਜੰਤੂਆਂ, ਬਨਸਪਤੀ ਆਦਿ ਵੰਨ-ਸੁਵੰਨਤਾਂ ਤੇ ਵੰਨਗੀਆਂ ਕਾਰਨ ਦੁਨੀਆਂ ਅੰਦਰ 7-ਵੀਂ ਥਾਂ ਆਉਂਦਾ ਹੈ? ਪਹਾੜਾਂ, ਮੈਦਾਨੀ, ਸਮੁੰਦਰੀ ਕੰਡਿਆ, ਐਮਾਜਿਨ-ਦਰਿਆਈ ਬੇਸਿਨ, ਜੰਗਲ ਅਤੇ ਭਿੰਨ-ਭਿੰਨ ਮਨੁੱਖਤਾ ਦੇ ਵਸੇਬੇ ਨਾਲ ਗੁੰਦਿਆ ਇਕ ਖ਼ੂਬਸੂਰਤ ਗੁਲਦਸਤਾ ਹੈ।

ਵੈਨੇਜ਼ੁਏਲਾ 1522 ਤੋਂ 1811 ਤੱਕ ਸਪੇਨੀ ਬਸਤੀਵਾਦੀ ਸਾਮਰਾਜੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਰਿਹਾ! 1821 ਤਕ ਇਥੋਂ ਦੇ ਸਥਾਨਕ ਵਾਸੀ ਬਸਤੀਵਾਦੀਆਂ ਵਿਰੁਧ ਸੰਘਰਸ਼ ਕਰਦੇ ਰਹੇ। ਕੋਲੰਬੀਆ ਤੋਂ 1830 ਨੂੰ ਆਜ਼ਾਦ ਹੋਇਆ, 'ਵੈਨੇਜ਼ੁਏਲਾ ਕਈ ਉਤਰਾਅ-ਚੜ੍ਹਾਵਾਂ ਬਾਅਦ 1958 ਨੂੰ ਜਮਹੂਰੀ ਦੇਸ਼ ਬਣਿਆ। ਦੇਸ਼ ਅੰਦਰ ਆਰਥਿਕ ਧਮਾਕੇ, 1980-1990 ਤਕ ਰਾਜਸੀ ਸੰਕਟ, 1989 ਦੌਰਾਨ ਦੰਗੇ, 1992 ਤੱਕ ਰਾਜ ਪਲਟੇ, 1992 ਬਾਦ ਕਾਰਲੋਜ਼ ਪੇਰੇਜ ਵਿਰੁਧ ਲੋਕ ਉਭਾਰ ਅਤੇ 1998 ਨੂੰ ਹੋਇਆ ਚੋਣਾਂ ਦੌਰਾਨ ਹੂਜੋ-ਚੂਵੇਜ ਰਾਸ਼ਟਰਪਤੀ ਬਣਿਆ! ਉਸ ਵੱਲੋ ਲਿਆਂਦੀ ਤਬਦੀਲੀ ਨੂੰ "ਬੋਲੀਵਾਰੀਅਨ ਇਨਕਲਾਬ" ਕਿਹਾ ਜਾਂਦਾ ਹੈ ! ਚੂਵੇਜ਼ ਦੀ ਅਗਵਾਈ ਅਧੀਨ ਲੋਕਾਂ ਨੂੰ ਸਾਫ਼-ਸੁਥਰੀ ਅਤੇ ਲੋਕ-ਭਲਾਈ ਵਾਲੀ ਸਰਕਾਰ ਨਸੀਬ ਹੋਈ, ਜਿਸ ਨੇ 1999 ਨੂੰ ਦੇਸ਼ ਨੂੰ ਨਵਾਂ ਸੰਵਿਧਾਨ ਅਤੇ ਦੇਸ਼ ਦਾ ਨਾਂ "ਬੋਲੀਵਾਰੀਅਨ ਰਿਪਬਲਿਕ ਆਫ ਵੈਨੇਜ਼ੁਏਲਾ ਦਿਤਾ। 1999 ਬਾਦ ਹੀ ਦੇਸ਼ ਦਾ ਰੁੱਖ ਪੂੰਜੀਵਾਦੀ ਆਰਥਿਕਤਾ ਦੇ ਉਲਟ ਸਮਾਜਵਾਦ ਵਲ ਵੱਧਿਆ। ਜਿਸ ਕਰਕੇ ਹੀ ਉਸ ਦਿਨ ਤੋਂ ਸਾਮਰਾਜੀ ਅਮਰੀਕਾ ਨੂੰ ਭਾਉਂਦਾ ਨਹੀਂ ਹਨ?

ਬੋਲੀਵਾਰੀਅਨ ਰਿਪਬਲਿਕ ਆਫ ਵੈਨੇਜ਼ੁਏਲਾ ਲਾਤੀਨੀ ਦੇਸ਼ ਅੰਦਰ ਸਭ ਤੋਂ ਉਚਤਮ ਸ਼ਹਿਰੀ ਦਿਖ ਵਾਲਾ ਦੇਸ਼ ਹੈ। ਤੇਲ, ਕੌਫੀ, ਕੋਕੋਆ ਇਸ ਦੇਸ਼ ਦੀ ਆਰਥਿਕਤਾ ਦੇ ਮੁਖ ਸਾਧਨ ਹਨ। ਸਮਾਜਵਾਦੀ ਸਰਕਾਰੀ ਸਿਸਟਮ, ਸੋਸ਼ਲ-ਵੈਲਫੇਅਰ ਪਾਲਸੀ ਜਿਸ ਰਾਹੀਂ ਗਰੀਬੀ-ਅਮੀਰੀ ਵਿਚਕਾਰ ਪਾੜਾ ਘਟਾਉਣ ਲਈ ਪੁਟੇ ਕਦਮ, ਵਿਦੇਸ਼ੀ ਦਬਾਅ ਤੋਂ ਮੁਕਤੀ ਅਤੇ ਕਾਰਪੋਰੇਟ ਸੈਕਟਰ ਦੀ ਮਨਮਾਨੀਆਂ ਨੂੰ ਲਾਈਆਂ ਰੋਕਾਂ ਤੇ ਲੋਕਾਂ ਨੂੰ ਦਿੱਤੀਆਂ ਸਬਸਿਡੀਆਂ! ਉਹ ਅਜਿਹੇ ਲੋਕ-ਹਿਤ ਵਿੱਚ ਪੁਟੇ ਗਏ ਕਦਮ ਸਨ! ਜਿਨ੍ਹਾਂ ਕਰਕੇ ਸਾਮਰਾਜ ਬੌਂਖਲਾਅ ਉਠਿਆ ? ਅਮਰੀਕੀ ਸਾਮਰਾਜ ਦੀ ਬੇਲੋੜੀ ਦਖਲ-ਅੰਦਾਜ਼ੀ, ਆਰਥਿਕ ਰੋਕਾਂ, ਉਲਟ-ਇਲਕਲਾਬੀ ਤਾਕਤਾਂ ਨੂੰ ਮਿਲੀ ਹੱਲਾਸ਼ੇਰੀ ਕਾਰਨ ਦੇਸ਼ੀ ਕੌਮੀ ਆਰਥਿਕਤਾ ਹੇਠਾਂ ਡਿਗ ਪਈ? ਅੱਜ ਨਿਕੋਲਸ ਮਾਦੂਰੋ, 'ਦੇਸ਼ ਦੇ ਮਹਾਨ ਜੰਗਜੂ ਅਤੇ ਮੁਕਤੀ ਲਈ ਲੜਨ ਵਾਲੇ ਯੋਧੇ ਬੋਲੀਵਾਰੀਅਨ ਦੀਆਂ ਪਈਆਂ ਪਿਰਤਾਂ ਨੂੰ ਤਾਜ਼ਾ ਰੱਖਦਿਆਂ ਹੋਇਆ, 'ਸੋਸਲਿਸਟ ਪਾਰਟੀ ਦੀ ਅਗਵਾਈ ਵਿੱਚ ਹੂਗੋ-ਚੂਵੇਜ਼ ਦੇ ਰਾਹ'ਤੇ ਚੱਲਦਿਆਂ, 'ਵੈਨੇਜ਼ੁਏਲਾ ਦੇ ਲੋਕਾਂ ਦੀ ਮੁਕਤੀ ਲਈ ਦੋ ਮੁਹਾਜ਼ਾਂ-ਸਾਮਰਾਜ ਅਤੇ ਉਲਟ-ਇਨਕਲਾਬੀ ਪਿਛਾਕੜੀ ਸ਼ਕਤੀਆਂ ਵਿਰੁਧ ਜੂਝ ਰਿਹਾ ਹੈ? ਇਹ ਜੰਗ! ਕਿਰਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ, 'ਮਨੁੱਖਤਾ ਦੇ ਸਭ ਤੋਂ ਵੱਡੇ ਦੋਖੀ ਸਾਮਰਾਜ ਨਾਲ ਹੈ! ਆਖਰ ਫੈਸਲਾ ਲੋਕ ਹੀ ਕਰਨਗੇ? ਪਰ ਜਿੱਤ ਸਦਾ ਲੋਕਾਂ ਦੀ ਹੀ ਹੁੰਦੀ ਹੈ, 'ਭਾਵੇਂ ਦੇਰ-ਸਵੇਰ ਹੋ ਜਾਵੇ!

# ਅਜਹਰ ਮਾਸੂਦ ਦਾ ਮਸਲਾ- ਕੀ ਖੱਟਿਆ ਕੀ ਗਵਾਇਆ




ਪ੍ਰਿਤਪਾਲ ਸਿੰਘ ਮੰਡੀ ਕਲਾਂ

ਭਾਜਪਾ ਸਰਕਾਰ ਨੇ ਪਿਛਲੇ ਤਿੰਨ ਚਾਰ ਸਾਲ ਤੋਂ ਅਜਹਰ ਮਾਸੂਦ ਨੂੰ ਕੌਮਾਂਤਰੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਲਈ ਮੁਹਿੰਮ ਚਲਾਈ ਹੋਈ ਸੀ। ਭਾਰਤ ਦੀ ਭਾਜਪਾ ਸਰਕਾਰ ਇਸ ਸਬੰਧੀ ਕੌਮਾਂਤਰੀ ਭਾਈਚਾਰੇ ਵਿਸ਼ੇਸ਼ ਕਰਕੇ ਅਮਰੀਕਾਂ ਫਰਾਂਸ ਅਤੇ ਬਰਤਾਨੀਆਂ ਨੂੰ ਲਗਾਤਾਰ ਅਪੀਲਾਂ ਕਰ ਰਹੀ ਸੀ। ਇਹ ਤਿੰਨੋ ਵੱਡੀਆਂ ਵੀਟੋ ਤਾਕਤਾਂ ਵੱਲੋਂ ਪਿੱਛਲੇ ਦੋ ਤਿੰਨ ਸਾਲਾਂ ਤੋਂ ਮਾਸੂਦ ਵਿਰੁੱਧ ਮਤੇ ਵੀ ਲਿਆਂਦੇ ਗਏ ਪਰ ਚੀਨ ਨੇ ਇਹਨਾਂ ਮਤਿਆਂ ਨੂੰ ਤਕਨੀਕੀ ਨੁਕਸ ਕਹਿਕੇ ਪਾਸ ਨਹੀਂ ਹੋਣ ਦਿੱਤਾ ਸੀ। ਭਾਰਤੀ ਹਾਕਮ ਚੀਨ ਦੀ ਇਸ ਨੀਤੀ ਨੂੰ ਪਾਕਿਸਤਾਨ ਦੀ ਪਿੱਠ ਥਾਪੜਣਾ ਕਹਿੰਦੇ ਰਹੇ ਅਤੇ ਚੀਨ ਦੀ ਨੁਕਤਾਚੀਨੀ ਕਰਦੇ ਰਹੇ। 14 ਫਰਵਰੀ ਦੇ ਪੁਲਵਾਮਾ ਦਹਿਸ਼ਤਗਰਦੀ ਹਮਲੇ ਜਿਸ ਸਬੰਧੀ ਲੋਕਾਂ ਦੇ ਵੱਖ ਵੱਖ ਨਿਤਾਰ ਕੀਤੇ ਹਨ ਬਾਰੇ ਇੱਕ ਪੱਖ ਇਹ ਹੈ ਕਿ ਇਸ ਦੀ ਜੁੰਮੇਵਾਰੀ ਜੈਸ ਏ ਮੁਹੰਮਦ ਨੇ ਲੈ ਲਈ ਹੈ ਅਤੇ ਇਸ ਦਹਿਸ਼ਤਗਰਦ ਜਥੇਬੰਦੀ ਦਾ ਮੁਖੀ ਪਾਕਿਸਤਾਨ ਵਿੱਚ ਬਿਰਾਜਮਾਨ ਅਜਹਰ ਮਾਸੂਦ ਹੈ। ਭਾਰਤ ਸਰਕਾਰ ਨੇ ਫਿਰ ਪਾਕਿਸਤਾਨ ਨੂੰ ਅਜਹਰ ਮਾਸੂਦ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਅਤੇ ਇਸ ਸਬੰਧੀ ਸਬੂਤ ਦੇ ਤੌਰ 'ਤੇ ਜੈਸ ਏ ਮੁਹੰਮਦ ਵੱਲੋਂ ਇਸ ਹਮਲੇ ਦੀ ਓਟੀ ਗਈ ਜੁੰਮੇਵਾਰੀ ਨੂੰ ਆਧਾਰ ਬਣਾਇਆ ਗਿਆ। ਪਰ ਪਾਕਿਸਤਾਨ ਨੇ ਇਸ ਨਾਲ ਸਹਿਮਤ ਨਾ ਹੁੰਦੇ ਹੋਏ ਅਜਹਰ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਮੋਦੀ ਸਰਕਾਰ ਨੇ ਇੱਕ ਪਾਸੇ ਬਾਲਕੋਟ ਸਰਜੀਕਲ ਸਰਟਰਾਈਕ ਕਰਕੇ ਦਹਿਸ਼ਤਗਰਦਾਂ ਦਾ ਵੱਡਾ ਨੁਕਸਾਨ ਕਰਨ ਦੇ ਦਾਅਵੇ ਕੀਤੇ ਅਤੇ ਦੂਜੇ ਪਾਸੇ ਅਜਹਰ ਮਾਸੂਦ ਨੂੰ ਕੌਮਾਂਤਰੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਸਾਮਲ ਕਰਨ ਦੀ ਮੁਹਿੰਮ ਤੇਜ ਕਰ ਦਿੱਤੀ। ਅਮਰੀਕਾ ਵੱਲੋਂ ਲਿਆਂਦਾ ਅਤੇ ਸੁਰੱਖਿਆ ਕੌਂਸਲ ਦੇ ਬਾਕੀ ਮੈਂਬਰਾਂ ਦੀ ਹਮਾਇਤ ਪ੍ਰਾਪਤ ਇਹ ਮਤਾ ਚੀਨ ਸਰਕਾਰ ਨੇ ਫਿਰ ਤਕਨੀਕੀ ਅਧਾਰ 'ਤੇ ਰੱਦ ਕਰ ਦਿੱਤਾ ਅਤੇ ਚੀਨ ਸਰਕਾਰ ਨੇ ਕਿਹਾ ਇਸ ਸਬੰਧੀ ਵਾਰਤਾ ਜਾਰੀ ਹੈ ਅਤੇ ਪ੍ਰਗਤੀ ਤਸੱਲੀਬਖਸ਼ ਹੈ। ਮਾਰਚ ਵਿੱਚ ਫਰਾਂਸ ਵੱਲੋਂ ਇਹ ਮਤਾ ਫਿਰ ਰੱਖਿਆ ਗਿਆ ਜਿਸ ਨੂੰ ਬਰਤਾਨੀਆਂ ਅਤੇ ਅਮਰੀਕਾ ਦੀ ਹਮਾਇਤ ਪ੍ਰਾਪਤ ਸੀ। ਇਸ ਮਤੇ ਨੂੰ ਲਿਆਉਣ ਦੀ ਚੀਨ ਸਰਕਾਰ ਨੇ ਨਿਖੇਧੀ ਕੀਤੀ ਪਰ ਇਸ ਦੀ ਅੰਤਿਮ ਮਿਤੀ 2 ਮਈ ਤੱਕ ਚੀਨ ਵੱਲੋਂ ਕੋਈ ਵਿਰੋਧ ਨਾ ਹੋਣ ਕਰਕੇ ਇਹ ਮਤਾ ਪਾਸ ਹੋ ਗਿਆ ਅਤੇ ਅਜਹਰ ਮਾਸੂਦ ਨੂੰ ਕੌਮਾਂਤਰੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ। ਜਿਸ ਅਨੁਸਾਰ ਅਜਹਰ ਮਾਸੂਦ ਦੇ ਘਰੋਂ ਬਾਹਰ ਨਿਕਲਣ ਤੇ ਹਥਿਆਰ ਖਰੀਦਣ ਪਾਬੰਦੀਆਂ ਤੋਂ ਇਲਾਵਾ ਉਸਦੇ ਬੈਂਕ ਖਾਤੇ ਜਾਮ ਕਰ ਦਿੱਤੇ ਜਾਣੇ ਹਨ। ਪਾਕਿਸਤਾਨ ਸਰਕਾਰ ਨੇ ਅਜਿਹੇ ਫੈਸਲੇ ਲਾਗੂ ਕਰਨ ਦਾ ਭਰੋਸਾ ਦਿੱਤਾ ਹੈ ।

ਭਾਜਪਾ ਦੀ ਅਗਵਾਈ ਵਾਲਾ ਐਨ ਡੀ ਏ ਗੱਠਜੋੜ ਚੋਣਾਂ ਮੌਕੇ ਇਸ ਨੂੰ ਮਜਬੂਤ ਪ੍ਰਧਾਨ ਮੰਤਰੀ ਮੋਦੀ ਦੀ ਇੱਕ ਵੱਡੀ ਪ੍ਰਾਪਤੀ ਅਤੇ ਅੱਤਵਾਦ ਨੂੰ ਨੱਥ ਪਾਉਣ ਦੇ ਇੱਕ ਕਦਮ ਵਜੋਂ ਪ੍ਰਚਾਰਿਆ ਹੈ ਅਤੇ ਲੋਕਾਂ ਦੀ ਵੱਡੀ ਗਿਣਤੀ ਵੀ ਦਹਿਸ਼ਤਗਦੀ ਦੀ ਸਮੱਸਿਆ ਦੇ ਹੱਲ ਹੋਣ ਦੀ ਉਮੀਦ ਪਾਲ ਰਹੀ ਹੈ। ਪਰ ਇੱਕ ਮਤ ਅਨੁਸਾਰ ਇਸ ਨਾਲ ਦਹਿਸ਼ਤਗਰਦੀ ਉਪਰ ਕੋਈ ਅਸਰ ਨਹੀਂ ਪਵੇਗਾ ਅਤੇ ਭਾਜਪਾ ਸਰਕਾਰ ਨੇ ਆਪਣੀ ਪ੍ਰਾਪਤੀ ਦਰਸਾਉਣ ਲਈ ਇਹ ਮਤਾ ਪਾਸ ਕਰਵਾਉਣ ਲਈ ਅਮਰੀਕਾ ਅਤੇ ਚੀਨ ਦੀਆਂ ਕੁੱਝ ਸਰਤਾਂ ਮੰਨੀਆਂ ਹਨ। ਇਸ ਵੱਖਰੀ ਸਮਝ ਕੀ ਕਹਿੰਦੀ ਹੈ। ਅੰਗਰੇਜ਼ੀ ਦੇ ਅਖਬਾਰ ਇੰਡੀਅਨ ਐਕਸਪ੍ਰੈਸ ਦੇ ਤਿੰਨ ਮਈ ਦੇ ਅੰਕ ਦੀ ਖਬਰ ਅਤੇ ਹੋਰ ਸੂਤਰਾਂ ਅਨੁਸਾਰ ਇਹ ਮਤਾ ਕੇਵਲ ਅਜਹਰ ਮਾਸੂਦ ਖਿਲਾਫ਼ ਹੈ ਜਿਹੜਾ ਅੱਜ ਕੱਲ ਪਾਕਿਸਤਾਨ ਵਿੱਚ ਆਪਣੇ ਹੀ ਘਰ ਵਿੱਚ ਬਿਮਾਰੀ ਦੀ ਹਾਲਤ ਮੰਜੇ ਤੋ. ਉਠਣ ਦੀ ਹਾਲਤ ਵਿੱਚ ਨਹੀਂ, ਅਜਿਹੀ ਹਾਲਤ ਵਿੱਚ ਉਬਸ ਲੇ ਕਿਹੜੇ ਹਥਿਆਰ ਆਪ ਖਰੀਦਣੇ ਹਨ ਜਾਂ ਬੈਂਕ ਖਾਤੇ ਚਲਾਉਣੇ ਹਨ, ਜਾਂ ਦਹਿਸ਼ਤਗਰਦੀ ਦਾ ਪ੍ਰਚਾਰ ਪਸਾਰ ਜਾਂ ਅਜਿਹੀਆਂ ਕਾਰਵਾਈਆਂ ਦੀ ਅਗਵਾਈ ਕਰਨੀ ਹੈ। ਵੈਸੇ ਵੀ ਕੀ ਅਜਿਹੀਆਂ ਦਹਿਸ਼ਤਗਰਦ ਜਥੇਬੰਦੀਆਂ ਆਪਣੇ ਮੁਖੀਆਂ ਦੇ ਨਾਮ 'ਤੇ ਬੈਂਕ ਖਾਤੇ ਚਲਾਉਂਦੀ ਆਂ ਹੋਣਗੀਆਂ ਜਾਂ ਜੇ ਅਜਿਹਾ ਹੈ ਵੀ ਤਾਂ ਕੀ ਉਸਦੀ ਅਖੌਤੀ ਜਥੇਬੰਦੀ ਨੂੰ ਐਨੇ ਅਰਸੇ ਦੌਰਾਨ ਲਾਜਮੀ ਹੀ ਆਪਣੇ ਬਦਲਵੇ ਪ੍ਰਬੰਧ ਕਰ ਲਏ ਹੋਣਗੇ ?

ਚੀਨ ਅਤੇ ਪਾਕਿਸਤਾਨ ਦੀ ਇੱਕ ਸ਼ਰਤ ਸੀ ਕਿ ਅਜਹਰ ਮਸੂਦ ਦਾ ਮਸਲਾ ਪਲਵਾਮਾ ਅਟੈਕ ਨਾਲ ਨਾ ਜੋੜਿਆ ਜਾਵੇ ਇਸ ਕਰਕੇ ਇਸ ਮਤੇ ਵਿੱਚ ਪੁਲਵਾਮਾ ਹਮਲੇ ਅਤੇ ਜੰਮੂ ਕਸ਼ਮੀਰ ਵਿੱਚ ਦਹਿਸ਼ਤਗਰਦੀ ਕਾਰਵਾਈਆਂ ਦਾ ਕੋਈ ਜ਼ਿਕਰ ਨਹੀਂ ਹੈ। ਅਜਹਰ ਮਾਸੂਦ ਦੇ ਦਹਿਸ਼ਤਗਰਦਾਂ ਦੀ ਸੁਚੀ ਵਿੱਚ ਸ਼ਾਮਲ ਕਰ ਲਏ ਜਾਣ ਨਾਲ ਦਹਿਸ਼ਦਗਰਦੀ ਨੂੰ ਨੱਥ ਪਾਉਣ ਵੱਲ ਇੱਕ ਕਦਮ ਦੇ ਦਾਅਵੇ ਫੌਕੇ ਹਨ। ਇਸ ਤੋਂ ਪਹਿਲਾਂ ਵੀ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਮੁੰਬਈ ਦਹਿਸ਼ਤਗਰਦੀ ਹਮਲੇ ਤੋਂ ਬਾਅਦ ਹਾਫਿਜ਼ ਸਾਈਅਦ ਨੂੰ ਕੌਮਾਂਤਰੀ ਦਹਿਸ਼ਤਗਰਦ ਟਿੱਕ ਕਰਵਾ ਲਿਆ ਸੀ ਪਰ ਦਹਿਸ਼ਤਗਰਦੀ ਦਾ ਖਾਤਮਾ ਕਿਧਰੇ ਨਜ਼ਰ ਨਹੀਂ ਆਇਆ। ਭਾਰਤ ਸਰਕਾਰ ਵੱਲੋਂ ਕਸ਼ਮੀਰੀ ਲੋਕਾਂ ਉਪਰ ਜਬਰ ਉਸੇ ਤਰ੍ਹਾਂ ਜਾਰੀ ਹੈ ਅਤੇ ਉਹਨਾਂ ਦੀ ਮੂਲ ਸਮੱਸਿਆ ਦਾ ਕੋਈ ਢੁਕਵਾਂ ਹੱਲ ਕੱਢਣ ਦਾ ਉਪਰਾਲਾ ਵੀ ਨਜਰ ਨਹੀਂ ਆ ਰਿਹਾ। ਇਸ ਕਰਕੇ ਕਸ਼ਮੀਰੀ ਲੋਕਾਂ ਤਰਾਸਦੀ ਅਤੇ ਸੁੱਖਿਆ ਫੌਜਾਂ ਵਿੱਚ ਭਰਤੀ ਮਿਹਨਕਸ਼ਾਂ ਦੇ ਗਭਰੂ ਪੁੱਤਾਂ ਦੀ ਜਾਨਾਂ ਨੂੰ ਹਾਲੇ ਖਤਰਾ ਬਰਕਰਾਰ ਰਹੇਗਾ ਜਿਸਨੂੰ ਦਹਿਸ਼ਤਗਰਦੀ ਸਿਰ ਮੜ੍ਹਿਆ ਜਾਂਦਾ ਰਹੇਗਾ।

*ਭਾਰਤ ਸਰਕਾਰ ਨੇ ਫਿਰ ਪਾਕਿਸਤਾਨ ਨੂੰ ਅਜਹਰ ਮਾਸੂਦ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਅਤੇ ਇਸ ਸਬੰਧੀ ਸਬੂਤ ਦੇ ਤੌਰ 'ਤੇ ਜੈਸ ਏ ਮੁਹੰਮਦ ਵੱਲੋਂ ਇਸ ਹਮਲੇ ਦੀ ਓਟੀ ਗਈ ਜੁੰਮੇਵਾਰੀ ਨੂੰ ਆਧਾਰ ਬਣਾਇਆ ਗਿਆ। ਪਰ ਪਾਕਿਸਤਾਨ ਨੇ ਇਸ ਨਾਲ ਸਹਿਮਤ ਨਾ ਹੁੰਦੇ ਹੋਏ ਅਜਹਰ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ।*

ਭਾਰਤ ਸਰਕਾਰ ਵੱਲੋਂ ਅਜਿਹੇ ਮਤੇ ਨੂੰ ਪਾਸ ਕਰਵਾਉਣ ਲਈ ਜਿਹੜੀਆਂ ਸ਼ਰਤਾਂ ਮੰਨੀਆਂ ਹਨ ਉਹਨਾਂ ਵਿੱਚ ਇੱਕ ਤਾਂ ਚੀਨ ਵੱਲੋਂ ਪਾਕਿਸਤਾਨ ਦੇ ਕਬਜੇ ਹੇਠਲੇ ਕਸ਼ਮੀਰ ਵਿੱਚੋਂ ਦੀ ਪਾਕਿਸਤਾਨ ਤੱਕ ਉਸਾਰੀ ਜਾ ਰਹੇ ਸਨਅਤੀ ਕਾਰੀਡੋਰ ਦਾ ਵਿਰੋਧ ਨਾ ਕਰਨਾ ਹੈ। ਭਾਰਤੀ ਹਕੂਮਤ ਨੇ ਕਸ਼ਮੀਰ ਦੇ ਇਸ ਉਪਰ ਆਪਣੇ ਦਾਅਵੇ ਨੂੰ ਬਰਕਰਾਰ ਰੱਖਦੇ ਹੋਏ ਇਸ ਕਾਰੀਡੋਰ ਸਬੰਧੀ ਚੁੱਪ ਵੱਟਣ ਦਾ ਰਾਹ ਅਖਤਿਆਰ ਕੀਤਾ ਹੈ। ਭਾਰਤ ਨੇ ਮਾਰਚ ਵਿੱਚ ਚੀਨ ਵੱਲੋਂ ਅਜਹਰ ਮਾਸੂਦ ਮਸਲੇ ਵਿੱਚ ਭਾਰਤ ਵਿਰੁੱਧ ਭੁਗਤਣ ਵੇਲੇ 2017 ਵਰਗੀ ਪ੍ਰਤੀਕ੍ਰਿਆ ਵੀ ਨਹੀਂ ਕੀਤੀ। ਭਾਵੇਂ ਭਾਰਤੀ ਲੋਕਾਂ ਨੂੰ ਅਜਿਹੀ ਚੁੱਪੀ ਦਾ ਕੋਈ ਨੁਕਸਾਨ ਨਾ ਵੀ ਹੋਵੇ ਭਰ ਇਹ ਭਾਜਪਾ ਹਕੂਮਤ ਦੇ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਅਤੇ ਮਜ਼ਬੂਤ ਪ੍ਰਧਾਨ ਮੰਤਰੀ ਦੇ ਦਾਅਵੇ ਦੀ ਪੋਲ ਜਰੂਰ ਖੋਲਦਾ ਹੈ।

ਦੂਜਾ ਅਮਰੀਕਾ ਭਾਰਤ ਦੇ ਅਤੀ ਕਰੀਬੀ ਮਿਤਰ ਵਜੋ ਪੇਸ਼ ਆ ਰਿਹਾ ਹੈ। ਉਸਨੇ ਇਸ ਵਰਤਾਰੇ ਵਿੱਚ ਜੋ ਬਿਆਨ ਬਾਜ਼ੀ ਕੀਤੀ ਹੈ ਜਿਸ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਉਸਨੂੰ ਭਾਰਤ ਵਿੱਚ ਦਹਿਸ਼ਤਗਰਦੀ ਦੀ ਬਹੁਤ ਚਿੰਤਾ ਹੈ ਅਤੇ ਉਸਨੇ ਚੀਨ ਨੂੰ ਆਪਣੀ ਨੀਤੀ ਬਦਲਣ ਲਈ ਮਜਬੂਰ ਕੀਤਾ ਹੈ। ਪਰ ਅਮਰੀਕਾ ਦੀਆਂ ਕਾਰਵਾਈਆਂ ਤੋਂ ਜਾਣੂ ਕੋਈ ਕਿਵੇਂ ਭੁੱਲ ਸਕਦਾ ਹੈ ਕਿ ਅਫਗਾਨਿਸਤਾਨ ਵਿੱਚ ਆਪਣੇ ਵਿਰੋਧੀ ਰੂਸੀ ਸਾਮਰਾਜ ਨੂੰ ਟੱਕਰ ਦੇਣ ਲਈ ਉਸਨੇ ਉੱਥੇ ਅਤੇ ਪਾਕਿਸਤਾਨ ਵਿੱਚ ਮੂਲਵਾਦ ਤਕੜਾ ਕੀਤਾ ਹੈ। ਹੁਣ ਉਸਨੇ ਇਰਾਨ ਉਪਰ ਫਿਰ ਪਾਬੰਦੀਆਂ ਮੜ ਦਿੱਤੀਆਂ ਹਨ ਅਤੇ ਭਾਰਤ ਸਰਕਾਰ ਨੂੰ ਇਰਾਨ ਤੋਂ ਤੇਲ ਦਰਾਮਦ ਕਰਨ ਦੀ ਮੋਹਲਤ 2 ਮਈ ਤੱਕ ਦਿੱਤੀ ਸੀ। ਭਾਰਤੀ ਹਾਕਮਾਂ ਨੇ ਅਮਰੀਕੀ ਸ਼ਰਤਾਂ ਪ੍ਰਵਾਨ ਕਰਦੇ ਹੋਏ ਇਰਾਨ ਤੋਂ ਤੇਲ ਦਰਾਮਦ ਕਰਨਾ ਬੰਦ ਕਰਨਾ ਮੰਨ ਲਿਆ ਹੈ। ਇਸ ਨਾਲ ਇੱਕ ਤਾਂ ਭਾਰਤੀ ਖਪਤਕਾਰਾਂ ਨੂੰ ਤੇਲ ਦੀ ਮਹਿੰਗਾਈ ਦਾ ਭਾਰ ਸਹਿਣਾ ਪਵੇਗਾ ਦੂਜਾ ਭਾਰਤ ਇਰਾਨ ਤੋਂ ਤੇਲ ਦਰਾਮਦ ਆਪਣੀ ਕਰੰਸੀ ਭਾਵ ਰੁਪਈਆਂ ਵਿੱਚ ਕਰਦਾ ਸੀ ਅਤੇ ਆਪਣੀ ਵਿਦੇਸ਼ੀ ਮੁਦਰਾ ਦੀ ਬੱਚਤ ਕਰਦਾ ਸੀ ਹੁਣ ਉਸ ਦੇ ਵਿਦੇਸ਼ੀ ਕਰੰਸੀ ਦੇ ਭੰਡਾਰ ਉੱਪਰ ਭਾਰ ਪਵੇਗਾ। ਇਸਤੋਂ ਪਹਿਲਾਂ ਕਾਂਗਰਸ ਹਕੂਮਤ ਨੇ ਇਰਾਨ ਵੱਲੋਂ ਭਾਰਤ ਨੂੰ ਪਾਈਪ ਲਾਈਨ ਰਾਹੀ ਗੈਸ ਦਰਾਮਦ ਕਰਨ ਦੇ ਪ੍ਰਸਤਾਵ ਨੂੰ ਅਮਰੀਕੀ ਦਬਾਅ ਹੇਠ ਨਾ ਮਨਜ਼ੂਰ ਕਰ ਦਿੱਤਾ ਸੀ। ਇਸ ਗੈਸ ਪਾਇਪ ਲਾਈਨ ਜਿੱਥੇ ਖੇਤਰੀ ਵਿਕਾਸ ਨੂੰ ਹੁਲਾਰਾ ਮਿਲਣਾ ਸੀ ਉੱਥੇ ਭਾਰਤ ਪਾਕਿਸਤਾਨ ਦੇ ਸਬੰਧ ਵੀ ਸੁਧਰ ਸਕਦੇ ਸਨ। ਪਰ ਅੱਜ ਹਕੂਮਤ ਜਿੱਥੇ ਕੌਮਾਂਤਰੀ ਮੰਡੀ ਵਿੱਚੋਂ ਮਹਿੰਗਾ ਤੇਲ ਦਰਾਮਦ ਕਰਕੇ ਭਾਰਤੀ ਲੋਕਾਂ ਉਪਜ ਭਾਰ ਪਾ ਰਹੀ ਹੈ ਉੱਥੇ ਆਪਣੇ ਇਸ ਗਵਾਂਢੀ ਮਿਤਰ ਦੇਸ਼ ਦੇ ਲੋਕਾਂ ਅੰਦਰ ਨਫਰਤ ਪੈਦਾ ਕਰਕੇ ਸਾਮਰਾਜੀ ਹਿਤਾਂ ਦੇ ਪੱਖ ਵਿੱਚ ਭੁਗਤ ਰਹੀ ਹੈ। ਅੱਜ ਲੋੜ ਹੈ ਅਜਿਹੇ ਕੂੜ ਪ੍ਰਚਾਰ ਤੋਂ ਬਚਣ ਦੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਇਨਸਾਫ ਪੂਰਬਕ ਹੱਲ ਰਾਹੀਂ, ਆਪਣੇ ਗੁਵਾਂਢੀ ਮੁਲਕਾਂ ਨਾਲ ਮਿਤਰਤਾ ਪੂਰਬਕ ਸਬੰਧ ਸਥਾਪਤ ਕਰਨ ਅਤੇ ਧੱਕੜ ਦੇਸ਼ਾਂ ਦੀਆਂ ਚਾਲਾਂ ਵਿੱਚ ਕਿਸੇ ਤਾਕਤ ਦੇ ਪਿਆਦੇ ਬਣਨ ਤੋਂ ਆਕੀ ਹੋਣ ਦੀ ਇਸ ਵਿੱਚ ਹੀ ਦੁਨੀਆਂ ਦੇ ਕਾਮੇ ਲੋਕਾਂ ਦੀ ਭਲਾਈ ਹੈ।

ਭਾਰਤੀ ਸਰਕਾਰ ਵੱਲੋਂ ਨੇ ਅਜਹਰ ਮਸੂਦ ਨੂੰ ਕੌਮਾਂਤਰੀ ਦਹਿਸ਼ਤਗਰਦਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਨਾਲ ਲੋਕਾਂ ਲਈ ਕੁੱਝ ਵੀ ਨਹੀਂ ਖੱਟਿਆ ਸਗੋਂ ਮਹਿੰਗੇ ਤੇਲ ਦੀ ਬਰਾਮਦੀ ਦੀ ਸ਼ਰਤ ਮੰਨ ਕੇ ਆਪਣੀ ਲੋਕਾਂ ਦੀ ਪਿੱਠ 'ਤੇ ਹੋਰ ਆਰਥਿਕ ਭਾਰ ਲੱਧ ਦਿੱਤਾ ਹੈ ਅਤੇ ਖੇਤਰ ਵਿੱਚ ਇਰਾਨ ਨਾਲ ਪ੍ਰਾਚੀਨ ਸਮੇਂ ਤੋਂ ਚੱਲੇ ਆ ਰਹੇ ਭਾਈਚਾਰ ਸਬੰਧਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਸੰਪਰਕ 9876060280





# ਆਰ. ਐਸ. ਐਸ. ਹਿੰਦੂਤਵ ਦਾ ਜੇਤੂ ਉਭਾਰ, ਪਰ ਦੇਸ਼ ਦਾ ਨਿਘਾਰ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇੰਡੀਆ ਵਿੱਚ 11 ਅਪਰੈਲ ਤੋਂ 19 ਮਈ ਤੱਕ 17 ਵੀਂ ਲੋਕ ਸਭਾ ਲਈ ਪਈਆਂ ਪਾਰਲੀਮਾਨੀ ਚੋਣਾਂ ਦੇ ਜੋ ਨਤੀਜੇ 23 ਮਈ ਨੂੰ ਐਲਾਨੇ ਗਏ ਹਨ, ਉਨ੍ਹਾਂ ਵਿੱਚ ਇੰਡੀਅਨ ਬਹੁ ਗਿਣਤੀ ਹਿੰਦੂ ਭਾਈਚਾਰੇ ਨੇ ਆਰ ਐਸ ਐਸ ਦੀ ਅਗਵਾਈ ਵਾਲੀ ਸਿਆਸੀ ਪਾਰਟੀ ਭਾਜਪਾ ਨੂੰ 'ਹਿੰਦੂ ਰਾਸ਼ਟਰ' ਦੇ ਹੱਕ ਵਿੱਚ ਸਪੱਸ਼ਟ ਫਤਵਾ ਦਿੱਤਾ ਹੈ। ਲੋਕ ਸਭਾ ਦੀਆਂ 542 ਸੀਟਾਂ ਦੇ ਚੋਣ ਨਤੀਜਿਆਂ ਅਨੁਸਾਰ ਭਾਜਪਾ ਤੇ ਉਸਦੀਆਂ ਸਹਿਯੋਗੀ ਪਾਰਟੀਆਂ ਨੂੰ 353 ਸੀਟਾਂ, ਕਾਂਗਰਸ ਤੇ ਸਹਿਯੋਗੀ ਪਾਰਟੀਆਂ ਨੂੰ 90 ਸੀਟਾਂ, ਬਹੁਤ ਸਾਰੀਆਂ ਖੇਤਰੀ ਪਾਰਟੀਆਂ ਦੇ ਮਹਾਂ ਗਠਬੰਧਨ ਨੂੰ 15 ਸੀਟਾਂ ਅਤੇ ਬਾਕੀ ਹੋਰ ਪਾਰਟੀਆਂ ਨੂੰ 84 ਸੀਟਾਂ ਮਿਲੀਆਂ ਹਨ। ਇਨ੍ਹਾਂ ਵਿਚੋਂ ਭਾਜਪਾ ਨੂੰ ਇਕੱਲੇ 303 ਸੀਟਾਂ, ਕਾਂਗਰਸ ਨੂੰ 52 ਤੇ ਬਾਕੀ ਸਾਰੀਆਂ ਪਾਰਟੀਆਂ ਨੂੰ 187 ਸੀਟਾਂ ਮਿਲੀਆਂ ਹਨ। ਜਿਸ ਤੋਂ ਸਪੱਸ਼ਟ ਹੈ ਕਿ ਭਾਰਤੀ ਲੋਕਾਂ ਨੇ ਮੋਦੀ-ਅਮਿਤ ਸ਼ਾਹ ਦੀ ਲੀਡਰਸ਼ਿਪ ਹੇਠ ਨਾ ਸਿਰਫ ਭਾਜਪਾ, ਸਗੋਂ ਉਸਦੀਆਂ ਸਹਿਯੋਗੀ ਪਾਰਟੀਆਂ ਨੂੰ ਭਾਰੀ ਬਹੁਮਤ ਨਾਲ ਫਤਵਾ ਦਿੱਤਾ ਹੈ ਤਾਂ ਕਿ ਉਹ ਆਪਣੇ 'ਭਾਰਤ ਹਿੰਦੂ ਰਾਸ਼ਟਰ' ਦੇ ਸੁਪਨੇ ਨੂੰ ਸਾਕਾਰ ਕਰ ਸਕਣ। ਪਾਠਕਾਂ ਦੀ ਜਾਣਕਾਰੀ ਲਈ ਇਹ ਜਾਨਣਾ ਮਹੱਤਵਪੂਰਨ ਹੋਵੇਗਾ ਕਿ 27 ਸਤੰਬਰ, 1925 (ਤਕਰੀਬਨ 94 ਸਾਲ ਪਹਿਲਾਂ) ਕੇਸ਼ਵ ਬਲਰਾਮ ਹੈਡਗਵੇਅਰ ਵਲੋਂ ਨਾਗਪੁਰ (ਮਹਾਂਰਾਸ਼ਟਰ) ਵਿੱਚ ਆਰ ਐਸ ਐਸ ਦੀ ਸਥਾਪਨਾ ਕੀਤੀ ਗਈ ਸੀ। ਜਿਸਦਾ ਮੁੱਖ ਮਕਸਦ ਬਹੁ-ਗਿਣਤੀ ਹਿੰਦੂ ਭਾਈਚਾਰੇ ਵਿੱਚ ਹਜਾਰਾਂ ਸਾਲਾਂ ਦੀ ਗੁਲਾਮੀ ਦੀ ਹੀਣ ਭਾਵਨਾ ਦੀ ਥਾਂ 'ਹਿੰਦੂ ਰਾਸ਼ਟਰਵਾਦ' ਤੇ 'ਹਿੰਦੂਵਾਦ' (ਮਨੂੰ ਸਿਮਰਤੀ ਤੇ ਪੁਰਾਤਨ ਹਿੰਦੂਤਵੀ ਪ੍ਰੰਪਰਾਵਾਂ ਅਧਾਰਿਤ ਰਾਜਨੀਤੀ) ਦਾ ਸਵੈਮਾਣ ਪੈਦਾ ਕਰਨਾ ਤੇ ਭਾਰਤ ਨੂੰ ਧਰਮ ਅਧਾਰਿਤ ਹਿੰਦੂ ਰਾਸ਼ਟਰ ਬਣਾਉਣ ਲਈ ਲੋਕਾਂ ਨੂੰ ਤਿਆਰ ਕਰਨਾ ਸੀ। ਇਸ ਵਕਤ ਆਰ ਐਸ ਐਸ (ਰਾਸ਼ਟਰੀ ਸਵੈਮ ਸੇਵਕ ਸੰਘ) ਕੋਲ 60 ਲੱਖ ਤੋਂ ਵੱਧ ਪੱਕੇ ਮੈਂਬਰ, 100 ਤੋਂ ਵੱਧ ਬੜੀਆਂ ਮਜਬੂਤ ਜਥੇਬੰਦੀਆਂ ਹਨ ਅਤੇ 60 ਹਜ਼ਾਰ ਤੋਂ ਵੱਧ ਸ਼ਖਾਵਾਂ (ਸੈਂਟਰ) ਹਨ, ਜਿਥੇ ਯੋਜਨਾਬੱਧ ਢੰਗ ਨਾਲ ਹਿੰਦੂ ਨੌਜਵਾਨਾਂ ਨੂੰ ਘੱਟ ਗਿਣਤੀਆਂ, ਦਲਿਤਾਂ, ਆਦਿ-ਵਾਸੀਆਂ ਤੇ ਖਾਸਕਰ ਮੁਸਲਮਾਨਾਂ ਖਿਲਾਫ ਨਫਰਤ ਨਾਲ ਭਰ ਕੇ ਹਿੰਦੂ ਜਨੂੰਨੀ (ਅੱਤਵਾਦੀ) ਬਣਾਇਆ ਜਾਂਦਾ ਹੈ।ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਜਨੂੰਨੀ ਬਣਾਉਣ ਦੇ ਨਾਲ-ਨਾਲ ਧਰਮ ਤੇ ਜਾਤ ਅਧਾਰਿਤ ਦੰਗੇ ਭੜਕਾਉਣ ਆਦਿ ਲਈ ਹਥਿਆਰਬੰਦ ਟਰੇਨਿੰਗ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਇੱਕ ਖਾਸ ਕਿਸਮ ਦੀ ਵਰਦੀ (ਖਾਕੀ ਨਿੱਕਰ, ਚਿੱਟੀ ਕਮੀਜ਼, ਕਾਲੀ ਟੋਪੀ ਤੇ ਹੱਥ ਵਿੱਚ ਬਾਂਸ ਦਾ ਡੰਡਾ) ਪਵਾ ਕੇ ਹਿੰਦੂ ਰਾਸ਼ਟਰ ਦੀ ਸੈਨਾ ਦੇ ਸਿਪਾਹੀ ਵੀ ਬਣਾਇਆ ਜਾਂਦਾ ਹੈ। ਪਿਛਲੇ 94 ਸਾਲ ਵਿੱਚ 4 ਵਾਰ ਆਰ ਐਸ ਐਸ ਨੂੰ ਦੇਸ਼ ਤੇ ਸਮਾਜ ਵਿੱਚ ਜਾਤ ਤੇ ਧਰਮ ਅਧਾਰਿਤ ਨਫਰਤ ਤੇ ਦੰਗੇ ਭੜਕਾਉਣ ਲਈ ਪਾਬੰਦੀਸ਼ੁਦਾ ਜਥੇਬੰਦੀ ਐਲਾਨਿਆ ਗਿਆ ਸੀ। ਪਹਿਲੀ ਵਾਰ ਅੰਗਰੇਜੀ ਹਕੂਮਤ ਵਲੋਂ 1946-47 ਵਿੱਚ, ਦੂਜੀ ਵਾਰ 1948 ਵਿੱਚ ਆਰ ਐਸ ਐਸ ਦੇ ਇੱਕ ਮੈਂਬਰ ਨੱਥੂ ਰਾਮ ਗੌਡਸੇ ਵਲੋਂ ਮਹਾਤਮਾ ਗਾਂਧੀ ਨੂੰ ਮਾਰਨ ਮਗਰੋਂ, ਤੀਜੀ ਵਾਰ 1975-77 ਵਿੱਚ ਐਮਰਜੈਂਸੀ ਦੌਰਾਨ ਤੇ ਚੌਥੀ ਵਾਰ 1992 ਵਿੱਚ ਬਾਬਰੀ ਮਸਜਿਦ ਢਾਹੁਣ ਮਗਰੋਂ ਪਾਬੰਦੀਸ਼ੁਦਾ ਜਥੇਬੰਦੀ ਐਲਾਨਿਆ ਗਿਆ। ਪਰ ਇਸ ਸਭ ਦੇ ਬਾਵਜੂਦ ਆਰ ਐਸ ਐਸ ਆਪਣੇ 'ਹਿੰਦੂ ਰਾਸ਼ਟਰ' ਦੇ ਏਜੰਡੇ ਦੀ ਪੂਰਤੀ ਲਈ ਬੜੀ ਸਿਦਕਦਿਲੀ ਨਾਲ ਕੰਮ ਕਰਦੀ ਰਹੀ।ਆਰ ਐਸ ਐਸ ਵਲੋਂ ਆਪਣੇ ਰਾਜਸੀ ਨਿਸ਼ਾਨੇ 'ਹਿੰਦੂ ਰਾਸ਼ਟਰ' ਦੀ ਪੂਰਤੀ ਲਈ ਪਹਿਲੀ 1951 ਵਿੱਚ 'ਜਨ ਸੰਘ' ਨਾਮ ਹੇਠ ਆਪਣਾ ਰਾਜਸੀ ਵਿੰਗ ਬਣਾਇਆ ਗਿਆ, ਜਿਸਨੇ ਵੱਖ-ਵੱਖ ਢੰਗਾਂ ਨਾਲ ਲੰਬਾ ਸਮਾਂ ਆਪਣੀਆਂ ਰਾਜਸੀ ਗਤੀਵਿਧੀਆਂ ਕੀਤੀਆਂ। 1977 ਵਿੱਚ ਪਹਿਲੀ ਵਾਰ 'ਜਨ ਸੰਘ' ਨੇ ਐਮਰਜੈਂਸੀ ਤੋਂ ਬਾਅਦ 'ਜਨਤਾ ਪਾਰਟੀ' ਨਾਲ ਰਲ਼ ਕੇ ਚੋਣਾਂ ਵਿੱਚ ਹਿੱਸਾ ਲਿਆ, ਪਰ ਬਹੁਤੀ ਕਾਮਯਾਬੀ ਨਹੀਂ ਮਿਲੀ। ਫਿਰ 6 ਅਪਰੈਲ 1980 ਨੂੰ 'ਜਨ ਸੰਘ' ਭੰਗ ਕਰਕੇ ਨਵੀਂ ਰਾਜਸੀ ਪਾਰਟੀ 'ਭਾਰਤੀ ਜਨਤਾ ਪਾਰਟੀ (ਭਾਜਪਾ) ਬਣਾਈ, ਜਿਸਨੇ ਪਹਿਲੀ ਵਾਰ 1984 ਵਿੱਚ ਆਪਣੇ ਤੌਰ ਤੇ ਪਾਰਲੀਮਾਨੀ ਚੋਣਾਂ ਲੜੀਆਂ, ਜਿਸ ਵਿੱਚ ਉਨ੍ਹਾਂ ਨੂੰ ਸਿਰਫ ਦੋ ਸੀਟਾਂ ਮਿਲੀਆਂ ਸਨ ਤੇ ਸਿਰਫ 12 ਸਾਲ ਬਾਅਦ 1996 ਦੀਆਂ ਚੋਣਾਂ ਵਿੱਚ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਬਣ ਕੇ ਉਭਰੀ ਸੀ, ਜਿਸਨੇ ਪਹਿਲੀ ਵਾਰ ਵਾਜਪਈ ਦੀ ਅਗਵਾਈ ਵਿੱਚ 13 ਦਿਨ ਦੀ ਸਰਕਾਰ ਬਣਾਈ ਸੀ। ਉਸ ਤੋਂ ਬਾਅਦ 1998 ਦੀਆਂ ਚੋਣਾਂ ਵਿੱਚ ਭਾਜਪਾ ਨੇ ਕੁਝ ਖੇਤਰੀ ਪਾਰਟੀਆਂ ਨਾਲ ਗਠਬੰਧਨ ਬਣਾ ਕੇ ਦੂਜੀ ਵਾਰ ਵਾਜਪਈ ਦੀ ਅਗਵਾਈ ਵਾਲੀ ਸਰਕਾਰ ਬਣਾਈ ਸੀ। ਫਿਰ 2014 ਵਿੱਚ ਪਹਿਲੀ ਵਾਰ ਮੋਦੀ ਦੀ ਅਗਵਾਈ ਵਿੱਚ ਬਹੁ-ਗਿਣਤੀ ਸਰਕਾਰ ਬਣਾਈ ਸੀ, ਜਿਸਨੂੰ ਉਨ੍ਹਾਂ ਨੇ 'ਅੱਛੇ ਦਿਨ ਆਏਂਗੇ', 'ਕਾਲਾ ਧੰਨ ਵਾਪਿਸ ਆਏਗਾ', ਬੇਰੁਜਗਾਰੀ ਖਤਮ ਹੋਵੇਗੀ', 'ਕੁਰੱਪਸ਼ਨ ਮੁਕਤ ਭਾਰਤ ਹੋਵੇਗਾ', 'ਸਭ ਦਾ ਸਾਥ, ਸਭ ਦਾ ਵਿਕਾਸ, ਸਭ ਦਾ ਵਿਸ਼ਵਾਸ' ਆਦਿ ਦੇ ਮੁੱਦਿਆਂ ਤੇ ਲੜੀ ਸੀ, ਪਰ ਆਪਣਾ ਹਿੰਦੂਤਵੀ ਏਜੰਡਾ ਲੁਕੋ ਕੇ ਰੱਖਿਆ ਸੀ। ਪਿਛਲ਼ੇ ਪੰਜ ਸਾਲਾਂ ਵਿੱਚ ਮੋਦੀ ਸਰਕਾਰ ਆਪਣੇ ਹਰ ਵਾਅਦੇ ਤੋਂ ਨਾ ਸਿਰਫ ਮੁੱਕਰੀ, ਸਗੋਂ ਹਰ ਫਰੰਟ ਤੇ ਫੇਲ੍ਹ ਹੋਈ, ਸਿਵਾਏ ਜਾਤ ਤੇ ਧਰਮ ਅਧਾਰਿਤ ਰਾਜਨੀਤੀ ਕਰਦਿਆਂ, 2019 ਦੀਆਂ ਚੋਣਾਂ ਜਿੱਤਣ ਲਈ ਸਮਾਜ ਨੂੰ ਵੰਡਣ ਵਿੱਚ ਕਾਮਯਾਬ ਹੋਈ। ਇਨ੍ਹਾਂ ਸਾਲਾਂ ਵਿੱਚ ਭਾਰਤ ਨੂੰ ਸਭ ਤੋਂ ਅਸਹਿਣਸ਼ੀਲ ਦੇਸ਼ ਮੰਨਿਆ ਜਾਣ ਲੱਗਾ।ਇਸ ਵਾਰ ਉਹ ਪੂਰੀ ਤਿਆਰੀ ਨਾਲ 'ਹਿੰਦੂ ਰਾਸ਼ਟਰ' ਤੇ ਘੱਟ ਗਿਣਤੀਆਂ ਵਿਰੋਧੀ ਸਪੱਸ਼ਟ ਏਜੰਡੇ ਨਾਲ ਚੋਣ ਮੈਦਾਨ ਵਿੱਚ ਆਏ ਸਨ।ਬੇਸ਼ਕ 2017-18 ਵਿੱਚ ਕੁਝ ਰਾਜਾਂ ਵਿੱਚ ਹੋਈਆਂ ਚੋਣਾਂ ਵਿੱਚ ਲੋਕਾਂ ਨੇ ਕਾਂਗਰਸ ਦੇ ਹੱਕ ਵਿੱਚ ਫਤਵਾ ਦਿੱਤਾ ਸੀ, ਜਿਸ ਨਾਲ ਜਿਥੇ ਕਾਂਗਰਸ ਨੂੰ 2019 ਦੀਆਂ ਚੋਣਾਂ ਵਿੱਚ ਚੰਗੀ ਕਾਰਗੁਜਾਰੀ ਦੀ ਭਾਰੀ ਉਮੀਦ ਹੋ ਗਈ ਸੀ, ਉਥੇ ਭਾਜਪਾ ਨੂੰ ਵੀ ਕਈ ਚੁਣੌਤੀਆਂ ਸਨ।ਭਾਜਪਾ ਆਪਣੇ ਪਿਛਲੀਆਂ ਚੋਣਾਂ ਦੇ ਸਾਰੇ ਮੁਦਿਆਂ ਤੇ ਪੂਰੀ ਤਰ੍ਹਾਂ ਫੇਲ੍ਹ ਹੋਈ ਸੀ। ਪਿਛਲ਼ੇ 5 ਸਾਲਾਂ ਵਿੱਚ ਨਾ ਹੀ ਅੱਛੇ ਦਿਨ ਆਏ ਸਨ, ਨਾ ਕਾਲਾ ਧਨ ਵਾਪਿਸ ਆਇਆ ਸੀ, ਨਾ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਸਨ, ਕਿਸਾਨ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਕਰ ਰਹੇ ਸਨ, ਕੁਰਪਸ਼ਨ ਵੀ ਕਾਂਗਰਸ ਦੇ ਰਾਜ ਵਾਂਗ ਜਾਰੀ ਸੀ, ਸਭ ਦੇ ਵਿਕਾਸ ਦੀ ਥਾਂ ਕੁਝ ਪੂੰਜੀਪਤੀਆਂ ਦਾ ਵਿਕਾਸ ਹੋਇਆ ਤੇ ਸਭ ਦਾ ਵਿਸ਼ਵਾਸ ਟੁੱਟਾ ਸੀ।ਸਗੋਂ ਇਸਦੇ ਉਲਟ ਗਊ ਹੱਤਿਆ, ਬੀਫ ਖਾਣ, ਵਿਦੇਸ਼ੀ ਤਿਉਹਾਰ ਮਨਾਉਣ, ਮੁਸਲਮਾਨਾਂ, ਘੱਟ ਗਿਣਤੀਆਂ, ਦਲਿਤਾਂ ਤੇ ਖੱਬੇਪੱਖੀ ਇਨਕਲਾਬੀ ਲੋਕਾਂ ਤੇ ਹਮਲਿਆਂ ਤੇ ਨਫਰਤ ਵਿੱਚ ਭਾਰੀ ਵਾਧਾ ਹੋਇਆ ਸੀ। ਇਸ ਲਈ 2019 ਦੀਆਂ ਚੋਣਾਂ ਵਿੱਚ ਇਹ ਸਭ ਮੁੱਦੇ ਪਿਛੇ ਰੱਖ ਕੇ ਬੜੀ ਵਿਉਂਤਬੰਦੀ ਨਾਲ ਆਰ ਐਸ ਐਸ ਤੇ ਭਾਜਪਾ ਨੇ 'ਨਕਲੀ ਰਾਸ਼ਟਰਵਾਦ' ਤੇ 'ਨਕਲੀ ਦੇਸ਼ ਭਗਤੀ' ਨੂੰ ਮੁੱਖ ਮੁੱਦਾ ਬਣਾਇਆ। ਭਾਰਤੀ ਕਾਰਪੋਰੇਟ ਮੀਡੀਆ, ਜੋ ਕਿ ਪੂਰੀ ਤਰ੍ਹਾਂ 'ਗੋਦੀ ਮੀਡੀਆ' (ਮੋਦੀ ਮੀਡੀਆ) ਬਣ ਚੁੱਕਾ ਸੀ, ਨੇ ਹਰ ਪਾਸੇ ਇਸ ਏਜੰਡੇ ਨੂੰ ਲਾਗੂ ਕਰਨ ਲਈ ਪੂਰਾ ਜ਼ੋਰ ਲਗਾਇਆ। ਪਰ ਫਿਰ ਵੀ ਉਨ੍ਹਾਂ ਨੂੰ ਲਗਦਾ ਸੀ ਕਿ ਹਰ ਹਾਲਤ ਵਿੱਚ ਪੂਰਨ ਬਹੁਮਤ ਲਈ ਕੁਝ ਅਜਿਹਾ ਕੀਤਾ



ਜਾਵੇ, ਜਿਸ ਨਾਲ ਲੋਕ ਸਭ ਕੁਝ ਭੁੱਲ-ਭੁਲਾ ਕੇ ਉਨ੍ਹਾਂ ਨੂੰ ਵੋਟਾਂ ਪਾਉਣ। ਹੁਣ ਬਿਲਕੁਲ ਸਪੱਸ਼ਟ ਹੋ ਚੁੱਕਾ ਹੈ ਕਿ ਬੜੀ ਸਾਜ਼ਿਸ਼ ਤਹਿਤ ਵੋਟਾਂ ਤੋਂ 2 ਮਹੀਨੇ ਪਹਿਲਾਂ 'ਪੁਲਵਾਮਾ, ਕਸ਼ਮੀਰ' ਦਾ ਅੱਤਵਾਦੀ ਹਮਲਾ ਕਰਵਾਇਆ ਗਿਆ। ਜਿਸਦੀ ਆੜ ਹੇਠ ਪਾਕਿਸਤਾਨ ਨਾਲ ਜੰਗ ਦਾ ਮਾਹੌਲ ਸਿਰਜਿਆ ਗਿਆ। ਮੋਦੀ ਨੂੰ ਅਜਿਹਾ ਸ਼ਕਤੀਸ਼ਾਲੀ ਲੀਡਰ ਬਣਾ ਕੇ ਪੇਸ਼ ਕੀਤਾ ਗਿਆ, ਜੋ ਪਾਕਿਸਤਾਨ ਵਲੋਂ ਕਰਵਾਏ ਗਏ (ਅਖੌਤੀ) ਅੱਤਵਾਦੀ ਹਮਲੇ ਦਾ ਘਰ ਵਿੱਚ ਘੁਸ ਕੇ ਏਅਰ ਸਟਰਾਈਕ ਕਰਨ ਵਾਲਾ ਮਾਚੋ ਲੀਡਰ ਹੈ? ਪੁਲਵਾਮਾ ਹਮਲੇ ਦੀ ਆੜ ਹੇਠ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਕਾਰਪੋਰੇਟ ਮੀਡੀਆ ਰਾਹੀਂ ਅਜਿਹਾ ਮਾਹੌਲ ਸਿਰਜਿਆ ਗਿਆ ਕਿ ਜੇ ਕੋਈ ਪੁਲਵਾਮਾ ਹਮਲੇ ਤੋਂ ਬਿਨਾਂ ਕਿਸੇ ਹੋਰ ਮੁੱਦੇ ਤੇ ਗੱਲ ਕਰੇ, ਪਾਕਿਸਤਾਨ ਨੂੰ ਗਾਲ਼ਾਂ ਨਾ ਕੱਢੇ, ਮੁਸਲਮਾਨਾਂ ਨੂੰ ਨਫਰਤ ਨਾਲ ਨਾ ਦੇਖੇ, ਉਹ ਦੇਸ਼ ਧ੍ਰੋਹੀ ਹੈ, ਉਹ ਰਾਸ਼ਟਰ ਵਿਰੋਧੀ ਹੈ। ਫਿਰ ਅਜਿਹਾ ਧੂੰਆਂ-ਧਾਰ ਪ੍ਰਚਾਰ ਕੀਤਾ ਗਿਆ ਕਿ ਮੋਦੀ ਹੀ ਅਜਿਹਾ ਸ਼ਕਤੀਸ਼ਾਲੀ ਲੀਡਰ ਹੈ, ਜੋ ਦੇਸ਼ ਨੂੰ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਬਚਾਅ ਸਕਦਾ ਹੈ ਤੇ ਉਨ੍ਹਾਂ ਦਾ ਮੂੰਹ ਤੋੜਵਾਂ ਜਵਾਬ ਦੇ ਸਕਦਾ ਹੈ। ਅਜਿਹੇ ਮਾਹੌਲ ਵਿੱਚ ਜਿਥੇ ਉਨ੍ਹਾਂ 5 ਸਾਲ ਪਹਿਲਾਂ ਕੀਤੇ ਵਾਅਦੇ ਭੁਲਾ ਦਿੱਤੇ, ਉਥੇ ਵਿਰੋਧੀ ਪਾਰਟੀਆਂ ਕੋਲ ਵੀ ਕੋਈ ਮੁੱਦਾ ਨਹੀਂ ਰਹਿਣ ਦਿੱਤਾ। ਬਦਕਿਸਮਤੀ ਨਾਲ ਮੋਦੀ-ਅਮਿਤ ਸ਼ਾਹ ਦੀ ਜੋੜੀ ਵਲੋਂ ਝੁਲਾਈ ਝੂਠ ਦੀ ਹਨ੍ਹੇਰੀ ਅੱਗੇ ਵਿਰੋਧੀ ਧਿਰ ਦਾ ਕੋਈ ਨੇਤਾ ਤਾਂ ਕੀ, ਕੋਈ ਵਿਰੋਧੀ ਧਿਰ ਖੜ੍ਹ ਨਹੀਂ ਸਕੀ? ਸਾਡਾ ਮੰਨਣਾ ਹੈ ਕਿ ਜੇ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਵੀ ਬਾਕੀ ਮੁੱਦੇ ਛੱਡ ਕੇ ਪੁਲਵਾਮਾ ਹਮਲੇ ਬਾਰੇ ਸਪੱਸ਼ਟ ਸਟੈਂਡ ਲੈ ਕੇ ਦੇਸ਼ ਨੂੰ ਦੱਸਦੀਆਂ ਕਿ ਇਹ ਹਮਲਾ ਇਨ੍ਹਾਂ ਦਾ ਆਪਣਾ ਕਾਰਾ ਹੈ, ਸਾਡੇ ਜਵਾਨ ਇਨ੍ਹਾਂ ਮਰਾਏ ਹਨ, ਇਨ੍ਹਾਂ ਦੇ ਸਰਜੀਕਲ ਸਟਰਾਈਕ ਝੂਠੇ ਤੇ ਧੋਖਾ ਹਨ, ਇਸਦੀ ਅੰਤਰ ਰਾਸ਼ਟਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਹਾਲਾਤ ਜਰੂਰ ਕੁਝ ਹੋਰ ਹੁੰਦੇ।ਮੋਦੀ-ਅਮਿਤ ਜੁੰਡਲੀ ਪਿਛਲ਼ੇ 5 ਸਾਲ ਤੋਂ ਰਾਹੁਲ ਨੂੰ 'ਪੱਪੂ' (ਨਾ-ਅਹਿਲ ਬੱਚਾ) ਕਹਿ ਕੇ ਨਕਾਰਦੀ ਸੀ ਤੇ ਰਾਹੁਲ ਨੇ ਸਾਬਿਤ ਕਰ ਦਿੱਤਾ ਕਿ ਉਹ ਸੱਚ-ਮੁੱਚ ਹੀ ਪੱਪੂ ਹੈ।ਭਾਰਤ ਦੀ ਸਮੁੱਚੀ ਵਿਰੋਧੀ ਧਿਰ ਭਾਜਪਾ ਅੱਗੇ ਨਾ ਸਿਰਫ ਨਿਮਾਣੀ-ਨਿਤਾਣੀ ਹੀ ਸਾਬਿਤ ਹੋਈ, ਸਗੋਂ ਬੜੀ ਨਾ ਅਹਿਲੀਅਤ ਵੀ ਨਿਕਲੀ, ਜੋ ਉਨ੍ਹਾਂ ਦੇ 5 ਸਾਲ ਤੋਂ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਲਈ ਹੋ ਰਹੇ ਯਤਨਾਂ ਦੇ ਸਨਮੁੱਖ ਕੋਈ ਵਿਉਂਤਬੰਦੀ ਨਹੀਂ ਕਰ ਸਕੀ।

ਅਸੀਂ ਪਿਛਲ਼ੇ ਕਈ ਸਾਲਾਂ ਤੋਂ ਆਪਣੀਆਂ ਲਿਖਤਾਂ ਵਿੱਚ ਪਹਿਲਾਂ ਹੀ ਕਹਿੰਦੇ ਆਏ ਹਾਂ ਕਿ ਆਰ ਐਸ ਐਸ, ਹਿਟਲਰ ਦੇ ਨਾਜ਼ੀਵਾਦ ਤੋਂ ਪ੍ਰੇਰਤ ਜਥੇਬੰਦੀ ਹੈ, ਜੋ ਪਿਛਲ਼ੇ 94 ਸਾਲ ਤੋਂ ਬੜੇ ਯੋਜਨਾਬੱਧ ਢੰਗ ਨਾਲ ਆਪਣੇ ਏਜੰਡੇ ਤੇ ਕੰਮ ਕਰ ਰਹੀ ਸੀ, ਜਿਸ ਤੋਂ ਨਿਕਲਣ ਵਾਲੇ ਨਤੀਜਿਆਂ ਤੋਂ ਬੇਖਬਰ ਕਾਂਗਰਸ ਤੇ ਹੋਰ ਰਾਜਨੀਤਕ ਪਾਰਟੀਆਂ ਪਿਛਲ਼ੇ 70 ਸਾਲ ਤੋਂ ਧਰਮ ਤੇ ਜਾਤ ਅਧਾਰਿਤ ਵੋਟ ਦੀ ਰਾਜਨੀਤੀ ਕਰਦੀਆਂ ਰਹੀਆਂ ਹਨ। ਜਿਸ ਨੇ ਦੇਸ਼ ਨੂੰ ਹੁਣ ਤਬਾਹੀ ਦੇ ਕੰਢੇ ਲਿਆ ਖੜਾ ਕੀਤਾ ਹੈ।ਜੇ ਮੋਦੀ ਸਰਕਾਰ ਦਾ ਪਿਛਲ਼ੇ 5 ਸਾਲ ਦਾ ਕੰਮ ਕਰਨ ਦਾ ਢੰਗ ਦੇਖੋ ਤਾਂ ਉਨ੍ਹਾਂ ਉਹ ਸਾਰਾ ਕੁਝ ਹੂ-ਬ-ਹੂ ਉਸੇ ਤਰਜ ਤੇ ਹੈ, ਜਿਸ ਢੰਗ ਨਾਲ 'ਹਿਟਲਰ' ਨੇ ਰਾਜਨੀਤਕ ਢੰਗ ਨਾਲ ਪਾਵਰ ਹਥਿਆ ਕੇ ਜਰਮਨੀ ਤੇ ਕੰਟਰੋਲ ਕੀਤਾ ਸੀ ਅਤੇ ਫਾਸ਼ੀਵਾਦੀ ਆਗੂ 'ਬੈਨੀਟੋ ਮੁਸੋਲਿਨੀ' (ਇਟਲੀ ਦਾ ਫਾਸ਼ੀਵਾਦੀ ਆਗੂ) ਨੇ ਇਟਲੀ ਵਿੱਚ ਕੀਤਾ ਸੀ। ਇਨ੍ਹਾਂ ਦੋਨਾਂ ਦਾ ਝੂਠਾ ਪ੍ਰਾਪੇਗੰਡਾ ਇਤਨਾ ਕਮਾਲ ਦਾ ਸੀ ਕਿ ਉਹ ਕਹਿੰਦੇ ਸਨ ਕਿ ਝੂਠ ਨੂੰ ਜਿਤਨੀ ਸਫਾਈ ਨਾਲ ਤੇ ਵਾਰ-ਵਾਰ ਵਰਤੋ ਤਾਂ ਲੋਕ ਇਸ ਤੇ ਯਕੀਨ ਕਰਨ ਲਗਦੇ ਹਨ। ਬੇਸ਼ਕ ਉਨ੍ਹਾਂ ਸਮਿਆਂ ਵਿੱਚ ਅੱਜ ਵਾਂਗ ਮੀਡੀਆ ਨਹੀਂ ਸੀ ਤਾਂ ਵੀ 'ਨਾਜ਼ੀਆਂ' ਤੇ 'ਫਾਸ਼ੀਆਂ' ਨੇ ਬਾ-ਕਮਾਲ ਆਪਣਾ ਝੂਠ ਨਾ ਸਰਿਫ ਆਪਣੇ ਦੇਸ਼ ਵਾਸੀਆਂ ਨੂੰ ਵੇਚਿਆ, ਸਗੋਂ ਸਾਰੀ ਦੁਨੀਆਂ ਵੀ ਉਨ੍ਹਾਂ ਦੇ ਝੂਠ ਅੱਗੇ ਗੋਡੇ ਟੇਕ ਗਈ ਸੀ। ਅੱਜ ਹਿੰਦੂਤਵੀ ਹਾਕਮਾਂ ਕੋਲ ਕਾਰਪੋਰੇਟ ਮੀਡੀਆ ਇੱਕ ਬਹੁਤ ਵੱਡਾ ਹਥਿਆਰ ਹੈ, ਜਿਸਨੂੰ ਉਨ੍ਹਾਂ ਬਾਖੂਬੀ ਵਰਤਿਆ ਤੇ ਲੋਕਾਂ ਨੇ ਉਨ੍ਹਾਂ ਦਾ ਝੂਠ ਥੋਕ ਦੇ ਭਾਅ ਖਰੀਦਿਆ। ਅੱਜ ਪੱਛਮੀ ਸਰਮਾਏਦਾਰ ਤਾਕਤਾਂ ਵੀ ਹਿੰਦੂਤਵੀਆਂ ਦਾ ਝੂਠ ਬੜੀ ਆਸਨੀ ਨਾਲ ਖਰੀਦ ਰਹੀਆਂ ਹਨ ਕਿਉਂਕਿ ਉਨ੍ਹਾਂ ਦੇ ਰਾਜਨੀਤਕ ਤੇ ਆਰਥਿਕ ਹਿੱਤਾਂ ਨੂੰ ਇਹ ਫਿੱਟ ਬੈਠ ਰਿਹਾ ਹੈ। ਪਰ ਉਨ੍ਹਾਂ ਨੂੰ ਨਾਜ਼ੀਆਂ ਤੇ ਫਾਸ਼ੀਆਂ ਦਾ ਇਤਿਹਾਸ ਭੁੱਲਣਾ ਨਹੀਂ ਚਾਹੀਦਾ, ਉਨ੍ਹਾਂ ਨੂੰ ਯਾਦ ਰਹਿਣਾ ਚਾਹੀਦਾ ਹੈ ਕਿ ਉਸ ਵਕਤ ਵੀ ਉਨ੍ਹਾਂ ਦੀ ਚੁੱਪੀ ਨੇ ਦੂਜੀ ਸੰਸਾਰ ਜੰਗ ਨੂੰ ਜਨਮ ਦਿੱਤਾ ਸੀ ਤੇ ਹੁਣ ਫਿਰ ਪੱਛਮੀ ਸਰਮਾਏਦਾਰ ਤਾਕਤਾਂ ਆਪਣੇ ਆਰਥਿਕ ਤੇ ਸੌੜੇ ਸਿਆਸੀ ਲਾਭਾਂ ਲਈ ਸਿਰਫ ਸਾਊਥ ਏਸ਼ੀਆ ਨੂੰ ਹੀ ਨਹੀਂ, ਸਗੋਂ ਸਮੁੱਚੇ ਸੰਸਾਰ ਨੂੰ ਤੀਜੀ ਸੰਸਾਰ ਜੰਗ ਵੱਲ ਧੱਕ ਰਹੀਆਂ ਹਨ। ਸਾਨੂੰ ਇਹ ਵੀ ਯਾਦ ਰਹਿਣਾ ਚਾਹੀਦਾ ਹੈ ਕਿ ਉਸ ਵਕਤ ਤੇ ਸਿਰਫ ਕੁਝ ਪੱਛਮੀ ਦੇਸ਼ਾਂ ਕੋਲ ਹੀ ਅਟੌਮਿਕ ਜਾਂ ਨੁਕਲੀਅਤ ਹਥਿਆਰ ਸਨ, ਅੱਜ ਦੇ ਹਿੰਦੂਤਵੀ, ਨਜ਼ੀਆਂ ਤੇ ਫਾਸ਼ੀਆਂ ਕੋਲ ਬੜੇ ਮਾਰੂ ਨੁਕਲੀਅਰ ਹਥਿਆਰ ਹਨ, ਜੇ ਇਨ੍ਹਾਂ ਨੂੰ ਹੁਣੇ ਹੀ ਨੱਥ ਨਾ ਪਾਈ ਤਾਂ ਹੋਣ ਵਾਲੀ ਤਬਾਹੀ ਲਈ ਸਭ ਜ਼ਿੰਮੇਵਾਰ ਹੋਣਗੇ।

ਜੇ ਭਾਰਤ ਦੇ ਅੰਦਰੂਨੀ ਪੱਖ ਤੋਂ ਦੇਖੀਏ ਤਾਂ ਅਗਲੇ 5 ਸਾਲਾਂ ਵਿੱਚ ਇਸ ਗੱਲ ਦੇ ਪੂਰਨ ਆਸਾਰ ਹਨ ਕਿ ਆਰ ਐਸ ਐਸ ਆਪਣੇ 94 ਸਾਲ ਪੁਰਾਣੇ ਸੁਪਨੇ ਜਾਂ ਏਜੰਡੇ ਅਨੁਸਾਰ ਭਾਰਤ ਨੂੰ ਧਰਮ ਅਧਾਰਿਤ 'ਹਿੰਦੂ ਰਾਸ਼ਟਰ' ਐਲਾਨ ਸਕਦੀ ਹੈ। ਜੇ ਨਾ ਵੀ ਕਰ ਪਾਈ ਤਾਂ ਉਸਦੀ ਸੈਕੂਲਰ ਸਪਿਰਟ ਖਤਮ ਕਰ ਦੇਵੇਗੀ। ਪਰ ਇਸ ਲਈ ਉਹ ਪਹਿਲਾਂ ਭਾਰਤੀ ਸੰਵਿਧਾਨ ਦੇ ਸੈਕੂਲਰ, ਸੋਸ਼ਲਲਿਸਟ ਤੇ ਡੈਮੋਕਰੈਟਿਕ ਆਧਾਰ ਨੂੰ ਖਤਮ ਕਰੇਗੀ। ਕਸ਼ਮੀਰ ਵਿੱਚ ਲਾਗੂ ਧਾਰਾ 371, ਜਿਸ ਰਾਹੀਂ ਉਨ੍ਹਾਂ ਨੂੰ ਭਾਰਤ ਨਾਲ ਰਹਿਣ ਲਈ ਵਿਸ਼ੇਸ਼ ਅਧਿਕਾਰ ਹਨ, ਖਤਮ ਕੀਤੀ ਜਾ ਸਕਦੀ ਹੈ? ਕਸ਼ਮੀਰ ਵਿੱਚ ਲਾਗੂ ਧਾਰਾ 35ਏ ਨੂੰ ਖਤਮ ਕੀਤਾ ਜਾਵੇਗਾ, ਜੋ ਕਸ਼ਮੀਰ ਸਰਕਾਰ ਨੂੰ ਕਸ਼ਮੀਰ ਵਿੱਚ ਕਿਸੇ ਨੂੰ ਨਾਗਰਿਕਤਾ ਦੇਣ ਜਾਂ ਨਾ ਦੇਣ ਦਾ ਅਧਿਕਾਰ ਦਿੰਦੀ ਹੈ।ਹਿੰਦੂਤਵੀ ਹਾਕਮਾਂ ਦੇ ਮਨੁੱਖਤਾ ਵਿਰੋਧੀ ਤੇ ਕਨੂੰਨ ਵਿਰੋਧੀ ਕੰਮਾਂ ਲਈ ਵਿਰੋਧ ਵਿੱਚ ਉਠਣ ਵਾਲੀਆਂ ਆਵਾਜਾਂ ਨੂੰ ਕੁਚਲਣ ਲਈ ਨਵੇਂ ਕਾਲੇ ਕਨੂੰਨ ਬਣਾਏ ਜਾਣਗੇ? ਬਾਬਰੀ ਮਸਜਿਦ ਸਮੇਤ ਕਈ ਹੋਰ ਮਸਜਿਦਾਂ ਨੂੰ ਮੰਦਰ ਬਣਾਇਆ ਜਾਵੇਗਾ? ਭਾਰਤ ਵਿੱਚ ਦੋ ਕਿਸਮ ਦੀ ਨਾਗਰਿਕਤਾ ਲਾਗੂ ਕੀਤੀ ਜਾਵੇਗੀ, ਇੱਕ ਉਹ ਲੋਕ ਜੋ ਹਿੰਦੂ ਹਨ (ਜਾਂ ਧਾਰਾ 25 ਅਨੁਸਾਰ ਜੈਨੀ, ਬੋਧੀ, ਸਿੱਖ ਆਦਿ ਹਿੰਦੂਆਂ ਵਿੱਚ ਆਉਂਦੇ ਹਨ) ਲਈ ਅਸਲੀ ਭਾਰਤੀ ਨਾਗਰਿਕਤਾ ਹੋਵੇਗੀ ਅਤੇ ਦੂਜੀ ਬਾਹਰੋਂ ਆਏ ਮੁਸਲਮਾਨਾਂ ਤੇ ਇਸਾਈਆਂ ਲਈ ਹੋਵੇਗੀ? ਉਨ੍ਹਾਂ ਨੂੰ ਦੂਜੇ ਦਰਜੇ ਦੇ ਸਿਟੀਜਨ ਬਣਾਇਆ ਜਾਵੇਗਾ ਤੇ ਉਨ੍ਹਾਂ ਨੂੰ ਹਿੰਦੂ ਰਾਸ਼ਟਰ ਪ੍ਰਤੀ ਵਚਨਬੱਧਤਾ ਸਾਬਿਤ ਕਰਨੀ ਪਵੇਗੀ।ਮਾਨਵਤਾ ਵਿਰੋਧੀ ਗ੍ਰੰਥ 'ਮਨੂ-ਸਿਮਰਤੀ' ਅਧਾਰਿਤ 'ਹਿੰਦੂ ਸਟੇਟ' ਦਾ ਸੰਵਿਧਾਨ ਬਣਾਇਆ ਜਾਵੇਗਾ।ਦਲਿਤਾਂ, ਅਨੁ-ਸੂਚਿਤ ਜਾਤੀਆਂ, ਆਦਿ ਵਾਸੀਆਂ ਨੂੰ ਰਿਜ਼ਰਵੇਸ਼ਨ ਰਾਹੀਂ ਮਿਲੇ ਵਿਸ਼ੇਸ਼ ਅਧਿਕਾਰ ਖਤਮ ਕੀਤੇ ਜਾ ਸਕਦੇ ਹਨ। 'ਹਿੰਦੂ ਨੇਸ਼ਨ' ਦੀ ਧੌਂਸ ਜਮਾਉਣ ਲਈ ਪਾਕਿਸਤਾਨ ਤੇ ਹਮਲਾ ਵੀ ਕੀਤਾ ਜਾ ਸਕਦਾ ਹੈ ਅਤੇ ਬੰਗਲਾ ਦੇਸ਼ ਵਾਂਗ ਪਾਕਿਸਤਾਨ ਨੂੰ ਤੋੜਨ ਲਈ 'ਬਲੋਚਿਸਤਾਨ' ਵਿੱਚ ਸ਼ਹਿ ਦਿੱਤੀ ਜਾਵੇਗੀ ਤਾਂ ਕਿ ਪਾਕਿਸਤਾਨ ਦੇ ਹੋਰ ਟੁਕੜੇ ਕੀਤੇ ਜਾਣ।

ਸਮਾਂ ਵਾਜਾਂ ਮਾਰ ਰਿਹਾ ਹੈ, ਨਾ ਸਿਰਫ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਨੂੰ ਆਪਣੇ ਦੇਸ਼ ਤੇ ਸਾਊਥ ਏਸ਼ੀਆ ਨੂੰ ਤਬਾਹੀ ਤੋਂ ਬਚਾਉਣ ਲਈ 'ਹਿੰਦੂਤਵੀ' ਨਾਜ਼ੀ ਤੇ ਫਾਸ਼ੀ ਹਾਕਮਾਂ ਦਾ ਭਾਂਡਾ ਸੰਸਾਰ ਪੱਧਰ ਤੇ ਭੰਨਿਆ ਜਾਣਾ ਚਾਹੀਦਾ ਹੈ।ਉਥੇ ਪੱਛਮੀ ਸਰਮਾਏਦਾਰ ਤਾਕਤਾਂ ਨੂੰ ਵੀ ਆਪਣੇ ਸੌੜੇ ਸਿਆਸੀ ਤੇ ਆਰਥਿਕ ਹਿੱਤਾਂ ਲਈ ਮਨੁੱਖਤਾ ਦੀ ਬਲ਼ੀ ਦੇਣ ਤੋਂ ਸ਼ਰਮ ਕਰਨੀ ਚਾਹੀਦੀ ਹੈ, ਇਸ ਲਈ ਵੀ ਭਾਰਤੀ ਲੋਕਾਂ ਨੂੰ ਆਪਣਾ ਰੋਲ ਅਦਾ ਕਰਨਾ ਪਵੇਗਾ।ਸਾਡਾ ਮੰਨਣਾ ਹੈ ਕਿ ਜੇ ਅਜਿਹਾ ਨਾ ਹੋਇਆ ਤਾਂ 'ਹਿੰਦੂਤਵੀ ਹਾਕਮਾਂ' ਤੋਂ ਘੱਟ ਗਿਣਤੀਆਂ ਤੇ ਖਾਸਕਰ ਮੁਸਲਮਾਨਾਂ, ਸਿੱਖਾਂ, ਇਸਾਈਆਂ, ਆਦਿ ਵਾਸੀਆਂ, ਦਲਿਤਾਂ ਆਦਿ ਦੇ ਕਤਲੇਆਮ ਤੋਂ ਕੋਈ ਬਚਾਅ ਨਹੀਂ ਸਕੇਗਾ? ਜਿਸ ਨਾਲ ਅੰਦਰੂਨੀ ਖਾਨਜੰਗੀ ਹੋਵੇਗੀ ਅਤੇ ਭਾਰਤ ਦੇ ਕਈ ਟੁਕੜੇ ਹੋਣਗੇ? ਪਰ ਜਾਤੀਵਾਦ ਤੇ ਹਿੰਦੂਤਵ ਦੇ ਜਨੂੰਨ ਤੇ ਨਫਰਤ ਨਾਲ ਭਰੇ ਹੋਏ ਲੋਕਾਂ ਮਨੁੱਖਤਾ ਜਾਂ ਦੇਸ਼ ਨਾਲ ਕੋਈ ਹਮਦਰਦੀ ਨਹੀਂ, ਸਗੋਂ ਆਪਣਾ ਏਜੰਡਾ ਪ੍ਰਮੁੱਖ ਹੈ, ਜਿਸਨੂੰ ਜਿਤਨਾ ਰੋਕ ਸਕਦੇ ਹਾਂ, ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰੀਏ? ਜੇ ਦੇਸ਼ ਵਿੱਚ ਨਹੀਂ ਤਾਂ ਵਿਦੇਸ਼ਾਂ ਵਿੱਚ ਸਿੱਖਾਂ, ਮੁਸਲਮਾਨਾਂ, ਹੋਰ ਧਾਰਮਿਕ ਘੱਟ ਗਿਣਤੀਆਂ, ਆਦਿ ਵਾਸੀਆਂ, ਕਸ਼ਮੀਰੀਆਂ, ਖੱਬੇ-ਪੱਖੀ ਇਨਕਲਾਬੀ ਲੋਕਾਂ ਨੂੰ ਕੋਈ ਸਾਂਝਾ ਮੁਹਾਝ ਬਣਾਉਣ ਦੀ ਲੋੜ ਹੈ ਤਾਂ ਕਿ ਆਉਣ ਵਾਲੇ ਖਤਰੇ ਲਈ ਤਿਆਰੀ ਕੀਤੀ ਜਾ ਸਕੇ।



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

# ਨਵੀਂ ਬਨਣ ਜਾ ਰਹੀ ਸਰਕਾਰ ਗੋਚਰੇ ਕੰਮ



ਕੇਂਦਰ ਵਿੱਚ ਨਵੀਂ ਬਣੀ ਸਰਕਾਰ ਲਈ ਸ਼ੁਰੂ ਵਾਲੇ ਸੌ-ਡੇਢ ਸੌ ਦਿਨ ਬਿਲਕੁਲ ਵੀ ਸੌਖੇ ਨਹੀਂ ਹਨ, ਕਿਉਂਕਿ ਵਰਲਡ ਇਕਨੌਮਿਕ ਫੋਰਮ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਵਰ੍ਹੇ ਦੁਨੀਆ ਦੇ 70 ਫੀਸਦੀ ਦੇਸ਼ਾਂ ਵਿੱਚ ਮੰਦੀ ਦਾ ਦੌਰ ਹੋਣ ਦੇ ਆਸਾਰ ਹਨ ਅਤੇ ਭਾਰਤ ਉਹਨਾ ਵਿੱਚੋਂ ਇੱਕ ਹੈ। ਨਵੀਂ ਸਰਕਾਰ ਅੱਗੇ ਪਹਿਲੀ ਚਣੌਤੀ ਵਿਸ਼ਵ ਮੰਦੀ ਦੇ ਸਮਾਂਨਤਰ, ਵਿਕਾਸ ਦੀ ਬਹਾਲੀ ਕਰਨੀ ਹੋਵੇਗੀ। ਗਰੀਬੀ ਦੂਰ ਕਰਨ ਲਈ ਜ਼ਰੂਰੀ ਸੋਮਿਆਂ ਦੀ ਵਰਤੋਂ ਕਰਨੀ ਪਵੇਗੀ। ਬੇਰੁਜ਼ਗਾਰੀ ਤਾਂ ਮੁੱਖ ਮੁੱਦਾ ਹੈ ਹੀ, ਖੇਤੀ ਸੰਕਟ ਨੇ ਜਿਸ ਢੰਗ ਨਾਲ ਕਿਸਾਨਾਂ ਵਿੱਚ ਉਪਰਾਮਤਾ ਪੈਦਾ ਕੀਤੀ ਹੋਈ ਹੈ, ਉਹ ਬੇਰੁਜ਼ਗਾਰੀ ਨਾਲੋਂ ਵੀ ਵੱਡੀ ਹੈ ਅਤੇ ਆਉਣ ਵਾਲੀ ਸਰਕਾਰ ਲਈ ਖੇਤੀ ਸੰਕਟ ਮੁੱਖ ਚਣੌਤੀ ਬਣਕੇ ਉਭਰੇਗਾ।

ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਦੇਸ਼ ਦੇ ਬਹੁ-ਗਿਣਤੀ ਨੇਤਾਵਾਂ ਨੇ ਜਿਸ ਢੰਗ ਨਾਲ ਬੇਸਿਰ ਪੈਰ ਦੀ ਬਿਆਨਬਾਜੀ ਕੀਤੀ ਹੈ, ਉਸ ਨੂੰ ਸੁਣ-ਦੇਖ ਕੇ ਦੇਸ਼ ਦੀ ਜਨਤਾ ਸਕਤੇ ਵਿੱਚ ਹੈ। ਲੋਕ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਕਿਸੇ ਨੇਤਾ ਵਲੋਂ ਉਹਨਾ ਵਲੋਂ ਪੁੱਛੇ ਗਏ ਸਵਾਲਾਂ ਦਾ ਸਹੀ ਜਵਾਬ ਨਹੀਂ ਦਿੱਤਾ ਜਾਂਦਾ। ਉਹਨਾ ਨੂੰ ਜੋ ਪੁੱਛਿਆ ਜਾਂਦਾ ਹੈ, ਉਸਦਾ ਜਵਾਬ ਕੁਝ ਹੋਰ ਮਿਲਦਾ ਹੈ।

ਲੋਕਾਂ ਨੂੰ ਲੋਕਸ਼ਾਹੀ ਵਿੱਚ ਆਸ ਹੁੰਦੀ ਹੈ ਕਿ ਨੇਤਾ ਉਹਨਾ ਦਾ ਦੁੱਖ ਦਰਦ ਸਮਝਣ, ਉਹਨਾ ਦੀ ਗੱਲ ਸਾਰਿਆਂ ਦੇ ਸਾਹਮਣੇ ਰੱਖਣ, ਲੋਕ ਹਿਤੂ ਨੀਤੀਆਂ ਘੜਨ ਅਤੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਨ। ਅਸਲ ਵਿੱਚ ਤਾਂ ਨੇਤਾ, ਜਨਤਾ ਦਾ ਮਾਧਿਅਮ ਹੁੰਦਾ ਹੈ, ਜੋ ਨਿੱਜੀ ਸਵਾਰਥ ਛੱਡਕੇ ਲੋਕ ਭਲੇ ਲਈ ਕੰਮ ਕਰਦਾ ਹੈ। ਪਰ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਜੋ ਸਿਆਸੀ ਦੌਰ ਚੱਲਿਆ ਹੈ, ਉਸ ਵਿੱਚ ਘਪਲਿਆਂ, ਘੁਟਾਲਿਆਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਇਆ ਹੈ, ਨੈਤਿਕ ਮੁੱਲਾਂ ਦਾ ਘਾਣ ਹੋਇਆ ਹੈ। ਰਸੂਖਦਾਰ ਵੱਡੇ ਨੇਤਾਵਾਂ, ਮੰਤਰੀਆਂ ਅਤੇ ਅਫ਼ਸਰਸ਼ਾਹੀ ਦੀ ਮਿਲੀ ਭੁਗਤ ਨੇ ਭ੍ਰਿਸ਼ਟਾਚਾਰ ਅਤੇ ਕੰਮ ਚੋਰਾਂ ਵਾਲਾ ਦੇਸ਼ ਵਿੱਚ ਸਭਿਆਚਾਰ ਪੈਦਾ ਕਰ ਦਿੱਤਾ ਹੈ। ਆਪਣੀ ਸਵਾਰਥ ਸਿੱਧੀ ਲਈ ਨੇਤਾਵਾਂ ਵਲੋਂ ਦੇਸ਼ ਤੇ ਕੌਮ ਦੇ ਹਿੱਤ ਵੇਚੇ ਜਾ ਰਹੇ ਹਨ। ਧਰਮ, ਜਾਤ-ਪਾਤ ਦੇ ਨਾਮ ਉਤੇ ਰਾਜਨੀਤੀ ਕੀਤੀ ਜਾ ਰਹੀ ਹੈ। ਅਲੀ-ਬਲੀ ਦੀ ਰਾਜਨੀਤੀ ਜੋਰਾਂ ਉਤੇ ਹੈ। ਗੋਡਸੇ ਵਰਗੇ ਆਤੰਕਵਾਦੀ ਨੂੰ ਦੇਸ਼ ਭਗਤ ਗਰਦਾਨਿਆਂ ਜਾ ਰਿਹਾ ਹੈ। ਲੋਕਸ਼ਾਹੀ ਵਿੱਚ ਲੋਕਾਂ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਹੈ ਅਤੇ ਹੁਣ ਸਿਆਸਤ ਨੂੰ ਸਿਰਫ਼ ਪੈਸੇ ਵਾਲਿਆਂ ਲਈ ਰਿਜ਼ਰਵ ਕਰ ਦਿੱਤਾ ਗਿਆ ਹੈ। ਲੋਕ ਵੋਟ ਪਾਉਣ ਲਈ ਇਸ ਆਸ ਤੇ ਮਜ਼ਬੂਰ ਹਨ ਕਿ ਸ਼ਾਇਦ ਕੋਈ ਤਾਂ ਉਹਨਾ ਦੇ ਭਲੇ ਦੀ, ਉਹਦੇ ਹਿੱਤ ਦੀ ਗੱਲ ਕਰੇਗਾ। ਉਂਜ ਲੋਕ ਤਾਂ ਤਦ ਅੱਗੇ ਆਉਣਗੇ ਜੇਕਰ ਉਹਨਾ ਦਾ ਨੇਤਾ ਲੋਕਾਂ ਵਿੱਚੋਂ ਅੱਗੇ ਆਵੇ। ਹੁਣ ਦੀ ਰਾਜਨੀਤੀ ਵਿੱਚ ਲੋਕਾਂ ਨੂੰ ਆਪਣਾ ਨੇਤਾ ਚੁਨਣ ਦੀ ਛੋਟ ਹੀ ਨਹੀਂ ਹੈ। ਵੱਖੋ-ਵੱਖਰੇ ਸਿਆਸੀ ਦਲ ਆਪਣੇ ਨੇਤਾ ਲੋਕਾਂ ਕੋਲ ਚੋਣ ਕਰਨ ਲਈ ਥੋਪ ਦਿੰਦੇ ਹਨ, ਇਸ ਹਾਲਾਤ ਵਿੱਚ ਚੰਗਾ-ਮਾੜਾ ਜੋ ਵੀ ਨੇਤਾ ਦਿਸਦਾ ਹੈ, ਉਸਦੀ ਚੋਣ ਮਜ਼ਬੂਰ ਹੋਈ ਜਨਤਾ ਕਰ ਦਿੰਦੀ ਹੈ। ਇਹੋ ਜਿਹੇ 'ਚ ਚੁਣੇ ਹੋਏ ਨੇਤਾ ਲੋਕ ਭਲਾਈ ਦੇ ਕੰਮਾਂ ਨੂੰ ਉਵੇਂ ਹੀ ਕਰਨਗੇ, ਜਿਵੇਂ ਪਿਛਲੀ ਮੋਦੀ ਸਰਕਾਰ ਨੇ ਕੀਤੀ ਹੈ।

ਮੋਦੀ ਰਾਜ ਵਿੱਚ ਅਰਥ ਵਿਵਸਥਾ ਪੂਰੀ ਤਰ੍ਹਾਂ ਚਰ-ਮਰਾ ਗਈ। ਨੋਟਬੰਦੀ, ਜੀ ਐਸ ਟੀ ਨੇ ਲੋਕਾਂ ਦਾ ਦਮ ਘੁੱਟ ਦਿੱਤਾ । ਪੇਂਡੂ ਖੇਤਰ ਲਈ ਬਣਾਈਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਮਹਿੰਗੀਆਂ ਅਤੇ ਲੋਕ ਹਿਤੂ ਸਮਾਜ ਯੋਜਨਾਵਾਂ ਥੈਲੇ 'ਚ ਪਾਕੇ ਕੰਧ ਉਤੇ ਟੰਗ ਦਿੱਤੀਆਂ ਗਈਆਂ। ਰੁਜ਼ਗਾਰ ਸਿਰਜਣ ਦਾ ਕੋਈ ਉਪਾਅ ਨਹੀਂ ਕੀਤਾ ਗਿਆ, ਉਤਪਾਦਨ ਖੇਤਰ ਵਿੱਚ ਕੁਝ ਵੀ ਕਰਨ ਦਾ ਸਿਹਰਾ ਵੀ ਮੋਦੀ ਸਰਕਾਰ ਸਿਰ ਰਿਹਾ। ਏਅਰ ਇੰਡੀਆ ਅਤੇ ਹੋਰ ਸਰਕਾਰੀ ਸੰਸਥਾਵਾਂ 1.80 ਲੱਖ ਕਰੋੜ ਘਾਟੇ 'ਚ ਚਲੇ ਗਈਆਂ। ਸਰਵਜਨਕ ਬੈਂਕਾਂ 'ਚ ਵੱਡੇ ਘਪਲੇ ਹੋਏ। ਅਰਬਾਂ ਰੁਪਏ ਇਹਨਾ ਬੈਂਕਾਂ ਦੇ ਘਾਟੇ ਪੂਰਨ ਅਤੇ ਇਹਨਾ ਨੂੰ ਜੀਉਂਦੇ ਰੱਖਣ ਲਈ ਦੇ ਦਿੱਤੇ ਗਏ, ਪਰ ਦੇਸ਼ ਦੇ ਅੰਨਦਾਤਾ ਕਿਸਾਨ ਦੀ ਸਥਿਤੀ ਬੇਹਤਰ ਕਰਨ ਲਈ ਕਰਜ਼ਾ-ਮੁਆਫ਼ੀ ਦੀ ਯੋਜਨਾ ਮੋਦੀ ਸਰਕਾਰ ਨੇ ਪ੍ਰਵਾਨ ਨਾ ਕੀਤੀ। ਮੋਦੀ ਸਰਕਾਰ ਵਲੋਂ ਮੁੜ ਚੋਣਾਂ ਜਿੱਤਣ ਲਈ ਚੋਣ ਵਾਅਦੇ ਵੀ ਵੱਡੇ ਕੀਤੇ ਗਏ, ਭਾਜਪਾ ਨੇਤਾਵਾਂ ਭੜਕਾਊ ਨਾਹਰੇ ਵੀ ਵੱਧ ਚੜ੍ਹਕੇ ਲਾਏ, ਪਰ ਲੋਕ ਸਮੱਸਿਆਵਾਂ ਦਾ ਹੱਲ ਕਰਨ ਲਈ ਸੰਜੀਦਗੀ ਕਿਧਰੇ ਵੀ ਨਹੀਂ ਵਿਖਾਈ। ਰਾਸ਼ਟਰਵਾਦ, ਅੰਤਕਵਾਦ, ਧਰਮਯੁੱਧ, ਮੰਦਰ ਨਿਰਮਾਣ ਜਿਹੇ, ਲੋਕਤੰਤਰ ਦੇ ਸੂਰਬੀਰਾਂ ਦੇ ਇਹ ਨਾਹਰੇ ਕੀ ਜਨਤਾ ਦੀ ਕੁੱਖ ਭਰ ਸਕਣਗੇ? ਦੁੱਖਾਂ ਦਾ ਨਿਵਾਰਣ ਕਰ ਸਕਣਗੇ? ਇਸ ਬਾਰੇ ਭਾਜਪਾ ਦੀ ਹੀ ਨਹੀਂ, ਬਾਕੀ ਪਾਰਟੀਆਂ ਦੀ ਚੁੱਪੀ ਵੀ ਵੱਡਾ ਸਵਾਲ ਹੈ!


ਨਵੀਂ ਬਨਣ ਵਾਲੀ ਸਰਕਾਰ ਸਾਹਮਣੇ ਸਭ ਤੋਂ ਵੱਡੀ ਆਉਣ ਵਾਲੀ ਸਮੱਸਿਆ ਦੇਸ਼ ਦੇ 1.35 ਅਰਬ ਆਬਾਦੀ ਲਈ ਖਾਣ ਵਾਲੇ ਪਦਾਰਥ ਪੈਦਾ ਕਰਨਾ ਹੈ। ਨੈਸ਼ਨਲ ਸੈਂਪਲ ਸਰਵੇ ਆਫ਼ਿਸ (ਐਨ.ਐਸ.ਐਸ. ਓ.) ਦੇ ਅਨੁਸਾਰ 2011 ਦੇ ਖ਼ਪਤ ਖ਼ਰਚ ਸਰਵੇ ਤੋਂ ਪਤਾ ਚਲਿਆ ਹੈ ਕਿ ਇੱਕ ਔਸਤ ਭਾਰਤੀ ਆਪਣੇ ਮਾਸਿਕ ਖ਼ਰਚ ਦਾ ਲਗਭਗ 45 ਫੀਸਦੀ ਭੋਜਨ ਉਤੇ ਖ਼ਰਚ ਕਰਦਾ ਹੈ। ਇਸਦਾ ਮਤਲਬ ਹੈ ਕਿ ਭਾਰਤ ਵਿੱਚ ਖਾਣ ਵਾਲੇ ਪਦਾਰਥਾਂ ਦੀ ਮੰਗ ਆਉਣ ਵਾਲੇ ਦਿਨਾਂ ਵਿੱਚ ਵਧਣ ਵਾਲੀ ਹੈ। ਇਸ ਲਈ ਇੱਕ ਬੁਨਿਆਦੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਰਤ ਖੁਦ ਆਪਣੇ ਲਈ ਖਾਣ ਵਾਲੇ ਪਦਾਰਥ ਪੈਦਾ ਕਰ ਸਕਦਾਹੈ ਜਾਂ ਇਸਨੂੰ ਦੇਸ਼ ਤੋਂ ਬਾਹਰੋਂ ਖਾਣ ਵਾਲੇ ਪਦਾਰਥ ਮੰਗਵਾਉਣੇ ਪੈਣਗੇ। ਭਾਰਤ ਕੋਲ ਇਸ ਵੇਲੇ 14 ਕਰੋੜ ਹੈਕਟੇਅਰ ਖੇਤੀ ਯੋਗ ਜ਼ਮੀਨ ਹੈ। ਦੇਸ਼ 'ਚ ਧਰਤੀ ਹੇਠਲੇ ਪਾਣੀ ਦਾ ਸਤਰ ਘੱਟ ਰਿਹਾ ਹੈ। ਜਲਵਾਯੂ ਤਬਦੀਲੀ ਨਾਲ ਤਾਪਮਾਨ ਵਧ ਰਿਹਾ ਹੈ। ਸੋਕਾ ਵਧ ਰਿਹਾ ਹੈ ਅਤੇ ਖੇਤੀ ਜਿਹੜੀ ਪਹਿਲਾਂ ਹੀ ਬਰਸਾਤ ਉਤੇ ਨਿਰਭਰ ਹੈ, ਉਸ ਉਤੇ ਸੰਕਟ ਦਿਨੋ-ਦਿਨ ਮੰਡਰਾਉਣ ਲੱਗਾ ਹੈ। ਮੋਦੀ ਸਰਕਾਰ ਨੇ ਖੇਤੀ ਸੰਕਟ ਦੂਰ ਕਰਨ ਦੀ ਗੱਲ ਕੀਤੀ। ਕਿਸਾਨਾਂ ਦੀ ਆਮਦਨ ਦੋ ਗੁਣੀ ਕਰਨ ਦਾ ਨਾਹਰਾ ਵੀ ਦਿੱਤਾ। ਪਰ ਜ਼ਮੀਨੀ ਪੱਧਰ ਤੇ ਕੁਝ ਨਹੀਂ ਹੋਇਆ। ਨਵੀਂ ਸਰਕਾਰ ਸਾਹਮਣੇ ਇਹ ਵੱਡਾ ਮਸਲਾ ਹੋਏਗਾ ਕਿ ਘੱਟੋ-ਘੱਟ ਨੀਅਤ ਕੀਤੀ ਫਸਲਾਂ ਦੀ ਕੀਮਤ ਕਿਸਾਨ ਨੂੰ ਜ਼ਰੂਰ ਮਿਲੇ ਤਾਂ ਕਿ ਇਹਦਾ ਲਾਭ ਸਿੱਧਾ ਕਿਸਾਨਾਂ ਨੂੰ ਮਿਲੇ, ਦਲਾਲ ਹੀ ਸਭ ਕੁਝ ਲੁੱਟ ਕੇ ਨਾ ਲੈ ਜਾ ਸਕਣ, ਜਿਵੇਂ ਕਿ ਇਸ ਵੇਲੇ ਹੋ ਰਿਹਾ ਹੈ। ਜੇਕਰ ਕਿਸਾਨ ਖੁਸ਼ਹਾਲ ਹੋਣਗੇ ਤਾਂ ਹੀ ਦੇਸ਼ ਖੁਸ਼ਹਾਲ ਹੋਏਗਾ। ਦੇਸ਼ ਦੀ ਅੰਨ ਲੋੜ ਪੂਰੀ ਹੋਏਗੀ ਅਤੇ ਦੇਸ਼ ਦੀ ਆਰਥਿਕਤਾ ਸੁਧਰੇਗੀ।

ਅਸਲੀ ਸਰਕਾਰ ਗੋਚਰੇ ਵੱਡਾ ਕੰਮ ਆਮ ਆਦਮੀ ਦੀ ਜ਼ਿੰਦਗੀ ਦੇ ਪੱਧਰ ਨੂੰ ਉਚਾ ਚੁੱਕਣਾ ਹੈ।ਦੇਸ਼ ਦੇ ਹਰ ਨਾਗਰਿਕ ਨੂੰ ਸਿੱਖਿਆ , ਸਿਹਤ ਸਹੂਲਤਾਂ ਮਿਲਣ। ਗਰੀਬ ਪਰਿਵਾਰਾਂ ਦੀ ਘੱਟੋ-ਘੱਟ ਮਾਸਿਕ ਆਮਦਨ ਨਿਸ਼ਚਤ ਹੋਵੇ। ਅੱਜ ਲੱਖਾਂ ਟਨ ਅਨਾਜ ਗੁਦਾਮਾਂ ਵਿੱਚ ਸੜ ਜਾਂਦਾ ਹੈ, ਪਰ ਗਰੀਬ ਦੇ ਮੂੰਹ 'ਚ ਨਹੀਂ ਪੈਂਦਾ। ਨੌਜਵਾਨ ਦੇਸ਼ ਵਿਚਲੀ ਭੈੜੀ ਸਿੱਖਿਆ ਤੋਂ ਆਤੁਰ ਹੋਕੇ ਵਿਦੇਸ਼ਾਂ 'ਚ ਮਹਿੰਗੀ ਸਿਖਿਆ ਲੈਣ ਲਈ ਮਜ਼ਬੂਰ ਹੋ ਰਹੇ ਹਨ। ਸਸਤੇ ਪਾਣੀ ਦੀ ਸੋਧ ਦੀ ਘਾਟ ਕਾਰਨ ਕਰੋੜਾਂ ਲਿਟਰ ਪਾਣੀ ਵਿਅਰਥ ਗੁਆਇਆ ਜਾ ਰਿਹਾ ਹੈ। ਹਵਾ, ਪਾਣੀ, ਪ੍ਰਦੂਸ਼ਣ ਦੇਸ਼ ਵਿੱਚ ਵਧਦਾ ਹੀ ਜਾ ਰਿਹਾ ਹੈ। ਸਿੱਖਿਆ ਸੰਸਥਾਵਾਂ ਅਤੇ ਸਿਹਤ ਸੇਵਾਵਾਂ ਨਿੱਜੀ ਹੱਥਾਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਨਵੀਂ ਸਰਕਾਰ ਜ਼ੁੰਮੇ ਇਹ ਬਹੁਤ ਵੱਡੀਆਂ ਚਣੌਤੀਆਂ ਹਨ। ਵੱਧ ਰਹੀ ਆਬਾਦੀ ਨਿਸ਼ਚਿਤ ਰੂਪ ਵਿੱਚ ਵੱਡੀ ਚਣੌਤੀ ਹੈ, ਪਰ ਕਿਉਂਕਿ ਕੁਲ ਆਬਾਦੀ ਦਾ ਦੋ ਤਿਹਾਈ ਭਾਰਤੀ 35 ਵਰ੍ਹਿਆਂ ਤੋਂ ਘੱਟ ਉਮਰ ਦੇ ਹਨ, ਜੇਕਰ ਇਸ ਜਵਾਨ ਭਾਰਤ ਨੂੰ ਵੋਕੇਸ਼ਨਲ ਸਿੱਖਿਆ ਦੇ ਕੇ, ਹੱਥੀਂ ਕੰਮ ਕਰਨ ਲਈ ਸਾਧਨ ਪੈਦਾ ਕੀਤੇ ਜਾਣ ਤਾਂ ਕੋਈ ਕਾਰਨ ਨਹੀਂ ਕਿ ਭਾਰਤ ਦੇਸ਼, ਦੁਨੀਆਂ ਦੀ ਵੱਡੀ ਅਰਥ ਵਿਵਸਥਾ ਬਣ ਜਾਏਗਾ। ਭਾਰਤ ਇਸ ਵੇਲੇ 2.5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਹੈ। ਸਾਲ 2030 ਤੱਕ ਭਾਰਤ ਸਤ ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣ ਜਾਏਗਾ। ਸ਼ਹਿਰੀਕਰਨ,ਵਿਕਾਸ ਅਤੇ ਨੌਕਰੀਆਂ ਅਰਥ ਵਿਵਸਥਾ ਨੂੰ ਵਿਸਥਾਰ ਦੇਣ ਦੀ ਕੁੰਜੀ ਬਣ ਸਕਦੀ ਹੈ। ਰੁਜ਼ਗਾਰ ਮਾਨਵ ਪੂੰਜੀ ਹੈ ਅਤੇ ਜਿੰਨਾ ਰੁਜ਼ਗਾਰ ਸਿਰਜਨ ਹੋਏਗਾ, ਉਤਨਾ ਹੀ ਦੇਸ਼ ਦੀ ਸਥਿਤੀ ਸੁਧਰੇਗੀ, ਭੁੱਖਮਰੀ, ਗਰੀਬੀ ਘਟੇਗੀ।

ਚੋਣਾਂ ਦੌਰਾਨ ਰਿਜ਼ਰਵੇਸ਼ਨ, ਖੇਤਰੀ ਭਾਸ਼ਾ ਵਿਵਾਦ, ਰਾਸ਼ਟਰਵਾਦ, ਅੰਤਕਵਾਦ, ਬੰਸਵਾਦ, ਮਜ਼ਹਬੀ ਕੱਟੜਤਾ, ਘੁਟਾਲੇ ਆਦਿ ਮੁੱਖ ਮੁੱਦੇ ਰਹੇ ਹਨ। ਨਵੀਂ ਸਰਕਾਰ ਅੱਗੇ ਮੁੱਖ ਮੁਦਾ ਦੇਸ਼ ਵਿੱਚ ਵੱਧ ਰਹੀ ਮਜ਼ਹਬੀ ਕੜਵਾਹਟ ਨੂੰ ਰੋਕਣਾ ਤੇ ਖਤਮ ਕਰਨਾ ਵੀ ਹੋਏਗਾ ਅਤੇ ਦੇਸ਼ ਦੇ ਲੋਕਤੰਤਰ ਦੇ ਮੁੱਖ ਆਧਾਰ ਧਰਮ ਨਿਰਪੱਖਤਾ, ਬਰਾਬਰਤਾ (ਦੇਸ਼ ਦੇ ਅੱਧੀ ਆਬਾਦੀ ਔਰਤਾਂ, ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਬਰਾਬਰੀ) ਨੂੰ ਬਿਨ੍ਹਾਂ ਕਿਸੇ ਭਿੰਨ ਭੇਦ ਦੇ ਲਾਗੂ ਵੀ ਰੱਖਣਾ ਹੋਵੇਗਾ।

## ਚੋਣ ਨਤੀਜੇ - ਨਿਰਾਸ਼ਾ ਜਨਕ ਜਾਂ ਵੱਡੀਆਂ ਚੁਣੌਤੀਆਂ ਸੰਗ ਭਿੜਨ ਦੀ ਤਿਆਰੀ ਦਾ ਅਹਿਦ ਲੈਣ ਦਾ ਮੌਕਾ

ਪਾਰਲੀਮਾਨੀ ਚੋਣਾਂ ਚ ਭਾਜਪਾ ਦੀ ਹੂੰਝਾ ਫੇਰੂ ਜਿੱਤ ਤੋਂ ਬਾਅਦ, ਫੇਸਬੁੱਕ ਤੇ ਕੁਝ ਨਿਰਾਸ਼ ਅਤੇ ਲੋਕਾਂ ਤੇ ਵਿਸ਼ਵਾਸ ਗਵਾ ਚੁੱਕੇ ਦੋਸਤਾਂ ਵੱਲੋਂ ਜਿਨ੍ਹਾਂ ਚ ਪਾਰਲੀਮਾਨੀ ਖੱਬੇ ਪੱਖੀ, ਕੁਝ ਉਦਾਰਵਾਦੀ ਅਤੇ ਕੁਝ ਲੋਕਾਂ ਦੀ ਜੂਨ ਸੁਧਾਰਨ ਦੇ ਭਾਣੇ ਹੇਠ ਰਾਜ ਗਦੀਆਂ ਤੇ ਕਾਬਜ਼ ਹੋਣ ਦੀ ਲਾਲਸਾ ਪਾਲੀ ਬੈਠੇ ਵਿਦਵਾਨ ਅਤੇ ਸਮਾਜ ਸੇਵਕ ਸ਼ਾਮਿਲ ਹਨ, ਲਗਾਤਾਰ ਲੋਕਾਂ ਨੂੰ ਬੁਰਾ ਭਲਾ ਕਿਹਾ ਜਾ ਰਿਹਾ ਹੈ, ਉਹਨਾਂ ਨੂੰ ਬੁੱਧੂ, ਉੱਜਡ, ਵਿਕਾਊ ਮਾਲ ਆਦਿ ਦੇ ਲਕਬ ਦਿੱਤੇ ਜਾ ਰਹੇ ਹਨ। ਉਹਨਾਂ ਨੂੰ ਹਿੰਦੂ ਅਤੇ ਮੁਸਲਮਾਨ ਭੀੜਾਂ ਜਾਨ ਫਿਰਕੂ ਭੀੜਾਂ ਵੀ ਕਿਹਾ ਜਾ ਰਿਹਾ ਹੈ? ਪਰ ਹਕੀਕਤ ਚ ਇਹ ਭੀੜਾਂ ਨਾਂ ਹਿੰਦੂ ਨੇਂ ਨਾਂ ਮੁਸਲਮਾਨ ਨੇਂ ਅਤੇ ਨਾਂ ਹੀ ਕੁਝ ਹੋਰ। ਇਹ ਭੀੜਾਂ ਅਸਲ ਚ ਘੁਮਿਆਰ ਦੇ ਚੱਕ ਤੇ ਪਈ ਗਿੱਲੀ ਮਿੱਟੀ ਨੇਂ। ਚੰਗਾ ਘੁਮਿਆਰ ਇਹਨਾਂ ਨੂੰ ਤਰਾਸ਼ ਕੇ ਲੋਕਾਂ ਦਾ ਸ਼ਾਨਦਾਰ ਇਤਿਹਾਸ ਸਿਰਜ ਸਕਦਾ ਹੈ। ਅਤੇ ਮਾੜਾ ਘੁਮਿਆਰ ਕਚੇ ਪਿੱਲੇ,ਵਿੰਗੇ ਟੇਢੇ ਅਤੇ ਬੇਢੱਬੇ ਭਾਂਡੇ ਬਣਾ ਸਕਦਾ ਹੈ। ਸੋ ਦੋਸ਼ ਭੀੜਾਂ ਦਾ ਨਹੀਂ ਘੁਮਿਆਰਾਂ ਦਾ ਹੈ। ਚੰਗੇ ਘੁਮਿਆਰ ਇਹਨਾਂ ਰਾਹੀਂ ਇਤਿਹਾਸ ਦਾ ਪਹੀਆ ਬਦਲਣ ਲਈ ਜੂਝ ਰਹੇ ਹਨ, ਮਾੜੇ ਘੁਮਿਆਰ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣ ਤੇ ਲੱਗੇ ਹੋਏ ਹਨ। ਭੀੜਾਂ ਦੀ ਪਰਖ ਮੇਰੇ ਖਿਆਲ ਚ ਚੋਣਾਂ ਚ ਉਹਨਾਂ ਦੇ ਰੋਲ ਦੇ ਆਧਾਰ ਤੇ ਤਾਂ ਅਸੀਂ ਕਦੇ ਕੀਤੀ ਨਹੀਂ ਕਿਓਂਕੇ ਚੋਣਾਂ, ਲੋਕਾਂ ਦੇ ਹਕੀਕੀ ਫਤਵੇ ਦਾ ਪ੍ਰਗਟਾਵਾ ਤਾਂ ਵੈਸੇ ਹੀ ਨਹੀਂ ਬਣਦੀਆਂ, ਇਹ ਸਾਡਾ ਸੋਚਿਆ ਸਮਝਿਆ ਮੱਤ ਹੈ। ਪਿਛਲੇ 70 ਸਾਲਾਂ ਤੋਂ ਚੋਣ ਖੇਡ ਚ ਲੋਕ ਦੋਖੀ ਸਿਆਸਤਦਾਨ ਹੀ ਜਿੱਤਦੇ ਰਹੇ ਹਨ। ਇਸ ਹਿਸਾਬ ਤਾਂ ਲੋਕਾਂ ਦੀ ਜੂਨ ਸੁਧਾਰਨ ਦੇ ਸਾਰੇ ਉਪਰਾਲੇ ਤੇ ਸੰਘਰਸ਼ ਬੰਦ ਕਰ ਦੇਣੇ ਚਾਹੀਦੇ ਹਨ। ਪਰ ਅਜਿਹਾ ਕਦੀ ਨਹੀਂ ਵਾਪਰਿਆ। ਲੋਕਾਂ ਦੇ ਸੰਘਰਸ਼ ਜਾਰੀ ਹਨ - ਉਹਨਾਂ ਹੀ ਹਾਕਮਾਂ ਦੇ ਖਿਲਾਫ ਜਿਨ੍ਹਾਂ ਨੂੰ ਉਹਨਾਂ ਨੇਂ ਭਾਰੀ ਵੋਟਾਂ ਪਾ ਕੇ ਜਿਤਾਇਆ ਹੁੰਦਾ ਹੈ। ਚੋਣਾਂ ਚ ਲੋਕਾਂ ਦੀ ਕਾਰਗੁਜ਼ਾਰੀ ਦੇ ਸਿਰ ਤੇ ਤਾਂ ਪਾਰਲੀਮਾਨੀ ਖੱਬੀਆਂ ਪਾਰਟੀਆਂ ਹੀ ਫਤਵੇ ਦਿੰਦੀਆਂ ਹਨ। ਉਹ ਭੀੜਾਂ ਵੀ ਇਹਨਾਂ ਭੀੜਾਂ ਦਾ ਹਿੱਸਾ ਹੀ ਹਨ ਜੋ ਜਲ, ਜੰਗਲ , ਜ਼ਮੀਨ , ਕੁਦਰਤੀ ਸੋਮੇਂ ,ਰੁਜਗਾਰ , ਜਮਹੂਰੀ ਹੱਕ ਅਤੇ ਹੋਰ ਕਿਨੇਂ ਕੁਝ, ਜੋ ਲੋਕ ਪੱਖੀ ਹੈ ਲਈ ਜੂਝ ਰਹੇ ਹਨ, ਤਸੀਹੇ ਝੱਲ ਰਹੇ ਹਨ, ਜੇਹਲਾਂ ਦੀਆਂ ਕਾਲ ਕੋਠੜੀਆਂ ਚ ਬੰਦ ਹਨ, ਆਪਣਾ ਸੁਖ ਆਰਾਮ ਛੱਡ ਕੇ ਜੰਗਲਾਂ, ਝੁੱਗੀਆਂ, ਕਚੇ ਕੋਠੜਿਆਂ ਚ ਦਿਨ ਕਟੀ ਕਰ ਰਹੇ ਹਨ ਪਰ ਹਾਕਮਾਂ ਦੇ ਲੋਕਾਂ ਵਿਰੁੱਧ ਹਰ ਹਮਲੇ ਦਾ ਜਾਨ ਹੂਲਵਾਂ ਟਾਕਰਾ ਕਰ ਰਹੇ ਹਨ। ਉਹਨਾਂ ਦੀ ਨਿਹਚਾ ਸਿਰਫ ਤੇ ਸਿਰਫ ਇਹਨਾਂ ਭੀੜਾਂ (ਲੋਕਾਂ) ਤੇ ਅਤੇ ਆਵਦੇ ਅਕੀਦਿਆਂ ਤੇ ਟਿਕੀ ਹੋਈ ਹੈ। ਇਹ ਭੀੜਾਂ ਬਹੁਤ ਮੁੱਲਵਾਨ ਹਨ, ਇਹਨਾਂ ਨੂੰ ਛੁਟਿਆਓ ਨਾਂ, ਇਹਨਾਂ ਦੀ ਕਦਰ ਕਰਨਾ, ਇਹਨਾਂ ਦੀ ਮਨੋ ਦਸ਼ਾ ਸਮਝਣਾ ਸਿੱਖੋ। ਇਹਨਾਂ ਦੇ ਗਲਤ ਫੈਸਲੇ ਸਾਡੇ ਲਈ ਬਹੁਤ ਕੁਝ ਹੋਰ ਸਮਝਣ ਅਤੇ ਕਰਨ ਦੀ ਚੁਣੌਤੀ ਬਣਦੇ ਹਨ, ਇਹਨਾਂ ਨੂੰ ਗਾਹਲਾਂ ਕੱਢ ਕੇ ਪੰਜਾਲੀ ਸੁੱਟ ਕੇ ਭੱਜਣ ਦੀ ਨਹੀਂ।






# ਚੌਕੀਦਾਰੀ ਤੇ ਚੋਰ ਦਾ ਹੱਥ ਭਾਰੀ

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in



ਦੇਸ਼ ਦੀ ਸਤਾਰਵੀਂ ਲੋਕ ਸਭਾ ਬਣ ਗਈ ਹੈ। ਇਸ ਵਿੱਚ ਦੇਸ਼ ਭਰ ਦੇ ਲੁਟੇਰੇ, ਕਾਤਲ, ਸਮਾਜ-ਵਿਰੋਧੀ ਅਨਸਰਾਂ ਦੀ ਭਰਮਾਰ ਹੈ। ਜਿਹੜੇ ਅੱਜ ਹਿੱਕ ਥਾਪੜ ਕੇ ਆਖ ਵੀ ਰਹੇ ਹਨ। ਕਿ ਅਸੀਂ ਫਲਾਂ ਫਲਾਂ ਕਤਲ, ਬੰਬ ਧਮਾਕੇ ਕੀਤੇ ਹਨ। ਲੋਕ ਹਿਤੈਸ਼ੀ ਤਾਕਤਾਂ ਬੁਰੀ ਹੱਦ ਤੱਕ ਪਛੜ ਗਈਆਂ ਹਨ। ਸਮਾਜ ਵਿੱਚ ਵੰਡੀਆਂ ਵਖਰੇਵੇਂ ਪਾਉਣ ਵਾਲਿਆਂ ਦੀ ਬਹੁ ਗਿਣਤੀ ਹੈ। ਇਸ ਗੱਲ ਦੀ ਕੋਈ ਤੁਕ ਨਹੀਂ ਕਿ ਦੁਨੀਆਂ ਦੇ ਸਭ ਵੱਡੇ ਮੁਲਕਾਂ ਨੇ ਨਵੀਂ ਲੋਕ ਸਭਾ ਵਿੱਚ ਬਹੁਮੱਤ ਪ੍ਰਾਪਤ ਕਰਨ ਵਾਲੇ ਆਗੂਆਂ ਨੂੰ ਵਧਾਈ ਸੰਦੇਸ਼ ਦਿੱਤੇ ਹਨ। ਇਹ ਇੱਕ ਰਸਮ ਹੁੰਦੀ ਹੈ ਅਤੇ ਆਲਮੀ ਭਾਈਚਾਰਾ ਇਸਦਾ ਪਾਲਣ ਕਰਦਾ ਹੈ। ਦੇਸ਼ ਦੀ ਲੜਾਈ ਤਾਂ ਦੇਸ਼ ਦੇ ਲੋਕਾਂ ਨੇ ਹੀ ਲੜਨੀ ਹੁੰਦੀ ਹੈ। ਇਸ ਲੜਾਈ ਵਿੱਚ ਸਾਡੇ ਦੇਸ਼ ਦੇ ਜਨ-ਸਮੂੰਹ ਪਛੜ ਗਏ ਹਨ, ਹਾਰ ਗਏ ਹਨ। ਉਹਨਾਂ ਦੇ ਹਾਰ ਦੇ ਕਈ ਕਾਰਨ ਹਨ। ਦੋ ਕਾਰਨ ਬੜੇ ਅਹਿਮ ਹਨ ਜਿਹਨਾ ਦਾ ਵਿਸਥਾਰਤ ਵਿਸ਼ਲੇਸ਼ਣ ਬੜਾ ਜ਼ਰੂਰੀ ਹੈ। ਪਹਿਲਾ ਵੱਡਾ ਕਾਰਨ ਹੈ ਲੋਕ ਨੁਮਾਇਦਾ ਰਾਜਨੀਤਿਕ ਪਾਰਟੀਆਂ ਦੀ ਪਾਟੋ-ਧਾੜ ਅਤੇ ਆਪੇ ਤੱਕ ਸੀਮਤ ਅਜੋਕੀ ਰਾਜਨੀਤੀ, ਦੂਜਾ ਵੱਡਾ ਕਾਰਨ ਹੈ ਸਾਡੀ ਅੱਜ ਦੀ ਚੋਣ ਵਿਵਸਥਾ ਜਿਹੜੀ ਈ.ਵੀ. ਐੱਮ. ਸੈਂਟਰਿਕ ਹੋ ਚੁੱਕੀ ਹੈ। ਪਹਿਲਾਂ ਦੂਜੇ ਕਾਰਨ ਦੀ ਸਮੀਖਿਆ।

ਮੈਂ ਆਪਣੇ ਮਈ ਵਾਲੇ ਲੇਖ ਵਿੱਚ ਲਿਖਿਆ ਸੀ ਕਿ ਚੋਣ ਨਤੀਜਿਆਂ ਬਾਰੇ ਕੋਈ ਕਿਆਸ ਨਹੀਂ ਕੀਤਾ ਜਾ ਸਕਦਾ ਜੇ ਇਹਨਾਂ ਦਾ ਐਲਾਨ ਸਿਰਫ਼ ਲੋਕਾਂ ਵੱਲੋਂ ਦੱਬੇ ਬਟਨ ਨੇ ਹੀ ਕਰਨਾ ਹੈ। ਬਟਨ ਦੱਬਣ ਤੋਂ ਬਾਅਦ ਗਿਣਤੀ ਕਰਨ ਤੱਕ 40 ਦਿਨਾਂ ਤੋਂ ਲੈ ਕੇ 5 ਦਿਨਾਂ ਦਾ ਸਮਾਂ ਹੈ ਇੰਨੇ ਲੰਬੇ ਸਮੇਂ ਵਿੱਚ ਚੌਕੀਦਾਰ ਚੋਰ ਕੁੱਝ ਵੀ ਕਰ ਸਕਦਾ ਹੈ। ਅੱਜ ਈ. ਵੀ. ਐੱਮ. ਵਿੱਚੋਂ ਵੋਟਾਂ ਚੋਰੀ ਹੋਣ ਬਾਰੇ ਸਿਰਫ਼ ਚੋਣਾਂ ਵਿੱਚ ਹਾਰਨ ਵਾਲੇ ਉਮੀਦਵਾਰ ਜਾ ਪਾਰਟੀਆਂ ਹੀ ਨਹੀਂ ਆਖ ਰਹੀਆਂ। ਸਗੋਂ ਬਹੁ ਗਿਣਤੀ ਉਹ ਲੋਕ ਹਨ ਜਿਹੜੇ ਚੋਣ ਸਿਸਟਮ ਵਿੱਚ ਪਾਰਦਰਸ਼ਤਾ ਚਾਹੁੰਦੇ ਹਨ। ਦੇਸ਼ ਦੇ ਅਨੇਕਾਂ ਇਲੈਕਟ੍ਰੌਨਿਕ ਮਾਹਰ ਜਿਹਨਾਂ ਦਾ ਈ. ਵੀ. ਐੱਮ. ਤਿਆਰ ਕਰਨ ਵਿੱਚ ਵੀ ਯੋਗਦਾਨ ਹੈ ਉਹ ਇਹ ਆਖ ਰਹੇ ਹਨ। ਸੰਸਾਰ ਪੱਧਰ ਤੇ ਵੀ ਵੱਡੇ ਵੱਡੇ ਮਾਹਰ-ਵਿਗਿਆਨੀ ਅਤੇ ਸਾਫ਼ਟਵੇਅਰ ਬਣਾਉਣ ਵਾਲੇ ਇਹ ਗੱਲ ਪ੍ਰਮੁੱਖਤਾ ਨਾਲ ਦੱਸ ਰਹੇ ਹਨ ਕਿ ਇਲੈਕਟ੍ਰਾਨਿਕ ਵੋਟ ਪ੍ਰਣਾਲੀ ਭਰੋਸੇਯੋਗ ਨਹੀਂ ਹੈ। ਇਸੇ ਕਰਕੇ ਜਪਾਨ ਜਿਸਨੇ ਇਹ ਸਿਸਟਮ ਪਹਿਲਾਂ ਵਰਤਿਆ ਸੀ ਅੱਜ ਮੁੜ ਪੇਪਰ ਬੈਲਟ ਸਿਸਟਮ ਤੇ ਮੁੜ ਆਇਆ ਹੈ। ਦੁਨੀਆਂ ਦੇ ਹੋਰ ਵੀ ਵੱਡੇ ਮੁਲਕ ਪੇਪਰ ਬੈਲਟ ਦੀ ਹੀ ਵਰਤੋਂ ਕਰਦੇ ਹਨ।

ਇਸਦੇ ਨਾਲ ਹੀ ਜੁੜਵਾਂ ਸਵਾਲ ਇਹ ਹੈ ਕਿ ਦੇਸ਼ ਦੀਆਂ 22 ਕੌਮੀ ਵਿਰੋਧੀ ਪਾਰਟੀਆਂ ਨੇ ਇੱਕ ਵਾਰ ਨਹੀਂ ਸਗੋਂ ਅਨੇਕਾਂ ਵਾਰ ਵੋਟਾਂ ਤੋਂ ਪਹਿਲਾਂ ਅਤੇ ਵੋਟਾਂ ਪੈਂਦਿਆਂ ਵੀ ਈ.ਵੀ.ਐਮ ਵੋਟ ਸਿਸਟਮ ਦੀ ਭਰੋਸੇਯੋਗਤਾ ਬਹਾਲ ਕਰਨ ਵਾਸਤੇ ਚੋਣ ਕਮਿਸ਼ਨ ਕੋਲ ਅਤੇ ਮੰਗ ਕੀਤੀ ਕਿ ਮਸ਼ੀਨਾਂ ਤੇ ਪਾਈਆਂ ਵੋਟਾਂ ਅਤੇ ਮਸ਼ੀਨਾਂ ਵਿੱਚੋਂ ਨਿਕਲੀਆਂ ਪਰਚੀਆਂ ਨੂੰ ਮਿਲਾ ਕੇ ਦੇਖਿਆ ਜਾਵੇ। ਪਰ ਹਰ ਜਗਾ ਕੋਰਾ ਜਵਾਬ ਹੀ ਮਿਲਦਾ ਰਿਹਾ। ਚੋਣਾਂ ਵਾਸਤੇ ਜਿੰਮੇਵਾਰ ਦੇਸ਼ ਦੀ ਸੰਵਿਧਾਨਕ ਬਾਡੀ ਚੋਣ ਕਮਿਸ਼ਨ ਉਮਨ ਕੀ ਬਾਤ" ਹੀ ਕਰਦਾ ਰਿਹਾ। ਪ੍ਰਧਾਨ ਮੰਤਰੀ ਨੇ ਵੀ ਪਿਛਲੇ ਪੰਜ ਸਾਲ 'ਮਨ ਕੀ ਬਾਤ' ਹੀ ਕੀਤੀ ਹੈ। ਉਹ ਵੀ ਰੇਡੀਉ ਤੇ ਜਿੱਥੇ ਕੋਈ ਸਰੋਤਾ ਸਵਾਲ ਪੁੱਛ ਹੀ ਨਹੀਂ ਸਕਦਾ। ਪ੍ਰਧਾਨ ਮੰਤਰੀ ਨੇ ਪੰਜ ਸਾਲਾਂ ਤੱਕ ਸਿਰਫ਼ ਇੱਕ ਪ੍ਰੈਸ ਕਾਨਫਰੰਸ ਕੀਤੀ ਅਤੇ ਉਸ ਵਿੱਚ ਵੀ ਜਦੋਂ ਪੱਤਰਕਾਰਾਂ ਨੇ ਸਵਾਲ ਪੁੱਛੇ ਤਾਂ ਉਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ। ਉਮਨ ਕੀ ਬਾਤ" ਮਨ ਕੀ ਬਾਤ ਵਿੱਚੋਂ ਉਜਨ ਕੀ ਬਾਤ" ਗਾਇਬ ਹੈ। ਦੇਸ਼ ਵਿੱਚ ਆਏ ਦਿਨ ਵੱਧ ਰਹੀ ਗਰੀਬੀ, ਬੇਰੁਜਗਾਰੀ, ਮੰਦਹਾਲ ਕਿਸਾਨ, ਬੰਦ ਹੋ ਰਹੇ ਉਦਯੋਗ, ਬੈਂਕਾਂ ਅਤੇ ਸਰਕਾਰੀ ਖਜਾਨਿਆਂ ਵਿੱਚੋਂ ਲੁੱਟੇ ਜਾ ਰਹੇ ਲੋਕਾਂ ਦੇ ਸਰਮਾਏ ਦੀ ਕੋਈ ਗੱਲ ਨਹੀਂ। ਦੇਸ਼ 'ਮਨ ਕੀ ਬਾਤ' ਨਾਲ ਹੀ ਚਲਾਇਆ ਜਾ ਰਿਹਾ ਹੈ।

'ਮਨ ਕੀ ਬਾਤ' ਹੀ ਚੋਣ ਕਮਿਸ਼ਨ ਕਰਦਾ ਦਿੱਸਿਆ ਹੈ। ਕੋਈ ਤਰਕਸੰਗਤ ਗੱਲ ਨਹੀਂ, ਕੋਈ ਲੌਜਕ ਨਹੀਂ, ਕੋਈ ਰੀਜਨਿੰਗ ਨਹੀਂ। ਕਿਸੇ ਵੇਲੇ ਸਾਡਾ ਦੇਸ਼ ਹੀ ਤਰਕ ਅਤੇ ਵਿਵੇਕ, ਲੌਜਿਕ ਅਤੇ ਰੀਜਨਿੰਗ ਦਾ ਆਗੂ ਮੰਨਿਆ ਜਾਂਦਾ ਸੀ। ਇਸੇ ਕਰਕੇ ਤਾਂ ਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ ਉਸਰਮ ਧਰਮ ਦੋਇ ਛੁਪ ਖਲੋਏ ਕੂੜ ਫਿਰੇ ਪਰਧਾਨ ਵੇ ਲਾਲੋ ।" ਉਹ ਵੇਲਾ ਬਾਬਰ ਦਾ ਵੇਲਾ ਸੀ, ਮਲਿਕ ਭਾਗੋਆਂ ਦਾ ਵੇਲਾ ਸੀ। ਅੱਜ ਦੇ ਮਲਿਕ ਭਾਗੋ ਸਾਡੀ ਪਾਰਲੀਮੈਂਟ ਦੇ ਮੈਂਬਰ ਹਨ, ਮੰਤਰੀ ਹਨ, ਪ੍ਰਧਾਨ ਮੰਤਰੀ ਹਨ। ਉਹਨਾਂ ਦੀਆਂ ਰੋਟੀਆਂ ਵਿੱਚੋਂ ਨਿਚੋੜੇ ਜਾ ਰਹੇ ਨਹੀਂ ਸਗੋਂ ਆਪਣੇ ਆਪ ਖ਼ੂਨ ਵਹਿੰਦਾ ਦਿਸ ਰਿਹਾ ਹੈ। ਹਸਪਤਾਲਾਂ ਵਿੱਚ ਆਕਸੀਜ਼ਨ ਦੀ ਸਪਲਾਈ ਖੁਣੋਂ ਬੱਚੇ ਦਮ ਘੁੱਟ ਕੇ ਮਰ ਰਹੇ ਹਨ। ਦੇਸ਼ ਭਰ ਦਾ ਅੰਨਦਾਤਾ ਹਰ ਰੋਜ਼ ਦਰਜ਼ਨਾਂ ਦੀ ਗਿਣਤੀ ਵਿੱਚ ਆਤਮ ਹੱਤਿਆ ਕਰ ਰਿਹਾ ਹੈ।

ਸੁਪਰੀਮ ਕੋਰਟ ਵੀ ਤਾਂ 'ਮਨ ਕੀ ਬਾਤ' ਹੀ ਕਰ ਰਹੀ ਹੈ। ਮਸ਼ੀਨ ਵਿੱਚ ਪਾਈ ਜੋ ਵੋਟ ਅਤੇ ਪਰਚੀ ਦੀ ਗਿਣਤੀ ਮਿਲਾਉਣ ਵਾਸਤੇ ਜਿਹੜੀਆਂ ਅਰਜ਼ੀਆਂ, ਬੇਨਤੀਆਂ ਵਿਰੋਧੀ ਧਿਰਾਂ ਦੇ ਆਗੂਆਂ ਨੇ ਦਿੱਤੀਆਂ ਉਹਨਾਂ ਸਾਰੀਆਂ ਦਾ ਨਿਪਟਾਰਾ ਇੱਥੇ ਵੀ 'ਮਨ ਕੀ ਬਾਤ' ਕਹਿ ਕੇ ਹੀ ਕੀਤਾ ਗਿਆ ਤੱਥਾਂ ਅਧਾਰਤ ਕੋਈ ਗੱਲ ਕੀਤੀ ਹੀ ਨਹੀਂ ਗਈ।

ਦੂਜਾ ਵੱਡਾ ਸਵਾਲ ਹੈ ਵਿਰੋਧੀ ਧਿਰ ਦੀ ਪਾਟੋ ਧਾੜ ਅਤੇ ਆਪੋ ਆਪਣੀ ਡਫਲੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵੱਡੀ ਵਿਰੋਧੀ ਧਿਰ ਅਤੇ ਬਦਲਾਅ ਦੀ ਦਾਹਵੇਦਾਰ ਕਾਂਗਰਸ ਪਾਰਟੀ ਨੇ ਇਸ ਅਹਿਮ ਪੜਾ ਤੇ ਯੋਗ ਅਗਵਾਈ ਨਹੀਂ ਕੀਤੀ। ਪਾਰਟੀ ਜਨ ਸਮੂਹਾਂ ਦੀ ਅਗਵਾਈ ਕਰਨ ਵਿੱਚ ਬੁਰੀ ਤਰਾਂ ਫੇਲ੍ਹ ਹੋਈ ਹੈ। ਮੈਂ ਆਪਣੇ ਪਿਛਲੇ ਲੇਖ ਵਿੱਚ ਲਿਖਿਆ ਸੀ ਕਿ ਅੱਜ ਦੀਆਂ ਤਬਾਹਕੁੰਨ ਆਰਥਕ ਨੀਤੀਆਂ ਨੂੰ ਘੜਣ ਵਾਲੀ ਅਤੇ ਲਾਗੂ ਕਰਨ ਵਾਲੀ ਕਾਂਗਰਸ ਪਾਰਟੀ ਹੀ ਹੈ। ਮਨਮੋਹਨ ਸਿੰਘ ਦੀ ਅਗਵਾਈ ਵਿੱਚ ਇਸੇ ਨੇ ਦੇਸ਼ ਦੀ ਸਮਾਜਵਾਦੀ ਵਿਵਸਥਾ ਨੂੰ ਪੂੰਜੀਵਾਦੀ ਵਿਵਸਥਾ ਵਿੱਚ ਬਦਲਣ ਦੀ ਸ਼ੁਰੂਆਤ ਕੀਤੀ ਸੀ। ਪਰ ਫਿਰ ਵੀ ਔਖੇ ਵੇਲੇ ਲੋਕਾਂ ਨੂੰ ਇਸ ਤੋਂ ਬਦਲਾਅ ਲਿਆਉਣ ਵਿੱਚ ਸਹਾਇਤਾ ਦੀ ਆਸ ਸੀ। ਜਿਸ ਵਿੱਚ ਇਹ ਬੁਰੀ ਤਰਾਂ ਫੇਲ ਹੋਈ ਹੈ। ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਨੂੰ ਇਸ ਪਾਰਟੀ ਤੋਂ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ। ਇੱਕ ਪਾਸੇ ਬੀ.ਜੇ.ਪੀ. ਦੀ ਗੱਠਬੰਧਕ ਨੀਤੀ। ਉਸਦੀ ਸਹਿਯੋਗੀ ਪਾਰਟੀ ਨੇ ਜਿਸ ਸੂਬੇ ਵਿੱਚ ਜਿਨੀਆਂ ਸੀਟਾਂ ਦੀ ਮੰਗ ਕੀਤੀ ਉਸ ਨੇ ਦੇ ਦਿੱਤੀਆਂ। ਦੂਜੇ ਪਾਸੇ ਕਾਗਰਸ ਪਾਰਟੀ ਇਹ ਅਲਾਂਇਸ ਕਰਨ ਵਿੱਚ ਅਸਫਲ ਰਹੀ। ਦਿੱਲੀ ਵਿੱਚ ਆਮ ਆਦਮੀ ਪਾਰਟੀ ਨੇ ਦੇਸ਼ ਹਿੱਤ ਵਾਸਤੇ ਗਠਬੰਧਨ ਕਰਨ ਦਾ ਵਾਸਤਾ ਪਾਇਆ। ਪੰਜਾਬ ਅਤੇ ਹਰਿਆਣੇ ਵਿੱਚ ਵੀ ਆਖਿਆ ਪਰ ਕਾਂਗਰਸ ਡਾਵਾਂ ਡੋਲ ਹੀ ਰਹੀ। ਜਿਸਦੇ ਨਤੀਜੇ ਸਾਹਮਣੇ ਹੀ ਹਨ। ਪੰਜਾਬ ਵਿੱਚ ਗੱਲ ਹੋਰ ਹੈ। ਕੈਪਟਨ ਕਾਂਗਰਸ ਦਾ ਘੱਟ ਅਤੇ ਮੋਦੀ ਦਾ ਵੱਧ ਹੈ। ਪੰਜਾਬ ਵਿੱਚੋਂ ਕਾਂਗਰਸ ਦੀਆਂ ਜਿੱਤੀਆਂ ਸੀਟਾਂ ਬੇ-ਮਾਹਨੀਆਂ ਹਨ। ਪੰਜਾਬ ਵਿੱਚ ਕੈਪਟਨ ਨੇ ਬਠਿੰਡੇ ਤੋਂ ਬਾਦਲ ਦੀ ਨੂੰਹ ਅਤੇ ਜਲਿਆਂਵਾਲੇ ਖ਼ੂਨੀ ਸਾਕੇ ਵੇਲੇ ਡਾਇਰ ਨੂੰ ਦਰਬਾਰ ਸਾਹਿਬ ਸੱਦ ਕੇ ਸਰੋਪਾ ਪਾਉਣ ਵਾਲੇ ਅਰੂੜ ਸਿੰਘ ਦੀ ਪੜਪੋਤੀ ਨੂੰ ਵੀ ਜਿੱਤਣ ਵਿੱਚ ਮਦਦ ਕੀਤੀ ਹੈ। ਫਿਰੋਜ਼ਪੁਰ ਵਿੱਚ ਸੁਖਬੀਰ ਦੀ ਜਿੱਤ ਦਾ ਰਾਹ ਵੀ ਤਾਂ ਇਸੇ ਨੇ ਬਣਾਇਆ ਹੈ। ਸੋ ਇਹ ਹੈ ਇਹਨਾਂ ਚੋਣਾਂ ਵਿੱਚ ਹੋਈ ਲੋਕ-ਹਿਤੈਸ਼ੀ ਤਾਕਤਾਂ ਦੀ ਹਾਰ ਦੀ ਕਹਾਣੀ। ਇਹ ਪਾਰਟੀਆਂ ਦੀ ਹਾਰ ਨਹੀਂ, ਸਗੋਂ ਲੋਕਾਂ ਦੀ ਹਾਰ ਹੈ। ਜੋਕਾਂ ਦੀ ਜਿੱਤ ਹੈ।

ਇਸ ਤੋਂ ਅੱਗੇ ਕੀ ਹੈ। ਪਿਛਲੇ ਸੱਤਰ ਸਾਲਾਂ ਤੋਂ ਚਲਦੀ ਆ ਰਹੀ ਸੰਵਿਧਾਨਕ ਰਾਜ ਪ੍ਰਣਾਲੀ ਤੋੜੀ ਜਾਵੇਗੀ। ਧੱਕੇ ਦਾ ਰਾਜ ਚੱਲੇਗਾ। ਸਮਾਜ ਨੂੰ ਜਾਤ ਅਤੇ ਧਰਮ ਦੇ ਨਾਂ ਤੇ ਵੰਡਿਆ ਜਾਵੇਗਾ। ਘੱਟ ਗਿਣਤੀਆਂ ਅਤੇ ਆਦਿਵਾਸੀਆਂ ਦੇ ਅਧਿਕਾਰ ਖਤਮ ਕੀਤੇ ਜਾਣਗੇ। ਪੂੰਜੀਵਾਦੀਆਂ ਵੱਲੋਂ ਲੋਕਾਂ ਦੀ ਲੁੱਟ ਹੋਰ ਤਿੱਖੀ ਹੋਵੇਗੀ। ਅਸਾਮ ਵਿੱਚ ਚਲਦੇ ਕੰਨਸਟਰੇਸ਼ਨ ਕੈਂਪ ਹੋਰ ਰਾਜਾਂ ਵਿੱਚ ਵੀ ਖੋਹਲੇ ਜਾਣਗੇ ਜਿੱਥੇ ਸਟੇਟਲੈਸ ਐਲਾਨ ਕੀਤੇ ਲੋਕਾਂ ਨੂੰ ਨਜ਼ਰਬੰਦ ਰੱਖਿਆ ਜਾਵੇਗਾ। ਫੌਰੀ ਹਮਲਾ ਕਾਂਗਰਸ ਤੇ ਹੀ ਹੋਵੇਗਾ। ਛੇ ਸੱਤ ਮਹੀਨੇ ਪਹਿਲਾਂ ਕਾਂਗਰਸ ਵੱਲੋਂ ਬਣਾਈਆਂ ਮੱਧ ਪ੍ਰਦੇਸ਼, ਰਾਜਿਸਥਾਨ ਅਤੇ ਛੱਤੀਸਗੜ ਸਰਕਾਰਾਂ ਤੋੜੀਆਂ ਜਾਣਗੀਆਂ। ਪਰ ਕੀ ਇਥੇ ਹੀ ਬੱਸ ਹੈ। ਨਹੀਂ ਸਮਾਂ ਇਥੇ ਰੁਕੇਗਾ ਨਹੀਂ। ਉਜਬੇ ਬਾਣ ਲਾਗੇ,ਤਬੇ ਰੋਸ ਜਾਗੇ" ਲੋਕ-ਰੋਹ ਦੀ ਜਵਾਲਾ ਪ੍ਰਚੰਡ ਹੋਵੇਗੀ ਅਤੇ ਲੋਕ-ਸ਼ਕਤੀਆਂ ਅਗਵਾਈ ਕਰਕੇ ਸਿਫ਼ਤੀ ਤਬਦੀਲੀ ਦਾ ਰਾਹ ਤਲਾਸ਼ ਕਰਨਗੀਆਂ।

– ਅਮੀਨ





# ਅਦਾਲਤ ਪੇਸ਼ੀ ਦੌਰਾਨ...



18 ਜਨਵਰੀ 2009 ਦੀ ਉਹ ਕੜਾਕੇ ਦੀ ਠੰਢੀ ਰਾਤ ਅੱਜ ਵੀ ਯਾਦ ਹੈ ਜਦ ਰਾਤ ਦੇ ਤਕਰੀਬਨ 8.30 ਵਜੇ ਥਾਣਾ ਭੀਖੀ ਦੀ ਪੁਲਸ ਨੇ ਅਕਾਲੀ ਸਰਪੰਚ ਦੇ ਪਤੀ ਮਲਕੀਤ ਸਮਾਓ ਦੀ ਸਹਿ ਤੇ ਏ. ਆਈ. ਆਰ. ਦਰਜ ਕਰਵਾਉਣ ਪਿੰਡ ਅੰਦਰ ਰਾਤ ਨੂੰ ਕੁਝ ਗੁੰਡਿਆ ਵੱਲੋਂ ਮਜ਼ਦੂਰ ਵਿਹੜੇ ਅੰਦਰ ਕੀਤੀ ਜਾ ਰਹੀ ਗੁੰਡਾਗਰਦੀ ਖਿਲਾਫ ਜਾ ਰਹੇ ਸੈਕੜੇ ਮਜ਼ਦੂਰ, ਔਰਤਾਂ ਤੇ ਬੱਚਿਆ ਉਪਰ ਅੰਨਾ ਲਾਠੀਚਾਰਜ ਕੀਤਾ।

ਇਸ ਸਮੇਂ ਸੀ.ਪੀ.ਐਮ.ਐਲ. ਲਿਬਰੇਸ਼ਨ ਦੇ ਚਾਰ ਕਾਰਕੁੰਨ ਜੋ ਭੱਜੇ ਨਹੀ ਜੋ ਥਿੜਕੇ ਨਹੀ ਕਾਮਰੇਡ ਹਰਭਗਵਾਨ ਭੀਖੀ, ਕਾਮਰੇਡ ਨਿੱਕਾ ਸਮਾਓ, ਜਗਤਾਰ ਤੇ ਮੱਖਣ ਸਮਾਓ ਨੂੰ ਗ੍ਰਿਫਤਾਰ ਹੀ ਨਹੀਂ ਕੀਤਾ ਸਗੋਂ ਡਾਂਗਾ ਮਾਰ ਮਾਰ ਗੱਡੀ ਚਾੜੇ ਤੇ ਫਿਰ ਥਾਣੇ ਦੇ ਵਿੱਚ ਦੋ ਤਿੰਨ ਜਣਿਆ ਨੇ ਕੱਲੇ ਕੱਲੇ ਨੂੰ ਮੂਧਾ ਪਾ ਲਿਆ ਕੋਈ ਪੱਟਾਂ ਤੇ ਚੜ ਗਿਆ, ਕਿਸੇ ਨੇ ਵਾਲ ਪੁੱਟੇ, ਕਿਸੇ ਨੇ ਮੂੰਹ ਤੇ ਥੱਪੜ ਲਾਏ ਇੱਥੋਂ ਤੱਕ ਕਿ ਇੱਕ ਪੁਲਸੀਏ ਵੱਲੋਂ ਨਿੰਜੀ ਕੱਪੜੇ ਲਾਹੁਣ ਦੀ ਵੀ ਕੋਸਿਸ ਕੀਤੀ ਗਈ।

**ਅੱਤ ਦੀ ਠੰਢੀ ਰਾਤ ਇੱਕ ਕੰਬਲ ਤੇ ਜਣੇ ਚਾਰਾਂ ਨੇ ਕੱਟੀ।**

ਮਜੇ ਦੀ ਗੱਲ ਇਹ ਸੀ ਕਿ ਐਨੀ ਕੁੱਟ ਪੈਣ ਤੋਂ ਬਾਅਦ ਵੀ ਅਸੀਂ ਇੱਕ ਦੂਜੇ ਵੱਲ ਦੇਖਿਆ ਤੇ ਉੱਚੀ ਉੱਚੀ ਹੱਸਣਾ ਸ਼ੁਰੂ ਕਰ ਦਿੱਤਾ ਉਧਰ ਸਾਰੇ ਪੁਲਸ ਵਾਲੇ ਹੈਰਾਨ ਵੀ ਇਹ ਕਿਸ ਮਿੱਟੀ ਦੇ ਬਣੇ ਨੇ ਜੋ ਐਨੀ ਕੁੱਟ ਤੋਂ ਬਾਅਦ ਵੀ ਹੱਸ ਰਹੇ ਹਨ ।

ਜਿਵੇਂ ਤਿਵੇਂ ਸਵੇਰ ਹੋਈ ਤੇ ਸਵੇਰ ਹੀ ਪਿੰਡ ਵਾਸੀਆਂ ਵੱਲੋਂ ਸੀ.ਪੀ.ਐਮ.ਐਲ. ਲਿਬਰੇਸ਼ਨ ਦੀ ਅਗਵਾਈ ਚ ਭੀਖੀ ਥਾਣੇ ਦਾ ਘਿਰਾਓ ਕੀਤਾ ਗਿਆ ਤੇ ਲਿਬਰੇਸ਼ਨ ਦੇ ਭਗਵੰਤ ਸਮਾਓ, ਕਾਮਰੇਡ ਸੁਖਦਰਸ਼ਨ ਨੱਤ, ਕਾਮਰੇਡ ਰਾਜਵਿੰਦਰ ਰਾਣਾ, ਰੁਲਦੂ ਮਾਨਸਾ ਆਦਿ ਸਾਨੂੰ ਹਵਾਲਾਤ 'ਚ ਮਿਲਣ ਆਏ ਤੇ ਇਹਨਾ ਸਾਥੀਆਂ ਨੇ ਸਾਨੂੰ ਦੱਸਿਆ ਕਿ ਤੁਹਾਡੇ ਤੇ ਝੂਠਾ ਪਰਚਾ 452, 323, 506, 148, ਆਦਿ ਧਾਰਾਵਾਂ ਅਧੀਨ ਦਰਜ ਕਰ ਦਿੱਤਾ ਹੈ। ਜਿਸ 'ਚ ਸਾਡੇ ਸਮੇਤ 13 ਜਣੇ ਦਿਹਾੜੀਦਾਰ ਮਜ਼ਦੂਰ ਵੀ ਸ਼ਾਮਲ ਹਨ।

ਦੋ ਤਿੰਨ ਦੇ ਪੁਲਸ ਰਿਮਾਂਡ ਤੋਂ ਬਾਅਦ ਸਾਨੂੰ ਮਾਨਸਾ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਸਾਨੂੰ ਇੱਕ ਹਫਤੇ ਲਈ ਬਠਿੰਡਾ ਜੇਲ ਚ ਭੇਜ ਦਿੱਤਾ ਗਿਆ।

ਸ਼ਾਮ ਨੂੰ ਸਾਨੂੰ ਜੇਲ 'ਚ ਲਿਜਾਇਆ ਗਿਆ।

ਜਿੱਥੇ ਅੱਗੇ ਸਾਨੂੰ ਬਠਿੰਡਾ ਜੇਲ ਪਰਸ਼ਾਸਨ ਨੇ ਫਾਂਸੀ ਹਾਤਿਆਂ 'ਚ ਬੰਦ ਕਰ ਦਿੱਤਾ।

ਉਥੇ ਵੜਨ ਸਾਰ ਹੀ ਸਾਨੂੰ ਕਿਹਾ ਗਿਆ ਕਿ ਸ਼ਾਮ ਦੀ ਰੋਟੀ ਆ ਗਈ ਰੋਟੀ ਖਾ ਲਓ ਜਿੱਥੇ ਅਸੀਂ ਨੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ ਜਿਸਦਾ ਪਤਾ ਚਲਦੇ ਹੀ ਚੱਕਰ ਹੌਲਦਾਰ ਭੱਜਿਆ ਆਇਆ ਵੀ ਭੁੱਖ ਹੜਤਾਲ ਕਿਵੇਂ ਤਾਂ ਹਰਭਗਵਾਨ ਨੇ ਮੂਹਰੇ ਹੋ ਕੇ ਕਿਹਾ ਕਿ ਇੱਕ ਤਾਂ ਸਜਾ ਇੱਕ ਸਜਾ ਦੇ ਅੰਦਰ ਫਿਰ ਸਜਾ ਅਸੀਂ ਕੋਈ ਗੈਰ ਮਨੁੱਖੀ ਮੁਜਰਮ ਥੋੜ੍ਹਾ ਸਾਨੂੰ ਫਾਂਸੀ ਹਾਤੇ ਬੰਦ ਕਰੋ ਚੱਲੋ ਚੱਕਰ ਹੌਲਦਾਰ ਨੇ ਕਿਹਾ ਕਿ ਕੋਈ ਨੀ ਤੁਹਾਡੇ ਦਰਵਾਜ਼ੇ ਖੁਲੇ ਰੱਖਾਂਗੇ ਆਮ ਬੰਦੀ ਸਮੇਂ ਬੰਦ ਹੋਣਗੇ ।

ਫਿਰ ਅਸੀਂ ਭੁੱਖ ਹੜਤਾਲ ਸਮਾਪਤ ਕੀਤੀ ਤੇ ਰੋਟੀ ਖਾਣ ਤੋਂ ਬਾਅਦ ਲਗਭਗ ਸਾਰੀ ਰਾਤ ਹੀ ਇਨਕਲਾਬੀ ਗੀਤ ਗਾਏ ,ਕੁਝ ਮਜਾਕੀਆ ਕਹਾਣੀਆ ਪਾਈਆ, ਤੇ ਸਾਰੀ ਰਾਤ ਹਾਸੜ ਪਾਈ ਰੱਖਿਆ। ਉਧਰ ਸਾਡੇ ਨਾਲ ਦੇ ਹੀ ਚੱਕੀ ਚ ਕਾਮਰੇਡ ਸੁਰਜੀਤ ਫੂਲ ਬੰਦ ਕਰ ਰੱਖਿਆ ਸੀ ਜਦੋਂ ਸਵੇਰ ਹੋਈ ਤਾਂ ਉਸਨੂੰ ਜਦੋਂ ਅਸੀਂ ਬਾਹਰੋ ਦੇਖ ਕੇ ਮਿਲੇ ਤਾਂ ਉਸਨੇ ਕਿਹਾ ਕਿ ਯਰ ਮੈਂ ਰਾਤ ਦਾ ਸੋਚੀ ਜਾਨਾ ਵੀ ਐਧਰ ਕੋਣ ਆਇਆ ਜੋ ਲਗਦੇ ਤਾਂ ਇਨਕਲਾਬੀ ਨੇ ਪਰ ਕੋਣ ਜੋ ਜੇਲ ਦੇ ਫਾਂਸੀ ਹਾਤੇ ਚ ਵੀ ਹਾਸੜ ਪਾ ਰਹੇ ਨੇ, ਗੀਤ ਗਾ ਰਹੇ ਨੇ ਜਿੱਥੇ ਆਕੇ ਚੰਗੇ ਭਲਿਆਂ ਦੇ ਬੁੱਲਾਂ ਤੇ ਸਿੱਕਰੀ ਆ ਜਾਂਦੀ ਹੈ ।

ਕੁੱਲ ਮਿਲਾ ਕੇ ਇਹ ਸਫਰ ਵਧੀਆ ਸੀ।

ਮੈਂ ਇੱਕ ਗੱਲ ਸਪੱਸ਼ਟ ਕਰ ਦਿਆਂ ਕਿ ਸਾਡੀ ਨਾ ਨਿੱਜੀ ਦੁਸ਼ਮਣੀ ਉਸ ਸਮੇਂ ਸੀ ਕਿਸੇ ਨਾਲ ਤੇ ਨਾ ਹੀ ਅੱਜ ਹੈ ।

ਸੱਤਾ ਦਾ ਨਸ਼ਾ ਹਮੇਸ਼ਾ ਵਿਨਾਸ਼ ਵੱਲ ਲੈ ਕੇ ਜਾਦਾ ਹੈ ।

ਹੁਣ ਸਾਨੂੰ ਤਾਂ ਕੀ ਪਿੰਡ ਚ ਕਿਸੇ ਨਾਂ ਵੀ ਨੀ ਪਤਾ ਕਿ ਮਲਕੀਤ ਸਿੰਘ ਨੂੰ ਅਸੀਂ ਘਰ ਜਾ ਕੇ ਕਦੋ ਕੁੱਟ ਆਏ ਕਦੋ ਉਸਦੀ ਕੋਠੀ ਭੰਨ ਆਏ, ਇਸ ਝੂਠੇ ਮੁਕੱਦਮੇ 'ਚ ਸਿਆਸੀ ਦਬਾ ਹੇਠ ਨਿਚਲੀ ਅਦਾਲਤ ਨੇ ਸਾਨੂੰ ਇੱਕ ਇੱਕ ਸਾਲ ਦੀ ਸਜ਼ਾ ਕਰ ਦਿੱਤੀ ਤੇ ਹਜ਼ਾਰ ਹਜ਼ਾਰ ਰੁਪਏ ਜ਼ੁਰਮਾਨਾ ਕਰ ਦਿੱਤਾ।

ਚੱਲੋ ਅਸੀਂ ਮਾਣਯੋਗ ਉਪਰਲੀ ਅਦਾਲਤ ਸ਼ੈਸਨ 'ਚੋਂ ਜਮਾਨਤ ਲੈ ਲਈ ਤੇ ਅੱਜ ਪੂਰੇ 10 ਸਾਲ ਹੋ ਗਏ ਹਨ ਕੋਰਟ ਅੰਦਰ ਮਜ਼ਦੂਰ ਦੇ ਹੱਕ ਸੱਚ ਦੀ ਲੜਾਈ ਲੜਦਿਆਂ।

ਹੁਣ ਸਾਥੀਓ 21 / 05 /2019 ਨੂੰ ਇਸ ਝੂਠ ਦੇ ਪੁਲੰਦੇ ਤੇ ਬਹਿਸ ਹੋਣੀ ਹੈ ਤੇ ਫੈਸਲਾ ਕੁਝ ਵੀ ਆ ਸਕਦਾ ਹੈ ।

ਉਧਰ ਐਡਵੋਕੇਟ ਬਲਵੀਰ ਕੌਰ ਚਟਾਨ ਵਾਂਗ ਖੜਕੇ ਮਜ਼ਦੂਰਾਂ ਦੇ ਹੱਕ ਸੱਚ ਦੀ ਲੜਾਈ ਲੜ ਰਹੇ ਹਨ ।

ਆਪਣੇ ਵੱਲੋਂ ਸੱਚ ਦੀ ਪੈਰਵੀ ਲਈ ਡਟੇ ਹੋਏ ਹਾਂ।

ਸਮਝੌਤੇ ਦੀ ਵੀ ਇੱਕ ਦੋ ਵਾਰ ਗੱਲ ਚਲਾਈ ਸੀ ਪਿੰਡ ਦੇ ਮੋਹਤਬਰ ਬੰਦਿਆ ਵੱਲੋਂ ਕਿਸੇ ਉਘੇ ਆਗੂ ਨੇ ਤਾਂ ਸਾਡੀ ਇੱਥੋਂ ਤਕ ਵੀ ਜ਼ੁੰਮੇਵਾਰੀ ਲੈ ਲਈ ਸੀ ਵੀ ਆਹ ਕੋਰੇ ਕਾਗਜ਼ ਤੇ ਮੈਂ ਇਹਨਾ ਦੇ ਦਸਖਤ ਲੈ ਲੈਨਾ ਤੂੰ ਜੋ ਲਿਖਨਾ ਲਿਖ ਲਈ ਪਰ ਭਾਈਚਾਰਕ ਸਾਂਝ ਬਣੀ ਰਹੇ ।

ਉਸ ਆਗੂ ਨੇ ਕਿਹਾ ਸੀ ਸ਼ਰਤ ਦੋਵੇਂ ਲਈ ਇੱਕ ਹੈ ਮਲਕੀਤ ਆਪਣਾ ਕੇਸ਼ ਵਾਪਸ ਲਵੇ ਤੇ ਅਸੀਂ ਆਪਣਾ ਇਸਤਗਾਸਾ।

ਜੋ ਵੀ ਮੁੱਕਰੇ ਉਸਨੂੰ ਪੰਚਾਇਤ ਵੱਲੋਂ 5 ਲੱਖ ਜੁਰਮਾਨਾ।

ਪਰ ਚੱਲੋ ਮਲਕੀਤ ਸਿੰਘ ਵੱਲੋਂ ਇਹ ਆਇਆ ਕਿ ਸਮਝੌਤਾ ਫਿਰ ਹੋਊਗਾ ਜੇ ਇਹ ਬੰਦੇ ਪਿੰਡ ਦੀ ਸੱਥ ਚ ਇਹ ਕਹਿ ਕੇ ਮਾਫੀ ਮੰਗ ਲੈਣ ਕਿ ਜੋ ਅਸੀਂ ਨੇ ਅਕਾਲੀ ਸਰਕਾਰ ਖਿਲਾਫ , ਧਰਨੇ , ਮੁਜ਼ਾਹਰੇ , ਪਰਦਸ਼ਨ ਕੀਤੇ ਹਨ ਉਹ ਸਾਥੋਂ ਗਲਤੀ ਹੋ ਗਈ ਤੇ ਮੁੜਕੇ ਅਜਿਹੀ ਗਲਤੀ ਨਹੀ ਦੁਹਰਾਵਾਗੇ ।

ਕਹਿਣ ਦਾ ਭਾਵ ਸਾਥੀਓ ਬਚਣਾ ਹੋਵੇ ਤਾਂ ਗਲਤੀ ਮੰਨ ਕੇ ਤੋਬਾ ਕਰਕੇ ਬਚ ਸਕਦੇ ਸੀ।

ਪਰ ਬਿਲਕੁਲ ਨਹੀਂ।

ਸੋ ਸਾਥੀਓ ਹੁਣ ਕੇਸ ਬਹਿਸ ਤੇ ਹੈ 21/ 05/2019 ਹੱਕ ਸੱਚ ਦੀ ਲੜਾਈ ਜੇ ਜਿੱਤਗੇ ਤਾਂ ਫਿਰ ਮਿਲਾਗੇ ਸੰਘਰਸ਼ ਦੇ ਮੈਦਾਨ ਚ ਨਹੀ ਫਿਰ ਜੇਲ ਜਿੰਨਾ ਦੇ ਕਾਲਜ ਆਪੇ ਲੈਣਗੇ ਡਿਗਰੀਆਂ ਪਾ।

**ਧੰਨਵਾਦ**

**ਨਿੱਕਾ ਸਮਾਓ।**

# ਸ਼ਿਵ ਦੀ ਲੂਣਾ, ਦਰਦਮੰਦੀ ਦੀ ਨਾਰੀਵਾਦੀ ਕਵਿਤਾ

**ਡਾ. ਜਤਿੰਦਰ ਕੌਰ**




*ਜਾਤ ਅਤੇ ਜਮਾਤ ਵਿੱਚ ਵੰਡੇ ਸਮਾਜ ਦੀ ਦਰਜਾਬੰਦੀ ਵਿੱਚ ਔਰਤ ਦਾ ਸਥਾਨ ਨਿਮਾਣਾ ਅਤੇ ਦਲਿਤ ਜਾਂ ਨੀਵੀਂ ਜਾਤ ਕਾਰਨ ਹੋਰ ਵੀ ਨਿਤਾਣਾ ਹੁੰਦਾ ਹੈ । ਸ਼ਿਵ ਨੇ ਪੰਜਾਬੀ ਸਮਾਜ ਦੀ ਇਸੇ ਦਰਜਾਬੰਦੀ ਨੂੰ ਪੇਸ਼ ਕੀਤਾ ਹੈ । ਔਰਤ ਮਨ ਦੀ ਵੇਦਨਾ, ਅਥਾਹ ਪੀੜਾ ਅਤੇ ਰੁਦਨ ਨੂੰ ਪੇਸ਼ਕਾਰੀ ਦੀ ਜੁਗਤ ਬਣਾ ਕੇ ਸ਼ਿਵ ਨੇ ਪ੍ਰਚਲਿਤ ਕਥਾ ਨੂੰ ਨਵਾਂ ਮੋੜ ਦਿੱਤਾ ।*

'ਲੂਣਾ' ਕਾਵਿ-ਨਾਟ ਪੰਜਾਬੀ ਕਵਿਤਾ ਦੇ ਨਾਲ ਪੰਜਾਬੀ ਸਮਾਜ-ਸੱਭਿਆਚਾਰ ਦਾ ਵੀ ਹਾਸਿਲ ਹੈ। ਸ਼ਿਵ ਕੁਮਾਰ ਬਟਾਲਵੀ ਹੋਣਾ ਬਿਰਹੋਂ ਦੀ ਹੂਕ ਵਿੱਚੋਂ ਨਾਰੀਵਾਦੀ ਸੁਰ ਦਾ ਉਦੈ ਹੋਣਾ ਹੈ। ਪਰੰਪਰਾ-ਪੂਜ, ਪਿੱਤਰ-ਸੱਤਾਧਾਰੀ ਮਾਨਸਿਕਤਾ ਅਤੇ ਰੂੜ੍ਹੀਵਾਦੀ ਰਵਾਇਤਾਂ ਖ਼ਿਲਾਫ਼ ਬਗ਼ਾਵਤ ਦਾ ਐਲਾਨ-ਨਾਮਾ ਹੈ।

ਨਾਬਰੀ ਦੀ ਇਹ ਸੁਰ ਕਦੇ ਗੀਤ, ਕਦੇ ਗ਼ਜ਼ਲ ਅਤੇ ਕਦੇ ਨਜ਼ਮ ਬਣ ਉੱਭਰੀ। ਪੀੜਾਂ ਦਾ ਪਰਾਗਾ (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਬਿਰਹਾ ਤੂੰ ਸੁਲਤਾਨ (1964) ਕਵਿ ਸੰਗ੍ਰਹਿ ਛਪ ਜਾਣ ਤੱਕ ਸ਼ਿਵ ਦੀ ਮਕਬੂਲੀਅਤ ਅਤੇ ਹੁਨਰ ਜਗ ਜ਼ਾਹਿਰ ਹੋ ਗਏ ਸਨ।

ਲੂਣਾ (1965) ਪੰਜਾਬੀ ਕਵਿਤਾ ਅਤੇ ਸ਼ਿਵ ਦਾ ਆਪਣੀ ਪਹਿਲਾਂ ਕੀਤੀ ਜਾ ਚੁੱਕੀ ਰਚਨਾ ਤੋਂ ਅਗਾਂਹ ਲੰਘ ਜਾਣ ਦਾ ਪੈਂਡਾ ਹੈ। ਸ਼ਿਵ ਨੇ ਪਰੰਪਰਾ ਵਿੱਚ ਪ੍ਰਚਲਿਤ ਕਥਾ ਨੂੰ ਨਾਰੀਵਾਦੀ ਪੈਂਤੜੇ ਤੋਂ ਨਵਿਆਇਆ।

ਮੱਧਕਾਲੀ ਪੰਜਾਬੀ ਕਿੱਸਾ ਕਾਵਿ ਵਿੱਚ ਪੂਰਨ ਭਗਤ ਦੇ ਹਵਾਲੇ ਨਾਲ ਪੇਸ਼ ਇਹ ਕਥਾ ਸ਼ਿਵ ਦੇ ਨਜ਼ਰੀਏ ਅੱਗੇ ਵੱਖਰੀ ਕਿਸਮ ਦੀ ਵੰਗਾਰ ਪੇਸ਼ ਕਰਦੀ ਹੈ।

ਸ਼ਿਵ ਨੇ ਲੂਣਾ ਦੇ ਮੁੱਢ ਵਿੱਚ 'ਮੇਰੇ ਪਾਤਰ ਮੇਰੀ ਕਥਾ' ਨਾਮ ਦੇ ਸਿਰਲੇਖ ਹੇਠ ਆਪ ਲਿਖਿਆ, "ਰਾਜਿਆਂ ਦੇ ਟੁਕੜਿਆਂ 'ਤੇ ਪਲਣ ਵਾਲੇ ਕਵੀ ਜਦੋਂ ਕਹਾਣੀਆਂ ਲਿਖਣ ਬੈਠਦੇ ਸਨ, ਤਾਂ ਉਹ ਸੱਚ ਨੂੰ ਤਿਆਗ ਕੇ ਰਾਜਿਆਂ ਨੂੰ ਨੇਹ-ਕਲੰਕ ਸਿੱਧ ਕਰਦੇ ਸਨ। ਉਨ੍ਹਾਂ ਦੀਆਂ ਰਾਣੀਆਂ ਜਾਂ ਔਲਾਦ ਨੂੰ ਮੈਲਿਆਂ ਕਹਿ ਕੇ ਆਪਣੇ ਸ੍ਰਪਰਸਤਾਂ ਦੀ ਹਉਮੈ ਨੂੰ ਤ੍ਰਿਪਤ ਕਰਦੇ ਸਨ। ਪ੍ਰਚਲਿਤ ਸਦਾਚਾਰਕ ਨਿਯਮਾਂ ਦੀ ਉਲੰਘਣਾ ਕਰਨ ਦੀ ਦਲੇਰੀ ਉਨ੍ਹਾਂ ਵਿੱਚ ਉੱਕਾ ਨਹੀਂ ਸੀ ਹੁੰਦੀ।"

ਪੰਜ ਦਹਾਕੇ ਪਹਿਲਾਂ ਲਿਖੀ ਇਸ ਕਵਿਤਾ ਦੀ ਪ੍ਰਸੰਗਿਕਤਾ ਅੱਜ ਵੀ ਬਰਕਰਾਰ ਹੈ। ਸ਼ਿਵ ਨੇ ਇਸ ਵੰਗਾਰ ਨੂੰ ਕਬੂਲਿਆ, ਨਿਭਾਇਆ ਅਤੇ 'ਮੇਰੇ ਪਾਤਰ ਮੇਰੀ ਕਥਾ' ਵਿੱਚ ਅੱਗੇ ਲਿਖਿਆ, ਪੂਰਨ ਦੇ ਕਿੱਸੇ ਨੂੰ ਲੂਣਾ ਦਾ ਕਿੱਸਾ ਕਹਿਣ ਵਿੱਚ ਵੀ ਨਵੇਂ ਅਰਥ ਸਥਾਪਿਤ ਹੋ ਜਾਂਦੇ ਹਨ। ਕਹਿੰਦੇ ਨੇ ਪੂਰਨ ਯੋਗੀ ਸੀ ਤੇ ਉਹ ਵੀ ਪੂਰਨਤਾ ਨੂੰ ਪ੍ਰਾਪਤ ਯੋਗੀ।

...ਭਾਵੇਂ ਉਹ ਰਾਮ ਹੋਵੇ ਜਾਂ ਬੁੱਧ, ਚਰਪਟ ਹੋਵੇ ਜਾਂ ਪੂਰਨ, ਤੇ ਉਨ੍ਹਾਂ ਨੂੰ ਹੋਰ ਮਹਾਨ ਦਰਸਾਉਣ ਲਈ ਲੂਣਾ ਜਿਹੀਆਂ ਕੁੜੀਆਂ ਨੂੰ ਕਾਮ ਦੀਆਂ ਪੁਤਲੀਆਂ, ਮਾਇਆ ਦਾ ਰੂਪ ਤੇ ਸ਼ੈਤਾਨ ਦੀਆਂ ਦਾਸੀਆਂ ਸਿੱਧ ਕੀਤਾ ਜਾਂਦਾ ਸੀ। ਇਹ ਕੁੜੀਆਂ ਬਹੁਤੀ ਵਾਰ ਨੀਵੀਆਂ ਸ਼੍ਰੇਣੀਆਂ ਦੀਆਂ ਜੰਮ ਪਲ ਹੁੰਦੀਆਂ ਸਨ ਤੇ ਉੱਚੀ ਕੁਲ ਦੇ ਉੱਚੇ ਆਚਰਣ ਵਾਲਿਆਂ ਨੂੰ ਮੁਕਤੀ ਦੇ ਰਾਹ ਤੋਂ ਡੁਲਾਉਣ, ਭਟਕਾਉਣ ਦੇ ਚਿਨ੍ਹ ਵਜੋਂ ਪੇਸ਼ ਕੀਤੀਆਂ ਜਾਂਦੀਆਂ ਸਨ।

ਦਰਅਸਲ ਸ਼ਿਵ ਦਾ ਕਾਵਿ ਜਗਤ ਦੁਨਿਆਵੀ ਅਸਲੀਅਤ ਨਾਲ ਜੁੜਿਆ ਅਤੇ ਭਿੱਜਿਆ ਹੈ। ਕਵੀ ਦੀ ਸਮਾਜਿਕ ਜ਼ਿੰਮੇਵਾਰੀ ਉਸ ਦੀ ਸ਼ਖ਼ਸੀਅਤ ਅਤੇ ਵਜੂਦ ਦਾ ਬਾਹਰਮੁਖੀ ਪ੍ਰਗਟਾਵਾ ਹੈ।

ਜਾਤ ਅਤੇ ਜਮਾਤ ਵਿੱਚ ਵੰਡੇ ਸਮਾਜ ਦੀ ਦਰਜਾਬੰਦੀ ਵਿੱਚ ਔਰਤ ਦਾ ਸਥਾਨ ਨਿਮਾਣਾ ਅਤੇ ਦਲਿਤ ਜਾਂ ਨੀਵੀਂ ਜਾਤ ਕਾਰਨ ਹੋਰ ਵੀ ਨਿਤਾਣਾ ਹੁੰਦਾ ਹੈ।

ਸ਼ਿਵ ਨੇ ਪੰਜਾਬੀ ਸਮਾਜ ਦੀ ਇਸੇ ਦਰਜਾਬੰਦੀ ਨੂੰ ਪੇਸ਼ ਕੀਤਾ ਹੈ। ਔਰਤ ਮਨ ਦੀ ਵੇਦਨਾ, ਅਥਾਹ ਪੀੜਾ ਅਤੇ ਰੁਦਨ ਨੂੰ ਪੇਸ਼ਕਾਰੀ ਦੀ ਜੁਗਤ ਬਣਾ ਕੇ ਸ਼ਿਵ ਨੇ ਪ੍ਰਚਲਿਤ ਕਥਾ ਨੂੰ ਨਵਾਂ ਮੋੜ ਦਿੱਤਾ।

ਲੋਕ ਮਨਾਂ ਅੰਦਰ ਵਸਦੀ ਕਹਾਣੀ ਨੂੰ ਲੋਕ ਮੁਹਾਵਰੇ ਵਿੱਚ ਪੇਸ਼ ਕਰਕੇ ਉਸ ਨੇ ਲੋਕ ਮਾਨਸਿਕਤਾ ਨੂੰ ਵੀ ਬਦਲਣ ਦਾ ਉੱਦਮ ਕੀਤਾ। ਇੰਝ ਖ਼ਤਰਾ ਸਹੇੜਨ ਦਾ ਹੀਆ ਵਿਰਲਾ ਕਵੀ ਹੀ ਕਰਦਾ ਹੈ। ਉਹ ਵੀ ਉਦੋਂ ਜਦੋਂ ਉਹ ਲੋਕਾਂ ਅੰਦਰ ਖ਼ਾਸ ਕਿਸਮ ਦੀ ਕਵਿਤਾ ਕਾਰਨ ਮਕਬੂਲ ਹੋਵੇ। ਆਪਣੀ ਸ਼ੋਹਰਤ ਅਤੇ ਪ੍ਰਸਿੱਧੀ ਨੂੰ ਦਾਅ ਉੱਤੇ ਲਗਾ ਕੇ ਨਵੀਆਂ ਲੀਹਾਂ ਦਾ ਸਫ਼ੀਰ ਬਣਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ।

**ਜੇ ਲੂਣਾ**
**ਸ਼ੂਦਰ ਦੀ ਧੀ ਹੈ**
**ਨਿਰਦੋਸ਼ੀ ਦਾ ਦੋਸ਼ ਵੀ ਕੀਹ ਹੈ ?**
**ਅਤੇ**
**ਨਹੀਂ ਨਹੀਂ**
**ਕੁਝ ਦੋਸ਼ ਨਾ ਉਸ ਦਾ...**
**ਦੋਸ਼ ਤਾਂ ਸਾਡੇ ਧਰਮਾਂ ਦਾ ਹੈ**
**ਧਰਮ,**
**ਜੋ ਸਾਨੂੰ ਇਹ ਕਹਿੰਦੇ ਨੇ**
**ਮੰਦਿਰਾਂ ਦੇ ਵਿੱਚ ਸੰਖ ਵਜਾਵੋ**
**ਵੱਟਿਆਂ ਦੇ ਵਿੱਚ ਸ਼ਰਧਾ ਰੱਖੋ**
**ਪੱਥਰਾਂ ਅੱਗੇ ਧੂਫ਼ ਧੁਖਾਵੋ**
**ਪਰ ਜੇ ਮਾਨਵ ਮਰਦਾ ਹੋਵੇ**
**ਮਰਦੇ ਮੂੰਹ ਵਿੱਚ ਬੂੰਦ ਨਾ ਪਾਵੋ...**
**ਤਵਾਰੀਖ਼ ਦੀ ਛਾਤੀ ਉੱਤੇ**
**ਰੰਗਾਂ ਵਾਲੇ ਨਾਗ ਲੜਾਵੋ (ਸਲਵਾਨ, ਲੂਣਾ)**

ਲੂਣਾ ਦੀ ਆਵਾਜ਼ ਦਰਅਸਲ ਹਰ ਮਜ਼ਲੂਮ ਔਰਤ ਦੀ ਆਵਾਜ਼ ਹੈ ਜੋ ਮਰਦਾਵੇਂ ਜਬਰ ਅਤੇ ਦਾਬੇ ਦੀ ਸ਼ਿਕਾਰ ਹੈ। ਇਹ ਚੁੱਪ ਵਿੱਚੋਂ ਉੱਭਰੀ ਕੰਨ ਪਾੜਵੀਂ ਚੀਕ ਹੈ;

**ਸਈਓ ਨੀ,**
**ਅੱਗ ਕਿਉਂ ਨਾ ਬੋਲੇ ?**
**ਜੀਭ ਦਾ ਜੰਦਰਾ ਕਿਉਂ ਨਾ ਖੋਹਲੇ ?**
**ਸਾਣੇ ਜੀਭ ਲਵਾ ਹਰ ਅਗਨੀ**
**ਮੈਂ ਚਾਹੁੰਦੀ ਹਾਂ ਉੱਚੀ ਬੋਲੇ ਤ**
**ਅਤੇ**
**ਇਹ ਮੇਰਾ,**
**ਵਿਸ਼ਵਾਸ ਹੇ ਈਰੇ**
**ਇੱਕ ਦਿਨ ਅੱਗ ਅਵੱਸ਼ ਕੂਵੇਗੀ**
**ਹਰ ਅੱਗ ਦੀ ਅੱਖ,**
**ਹੰਝੂ ਦੀ ਥਾਂ**
**ਬਲਦੀ ਬਾਗ਼ੀ ਰੱਤ ਸੂਵੇਗੀ...(ਲੂਣਾ)**

ਔਰਤ ਦੀ ਵਰ ਦੀ ਆਜ਼ਾਦਾਨਾ ਚੋਣ ਦਾ ਮਸਲਾ ਉਸ ਦੀ ਹੋਂਦ ਦਾ ਮਸਲਾ ਹੈ। ਸ਼ਿਵ ਨੇ ਲੂਣਾ ਦੇ ਜ਼ਰੀਏ ਔਰਤ ਦੀ ਇਸ ਖ਼ਾਹਿਸ਼ ਦਾ ਪ੍ਰਗਟਾਵਾ ਬਾਖ਼ੂਬੀ ਕੀਤਾ ਹੈ। ਜਾਗੀਰਦਾਰੀ ਅਤੇ ਰਾਜਾਸ਼ਾਹੀ ਹੀ ਨਹੀਂ ਹਰ ਵਰਗ ਵਿੱਚ ਔਰਤ ਦੀ ਇਸ ਇੱਛਾ ਦਾ ਦਮਨ ਕੀਤਾ ਗਿਆ ਹੈ।

ਇਸ ਦੇ ਉਲਟ ਅੱਲੜ੍ਹਾਂ ਅਤੇ ਮਾਸੂਮਾਂ ਦਾ ਹਰ ਉਮਰ ਅਤੇ ਵਰਗ ਦੇ ਮਰਦਾਂ ਵੱਲੋਂ ਜਿਸਮਾਨੀ ਅਤੇ ਜਜ਼ਬਾਤੀ ਸ਼ੋਸ਼ਣ ਕੀਤਾ ਗਿਆ ਹੈ। ਇਸ ਦੇ ਖ਼ਿਲਾਫ਼ ਸ਼ਿਵ ਇੰਝ ਪੈਂਤੜਾ ਮੱਲ੍ਹਦਾ ਹੈ;

**ਧਰਮੀ ਬਾਬਲ ਪਾਪ ਕਮਾਇਆ**
**ਲੜ ਲਾਇਆ ਮੇਰੇ ਫੁੱਲ ਕੁਮਲਾਇਆ...**
**ਮੈਂ ਪੂਰਨ ਦੀ ਮਾਂ**
**ਪੂਰਨ ਦੇ ਹਾਣ ਦੀ !...**
**ਸਈਓ ਨੀ**
**ਮੈਂ ਧੀ ਵਰਗੀ ਸਲਵਾਨ ਦੀ...**
**ਪਿਤਾ ਜੇ ਧੀ ਦਾ ਰੂਪ ਹੰਢਾਵੇ**
**ਤਾਂ ਲੋਕਾਂ ਨੂੰ ਲਾਜ ਨਾ ਆਵੇ**
**ਜੇ ਲੂਣਾ ਪੂਰਨ ਨੂੰ ਚਾਹਵੇ**
**ਚ੍ਰਿਤਰਹੀਣ ਕਹੇ ਕਿਉਂ ਜੀਭ ਜਹਾਨ ਦੀ ?**
**... (ਲੂਣਾ)**

ਔਰਤ ਦੀ ਹੋਂਦ ਦੇ ਇਹ ਚਿਰਕਾਲੀ ਸੁਆਲ ਅੱਜ ਵੀ ਬਰਕਰਾਰ ਹਨ। ਉਸ ਦੀ ਹੋਂਦ ਦਾ ਇਹ ਮਸਲਾ ਸਿੱਧਾ-ਸਿੱਧਾ ਆਰਥਿਕ ਨਾਬਰਾਬਰੀ ਨਾਲ ਜੁੜਿਆ ਹੈ। ਜਾਇਦਾਦ ਅਤੇ ਹੋਰ ਰੁਜ਼ਗਾਰ ਦੇ ਸਾਧਨਾਂ ਤੱਕ ਉਸ ਦੀ ਨਾਂਮਾਤਰ ਰਸਾਈ ਅਤੇ ਧਨ ਦੀ ਨਾਬਰਾਬਰ ਵੰਡ ਨੇ ਉਸ ਦੀ ਹੋਣੀ ਨੂੰ ਹਰ ਵਾਰ ਹੀ ਹੋਰਨਾਂ ਦੀ ਮੁਥਾਜ ਕਰੀ ਰੱਖਿਆ;

**ਇਹ ਧਰਤੀ,**
**ਇੱਕ ਨਗਨ ਨਪੁੰਸਕ ਬਸਤੀ ਹੈ**
**ਏਥੇ ਰੋਟੀ ਮਹਿੰਗੀ,**
**ਨਾਰੀ ਸਸਤੀ ਹੈ...**
**ਏਥੇ,**
**ਪਿਆਰ, ਮੁਹੱਬਤ ਰੋਟੀ ਦਾ ਹੀ ਨਾਂ ਹੈ**
**ਧਰਮ ਅਤੇ ਇਖ਼ਲਾਕ ਵੀ,**
**ਰੋਟੀ ਦਾ ਹੀ ਨਾਂ ਹੈ**
**ਅਕਲ, ਇਲਮ ਤੇ ਹੁਨਰ ਵੀ,**
**ਰੋਟੀ ਦਾ ਹੀ ਨਾਂ ਹੈ (ਈਰਾ, ਲੂਣਾ)**

ਬਦਲਦੇ ਵਕਤ ਨਾਲ ਇਹ ਸੁਆਲ ਹੋਰ ਵੀ ਸੰਜੀਦਾ ਹੋਏ ਹਨ। ਸ਼ਿਵ ਦੇ ਹਿੱਸੇ ਔਰਤ ਮਨ ਦੀ ਤੜਪ ਨੂੰ ਸਮਝਣਾ ਅਤੇ ਉਸ ਦੀ ਖ਼ਾਮੋਸ਼ੀ ਨੂੰ ਜ਼ਬਾਨ ਦੇਣਾ ਵੀ ਆਇਆ ਹੈ। ਕਾਵਿ ਨਾਟਕ ਲੂਣਾ ਨੂੰ ਉਸ ਨੇ ਇੰਦਰਾ ਗਾਂਧੀ ਨੂੰ ਸਮਰਪਿਤ ਕੀਤਾ ਹੈ ਅਤੇ ਹਰ ਅੰਕ ਅੱਗੋਂ ਹੋਰ ਉੱਘੀਆਂ ਬੀਬੀਆਂ ਨੂੰ।

ਬੇਸ਼ੱਕ ਔਰਤਾਂ ਉਸ ਦੀਆਂ ਵਧੇਰੇ ਪ੍ਰਸ਼ੰਸਕ ਰਹੀਆਂ ਹਨ। ਇਸ ਦਾ ਸਬੱਬ ਕੁਝ ਹੋਰ ਨਾ ਹੋ ਕੇ ਉਸ ਦਾ ਔਰਤਾਂ ਲਈ ਨਿਰਛੱਲ ਮੋਹ ਅਤੇ ਔਰਤ ਪੱਖੀ ਨਜ਼ਰੀਆ ਹੈ। ਇਸ ਤੋਂ ਵੀ ਵਧੀਕ ਉਸ ਦਾ ਔਰਤ ਮਨ ਦੀਆਂ ਪਰਤਾਂ ਹੇਠ ਦਬੀਆਂ ਉਸ ਦੀ ਦੇਹ ਦੀਆਂ ਕਾਮਨਾਵਾਂ ਅਤੇ ਇੱਛਾਵਾਂ ਦੇ ਸੰਸਾਰ ਵੱਲ ਦਰਦਮੰਦੀ ਵਾਲਾ ਰਵੱਈਆ ਹੈ।

ਔਰਤ ਦੀ ਪੀੜ ਨੂੰ ਉਸ ਨੇ ਧੁਰ ਅੰਦਰ ਦੀਆਂ ਗਹਿਰਾਈਆਂ ਤੋਂ ਚਿਤਰਿਆ ਹੈ। ਸ਼ਿਵ ਨੇ ਆਪਣੇ ਲੇਖ 'ਮੇਰੇ ਨਿੰਦਕ' ਵਿੱਚ ਲਿਖਿਆ ਹੈ, "ਹਰ ਇੱਕ ਨੂੰ ਆਪਣਾ ਲਹੂ ਅਤੇ ਦਰਦ ਪਿਆਰਾ ਹੁੰਦਾ ਹੈ। ਮੇਰੀ ਆਵਾਜ਼ ਵਿੱਚ ਇਸਤਰੀ ਵੇਦਨਾ ਹੈ, ਏਸ ਲਈ ਹਰ ਇਸਤਰੀ ਨੂੰ ਇਹ ਆਵਾਜ਼ ਉਸ ਦੀ ਆਪਣੀ ਆਵਾਜ਼ ਅਨੁਭਵ ਹੋਣੀ ਬੜੀ ਸੁਭਾਵਿਕ ਹੈ, ਕਿਉਂ ਜੋ ਬਿਰਹਾ ਦੀ ਇਸ ਅਣ-ਮੁੱਕ ਪੀੜ ਵਿੱਚ ਕਿਸੇ ਤਰ੍ਹਾਂ ਦਾ ਮੁਲੰਮਾ ਨਹੀਂ।"

ਸ਼ਿਵ ਲਈ ਔਰਤ ਸਿਰਜਣਾ ਸ਼ਕਤੀ ਹੈ ਅਤੇ ਧਰਤੀ ਦੀ ਖ਼ੂਬਸੂਰਤੀ ਦੀ ਬੁਨਿਆਦ ਵੀ-

**ਧਰਤੀ 'ਤੇ,**
**ਜੋ ਕੁਝ ਸੁਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ,**
**ਮਹਾਨ ਹੈ ਰਚਿਆ**
**ਉਸ ਵਿੱਚ ਨਾਰੀ ਦਾ ਹੀ ਹੱਥ ਹੈ**
**ਨਾਰੀ ਆਪੇ ਨਾਰਾਇਣ ਹੈ ਤ**
**ਹਰ ਮੱਥੇ ਦੀ ਤੀਜੀ ਅੱਖ ਹੈ**
**ਨਾਰੀ ਧਰਤੀ ਦੀ ਕਵਿਤਾ ਹੈ...(ਲੂਣਾ)**

ਸ਼ਿਵ ਕੁਮਾਰ ਬਟਾਲਵੀ ਔਰਤ ਦੇ ਦੁਖਾਂਤ ਨੂੰ ਸਮਝ ਅਤੇ ਮਹਿਸੂਸ ਕੇ ਹੀ ਲੂਣਾ ਦੀ ਪੀੜ ਦੀ ਪੇਸ਼ਕਾਰੀ ਸਹਿਜ ਭਾਅ ਨਾਲ ਕਰ ਸਕਿਆ ਹੈ।

(ਲੇਖਕ ਕਾਲਜ ਵਿੱਚ ਪੰਜਾਬੀ ਸਾਹਿਤ ਪੜ੍ਹਾਉਂਦੀ ਹੈ।)

(ਬੀਬੀਸੀ ਪੰਜਾਬੀ ਤੋਂ ਧੰਨਵਾਦ ਸਹਿਤ)

# ਕਿ ਹਿੰਦੂਤਵ ਦੇ ਹਰਿਆਵਲ ਦਸਤੇ ਦੀ ਬਣਤਰ ਹੁਣ ਬਦਲੇਗੀ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਹਿੰਦੂਤਵ ਦੇ ਹਰਾਵਲ ਦਸਤੇ ਦੀ ਬਣਤਰ ਇੰਨੀ ਬਦਲ ਗਈ ਹੈ ਕਿ ਕਦੇ ਇਸ ਦੇ ਚਮਕਦੇ ਚਿਹਰੇ ਵੀ ਹੁਣ ਗਰਦਿਸ਼ ਵਿੱਚ ਜਾ ਪਹੁੰਚੇ ਹਨ। ਕਿਸੇ ਵਕਤ ਹਿੰਦੂਤਵ ਦੇ ਅੱਗ ਉਗਲਦੇ ਝੰਡਾ ਬਰਦਾਰ ਰਹੇ ਉਮਾ ਭਾਰਤੀ, ਵਿਨੇ ਖਟਿਆਰ, ਪ੍ਰਵੀਨ ਤੋਂਗੜੀਆ, ਸਾਧਵੀ ਰਿਤੰਬਰਾ, ਅਚਾਰੀਆ ਧਰਮਿੰਦਰ ਵਰਗਿਆਂ ਦਾ ਸੂਰਜ ਢਲ ਚੁੱਕਿਆ ਹੈ ਤੇ ਉਨ੍ਹਾਂ ਦੀ ਥਾਂ ਹੁਣ ਨਵੇਂ ਨਾਇਕਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਨ੍ਹਾਂ ਨਵੇਂ ਨਾਇਕਾਂ ਵਿੱਚ ਸਾਧਵੀ ਪ੍ਰਗਿਆ, ਸਵਾਮੀ ਅਸੀਮਾਨੰਦ ਵਰਗੇ ਅਜਿਹੇ ਕਿਰਦਾਰ ਹਨ ਜਿਹਨਾਂ ਨੂੰ 2010-12 ਤਕ ਭਾਜਪਾ ਦੇ ਨੇਤਾ ਹੀ ਨਹੀਂ ਸੰਘ ਪਰਿਵਾਰ ਵੀ ਪਹਿਚਾਨਣ ਤੋਂ ਇਨਕਾਰ ਕਰਦਾ ਸੀ, ਇਥੋਂ ਤਕ ਕਿ ਸੰਘ ਦੇ ਪ੍ਰਮੁੱਖ ਮੋਹਨ ਭਾਗਵਤ ਵੀ ਇਨ੍ਹਾਂ ਦੇ ਸੰਘ ਨਾਲ ਕਿਸੇ ਤਰ੍ਹਾਂ ਦੇ ਸੰਬੰਧ ਦੀ ਗੱਲ ਤੋਂ ਇਨਕਾਰ ਕਰ ਚੁੱਕੇ ਹਨ। ਇਸ ਤੋਂ ਇਲਾਵਾ ਸਾਧਵੀ ਨਿਰੰਜਨ ਜੋਤੀ, ਸਾਕਸ਼ੀ ਮਹਾਰਾਜ ਵਰਗੇ ਵੀ ਹਨ ਜੋ ਆਪਣੇ ਬਿਆਨਾਂ ਰਾਹੀਂ ਤਹਿਲਕਾ ਮਚਾਉਂਦੇ ਰਹਿੰਦੇ ਹਨ। ਬੇਸ਼ਕ ਇਹ ਹਾਲਤ ਉਨ੍ਹਾਂ ਦੀ ਜਗ੍ਹਾ ਪੁਰਾਣੇ ਚਿਹਰਿਆ ਦੀ ਚਮਕ ਖੋਹਣ ਜਾਂ ਉਨ੍ਹਾਂ ਦੇ ਬੁੱਢੇ ਹੋ ਜਾਣ ਨਾਲ ਹੋਈ ਹੈ ਪਰ ਇਸ ਦੀ ਸ਼ੁਰੂਆਤ 2002 ਤੋਂ ਪਿੱਛੋਂ ਗੁਜਰਾਤ ਦੀ ਪ੍ਰਯੋਗਸ਼ਾਲਾ ਵਿੱਚੋਂ ਉੱਭਰੇ ਨਰਿੰਦਰ ਮੋਦੀ ਦੇ ਨਵੇਂ "ਹਿੰਦੂ ਹਿਰਦੇ ਸਮਰਾਟ" ਬਣਨ ਦੇ ਨਾਲ ਹੋਈ ਹੈ। ਕਾਲਕਰਮ ਦੇ ਇਸ ਬਦਲਾਅ ਦੀ ਚਰਚਾ ਕਰਨ ਤੋਂ ਪਹਿਲਾਂ ਆਓ ਉਸ ਦੌਰ ਨੂੰ ਯਾਦ ਕਰ ਲਿਆ ਜਾਵੇ ਕਿ ਲਗਪਗ ਤਿੰਨ ਦਹਾਕੇ ਪਹਿਲਾਂ ਹਿੰਦੂਤਵ ਦੀ ਸ਼ੁਰੂਆਤੀ ਲਹਿਰ ਪੈਦਾ ਕਰਨਾ ਦੇ ਕਰਮ ਵਿੱਚ ਉੱਭਰੇ ਚਿਹਰੇ ਕਿਹੋ ਜਿਹੇ ਸਨ।

ਅਯੋਯਿਆ ਵਿੱਚ 6 ਦਸੰਬਰ 1992 ਦੇ ਤੀਜੇ ਪਹਿਰ ਦਾ ਉਹ ਮੰਜ਼ਰ ਯਾਦ ਕਰੋ। ਹਜ਼ਾਰਾਂ ਦੀ ਭੀੜ ਉਤੇਜਨਾ ਅਤੇ ਜਨੂੰਨ ਵਿੱਚ ਜੈ ਜੈ ਕਾਰ ਕਰ ਰਹੀ ਸੀ। ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਸਮੇਤ ਭਾਜਪਾ ਅਤੇ ਸੰਘ ਪਰਿਵਾਰ ਦੇ ਨੇਤਾਵਾਂ ਦੇ ਨਾਲ ਉਮਾ ਭਾਰਤੀ, ਵਿਨੇ ਕਟਿਆਰ ਵਰਗੇ ਹਿੰਦੂਤਵ ਦੀ ਨਵੀਂ ਅਲਖ ਜਗਾਉਣ ਵਾਲੇ ਸਾਰੇ ਨਵੇਂ ਪੁਰਾਣੇ ਚਿਹਰੇ ਮੌਜੂਦ ਸਨ। ਬਾਬਰੀ ਮਸਜਿਦ ਦੇ ਤਿੰਨ ਗੁੰਬਦਾਂ ਤੇ ਕਾਰ ਸੇਵਕ ਸਵਾਰ ਸਨ। ਮੰਚ ਤੋਂ ਨਾਹਰੇ ਅਤੇ ਆਦੇਸ਼ ਜਾਰੀ ਹੋ ਰਹੇ ਸਨ, ਰਹਿ ਰਹਿ ਕੇ ਗੁੰਬਦਾਂ ਤੋਂ ਹੇਠਾਂ ਆਉਣ ਵਾਲਿਆਂ ਦੀਆਂ ਗੱਲਾਂ ਵੀ ਹੋ ਰਹੀਆਂ ਸਨ ਪਰ ਜਿਵੇਂ ਇਹ ਅਣਸੁਣੀ ਕਰਨ ਦੇ ਲਈ ਹੀ ਸਨ। ਵਜ੍ਹਾ ਇਹ ਸੀ ਕਿ ਉਸ ਸਮੇਂ ਰਾਜ ਵਿੱਚ ਭਾਜਪਾ ਦੀ ਕਲਿਆਣ ਸਿੰਘ ਸਰਕਾਰ ਸੁਪਰੀਮ ਕੋਰਟ ਵਿੱਚ ਹਲਫ਼ਨਾਮਾ ਦੇ ਚੁੱਕੀ ਸੀ ਕਿ ਬਾਬਰੀ ਮਸਜਿਦ ਨੂੰ ਕੋਈ ਨੁਕਸਾਨ ਹੋਵੇਗਾ। ਕਹਿਣ ਨੂੰ ਤਾਂ ਉੱਥੇ ਦਫ਼ਾ 144 ਵੀ ਲਾਗੂ ਸੀ, ਕੇਂਦਰੀ ਫੋਰਸ ਵੀ ਮੌਜੂਦ ਸੀ ਪਰ ਉਨ੍ਹਾਂ ਨੂੰ ਦੂਰ ਹੀ ਰੱਖਿਆ ਗਿਆ ਸੀ ਪਰ ਹੋਣਾ ਉਹੀ ਸੀ ਜੋ ਹੋਇਆ ਅਤੇ ਹੁਣ ਇਹ ਇਤਿਹਾਸ ਦਾ ਇੱਕ ਅਧਿਆਏ ਬਣ ਗਿਆ ਹੈ।

ਕਥਿਤ ਕਾਰ ਸੇਵਕਾਂ ਨੇ ਆਪਣੇ ਹਥਿਆਰਾਂ ਨਾਲ ਪਹਿਲਾਂ ਵਿਚਕਾਰ ਦੇ ਗੁੰਬਦ ਨੂੰ ਢਾਹਿਆ ਫਿਰ ਤਾਂ ਮੰਚ ਤੇ ਐਸਾ ਸਮਾਂ ਬੰਨਿਆ ਕੇ ਉਮਾ ਭਾਰਤੀ ਪ੍ਰਮੁੱਖ ਨੇਤਾ ਮੁਰਲੀ ਮਨੋਹਰ ਜੋਸ਼ੀ ਦੇ ਮੋਢਿਆਂ ਤੇ ਸਵਾਰ ਹੋ ਗਈ। ਸਭ ਇਕ ਦੂਸਰੇ ਨੂੰ ਵਧਾਈਆਂ ਦੇਣ ਲੱਗੇ। ਕਹਿੰਦੇ ਹਨ ਕਿ ਅਡਵਾਨੀ ਦੇ ਚਿਹਰੇ ਤੇ ਜ਼ਰੂਰ ਕੁਝ ਸਿਕਨ ਸੀ। ਕੁਝ ਦੇਰ ਵਿੱਚ ਤਾਂ ਤਿੰਨੋਂ ਗੁੰਬਦ ਢਹਿ ਢੇਰੀ ਹੋ ਗਏ ਅਤੇ ਜੈ ਸ਼੍ਰੀ ਰਾਮ ਦੇ ਨਾਅਰਿਆਂ ਨਾਲ ਆਕਾਸ਼ ਗੂੰਜਣ ਲੱਗਿਆ। ਇਸ ਦੇ ਨਾਲ ਸ਼ਾਮਤ ਆਈ ਉਨ੍ਹਾਂ ਪੱਤਰਕਾਰਾਂ ਅਤੇ ਪ੍ਰੈੱਸ ਫੋਟੋਗ੍ਰਾਫਰਾਂ ਦੀ ਜੋ ਉਸ ਮੰਜਰ ਨੂੰ ਕੈਮਰਿਆਂ ਅਤੇ ਆਪਣੀਆਂ ਨੋਟ ਬੁੱਕਾਂ ਵਿੱਚ ਕੈਦ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਕਈਆਂ ਦੇ ਕੈਮਰੇ ਤੋੜ ਦਿੱਤੇ ਗਏ, ਕਈਆਂ ਦੇ ਸਿਰ, ਹੱਥਾਂ-ਪੈਰਾਂ ਤੇ ਗੰਭੀਰ ਸੱਟਾਂ ਵੱਜੀਆਂ। ਇਹ ਸਾਰਾ ਕੁੱਝ ਉਸ ਇਤਿਹਾਸ ਦਾ ਹੁਣ ਹਿੱਸਾ ਹੈ, ਜਿਸ ਦੇ ਬਾਅਦ ਦੇਸ਼ ਵਿੱਚ ਖਾੜਕੂ ਤੇ ਕੱਟੜ ਹਿੰਦੂਤਵ ਦਾ ਨੀਂਹ ਪੱਥਰ ਰੱਖਿਆ ਗਿਆ। ਉਦੋਂ ਉਸ ਦੇ ਨਾਇਕ ਇੱਕ ਤਰ੍ਹਾਂ ਨਾਲ ਲਾਲ ਕਿਸ਼ਨ ਅਡਵਾਨੀ ਸਨ, ਜਿਨ੍ਹਾਂ ਦਾ 2004 ਚ ਚੋਣ ਹਾਰਨ ਬਾਅਦ ਹਿਰਦੇ ਪਰਿਵਰਤਨ ਐਸਾ ਹੋਇਆ ਅਤੇ ਉਹ ਪਾਕਿਸਤਾਨ ਯਾਤਰਾ ਦੇ ਦੌਰਾਨ ਜਿਨਹਾ ਦੀ ਮਜ਼ਾਰ ਤੇ ਪਹੁੰਚ ਗਏ ਤਾਂ ਉਦੋਂ ਹੀ ਹਿੰਦੂਤਵੀਆਂ ਦੇ ਦਿਲਾਂ 'ਚੋ ਲਹਿ ਗਏ। ਇਸ ਤੋਂ ਪਹਿਲਾਂ ਉਹ ਕਹਿ ਚੁੱਕੇ ਸਨ ਕਿ ਮਸਜਿਦ ਦਾ ਢਾਹਿਆ ਜਾਣਾ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਦੁਖਦਾਈ ਦਿਨ ਸੀ ਪਰ 2002 ਵਿੱਚ ਗੁਜਰਾਤ ਦੰਗਿਆਂ ਤੋਂ ਬਾਅਦ ਨਰਿੰਦਰ ਮੋਦੀ ਉਨ੍ਹਾਂ ਦੀ ਜਗਾਹ 'ਹਿੰਦੂ ਹਿਰਦੇ ਸਮਰਾਟ' ਦਾ ਤਗਮਾਂ ਹਾਸਿਲ ਕਰ ਚੁੱਕੇ ਸਨ ਤੇ ਉਹ ਵੀ 2012 ਵਿੱਚ ਲਗਾਤਾਰ ਤੀਜੀ ਵਾਰ ਵਿਧਾਨ ਸਭਾ ਚੋਣਾਂ ਜਿੱਤ ਕੇ ਉਹ ਆਪਣੀ ਛਵੀ ਹਿੰਦੂਤਵ ਦੇ ਪੈਰੋਕਾਰਾਂ ਦੇ ਦਿਲਾਂ ਵਿੱਚ ਪੁਖ਼ਤਾ ਕਰ ਚੁੱਕੇ ਸਨ। ਪਰ ਇਸ ਦੌਰਾਨ ਹਿੰਦਤਵ ਦੇ ਪੁਰਾਣੇ ਨਾਇਕਾਂ ਨਾਲ ਉਨ੍ਹਾਂ ਦੀ ਨਹੀਂ ਸੀ ਬਣਦੀ ਜਾਂ ਕਹਿ ਲਵੋ ਕਿ ਪੁਰਾਣੇ ਫਿੱਕੇ ਪੈਂਦੇ ਚਿਹਰਿਆਂ ਨੂੰ ਉਹ ਜ਼ਿਆਦਾ ਤਰਜੀਹ ਨਹੀਂ ਦੇਣਾ ਚਾਹੁੰਦੇ ਸਨ। ਗੁਜਰਾਤ ਨਾਲ ਹੀ ਸਬੰਧ ਰੱਖਣ ਵਾਲੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਬਕਾ ਜਨਰਲ ਸਕੱਤਰ ਪ੍ਰਵੀਨ ਤੋਗੜੀਆ ਨਾਲ ਉਨ੍ਹਾਂ ਦੀ ਅਦਾਵਤ ਮਸ਼ਹੂਰ ਹੈ ਜੋ ਹੁਣ ਇਸ ਤੋਂ ਹਟ ਕੇ ਆਪਣਾ ਅਲੱਗ ਸੰਗਠਨ ਬਣਾ ਚੁੱਕੇ ਹਨ। ਇਸੇ ਤਰ੍ਹਾਂ ਉਮਾ ਭਾਰਤੀ, ਵਿਨੈ ਕਟਿਆਰ ਤੋਂ ਵੀ ਉਨ੍ਹਾਂ ਦੀ ਦੂਰੀ ਸਪੱਸ਼ਟ ਰਹੀ ਹੈ। 2014 ਵਿੱਚ ਚੋਣਾਂ ਤੋਂ ਪਹਿਲਾਂ ਜਦੋਂ ਉੱਤਰ ਪ੍ਰਦੇਸ਼ ਦੇ ਪ੍ਰਭਾਰੀ ਅਮਿਤ ਸ਼ਾਹ ਬਣਾਏ ਗਏ ਤਾਂ ਵਿਨੈ ਕਟਿਆਰ ਉਨ੍ਹਾਂ ਦੇ ਬੁਲਾਵੇ ਤੇ ਕੁਝ ਭਟਕ ਗਏ ਸਨ, ਤਾਂ ਉਦੋਂ ਉਮਾ ਭਾਰਤੀ ਨੇ ਵੀ ਇੱਕ ਪੱਤਰਕਾਰ ਦੇ ਸੁਆਲ ਦੇ ਜੁਆਬ ਵਿੱਚ ਕਿਹਾ ਸੀ "ਹਰਮਨਪਿਆਰੇ ਤਾਂ ਅਸੀਂ ਵੀ ਘੱਟ ਨਹੀਂ ਹਾਂ", ਉਨ੍ਹਾਂ ਦੀ ਮੁਰਾਦ ਨਰਿੰਦਰ ਮੋਦੀ ਤੋਂ ਸੀ। ਪਿਛੋਂ ਉਨ੍ਹਾਂ ਨੂੰ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਜ਼ਰੂਰ ਹਾਸਲ ਹੋ ਗਿਆ ਸੀ ਪਰ ਪੁਰਾਣਾ ਜਲਵਾ ਕਾਇਮ ਨਹੀਂ ਰਹਿ ਸਕਿਆ ਸੀ। ਇਸ ਵਾਰੀ ਤਾਂ ਉਨ੍ਹਾਂ ਨੇ ਚੋਣ ਲੜਨ ਤੋਂ ਵੀ ਇਨਕਾਰ ਕਰ ਦਿੱਤਾ। ਜ਼ਾਹਿਰ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਜਿਸ ਤਰ੍ਹਾਂ ਦੇ ਹਿੰਦੂਤਵ ਦੇ ਤੇਵਰ ਦਿਸੇ ਹਨ, ਉਸ ਵਿੱਚ ਉਹ ਚਿਹਰੇ ਫਿੱਟ ਨਹੀਂ ਬੈਠਦੇ। ਗਊ ਰੱਖਿਆ ਦੇ ਨਾਂ ਤੇ ਸ਼ਰੇਆਮ ਦਲਿਤਾਂ ਅਤੇ ਮੁਸਲਮਾਨਾਂ ਦੀ ਮਾਰਕੁੱਟ ਤੇ ਹੱਤਿਆਵਾਂ ਹੀ ਇਸ ਦੌਰ ਦੀ ਸਚਾਈ ਨਹੀਂ ਬਣੀਆਂ ਬਲਕਿ ਹਿੰਦੂਤਵ ਦਾ ਫੋਕਸ ਵੀ ਅਯੋਧਿਆ ਚ ਰਾਮ ਮੰਦਰ ਦੇ ਬਦਲੇ ਖਾੜਕੂ ਅਤੇ ਦਬੰਗ ਰਾਸ਼ਟਰਵਾਦ ਵੱਲ ਵੱਧ ਗਿਆ, ਜਿਸ ਵਿੱਚ ਰਾਮ ਮੰਦਰ ਜਾਂ ਸਵਦੇਸ਼ੀ ਦੇ ਪੈਰੋਕਾਰ ਹਿੰਦੂਤਵ ਦੇ ਨਾਇਕ ਕੰਮ ਨਹੀਂ ਆ ਸਕਦੇ। ਅਜੇਹੇ ਵਿੱਚ ਖਾੜਕੂ ਰਾਸ਼ਟਰਵਾਦ ਦੀ ਧਾਰਾ ਦੇ ਨਾਇਕ ਉਹ ਹੀ ਹੋ ਸਕਦੇ ਹਨ ਜੋ ਕਥਿਤ "ਟੁੱਕੜੇ ਟੁੱਕੜੇ ਗੈਂਗ" ਤੇ "ਅਰਬਨ ਨਕਸਲ" ਦੇ ਬਰਕਸ ਖੜੇ ਹੋ ਸਕਦੇ ਸਨ। ਇਸ ਦੌਰ ਵਿੱਚ ਪ੍ਰਗਿਆ ਠਾਕੁਰ ਅਤੇ ਅਸੀਮਾਨੰਦ ਵਰਗੇ ਚਹਿਰੇ ਹੀ ਖਾੜਕੂ ਧਾਰਾ ਦੇ ਮਾਕੂਲ ਬੈਠਦੇ ਸਨ। ਉਹ ਮਾਲੇਗਾਂਵ, ਅਜਮੇਰ, ਮੱਕਾ ਮਸਜਿਦ ਅਤੇ ਸਮਝੌਤਾ ਐਕਸਪ੍ਰੈਸ ਵਿੱਚ ਦੋਸ਼ੀ ਰਹੇ ਹਨ ਅਤੇ 2014 ਦੇ ਪਿੱਛੋਂ ਐੱਨਆਈਏ ਦੀ ਪੜਤਾਲ ਵਿੱਚ ਪੁਖਤਾ ਸਬੂਤ ਨਾ ਮਿਲਣ ਦੇ ਆਧਾਰ ਤੇ ਜਾਂ ਤਾਂ ਕੁਝ ਮਾਮਲੀਆਂ ਚ ਬਰੀ ਹੋ ਚੁੱਕੇ ਹਨ ਜਾਂ ਫਿਰ ਜ਼ਮਾਨਤ ਤੇ ਬਾਹਰ ਹਨ। ਪਿ ?ਗਿਆ ਤਾਂ ਮਾਲੇਗਾਉਂ ਵਿਸਫੋਟ ਚ ਅਜੇ ਜ਼ਮਾਨਤ ਤੇ ਹੈ ਉਸ ਦਾ ਦੋ-ਪਹੀਆ ਵਾਹਨ ਉਸ ਧਮਾਕੇ ਵਿੱਚ ਮਿਲਿਆ ਸੀ, ਪਰ ਐੱਨਆਈਏ ਦੀ ਦੀਲੀਲ ਹੈ ਕਿ ਉਸ ਵਾਹਨ ਦੀ ਵਰਤੋਂ ਉਹ ਦੋ ਸਾਲਾਂ ਤੋਂ ਨਹੀਂ ਕਰ ਰਹੀ ਸੀ ਅਤੇ ਜੋ ਵਰਤੋਂ ਕਰ ਰਿਹਾ ਸੀ ਉਹ ਅਜੇ ਵੀ ਫਰਾਰ ਹੈ। ਇਹ ਹੀ ਨਹੀਂ ਪ੍ਰਗਿਆ 'ਤੇ ਇੰਦੌਰ ਵਿੱਚ ਆਰ ਐਸ ਐਸ ਦੇ ਕਾਰਕੁਨ ਸੁਨੀਲ ਜੋਸ਼ੀ ਦੀ ਹੱਤਿਆ ਦੇ ਵੀ ਦੋਸ਼ ਹਨ। ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਚੌਹਾਨ ਸਰਕਾਰ ਦੇ ਦੌਰਾਨ ਪੁਲਿਸ ਨੇ ਚਾਰਜਸ਼ੀਟ ਦਾਇਰ ਕੀਤੀ ਸੀ, ਪਰ ਹੇਠਲੀ ਅਦਾਲਤ ਵਿੱਚ ਵੀ ਉਹ ਛੁੱਟ ਗਈ ਸੀ। ਹੇਠਲੀ ਅਦਾਲਤ ਨੇ ਆਪਣੇ ਫੈਸਲੇ ਵਿੱਚ ਪੁਲਿਸ ਦੀ ਲੱਚਰ ਪੜਤਾਲ ਨੂੰ ਦੋਸ਼ੀ ਠਹਿਰਾਇਆ ਸੀ, ਪਰ ਹੈਰਾਨੀ ਇਹ ਕਿ ਅਭਿਯੋਜਨ ਪੱਖ ਨੇ ਇਸ ਫੈਸਲੇ ਨੂੰ ਉਪਰਲੀ ਅਦਾਲਤ ਚ ਚੁਣੌਤੀ ਨਹੀਂ ਦਿੱਤੀ।

ਇਸ ਵਿੱਚ ਵੀ ਦਿਲਚਸਪ ਪ੍ਰਿਗਿਆ ਠਕੁਰ ਨੂੰ ਭੋਪਾਲ ਵਿੱਚ ਕਾਂਗਰਸ ਦੇ ਦਿਗਵਿਜੇ ਸਿੰਘ ਖ਼ਿਲਾਫ਼ ਉਮੀਦਵਾਰ ਬਣਾਉਣ ਦੀਆਂ ਦਲੀਲਾਂ ਹਨ। ਹੁਣ ਇਹ ਆਲੋਚਨਾਵਾਂ ਹੋਣ ਲੱਗੀਆਂ ਕਿ ਮਾਲੇਗਾਓ ਮਾਮਲੇ ਵਿੱਚ ਉਹ ਅਜੇ ਵੀ ਦੋਸ਼ੀ ਹਨ ਅਤੇ ਗੰਭੀਰ ਬਿਮਾਰੀ (ਕੈਂਸਰ) ਦੀ ਵਜ੍ਹਾ ਕਰਕੇ ਜ਼ਮਾਨਤ ਤੇ ਹਨ ਤਾਂ ਉਨ੍ਹਾਂ ਨੂੰ ਉਮੀਦਵਾਰ ਕਿਵੇਂ ਬਣਾ ਦਿੱਤਾ ਗਿਆ, ਹਾਲਾਂ ਕਿ ਹੁਣ ਉਹ ਤੱਥ ਵੀ ਉਭਰ ਆਇਆ ਹੈ ਕਿ ਮੁੰਬਈ ਵਿੱਚ ਮੈਡੀਕਲ ਜਾਂਚ ਦੇ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਬਿਮਾਰੀ ਦਾ ਪਤਾ ਨਹੀਂ ਚੱਲਿਆ ਸੀ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਦੀ ਆਪਣੀ ਇੱਕ ਇੰਟਰਵਿਊ ਚ ਕਿਹਾ "ਅਮੇਠੀ ਅਤੇ ਰਾਏਬਰੇਲੀ ਦੇ ਉਮੀਦਵਾਰ ਜਮਾਨਤ ਤੇ ਹਨ ਤਾਂ ਉਨ੍ਹਾਂ ਤੇ ਕੋਈ ਸਵਾਲ ਨਹੀਂ ਉਠਾਉਂਦਾ", ਉਹਨਾਂ ਦਾ ਇਸ਼ਾਰਾ ਰਾਹੁਲ ਅਤੇ ਸੋਨੀਆ ਗਾਂਧੀ ਵੱਲ ਸੀ, ਜੋ ਨੈਸ਼ਨਲ ਹੈਰਾਲਡ ਅਤੇ ਏ ਜੀ ਐੱਲ ਮਾਮਲੇ ਵਿੱਚ ਜ਼ਮਾਨਤ ਤੇ ਹਨ। ਹਾਲਾਂਕਿ ਇਸ ਨਾਲ ਕਈ ਲੋਕਾਂ ਦੀ ਮੌਤ ਵਾਲੇ ਬੰਬ ਧਮਾਕੇ ਵਰਗੇ ਗੰਭੀਰ ਅਪਰਾਧ ਵਿੱਚ ਜ਼ਮਾਨਤ ਦੀ ਤੁਲਨਾ ਕਿੰਨੀ ਸਹੀ ਹੈ? ਇਹ ਵਿਚਾਰ ਦਾ ਵਿਸ਼ਾ ਹੈ। ਪਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਇੱਕ ਚੁਣਾਵੀ ਸਭਾ ਵਿੱਚ ਕਿਹਾ ਹਿੰਦੂ ਆਤੰਕ ਦੇ ਸ਼ਬਦ ਘੜਨ ਵਾਲੇ ਦਿੱਗਵਿਜੇ ਸਿੰਘ ਦੇ ਮੁਕਾਬਲੇ ਲਈ ਹੀ ਪ੍ਰਿਗਿਆ ਠਾਕੁਰ ਨੂੰ ਉਤਾਰਿਆ ਗਿਆ। ਹਾਲ ਦੀ ਘੜੀ, ਜਿਵੇਂ ਹਿੰਦੂਤਵ ਦਾ ਦਾਇਰਾ ਰਾਮ ਮੰਦਰ ਤੋਂ ਅੱਗੇ ਵਧਿਆ ਅਤੇ ਖਾੜਕੂ ਰਾਸ਼ਟਰਵਾਦ ਵੱਲ ਮੁੜਿਆ ਤਾਂ ਹਿੰਦੂਤਵ ਤੇ ਵੱਧ ਖਾੜਕੂ ਚਿਹਰਿਆਂ ਨੂੰ ਅੱਗੇ ਲਿਆਉਣਾ ਸ਼ਾਇਦ ਜ਼ਰੂਰੀ ਹੋ ਗਿਆ। ਇਹੀ ਹੁਣ ਹਿੰਦੂਤਵ ਦੇ ਚਮਕਦੇ ਚਿਹਰੇ ਅਖਵਾ ਸਕਦੇ ਹਨ। ਇਸ ਵਿੱਚ ਹੋਰ ਇਜ਼ਾਫ਼ਾ ਹੀ ਹੋ ਸਕਦਾ ਹੈ, ਜੇ ਭੀਮਾਂ ਕੌਰੇਗਾਉਂ ਦੇ ਬਾਅਦ ਉਭਰੇ ਚਿਹਰਿਆਂ ਨੂੰ ਵੀ ਜੋੜ ਲਈਏ, ਜੋ ਅਜੇ ਗੁਪਤ ਦਿੱਸਦੇ ਹਨ ਤਾਂ ਅਗਲੇ ਸਾਲਾਂ ਵਿੱਚ ਕੁਝ ਹੋਰ ਵੀ ਖਾੜਕੂਪੁਣਾ ਦਿਸ ਸਕਦਾ ਹੈ, ਬਸ਼ਰਤੇ ਚੁਣਾਵੀ ਨਤੀਜੇ ਦੇਸ਼ ਦੀ ਅਗਲੀ ਸਿਆਸਤ ਸਿਆਸਤ ਨੂੰ ਕੋਈ ਹੋਰ ਨਵਾਂ ਰੰਗ ਨਾ ਦੇ ਦੇਣ।

# ਭਗਤ ਸਿੰਘ ਦੇ ਨੇੜਲੇ ਸਾਥੀ ਤੇ ਹਿੰਦੋਸਤਾਨ ਸੋਸ਼ਲਿਸਟ ਰਿਬਲਿਕਨ ਆਰਮੀ ਦੀਆਂ ਆਗੂ ਕਤਾਰਾਂ ਵਿਚਲੇ ਸ਼ਹੀਦ ਸੁਖਦੇਵ

*ਭਗਤ ਸਿੰਘ ਦੇ ਨੇੜਲੇ ਸਾਥੀ ਤੇ ਹਿੰਦੋਸਤਾਨ ਸੋਸ਼ਲਿਸਟ ਰਿਬਲਿਕਨ ਆਰਮੀ ਦੀਆਂ ਆਗੂ ਕਤਾਰਾਂ ਵਿਚਲੇ ਸ਼ਹੀਦ ਸੁਖਦੇਵ ਦਾ 15 ਮਈ ਨੂੰ 110ਵਾਂ ਜਨਮ ਦਿਨ ਹੈ। ਉਹਨਾਂ ਨੂੰ 23 ਮਾਰਚ 1931 ਨੂੰ ਭਗਤ ਸਿੰਘ ਤੇ ਰਾਜਗੁਰੂ ਸਮੇਤ ਫਾਂਸੀ ਦਿੱਤੀ ਗਈ ਸੀ। ਉਹਨਾਂ ਦੇ ਜਨਮ ਦਿਨ ਮੌਕੇ ਅਸੀਂ ਆਪਣੇ ਪਾਠਕਾਂ ਲਈ ਉਹਨਾਂ ਦੇ ਸਾਥੀ ਸ਼ਿਵ ਵਰਮਾਂ ਵੱਲੋਂ ਲਿਖੀਆਂ ਯਾਦਾਂ ਵਿੱਚੋਂ ਕੁੱਝ ਅੰਸ਼ ਪੇਸ਼ ਕਰ ਰਹੇ ਹਾਂ। - ਸੰਪਾਦਕ )*

ਦੂਸਰਿਆਂ ਸਾਹਮਣੇ ਰੋਣਾ, ਕਿਸੇ ਤਰ੍ਹਾਂ ਦੀ ਮਮਤਾ ਜਾਹਿਰ ਕਰਨਾ, ਚਾਹੁਣ ਜਾਂ ਹਮਦਰਦੀ ਦਾ ਪਾਤਰ ਬਣਨ ਨੂੰ ਉਹ ਕਮਜੋਰੀ ਸਮਝਦਾ ਸੀ। ਇਸਦਾ ਮਤਲਬ ਇਹ ਨਹੀਂ ਸੀ ਕਿ ਉਸ ਨੂੰ ਕਿਸੇ ਨਾਲ਼ ਲਗਾਅ ਨਹੀਂ ਸੀ ਜਾਂ ਉਹ ਕਦੇ ਰੋਇਆ ਹੀ ਨਹੀਂ ਸੀ। ਉਹ ਦਲ ਦੇ ਸਾਰੇ ਸਾਥੀਆਂ ਦੇ ਅਰਾਮ ਅਤੇ ਤਕਲੀਫਾਂ ਬਾਰੇ ਬਹੁਤ ਪ੍ਰੇਸ਼ਾਨ ਰਹਿੰਦਾ ਸੀ। ਪਰ ਆਪਣੇ ਬਾਰੇ ਉਸਦਾ ਰਵੱਈਆ ਕੋਈ ਪ੍ਰਵਾਹ ਨਹੀਂ ਜਾਂ ਮੇਰੀ ਬਲਾ ਜਾਣੇ ਵਾਲ਼ਾ ਹੁੰਦਾ ਸੀ। ਜ਼ਿਆਦਾਤਰ ਸਾਥੀ ਵੀ ਉਸ ਦੀ ਇਸ ਆਦਤ ਤੋਂ ਜਾਣੂ ਸਨ ਅਤੇ ਇਸ ਲਈ ਉਸ ਦੇ ਜ਼ਿੱਦੀ ਅਤੇ ਸਨਕੀ ਹੋਣ ਦੇ ਬਾਵਜੂਦ ਕੁੱਝ ਨੂੰ ਛੱਡ ਕੇ ਬਾਕੀ ਸਾਰਿਆਂ ਦਾ ਲਗਾਅ ਅੰਤ ਤੱਕ ਉਸ ਨਾਲ਼ ਬਣਿਆ ਰਿਹਾ।

ਦਲ ਵਿੱਚ ਆਉਣ ਤੋਂ ਬਾਅਦ ਪਾਰਟੀ ਦੀ ਭਲਾਈ ਅਤੇ ਆਦਰਸ਼ ਦੀ ਪੂਰਤੀ, ਇਨ੍ਹਾਂ ਦੋਵਾਂ ਸਾਹਮਣੇ ਦੂਸਰੇ ਕਿਸੇ ਖਿਆਲ ਨੂੰ ਉਸ ਨੇ ਇੱਕ ਪਲ ਲਈ ਵੀ ਆਪਣੇ 'ਤੇ ਹਾਵੀ ਨਾ ਹੋਣ ਦਿੱਤਾ। ਅਰਾਮ, ਤਕਲੀਫ, ਖਾਣ-ਪਹਿਨਣ ਦਾ ਸ਼ੌਂਕ, ਪਿਆਰ-ਮੁਹੱਬਤ, ਦੋਸਤਾਂ ਪ੍ਰਤੀ ਲਗਾਅ ਆਦਿ ਇਨਸਾਨ ਦੀਆਂ ਸੁਭਾਵਿਕ ਪ੍ਰਵਿਰਤੀਆਂ ਸੁਖਦੇਵ ਵਿੱਚ ਵੀ ਸਨ, ਪਰ ਉਸ ਦੀ ਜ਼ਿੰਦਗੀ ਵਿੱਚ ਇਹਨਾਂ ਸਾਰਿਆਂ ਦੀ ਜਗ੍ਹਾ ਆਦਰਸ਼ ਤੋਂ ਹੇਠਾਂ ਸੀ।

ਨਿੱਜੀ ਤੌਰ 'ਤੇ ਉਸ ਨੂੰ ਸਭ ਤੋਂ ਵੱਧ ਮੋਹ ਭਗਤ ਸਿੰਘ ਨਾਲ ਸੀ। ਪਿਆਰ ਨਾਂ ਦੀ ਜੋ ਪੂੰਜੀ ਉਸ ਕੋਲ਼ ਸੀ, ਉਹ ਸਾਰੀ ਦੀ ਸਾਰੀ ਉਸਨੇ ਭਗਤ ਸਿੰਘ ਨੂੰ ਹੀ ਸੌਂਪੀ ਸੀ। ਜਦੋਂ ਆਗਰੇ ਜਾਂ ਗਵਾਲੀਅਰ ਵਿਖੇ ਸੁਖਦੇਵ ਆ ਜਾਂਦਾ ਤਾਂ ਇਹ ਦੋਵੇਂ ਇੱਕ-ਦੂਜੇ ਨੂੰ ਇਸ ਤਰ੍ਹਾਂ ਲਿਪਟ ਜਾਂਦੇ ਕਿ ਜਿਵੇਂ ਹਰ ਕੋਈ ਹੋਵੇ ਹੀ ਨਾ। ਇੱਕ ਕੋਨੇ ਵਿੱਚ ਬੈਠ ਕੰਗਲਾਂ ਕਰਨ ਵਿੱਚ ਉਹ ਰਾਤਾਂ ਗੁਜਾਰ ਦਿੰਦੇ। ਰਾਜਸੀ ਸਿਧਾਂਤਾਂ ਤੋਂ ਲੈ ਕੇ ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ, ਵੱਖਰੋ-ਵੱਖਰੇ ਆਗੂਆਂ ਅਤੇ ਕਾਰਕੁੰਨਾਂ ਦੀਆਂ ਸਰਗਰਮੀਆਂ ਆਦਿ ਸਭ ਗੱਲਾਂ ਉੱਪਰ ਟੀਕਾ-ਟਿੱਪਣੀ ਹੁੰਦੀ। ਮੌਕਾ ਆਉਣ 'ਤੇ ਆਦਰਸ਼ ਖਾਤਰ ਆਪਣੇ ਇਸ ਸਭ ਤੋਂ ਪਿਆਰੇ ਦੋਸਤ ਨੂੰ ਵੀ ਮੌਤ ਦੇ ਮੂੰਹ ਵਿੱਚ ਭੇਜਣ ਲੱਗਿਆਂ ਉਸਨੇ ਸੰਕੋਚ ਨਾ ਕੀਤਾ।

ਭਗਤ ਸਿੰਘ ਦੇ ਮੁਕਾਬਲੇ ਸੁਖਦੇਵ ਘੱਟ ਪੜ੍ਹਦਾ-ਲਿਖਦਾ ਸੀ, ਪਰ ਉਸਦੀ ਯਾਦ ਸ਼ਕਤੀ ਬਹੁਤ ਤੇਜ ਸੀ। ਆਮ ਤੌਰ 'ਤੇ ਫਲਸਫੇ ਜਾਂ ਸਿਧਾਂਤ ਦੀਆਂ ਜਿਹੜੀਆਂ ਕਿਤਾਬਾਂ ਨੂੰ ਦੂਸਰੇ ਸਾਥੀ ਹਫਤਿਆਂ ਵਿੱਚ ਪੜ੍ਹਦੇ ਸਨ ਸੁਖਦੇਵ ਉਹਨਾਂ ਨੂੰ ਦੋ ਦਿਨਾਂ ਵਿੱਚ ਹੀ ਪੜ੍ਹ ਲੈਂਦਾ ਸੀ। ਉਸ ਨੇ ਕਦੇ ਵੀ ਨੋਟਸ ਨਹੀਂ ਬਣਾਏ, ਫਿਰ ਵੀ ਸਰਸਰੀ ਪੜ੍ਹੀਆਂ ਕਿਤਾਬਾਂ ਵਿੱਚੋਂ ਉਸ ਕੋਲ਼ੋਂ ਵਿਸਥਾਰ ਵਿੱਚ ਉਦਾਹਰਨਾਂ ਮਹੀਨਿਆਂ ਬਾਅਦ ਵੀ ਪੁੱਛੀਆਂ ਜਾ ਸਕਦੀਆਂ ਸਨ। ਜੇਲ੍ਹ ਵਿਚਲੇ ਸਾਥੀਆਂ ਵਿੱਚੋਂ ਭਗਤ ਸਿੰਘ ਤੋਂ ਬਾਅਦ ਸਮਾਜਵਾਦ ਉੱਪਰ ਸਭ ਤੋਂ ਜ਼ਿਆਦਾ ਜੇ ਕਿਸੇ ਨੇ ਅਧਿਐਨ ਕੀਤਾ ਸੀ ਤਾਂ ਉਹ ਸੁਖਦੇਵ ਸੀ।

ਸੁਖਦੇਵ ਦੇ ਇਨਕਲਾਬੀ ਜੀਵਨ ਉੱਪਰ ਸਭ ਤੋਂ ਵੱਡਾ ਧੱਬਾ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਸਾਹਮਣੇ ਉਸਦਾ ਬਿਆਨ ਦੇ ਦੇਣਾ ਹੈ। ਇੱਥੇ ਵੀ ਉਸ ਦੀਆਂ ਭਾਵਨਾਵਾਂ ਨੂੰ ਠੀਕ ਤਰ੍ਹਾਂ ਸਮਝਣ ਦੀ ਕੋਸ਼ਿਸ਼ ਨਾ ਕਰਕੇ ਸਾਥੀਆਂ ਨੇ ਉਸ ਦੇ ਉੱਪਰਲੇ ਵਿਹਾਰ ਨੂੰ ਹੀ ਜ਼ਿਆਦਾ ਮਹੱਤਵ ਦਿੱਤਾ। ਹੋਰ ਕੁੱਝ ਵੀ ਹੋਵੇ ਇੱਕ ਗੱਲ ਤਾਂ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਅੰਤ ਤੱਕ ਵੀ ਮੌਤ ਦਾ ਡਰ ਉਸ ਦੇ ਨੇੜੇ ਵੀ ਨਹੀਂ ਸੀ ਫਟਕਿਆ ਅਤੇ ਨਾ ਹੀ ਬਹਾਦਰੀ ਵਿੱਚ ਉਹ ਕਿਸੇ ਤੋਂ ਪਿੱਛੇ ਰਿਹਾ।

ਉਸ ਦਾ ਬਿਆਨ ਦੇਣਾ ਗਲਤ ਸੀ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਉਸ ਨਾਲ਼ ਹੋਰ ਕੁੱਝ ਨਹੀਂ ਤਾਂ ਦਲ ਦੇ ਵੱਕਾਰ ਨੂੰ ਕਾਫੀ ਸੱਟ ਪਹੁੰਚੀ, ਪਰ ਇਹ ਬਿਆਨ ਉਸ ਨੇ ਆਪਣੇ ਬਚਾਅ ਦੇ ਖਿਆਲ ਜਾਂ ਦਲ ਨੂੰ ਨੁਕਸਾਨ ਪਹੁੰਚਾਉਣ ਦੇ ਖਿਆਲ ਨਾਲ਼ ਨਹੀਂ ਸੀ ਦਿੱਤਾ। ਉਸ ਨੇ ਉਨ੍ਹਾਂ ਮਕਾਨਾਂ ਅਤੇ ਥਾਵਾਂ ਦਾ ਪਤਾ ਦੱਸਿਆ ਜਿਨ੍ਹਾਂ ਬਾਰੇ ਉਸਨੂੰ ਪਤਾ ਸੀ ਕਿ ਉਹ ਛੱਡੇ ਜਾ ਚੁੱਕੇ ਹਨ, ਸਹਾਰਨਨਪੁਰ ਦੇ ਜਿਸ ਮਕਾਨ ਵਿੱਚ ਮੈਂ, ਡਾ. ਗਯਾ ਪਸਾਦ ਤੇ ਜੈਦੇਵ ਰਹਿ ਰਹੇ ਸਾਂ, ਉਸ ਦਾ ਪਤਾ ਦੋ ਹੀ ਜਣੇ ਜਾਣਦੇ ਸਨ, ਸੁਖਦੇਵ ਅਤੇ ਫਨਿੰਦਰ। ਸੁਖਦੇਵ ਚਾਹੁੰਦਾ ਤਾਂ ਸਾਡਾ ਪਤਾ ਦੇ ਕੇ ਪੁਲਿਸ ਕੋਲ਼ ਆਪਣੀ ਸੱਚਾਈ ਦਾ ਇਮਤਿਹਾਨ ਦੇ ਸਕਦਾ ਸੀ, ਪਰ ਉਸ ਨੇ ਇਸ ਤਰ੍ਹਾਂ ਨਹੀਂ ਕੀਤਾ। ਇਸੇ ਤਰ੍ਹਾਂ ਉਸ ਨੇ ਕਿਸੇ ਵੀ ਵਿਅਕਤੀ ਦਾ ਅਸਲੀ ਨਾਂ ਅਤੇ ਪਤਾ ਵੀ ਪੁਲਿਸ ਨੂੰ ਨਹੀਂ ਦਿੱਤਾ। ਬਿਆਨ ਦੇ ਪਿੱਛੇ ਭਾਵਨਾ ਸੀ- 'ਹਾਂ ਅਸੀਂ ਇਹ ਸਭ ਕੀਤਾ ਹੈ, ਹੁਣ ਤੁਸੀਂ ਜੋ ਚਾਹੋ ਕਰ ਲਵੋ'। ਉਸ ਦੇ ਬਿਆਨ ਨੇ ਸਭ ਤੋਂ ਜਿਆਦਾ ਨੁਕਸਾਨ ਉਸਨੂੰ ਹੀ ਪਹੁੰਚਾਇਆ।

ਮੁਕੱਦਮੇ ਦੌਰਾਨ ਸਫਾਈ ਆਦਿ ਦੇ ਸਵਾਲ 'ਤੇ ਵੀ ਉਹ ਸਭ ਤੋਂ ਜ਼ਿਆਦਾ ਲਾਪਰਵਾਹ ਰਿਹਾ। ਉਹ ਮੁਕੱਦਮੇ ਦੀ ਪੈਰਵੀ ਵਿੱਚ ਉਸ ਹੱਦ ਤੱਕ ਹਿੱਸਾ ਲੈਣ ਦਾ ਹਾਮੀ ਸੀ ਜਿਸ ਹੱਦ ਤੱਕ ਅਦਾਲਤ ਦੇ ਮੰਚ ਨੂੰ ਇਨਕਲਾਬੀ ਆਦਰਸ਼ਾਂ ਦੇ ਪ੍ਰਚਾਰ ਦੇ ਸਾਧਨ ਦੇ ਰੂਪ ਵਿੱਚ ਵਰਤਿਆ ਜਾ ਸਕੇ। ਦੁਸ਼ਮਣ ਦੀ ਅਦਾਲਤ ਤੋਂ ਨਿਆਂ ਦੀ ਉਮੀਦ ਰੱਖਣਾ ਉਹ ਨਾਦਾਨੀ ਸਮਝਦਾ ਸੀ। ਦੁਸ਼ਮਣ ਪੱਖ ਦੇ ਕਿਸੇ ਮੁਲਾਜਮ ਤੋਂ, ਭਾਵੇਂ ਉਹ ਅਦਾਲਤ ਦਾ ਹੋਵੇ ਜਾਂ ਜੇਲ੍ਹਾਂ ਦਾ, ਨਾ ਤਾਂ ਉਸਨੇ ਭਲੇਮਾਣਸੀ ਦੀ ਉਮੀਦ ਕੀਤੀ ਅਤੇ ਨਾ ਹੀ ਖੁਦ ਹੀ ਵਰਤਾਅ ਵਿੱਚ ਉਨ੍ਹਾਂ ਪ੍ਰਤੀ ਭਲੇਮਾਣਸੀ ਵਰਤੀ। ਉਸਦਾ ਅਸਲੀ ਰੂਪ ਉਸ ਵੇਲ਼ੇ ਵੇਖਣ ਨੂੰ ਮਿਲ਼ਦਾ ਸੀ ਜਦੋਂ ਕਦੇ ਪੁਲਿਸ ਜਾਂ ਜੇਲ੍ਹ ਵਾਲ਼ਿਆਂ ਨਾਲ਼ ਕੁੱਟਮਾਰ ਹੁੰਦੀ। ਹੱਸ-ਹੱਸ ਕੇ ਮਾਰਨ ਅਤੇ ਮਾਰ ਖਾਣ ਵਿੱਚ ਉਸਨੂੰ ਸੁਆਦ ਆਉਂਦਾ ਸੀ।

ਸੁਖਦੇਵ ਨੂੰ ਇਨਕਲਾਬੀਆਂ ਦੇ ਨਿਸ਼ਾਨੇ ਦੀ ਸਫਲਤਾ ਉੱਪਰ ਜਿੰਨਾ ਅਡੋਲ ਨਿਹਚਾ ਸੀ ਉਸਦਾ ਪ੍ਰਮਾਣ ਫਾਂਸੀ ਤੋਂ ਕੁੱਝ ਦਿਨ ਪਹਿਲਾਂ ਉਸ ਵੱਲੋਂ ਗਾਂਧੀ ਜੀ ਦੇ ਨਾਂ ਲਿਖੀ ਉਸਦੀ ਚਿੱਠੀ ਹੈ, ਇਨਕਲਾਬੀਆਂ ਦਾ ਨਿਸ਼ਾਨਾ ਇਸ ਦੇਸ਼ ਵਿੱਚ ਸਮਾਜਵਾਦੀ ਜਮਹੂਰੀ ਪ੍ਰਬੰਧ ਸਥਾਪਤ ਕਰਨਾ ਹੈ। ਇਸ ਨਿਸ਼ਾਨੇ ਵਿੱਚ ਤਬਦੀਲੀ ਦੀ ਜ਼ਰਾ ਜਿੰਨੀ ਵੀ ਗੁੰਜਾਇਸ਼ ਨਹੀਂ ਹੈ। ... ਮੇਰਾ ਖਿਆਲ ਹੈ... ਕਿ ਤੁਹਾਡੀ ਇਹ ਧਾਰਨਾ ਨਹੀਂ ਹੋਵੇਗੀ ਕਿ ਇਨਕਲਾਬੀ ਤਰਕਹੀਣ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਰਫ ਵਿਨਾਸ਼ਕਾਰੀ ਕੰਮਾਂ ਵਿੱਚ ਹੀ ਅਨੰਦ ਆਉਂਦਾ ਹੈ। ਅਸੀਂ ਤੁਹਾਨੂੰ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲ ਵਿੱਚ ਗੱਲ ਇਸ ਤੋਂ ਐਨ ਉਲਟ ਹੈ। ਉਹ ਹਰ ਇੱਕ ਕਦਮ ਅੱਗੇ ਵਧਾਉਣ ਤੋਂ ਪਹਿਲਾਂ ਆਪਣੇ ਆਲ਼ੇ-ਦੁਆਲ਼ੇ ਦੀਆਂ ਹਾਲ਼ਤਾਂ ਉੱਪਰ ਵਿਚਾਰ ਕਰਦੇ ਹਨ। ਉਨ੍ਹਾਂ ਨੂੰ ਹਰ ਵੇਲ਼ੇ ਆਪਣੀ ਜਿੰਮੇਵਾਰੀ ਦਾ ਅਹਿਸਾਸ ਬਣਿਆ ਰਹਿੰਦਾ ਹੈ। ਉਹ ਆਪਣੇ ਇਨਕਲਾਬੀ ਵਿਧਾਨ ਵਿੱਚ ਰਚਨਾਤਮਕ ਕਲਾ ਦੀ ਉਪਯੋਗਤਾ ਨੂੰ ਮੁੱਖ ਥਾਂ ਦਿੰਦੇ ਹਨ, ਭਾਵੇਂ ਮੌਜੂਦਾ ਹਾਲਤਾਂ ਵਿੱਚ ਉਨ੍ਹਾਂ ਨੂੰ ਸਿਰਫ ਵਿਨਾਸ਼ਕਾਰੀ ਹਿੱਸੇ ਵੱਲ ਜ਼ਿਆਦਾ ਧਿਆਨ ਦੇਣਾ ਪਿਆ ਹੈ।

...ਉਹ ਦਿਨ ਦੂਰ ਨਹੀਂ ਜਦੋਂ ਉਹਨਾਂ (ਇਨਕਲਾਬੀਆਂ) ਦੀ ਅਗਵਾਈ ਵਿੱਚ ਅਤੇ ਉਹਨਾਂ ਦੇ ਝੰਡੇ ਹੇਠਾਂ ਲੋਕ ਉਹਨਾਂ ਦੇ ਸਮਾਜਵਾਦੀ ਜਮਹੂਰੀਅਤ ਦੇ ਉੱਚੇ ਨਿਸ਼ਾਨੇ ਵੱਲ ਵਧਦੇ ਵਿਖਾਈ ਦੇਣਗੇ।ਇਸ ਚਿੱਠੀ ਵਿੱਚ ਆਪਣੀ ਫਾਸੀਂ ਦੀ ਸਜਾ ਬਾਰੇ ਇੱਕ ਹੋਰ ਥਾਂ 'ਤੇ ਉਸ ਨੇ ਲਿਖਿਆ, ਲਾਹੌਰ ਸਾਜਿਸ਼ ਕੇਸ ਦੇ ਤਿੰਨ ਰਾਜਬੰਦੀ ਜਿਨ੍ਹਾਂ ਨੂੰ ਫਾਸੀਂ ਲਾਉਣ ਦਾ ਹੁਕਮ ਹੋਇਆ ਹੈ ਅਤੇ ਜਿਨ੍ਹਾਂ ਨੇ ਸੰਯੋਗ ਨਾਲ਼ ਦੇਸ਼ ਵਿੱਚ ਬਹੁਤ ਵੱਡੀ ਪ੍ਰਸਿੱਧੀ ਹਾਸਲ ਕਰ ਲਈ ਹੈ, ਇਨਕਲਾਬੀ ਦਲ ਦੇ ਸਭ ਕੁੱਝ ਨਹੀਂ ਹਨ। ਅਸਲ ਵਿੱਚ ਇਨ੍ਹਾਂ ਦੀਆਂ ਸਜਾਵਾਂ ਨੂੰ ਬਦਲ ਦੇਣ ਨਾਲ਼ ਦੇਸ਼ ਦੇ ਲੋਕਾਂ ਦਾ ਓਨਾ ਭਲਾ ਨਹੀਂ ਹੋਣਾ ਜਿੰਨ੍ਹਾ ਕਿ ਇਹਨਾਂ ਨੂੰ ਫਾਸੀਂ ਚੜ੍ਹਾ ਦੇਣ ਨਾਲ਼ ਹੋਵੇਗਾ।ਅਜਿਹਾ ਸੀ ਸੁਖਦੇਵ, ਫੁੱਲ ਤੋਂ ਵੀ ਕੋਮਲ ਅਤੇ ਪੱਥਰ ਤੋਂ ਵੀ ਸਖਤ। ਡਰ ਜੀਹਦੇ ਨੇੜੇ ਵੀ ਨਹੀਂ ਸੀ ਫਟਕਦਾ ਅਤੇ ਦੁਸ਼ਮਣ ਨਾਲ਼ ਸਮਝੌਤੇ ਦੀ ਗੱਲ ਜਿਸਨੇ ਇੱਕ ਪਲ ਖਾਤਰ ਵੀ ਨਹੀਂ ਸੀ ਸੋਚੀ। ਲੋਕਾਂ ਨੇ ਉਸਦੀ ਕਠੋਰਤਾ ਹੀ ਵੇਖੀ ਅਤੇ ਉਸਨੂੰ ਨਾਸਮਝ ਕਹਿ ਕੇ ਉਸ ਨਾਲ਼ ਬਹੁਤ ਵੱਡੀ ਬੇਇਨਸਾਫੀ ਵੀ ਕੀਤੀ, ਪਰ ਉਸ ਨੇ ਕਦੇ ਵੀ ਕਿਸੇ ਨੂੰ ਸ਼ਿਕਾਇਤ ਨਹੀਂ ਕੀਤੀ। ਆਪਣੀਆਂ ਕੋਮਲ ਭਾਵਨਾਵਾਂ ਨਾਲ਼ ਪਿਆਰ ਅਤੇ ਮਮਤਾ ਨੂੰ ਨਿੱਜੀ ਚੀਜ ਸਮਝ ਕੇ ਅੰਤ ਤੱਕ ਉਸ ਨੇ ਉਨ੍ਹਾਂ ਨੂੰ ਆਪਣੇ ਅੰਦਰ ਹੀ ਲੁਕਾਈ ਰੱਖਿਆ।

ਲਲਕਾਰ 'ਚੋਂ ਧੰਨਵਾਦ ਸਹਿਤ

ਸ਼ਹੀਦ ਕਰਤਾਰ ਸਿੰਘ ਸਰਾਭਾ

# ਨਿੱਕੀ ਉਮਰੇ ਵੱਡੇ ਕਾਰਨਾਮੇ ਕਰਨ ਵਾਲ਼ਾ ਇਨਕਲਾਬੀ

ਰੌਸ਼ਨ

ਭਾਰਤ ਦੀ ਅੰਗਰੇਜ਼ੀ ਗੁਲਾਮੀ ਤੋਂ ਮੁਕਤੀ ਅਤੇ ਕਿਰਤੀ ਲੋਕਾਂ ਦੀ ਬਿਹਤਰੀ ਲਈ ਜਿਨ੍ਹਾਂ ਸੂਰਬੀਰਾਂ ਨੇ ਆਪਣੀਆਂ ਜਾਨਾਂ ਵਾਰੀਆਂ ਉਹਨਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਮ ਮੋਹਰੀ ਕਤਾਰ ਵਿੱਚ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਗਦਰ ਪਾਰਟੀ ਦੇ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਲਾਲਾ ਹਰਦਿਆਲ ਤੇ ਪੰਡਤ ਜਗਤ ਰਾਮ ਜਿਹੇ ਆਗੂ ਕਾਰਕੁੰਨਾਂ ਵਿੱਚੋਂ ਇੱਕ ਸਨ। ਉਹ ਅੱਜ ਵੀ ਸਮੁੱਚੇ ਭਾਰਤ ਦੇ ਲੁੱਟ, ਬੇਇਨਸਾਫ਼ੀ ਖਿਲਾਫ਼ ਜੂਝ ਰਹੇ ਲੋਕਾਂ ਲਈ ਮੁਕਤੀ ਦਾ ਇੱਕ ਚਿੰਨ ਬਣੇ ਹੋਏ ਹਨ।

ਸ਼ਹੀਦ ਕਰਤਾਰ ਸਿੰਘ ਦਾ ਜਨਮ 24 ਮਈ 1896 ਨੂੰ ਲੁਧਿਆਣੇ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ ਹੋਇਆ। ਉਹ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਬਚਪਨ ਵਿੱਚ ਉਹਨਾਂ ਦੇ ਪਿਤਾ ਦੀ ਮੌਤ ਮਗਰੋਂ ਉਹਨਾਂ ਦਾ ਪਾਲਣ-ਪੋਸ਼ਣ ਉਹਨਾਂ ਦੇ ਦਾਦਾ ਜੀ ਨੇ ਕੀਤਾ। ਦਸਵੀਂ ਜਮਾਤ ਪਾਸ ਕਰਨ ਮਗਰੋਂ 1910 ਉਹ ਕਾਲਜ ਵਿੱਚ ਦਾਖਲ ਹੋ ਗਏ। ਇਸ ਸਮੇਂ ਪੂਰੇ ਦੇਸ਼ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਹੇਠ ਪੀੜੇ ਜਾ ਰਹੇ ਲੋਕਾਂ ਵਿੱਚ ਅੰਗਰੇਜ਼ੀ ਗੁਲਾਮੀ ਪ੍ਰਤੀ ਨਫ਼ਰਤ ਤੇ ਦੇਸ਼ ਲਈ ਕੁਰਬਾਨ ਹੋਣ ਦਾ ਜਜਬਾ ਜੋਰ ਫੜ ਰਿਹਾ ਸੀ। ਇਸ ਮਹੌਲ ਦਾ ਲਾਜਮੀ ਅਸਰ ਕਰਤਾਰ ਸਿੰਘ ਸਰਾਭਾ ਉੱਪਰ ਵੀ ਪਿਆ।

ਦੇਸ਼ ਵਿੱਚ ਅੰਗਰੇਜਾਂ ਵੱਲੋਂ ਕੀਤੀ ਜਾ ਰਹੀ ਲੁੱਟ ਤੇ ਗੁਲਾਮੀ ਦੀ ਹਾਲਤ ਵਿੱਚ ਲੋਕਾਂ ਦਾ ਗੁਜਾਰਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹਾ ਸੀ। ਅਨੇਕਾਂ ਲੋਕਾਂ ਨੇ ਬੇਵਸ ਹੋਕੇ ਬਿਹਤਰੀ ਜ਼ਿੰਦਗੀ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਸੀ। 1912 ਵਿੱਚ ਕਰਤਾਰ ਸਿੰਘ ਸਰਾਭਾ ਵੀ ਆਪਣੀ ਮਰਜੀ ਨਾਲ਼ ਅਮਰੀਕਾ ਦੇ ਸਾਨਫਰਾਂਸਿਸਕੋ ਸ਼ਹਿਰ ਪਹੁੰਚ ਗਏ। ਭਾਰਤੀ ਲੋਕ ਵਿਦੇਸ਼ਾਂ ਵਿੱਚ ਸਥਾਨਕ ਮਜ਼ਦੂਰਾਂ ਨਾਲ਼ੋਂ ਘੱਟ ਮਜ਼ਦੂਰੀ ਵੱਧ ਸਮੇਂ ਲਈ ਕੰਮ ਕਰਨ ਲਈ ਤਿਆਰ ਰਹਿੰਦੇ ਸਨ ਜਿਸ ਕਰਕੇ ਉਹਨਾਂ ਦਾ ਸਥਾਨਕ ਮਜ਼ਦੂਰਾਂ ਨਾਲ਼ ਵਿਰੋਧ ਸੁਭਾਵਿਕ ਸੀ। 1907 ਵਿੱਚ ਅਮਰੀਕਾ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਇਆ ਤਾਂ ਇਹ ਵਿਰੋਧ ਅਮਰੀਕੀ ਹਾਕਮਾਂ ਲਈ ਖੁਸ਼ਗਵਾਰ ਸਾਬਤ ਹੋਇਆ। ਉਹਨਾਂ ਨੇ ਸਥਾਨਕ ਮਜ਼ਦੂਰਾਂ ਨੂੰ ਇਹ ਕਹਿ ਕੇ ਭਾਰਤੀਆਂ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਸਥਾਨਕ ਮਜ਼ਦੂਰਾਂ ਦਾ ਰੁਜ਼ਗਾਰ ਖੋਹ ਰਹੇ ਸਨ। ਇਸ ਨਾਲ਼ ਭਾਰਤੀ ਲੋਕਾਂ ਨਾਲ਼ ਨਫ਼ਰਤ ਤੇ ਬਦਲਸਲੂਕੀ ਵੱਡੇ ਪੱਧਰ ‘ਤੇ ਹੋਣ ਲੱਗੀ। ਉਹਨਾਂ ਨੇ ਮੱਥੇ ਉੱਤੇ ਗੁਲਾਮ ਦੇਸ਼ ਦਾ ਦਾਗ ਹੋਣ ਕਾਰਨ ਉਹਨਾਂ ਨਾਲ਼ ਹੋਰ ਵੀ ਭੈੜਾ ਸਲੂਕ ਹੁੰਦਾ ਸੀ। ਆਰਥਿਕ ਮੰਦਹਾਲੀ ਦਾ ਦੌਰ ਗੁਜਰ ਗਿਆ ਪਰ ਇਹ ਨਫ਼ਰਤ ਤੇ ਬਦਲਸਲੂਕੀ ਜਾਰੀ ਰਹੀ। ਕੁੱਝ ਇਸੇ ਤਰ੍ਹਾਂ ਕਨੇਡਾ ਵਿੱਚ ਵੀ ਵਾਪਰਿਆ।

ਅਜਿਹੇ ਮਹੌਲ ਵਿੱਚ ਜਦੋਂ ਕਰਤਾਰ ਸਿੰਘ ਸਰਾਭਾ ਅਮਰੀਕਾ ਪਹੁੰਚੇ ਤਾਂ ਭਾਰਤੀ ਲੋਕਾਂ ਨਾਲ਼ ਹੁੰਦੀ ਬਦਸਲੂਕੀ, ਨਫ਼ਰਤ ਵੇਖੀ ਤਾਂ ਉਹਨਾਂ ਦਾ ਕੋਮਲ ਦਿਲ ਪਸੀਜ ਗਿਆ ਤੇ ਦੇਸ਼ ਦੀ ਅਜਾਦੀ ਲਈ ਕੁਰਬਾਨ ਹੋਣ ਦਾ ਜਜਬਾ ਉਹਨਾਂ ਅੰਦਰ ਖੌਲ਼ਣ ਲੱਗਾ। ਉਹਨਾਂ ਅੰਦਰ ਦੇਸ਼ ਨੂੰ ਅਜਾਦ ਕਰਵਾਉਣ ਦੀ ਭਾਵਨਾ ਜੋਰ ਮਾਰਨ ਲੱਗੀ। ਠੀਕ ਇਹੋ ਕੁੱਝ ਅਮਰੀਕਾ, ਕਨੇਡਾ ਸਮੇਤ ਅਨੇਕਾਂ ਮੁਲਕਾਂ ਵਿੱਚ ਰਹਿ ਰਹੇ ਹਜਾਰਾਂ ਭਾਰਤੀ ਮਹਿਸੂਸ ਕਰ ਰਹੇ ਸਨ। ਸੋਹਨ ਸਿੰਘ ਭਕਨਾ, ਵਿਸਾਖਾ ਸਿੰਘ, ਜਵਾਲਾ ਸਿੰਘ, ਸੰਤੋਖ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਅਨੇਕਾਂ ਦੀ ਪਹਿਲ ਉੱਤੇ 13 ਮਾਰਚ 1913 ਨੂੰ ਅਸਟੋਰੀਆ ਸ਼ਹਿਰ ਵਿੱਚ ਇੱਕ ਮੀਟਿੰਗ ਹੋਈ ਜਿਸ ਵਿੱਚ ਵੱਖ-ਵੱਖ ਸ਼ਹਿਰਾਂ ਤੋਂ 120 ਦੇ ਕਰੀਬ ਭਾਰਤੀ ਨੁਮਾਇੰਦੇ ਸ਼ਾਮਲ ਹੋਏ। ਦੇਸ਼ ਨੂੰ ਅਜਾਦ ਕਰਵਾਉਣ ਦੇ ਉਦੇਸ਼ ਲਈ ਇੱਕ ਸਾਂਝੀ ਜਥੇਬੰਦ ਤਾਕਤ ਉਸਾਰਨ ਦੀ ਲੋੜ ਮਹਿਸੂਸ ਕੀਤੀ ਗਈ ਤੇ ਇਸ ਤਰ੍ਹਾਂ ‘ਹਿੰਦੀ ਐਸੋਸ਼ੀਏਸ਼ਨ ਆਫ਼ ਅਮੈਰਿਕਨ ਪੈਸਫਿਕ ਕੋਸਟ’ ਦੀ ਨੀਂਹ ਰੱਖੀ ਗਈ ਜੋ ਬਾਅਦ ਵਿੱਚ ਗਦਰ ਪਾਰਟੀ ਦੇ ਨਾਮ ਨਾਲ਼ ਮਸ਼ਹੂਰ ਹੋਈ। ਇਸ ਮੀਟਿੰਗ ਵਿੱਚ ਹੀ ਇੱਕ ਹਫ਼ਤਾਵਾਰੀ ਅਖਬਾਰ ਗਦਰ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਲਿਆ ਗਿਆ। 1 ਨਵੰਬਰ 1913 ਨੂੰ ਇੱਕ ਹੋਰ ਵੱਡੀ ਮੀਟਿੰਗ ਮਗਰੋਂ ਗਦਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਹੋਇਆ। ਕਰਤਾਰ ਸਿੰਘ ਸਰਾਭਾ ਦੀ ਇਸ ਅਖਬਾਰ ਨੂੰ ਪ੍ਰਕਾਸ਼ਿਤ ਕਰਨ ਵਿੱਚ ਅਹਿਮ ਜਿੰਮੇਵਾਰੀ ਸੀ। ਇਸਨੇ ਜਲਦੀ ਹੀ ਗਦਰ ਦੀ ਅੱਗੇ ਅਨੇਕਾਂ ਪ੍ਰਵਾਸੀ ਭਾਰਤੀ ਵਿੱਚ ਫ਼ੈਲਾ ਦਿੱਤੀ ਤੇ ਗਦਰ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਥੋੜੇ ਚਿਰ ਵਿੱਚ ਹੀ 12,000 ਤੱਕ ਪਹੁੰਚ ਗਈ।

ਉਸ ਵੇਲੇ ਕਾਮਗਾਟਾਮਾਰੂ ਜਹਾਜ ਦੇ ਦੁਖਾਂਤਕ ਕਾਰੇ ਨੇ ਇਹਨਾਂ ਭਾਰਤੀਆਂ ਨੂੰ ਹੋਰ ਵੀ ਹਲੂਣ ਦਿੱਤਾ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਉਹਨਾਂ ਦੀ ਨਫ਼ਰਤ ਹੋਰ ਵੀ ਡੂੰਘੀ ਕਰ ਦਿੱਤੀ। ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਮਗਰੋਂ ਗਦਰੀਆਂ ਨੇ ਇਸਨੂੰ ਭਾਰਤ ਨੂੰ ਅਜਾਦ ਕਰਵਾਉਣ ਦਾ ਸੁਨਹਿਰੀ ਮੌਕਾ ਸਮਝਿਆ ਤੇ ਉਹਨਾਂ ਨੇ ਭਾਰਤ ਵੱਲ ਵਹੀਰਾਂ ਘੱਤ ਦਿੱਤੀਆਂ। 1914 ਦੇ ਅੰਤ ਤੱਕ ਕਰਤਾਰ ਸਿੰਘ ਸਰਾਭਾ ਵੀ ਭਾਰਤ ਵਾਪਸ ਪਰਤ ਆਏ। ਅੰਗਰੇਜ਼ ਹੁਕਮਰਾਨਾਂ ਨੂੰ ਗਦਰ ਪਾਰਟੀ ਦੀ ਕਨਸੋਅ ਪਹਿਲਾਂ ਹੀ ਮਿਲ ਚੁੱਕ ਸੀ ਤੇ ਗਦਰ ਪਾਰਟੀ ਦੇ ਅਨੇਕਾ ਮੈਂਬਰ ਵਾਪਸੀ ਸਮੇਂ ਗ੍ਰਿਫ਼ਤਾਰ ਕਰ ਲਈ, ਹਜਾਰਾਂ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤੇ ਗਏ ਤੇ ਹਜਾਰਾਂ ਦਾ ਆਪਸੀ ਸੰਪਰਕ ਨਾ ਰਿਹਾ। ਇਸ ਮਗਰੋਂ ਕਰਤਾਰ ਸਿੰਘ ਸਰਾਭਾ ਨੇ ਖਿੰਡੀ ਤਾਕਤ ਨੂੰ ਇੱਕਜੁੱਟ ਕਰਨ ਤੇ ਫੌਜੀ ਛਾਉਣੀਆਂ ਵਿੱਚ ਗਦਰ ਦਾ ਸੁਨੇਹਾ ਲਿਜਾਣ ਤੇ ਭਾਰਤੀ ਫੌਜੀਆਂ ਨੂੰ ਬਗਾਵਤ ਲਈ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਪਰ ਅੰਗੇਰਜਾਂ ਵੱਲੋਂ ਗਦਰ ਪਾਰਟੀ ਵਿੱਚ ਭੇਜੇ ਜਾਸੂਸ ਕਿਰਪਾਲ ਸਿੰਘ ਨੇ ਗਦਰ ਦੀ ਪਹਿਲਾਂ 21 ਫਰਵਰੀ ਤੇ ਫ਼ਿਰ 19 ਫਰਵਰੀ ਦੀ ਤਰੀਕ ਦੀ ਸੂਹ ਦੋਵੇਂ ਵਾਰ ਅੰਗਰੇਜ਼ਾਂ ਨੂੰ ਦੇ ਦਿੱਤੀ। ਗੋਰੀ ਸਰਕਾਰ ਨੇ ਛਾਉਣੀਆਂ ਵਿਚਲੇ ਸਭ ਭਾਰਤੀ ਫੌਜੀਆਂ ਤੋਂ ਹਥਿਆਰ ਲੈ ਲਏ ਅਤੇ ਹਥਿਆਰਬੰਦ ਅੰਗਰੇਜ਼ ਸਿਪਾਹੀ ਛਾਉਣੀਆਂ ਵਿੱਚ ਤਾਇਨਾਤ ਕਰ ਦਿੱਤੇ ਗਏ। ਇਸ ਤਰ੍ਹਾਂ ਇਹ ਬਗਾਵਤ ਅਸਫ਼ਲ ਹੋ ਗਈ ਤੇ ਗਦਰੀਆਂ ਦੀ ਗ੍ਰਿਫ਼ਤਾਰੀ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪਰ ਗਦਰ ਲਹਿਰ ਨੇ ਅਸਫ਼ਲਤਾ ਦੇ ਬਾਵਜੂਦ ਇਸਨੇ ਅਜਾਦੀ ਦੀ ਲਹਿਰ ਦੀ ਅਜਿਹੀ ਮਸ਼ਾਲ ਬਾਲੀ ਜਿਸਨੇ ਸੁੱਤੇ ਹੋਏ ਭਾਰਤੀਆਂ ਨੂੰ ਨੀਂਦ ਵਿੱਚੋਂ ਜਗਾ ਦਿੱਤੇ ਤੇ ਵਿਦੇਸ਼ੀ ਹਕੂਮਤ ਦੀਆਂ ਜੜਾਂ ਹਿਲਾ ਦਿੱਤੀਆਂ।

ਗਦਰ ਲਹਿਰ ਦੇ ਅਸਫ਼ਲ ਹੋਣ ਤੇ ਗ੍ਰਿਫ਼ਤਾਰੀਆਂ ਸ਼ੁਰੂ ਹੋਣ ਮਗਰੋਂ ਕਈਆਂ ਦਾ ਹੌਂਸਲਾ ਟੁੱਟਣਾ ਸ਼ੁਰੂ ਹੋ ਗਿਆ। ਪਰ ਕਰਤਾਰ ਸਿੰਘ ਸਰਾਭਾ ਉਸ ਵੇਲੇ ਵੀ ਪੂਰੇ ਜੋਸ਼ ਨਾਲ਼ ਨਵੀਆਂ ਤਿਆਰੀਆਂ ਵਿੱਚ ਲੱਗੇ ਰਹੇ। ਜਦੋਂ ਸਾਥੀਆਂ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਉਹਨਾਂ ਅੱਗੇ ਵਿਦੇਸ਼ ਚਲੇ ਜਾਣ ਦੀ ਪੇਸ਼ਕਸ਼ ਕੀਤੀ ਤਾਂ ਉਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਕਰਤਾਰ ਸਿੰਘ ਸਰਾਭਾ ਵੀ ਗ੍ਰਿਫ਼ਤਾਰ ਕਰ ਲਏ ਗਏ ਤੇ ਉਹਨਾਂ ਉੱਪਰ ਮੁਕੱਦਮਾ ਚਲਾਉਣ ਮਗਰੋਂ 16 ਨਵੰਬਰ 1915 ਨੂੰ ਉਹਨਾਂ ਨੂੰ ਫਾਂਸੀ ਦੇ ਦਿੱਤੀ ਗਈ। ਉਸ ਵੇਲੇ ਉਹਨਾਂ ਦੀ ਉਮਰ ਸਿਰਫ਼ ਸਾਢੇ ਉੱਨੀ ਸਾਲ ਸੀ।

ਕਰਤਾਰ ਸਿੰਘ ਸਰਾਭਾ ਨੇ ਨਿੱਕੀ ਉਮਰ ਵਿੱਚ ਜਿੰਨੇ ਵੱਡੇ ਕਾਰੇ ਕੀਤੇ ਉਹ ਅੱਜ ਵੀ ਹੈਰਾਨੀਜਨਕ, ਪ੍ਰੇਰਨਾਦਾਈ ਤੇ ਗੌਰਵਪੂਰਨ ਹਨ। ਅਮਰੀਕਾ ਵਿੱਚ ਗਦਰ ਅਖ਼ਬਾਰ ਕੱਢਣ, ਉਸ ਲਈ ਲਿਖਣ, ਉਸਨੂੰ ਲੋਕਾਂ ਤੱਕ ਲਿਜਾਣ, ਨਵੇਂ ਲੋਕਾਂ ਤੱਕ ਗਦਰ ਦਾ ਸੁਨੇਹਾ ਲਿਜਾਣ ਤੇ ਇਸ ਲਹਿਰ ਲਈ ਫੰਡ ਇਕੱਠਾ ਕਰਨ ਦੀਆਂ ਜਿੰਮੇਵਾਰੀਆਂ ਵਿੱਚ ਕਰਤਾਰ ਸਿੰਘ ਸਰਾਭਾ ਹਮੇਸ਼ਾ ਮੋਹਰੀ ਹੁੰਦੇ ਸਨ। ਗਦਰ ਪਾਰਟੀ ਵਿੱਚ ਸ਼ਾਮਲ ਹੋਣ ਵੇਲੇ ਉਹਨਾਂ ਦੀ ਉਮਰ 17 ਸਾਲ ਤੋਂ ਵੀ ਘੱਟ ਸੀ ਅਤੇ ਜਦੋਂ ਉਹਨਾਂ ਦੀ ਗ੍ਰਿਫ਼ਤਾਰੀ ਹੋਈ ਉਦੋਂ ਉਹਨਾਂ ਨੇ 19 ਬਹਾਰਾਂ ਵੀ ਨਹੀਂ ਵੇਖੀਆਂ ਸਨ। 1914 ਵਿੱਚ ਭਾਰਤ ਆਉਣ ਮਗਰੋਂ ਵੀ ਖਿੰਡੀ ਹੋਈ



ਗਦਰ ਲਹਿਰ ਨੂੰ ਮੁੜ ਜਥੇਬੰਦ ਕਰਨ, ਹੋਰਨਾਂ ਸੂਬਿਆਂ ਦੇ ਗਦਰੀਆਂ ਨਾਲ਼ ਸਬੰਧ ਬਣਾਉਣ, ਗਦਰ ਲਈ ਫ਼ੰਡ ਇਕੱਠਾ ਕਰਨ, ਹਥਿਆਰਾਂ, ਠਿਕਾਣਿਆਂ ਦਾ ਪ੍ਰਬੰਧ ਕਰਨ ਦੇ ਕੰਮਾਂ ਵਿੱਚ ਵੀ ਕਰਤਾਰ ਸਿੰਘ ਸਰਾਭਾ ਹੀ ਅੱਗੇ ਸਨ। ਜਦੋਂ ਗਦਰ ਲਈ ਆਰਥਿਕਤਾ ਲਈ ਡਾਕੇ ਮਾਰਨ ਦੀ ਨੌਬਤ ਆਈ ਤਾਂ ਇਸਦੀ ਜਿੰਮੇਵਾਰੀ ਵੀ ਉਹਨਾਂ ਨੇ ਖਿੜੇ ਮੱਥੇ ਪ੍ਰਵਾਨ ਕਰ ਲਈ। ਡਾਕੇ ਦੌਰਾਨ ਅਕਸਰ ਉਹ ਲੋਕਾਂ ਨੂੰ ਡਾਕੇ ਦਾ ਕਾਰਨ ਦੱਸਦੇ ਤੇ ਕਈ ਵਾਰ ਪਰਿਵਾਰ ਦੀ ਲੋੜ ਜਿੰਨਾ ਉਹਨਾਂ ਕੋਲ ਛੱਡ ਵੀ ਜਾਂਦੇ। ਇੱਕ ਵਾਰ ਸਾਹਨੇਵਾਲ ਡਾਕੇ ਦੌਰਾਨ ਉਹਨਾਂ ਦੇ ਇੱਕ ਸਾਥੀ ਨੇ ਇੱਕ ਕੁੜੀ ਉੱਤੇ ਮੈਲੀ ਅੱਖ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੇ ਫ਼ੌਰਨ ਉਸ ਉੱਪਰ ਪਿਸਤੌਲ ਤਾਣ ਲਈ ਤੇ ਉਸਨੂੰ ਮਾਫ਼ੀ ਮੰਗਣ ਲਈ ਮਜ਼ਬੂਰ ਕੀਤਾ।

ਕਰਤਾਰ ਸਿੰਘ ਸਰਾਭਾ ਦਾ ਇੱਕ ਹੋਰ ਅਹਿਮ ਗੁਣ ਉਹਨਾਂ ਦਾ ਭੇਸ ਬਦਲਣ ਤੇ ਪੁਲਿਸ ਨੂੰ ਧੋਖਾ ਦੇਣ ਦੀ ਮੁਹਾਰਤ ਸੀ। ਉਹ ਅਨੇਕਾਂ ਵਾਰ ਸਿੱਧੇ ਫੌਜੀ ਛਾਉਣੀ ਵਿੱਚ ਨਿਧੜਕ ਹੋਕੇ ਚਲੇ ਜਾਂਦੇ ਤੇ ਉਹਨਾਂ ਨੂੰ ਕੋਈ ਅਫ਼ਸਰ ਸਮਝ ਲਿਆ ਜਾਂਦਾ। ਕਈ ਵਾਰ ਉਹਨਾਂ ਦੀ ਗ੍ਰਿਫ਼ਤਾਰੀ ਲਈ ਆਈ ਪੁਲਿਸ ਨੂੰ ਉਹ ਭੇਸ ਬਦਲਕੇ ਸਿੱਧੇ ਮੱਥੇ ਜਾ ਮਿਲਦੇ ਤੇ ਕੋਈ ਸਲਾਹ ਜਾਂ ਤਾੜਨਾ ਦੇਕੇ ਨਿੱਕਲ ਜਾਂਦੇ। ਇਸ ਕੰਮ ਵਿੱਚ ਉਹ ਇੰਨੇ ਮਾਹਿਰ ਸਨ ਕਿ ਕਈ ਵਾਰ ਉਹਨਾਂ ਦੇ ਸਾਥੀ ਵੀ ਉਹਨਾਂ ਨੂੰ ਪਛਾਣ ਨਾ ਸਕਦੇ। ਇੰਨੀ ਛੋਟੀ ਉਮਰ ਵਿੱਚ ਹੀ ਉਹਨਾਂ ਨੇ ਗਦਰ ਲਈ ਹਥਿਆਰ ਚਲਾਉਣੇ ਤੇ ਹਵਾਈ ਜਹਾਜ ਉਡਾਉਣਾ ਵੀ ਸਿੱਖ ਲਿਆ ਸੀ। ਉਹਨਾਂ ਦੇ ਦਲੇਰੀ, ਦ੍ਰਿੜਤਾ ਤੇ ਗਦਰ ਲਹਿਰ ਵਿੱਚ ਆਗੂ ਸ਼ਮੂਲੀਅਤ ਨੂੰ ਵੇਖਦੇ ਹੋਏ ਫ਼ਾਂਸੀਂ ਦੀ ਸਜਾ ਸੁਣਾਉਣ ਵਾਲ਼ੇ ਜੱਜ ਨੂੰ ਇਹ ਲਿਖਣ ਲਈ ਮਜ਼ਬੂਰ ਹੋਣ ਪਿਆ ਕਿ ਉਹ ਸਭ ਤੋਂ ਖ਼ਤਰਨਾਕ ਅਪਰਾਧੀਆਂ ਵਿੱਚੋਂ ਇੱਕ ਹੈ। ਅਮਰੀਕਾ ਜਾਂ ਭਾਰਤ ਵਿੱਚ ਸਾਜਿਸ਼ ਦਾ ਇੱਕ ਵੀ ਹਿੱਸਾ ਨਹੀਂ ਹੈ ਜਿਸ ਵਿੱਚ ਉਸਨੇ ਉੱਘਾ ਹਿੱਸਾ ਨਾ ਪਾਇਆ ਹੋਵੇ।

ਗਦਰ ਲਹਿਰ ਦੀ ਅਸਫ਼ਲਤਾ ਤੇ ਉਹਨਾਂ ਦੀ ਗ੍ਰਿਫ਼ਤਾਰੀ ਮਗਰੋਂ ਵੀ ਉਹਨਾਂ ਦੇ ਬੁਲੰਦ ਹੌਂਸਲੇ ਦੀ ਫਸੀਲ ਵਿੱਚ ਰਤਾ ਵੀ ਤਰੇੜ ਨਾ ਆਈ। ਉਹਨਾਂ ਨੇ ਜੇਲ ਤੋੜ ਕੇ ਭੱਜਣ ਦੀ ਅਸਫ਼ਲ ਕੋਸ਼ਿਸ਼ ਵੀ ਕੀਤੀ। ਅੰਗਰੇਜ਼ ਸਰਕਾਰ ਦੇ ਤਸੀਹਿਆਂ, ਜੇਲਾਂ ਵਿਚਲੀ ਬਦਸਲੂਕੀ ਤੇ ਮੌਤ ਨੇੜੇ ਆਉਣ ‘ਤੇ ਵੀ ਉਹਨਾਂ ਦੇ ਚਿਹਰੇ ਉੱਤੇ ਕਦੇ ਵੀ ਕਿਸੇ ਨੇ ਫਿਕਰਮੰਦੀ ਜਾਂ ਖੌਫ਼ ਦਾ ਪਰਛਾਵਾਂ ਨਾ ਵੇਖਿਆ। ਜੇਲ੍ਹ ਵਿੱਚ ਉਹ ਆਪਣੀਆਂ ਹੱਥਕੜੀਆਂ, ਸਲਾਖਾਂ ਨੂੰ ਸਾਜ ਵਜੋਂ ਵਰਤ ਕੇ ਗੀਤ ਗਾਉਂਦੇ ਰਹਿੰਦੇ ਤੇ ਉਹਨਾਂ ਨੂੰ ਵੇਖ ਕੇ ਬਾਕੀ ਸਾਥੀ ਵੀ ਜਿੰਦਾਦਿਲੀ, ਦ੍ਰਿੜਤਾ ਤੇ ਹੌਂਸਲੇ ਦੇ ਰੌਅ ਵਿੱਚ ਰਹਿੰਦੇ। ਜਦੋਂ ਅਦਾਲਤ ਵਿੱਚ ਉਹਨਾਂ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਆਖਿਆ ਗਿਆ ਤਾਂ ਉਹਨਾਂ ਨੇ ਫ਼ਖਰ ਨਾਲ਼ ਕਿਹਾ ਜੋ ਕੁੱਝ ਮੈਂ ਕੀਤਾ ਹੈ ਉਹ ਜਿੰਮੇਵਾਰੀ ਦੇ ਅਹਿਸਾਸ ਨਾਲ਼ ਕੀਤਾ ਹੈ ਤੇ ਮੈਨੂੰ ਇਸ ਉੱਪਰ ਉੱਕਾ ਹੀ ਅਫ਼ਸੋਸ ਨਹੀਂ। ਦੇਸ਼ ਦੀ ਅਜਾਦੀ ਲਈ ਕੰਮ ਕਰਨਾ ਸਾਡਾ ਪਵਿੱਤਰ ਫ਼ਰਜ ਹੈ। ਫਾਂਸੀ ਦੀ ਸਜਾ ਸੁਣਾਏ ਜਾਣ ਪਿੱਛੋਂ ਵੀ ਉਹਨਾਂ ਨੇ ਰਹਿਮ ਦੀ ਅਪੀਲ ਕਰਨੋਂ ਕੋਰੀ ਨਾਂਹ ਕਰ ਦਿੱਤੀ ਤੇ ਬੇਸਬਰੀ ਨਾਲ਼ ਮੌਤ ਦੀਆਂ ਘੜੀਆਂ ਉਡੀਕ ਲੱਗੇ। ਜਦੋਂ ਆਖਰੀ ਵਾਰ ਉਹਨਾਂ ਦੇ ਦਾਦਾ ਜੀ ਉਹਨਾਂ ਨੂੰ ਮਿਲਣ ਸਮੇਂ ਰੋਣ ਲੱਗੇ ਤਾਂ ਕਰਤਾਰ ਸਿੰਘ ਸਰਾਭਾ ਨੇ ਉਹਨਾਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਮੈਂ ਤਾਂ 30 ਕਰੋੜ ਲੋਕਾਂ ਦੀ ਅਜ਼ਾਦੀ ਲਈ ਇੱਕ ਸ਼ਾਨਦਾਰ ਮੌਤ ਮਰ ਰਿਹਾ ਹਾਂ। ਇਸ ਮੌਤ ਉੱਤੇ ਤਾਂ ਤੁਹਾਨੂੰ ਖੁਸ਼ੀ ਤੇ ਫ਼ਖਰ ਹੋਣਾ ਚਾਹੀਦਾ ਹੈ।

ਫਾਂਸੀ ਮਗਰੋਂ ਕਰਤਾਰ ਸਿੰਘ ਸਰਾਭਾ ਦੀ ਸਰੀਰਕ ਮੌਤ ਤਾਂ ਹੋ ਗਈ ਪਰ ਉਹਨਾਂ ਦੇ ਵਿਚਾਰ, ਆਦਰਸ਼, ਜਜਬਾ ਜਿਉਂਦੇ ਰਹੇ ਤੇ ਹੋਰਨਾਂ ਨੂੰ ਇਸੇ ਰਾਹ ਚੱਲਣ ਦੀ ਪ੍ਰੇਰਨਾ ਦਿੰਦੇ ਰਹੇ। ਉਹਨਾਂ ਦੀ ਸ਼ਹਾਦਤ ਕੁੱਝ ਵਰ੍ਹੇ ਮਗਰੋਂ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲ਼ੇ ਬਾਗ ਦੇ ਸਾਕੇ ਮਗਰੋਂ ਉੱਥੋਂ ਦੀ ਖੂਨੀ ਮਿੱਟੀ ਲਿਆਉਣ ਵਾਲੇ ਬਾਲ ਭਗਤ ਸਿੰਘ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਬਣਾਇਆ ਤੇ ਉਹਨਾਂ ਵੱਲੋਂ ਤੋਰੀ ਲੜਾਈ ਨੂੰ ਹੋਰ ਅੱਗੇ ਵਧਾਇਆ। ਭਗਤ ਸਿੰਘ ਨੇ ਕਰਤਾਰ ਸਿੰਘ ਸਰਾਭਾ ਬਾਰੇ ਠੀਕ ਹੀ ਲਿਖਿਆ ਸੀ ਕਿ, ਉੱਨੀ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਇੰਨ੍ਹੇ ਕੰਮ ਕਰ ਵਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅਤ, ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤ ਵਿੱਚ ਐਸੇ ਇਨਸਾਨ ਘੱਟ ਹੀ ਪੈਦਾ ਹੋਏ ਹੋਣਗੇ ਜਿੰਨ੍ਹਾਂ ਨੂੰ ਕਿ ਸਹੀ ਅਰਥਾਂ ਵਿੱਚ ਬਾਗੀ ਆਖਿਆ ਜਾ ਸਕਦਾ ਹੈ। ਪ੍ਰੰਤੂ ਇਹਨਾਂ ਗਿਣਿਆਂ-ਮਿਥਿਆਂ ਆਗੂਆਂ ਵਿੱਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉੱਪਰ ਹੈ। ਉਹਨਾਂ ਦੀ ਰਗ-ਰਗ ਵਿੱਚ ਇਨਕਲਾਬ ਦਾ ਜ਼ਜ਼ਬਾ ਸਮਾਇਆ ਹੋਇਆ ਸੀ। ਉਹਨਾਂ ਦੀ ਜਿੰਦਗੀ ਦਾ ਇੱਕੋ ਮਕਸਦ, ਇੱਕੋ ਖਾਹਿਸ਼ ਤੇ ਇੱਕੋ ਉਮੀਦ ਜੋ ਕੁੱਝ ਵੀ ਸੀ ਇਨਕਲਾਬ ਸੀ। ਇਸ ਦੇ ਲਈ ਉਹਨਾਂ ਜ਼ਿੰਦਗੀ ਵਿੱਚ ਪੈਰ ਪਾਇਆ ਤੇ ਅਖੀਰ ਇਸੇ ਲਈ ਹੀ ਦੁਨੀਆਂ ਤੋਂ ਚਲਾਣਾ ਕਰ ਗਏ।

ਲੁੱਟ, ਜ਼ਬਰ ਤੇ ਗੁਲਾਮੀ ਤੋਂ ਮੁਕਤੀ ਵਾਲ਼ੇ ਸਮਾਜ ਦੇ ਜਿਸ ਉਦੇਸ਼ ਲਈ ਕਰਤਾਰ ਸਿੰਘ ਸਰਾਭਾ ਨੇ ਇਨਕਲਾਬ ਦੀ ਮਸ਼ਾਲ ਬਾਲੀ ਸੀ ਉਹ ਉਦੇਸ਼ ਹਾਲੇ ਪੂਰਾ ਨਹੀਂ ਹੋ ਸਕਿਆ ਹੈ। ਅਗਸਤ 1947 ‘ਚ ਭਾਰਤ ਦੀ ਸਰਮਾਏਦਾਰ ਜਮਾਤ ਨੇ ਲੋਕਾਂ ਨਾਲ਼ ਵਿਸਾਹਘਾਤ ਕਰਕੇ ਸਾਮਰਾਜੀਆਂ ਅਤੇ ਜਗੀਰਦਾਰਾਂ ਨਾਲ਼ ਸ਼ਰਮਨਾਕ ਸਮਝੌਤਿਆਂ ਰਾਹੀਂ ਦੇਸ ਦੀ ਸੱਤਾ ਹਾਸਿਲ ਕੀਤੀ ਸੀ। ਅੱਜ ਦੇਸ਼ ਦੇ ਕਰੋੜਾਂ ਕਿਰਤੀ ਲੋਕ ਇਸ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੇ ਜੂਲੇ ਹੇਠ ਪਿਸ ਰਹੇ ਹਨ। ਇਸੇ ਦਾ ਹੀ ਨਤੀਜਾ ਹੈ ਕਿ 1947 ਤੋਂ ਬਾਅਦ ਦੇਸ਼ ਦੇ ਸਰਮਾਏਦਾਰ ਧਨਾਢਾਂ ਦੀ ਦੌਲਤ, ਮੁਨਾਫ਼ੇਖੋਰੀ ਤੇ ਅੱਯਾਸ਼ੀਆਂ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਦੂਜੇ ਪਾਸੇ ਅੱਜ ਦੇਸ ਦੇ ਕਿਰਤੀ ਲੋਕਾਂ ਦੀ ਹਾਲਤ ਏਨੀ ਭੈੜੀ ਹੋ ਚੁੱਕੀ ਹੈ ਕਿ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਕਿਰਤ ਦੀ ਭਿਆਨਕ ਲੁੱਟ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ-ਕੁਪੋਸ਼ਣ, ਅਨਪੜ੍ਹਤਾ, ਪੈਸੇ ਦੀ ਥੁੜ ਕਾਰਨ ਇਲਾਜ ਯੋਗ ਬਿਮਾਰੀਆਂ ਨਾਲ਼ ਵੀ ਮੌਤਾਂ, ਬੁਨਿਆਦੀ ਜਮਹੂਰੀ ਹੱਕਾਂ ਦਾ ਘਾਣ ਜਿਹੀਆਂ ਅਨੇਕ ਭਿਅੰਕਰ ਅਲਾਮਤਾਂ ਦਾ ਸ਼ਿਕਾਰ ਹਨ ਦੇਸ ਦੇ ਕਿਰਤੀ ਲੋਕ। ਅੱਜ ਦੇਸ ਦੇ ਅੱਸੀ ਕਰੋੜ ਲੋਕ 20 ਰੁਪਏ ਪ੍ਰਤੀ ਵਿਅਕਤੀ ਦੀ ਆਮਦਨ ‘ਤੇ ਬੇਹਦ ਹੇਠਲੇ ਪੱਧਰ ਦੀ ਜ਼ਿੰਦਗੀ ਜਿਉਣ ‘ਤੇ ਮਜ਼ਬੂਰ ਹਨ। 40 ਕਰੋੜ ਲੋਕਾਂ ਦੇ ਸਿਰ ‘ਤੇ ਪੱਕੀ ਛੱਤ ਤੱਕ ਨਹੀਂ। 10 ਕੋਰੜ ਬੱਚੇ ਖੇਡਣ-ਪੜ੍ਹਨ ਦੀ ਉਮਰ ਵਿੱਚ ਮਜ਼ਦੂਰੀ ਕਰਨ ‘ਤੇ ਮਜ਼ਬੂਰ ਹਨ। ਜਿਆਦਾਤਰ ਗਰੀਬ ਔਰਤਾਂ ਕੁਪੋਸ਼ਣ ਦਾ ਸ਼ਿਕਾਰ ਹਨ। ਰੋਜਾਨਾ ਕੁਪੋਸ਼ਣ ਦਾ ਸ਼ਿਕਾਰ 9000 ਬੱਚੇ ਦਮ ਤੋੜ ਰਹੇ ਹਨ। ਨੌਜਵਾਨਾਂ ਪੜ੍ਹ-ਲਿਖ ਕੇ ਰੁਜ਼ਗਾਰ ਲਈ ਸੜਕਾਂ ‘ਤੇ ਰੁਲ ਰਹੇ ਹਨ। ਅੱਜ ਦੀਆਂ ਸਰਕਾਰਾਂ ਪੂਰੀ ਤਰ੍ਹਾਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਸੇਵਾ ਵਿੱਚ ਲੱਗੀਆਂ ਹੋਈਆਂ ਹਨ ਤੇ ਲੋਕਾਂ ਦੀ ਖੂਨ ਪਸੀਨੇ ਦੀ ਮਿਹਨਤ ਨੂੰ ਲੁੱਟਣ ਤੇ ਇਸ ਲੁੱਟ ਖਿਲਾਫ਼ ਬੋਲਣ ਵਾਲਿਆਂ ਕੁੱਟਣ ਦਾ ਕੰਮ ਬਾਖੂਬੀ ਕਰ ਰਹੀਆਂ ਹਨ। ਸਰਕਾਰਾਂ ਨੇ ਲੋਕਾਂ ਨੂੰ ਕਿਸੇ ਹੱਦ ਤੱਕ ਰਾਹਤ ਪ੍ਰਦਾਨ ਕਰ ਰਹੀਆਂ ਲੋਕਾਂ ਨੂੰ ਸਸਤੀਆਂ ਮੁਹੱਈਆਂ ਕੀਤੀਆਂ ਗਈਆਂ ਭੋਜਨ, ਇਲਾਜ, ਬਿਜਲੀ, ਪਾਣੀ, ਆਵਾਜਾਈ ਆਦਿ ਸਰਕਾਰੀ ਸੁਵਿਧਾਵਾਂ ਵੱਡੇ ਪੱਧਰ ‘ਤੇ ਖੋਹ ਲਈਆਂ ਹਨ ਤੇ ਇਹਨਾਂ ਖੇਤਰਾਂ ਦਾ ਨਿੱਜੀਕਰਨ ਕਰਕੇ ਇਹਨਾਂ ਨੂੰ ਸਰਮਏਦਾਰਾਂ ਦੇ ਮੁਨਾਫ਼ੇ ਕਮਾਉਣ ਲਈ ਛੱਡ ਦਿੱਤਾ ਹੈ। ਲੋਕਾਂ ਨੂੰ ਧਰਮਾਂ, ਜਾਤਾਂ ਤੇ ਖੇਤਰ ਆਦਿ ਦੇ ਨਾਮ ‘ਤੇ ਵੰਡਿਆ ਜਾ ਰਿਹਾ ਹੈ। ਦੇਸ਼ ਭਰ ਵਿੱਚ ਫ਼ਿਰਕੂ ਕਹਿਰ ਦੀ ਹਨੇਰੀ ਤੇਜ ਹੋ ਰਹੀ ਹੈ।

ਸ਼ਹੀਦ ਕਰਤਾਰ ਸਿੰਘ ਸਰਾਭੇ ਨੇ ਆਪਣੇ ਸਮੇਂ ਦੇ ਲੋਕ ਦੁਸ਼ਮਣਾਂ ਦੀ ਪਛਾਣ ਕੀਤੀ ਤੇ ਉਨ੍ਹਾਂ ਖਿਲਾਫ਼ ਬੇਕਿਰਕ ਘੋਲ ਦਾ ਝੰਡਾ ਬੁਲੰਦ ਕੀਤਾ। ਅਦਾਲਤ ਸਾਹਮਣੇ ਆਪਣੇ ਇੱਕ ਬਿਆਨ ਵਿੱਚ ਉਹਨਾਂ ਆਉਣ ਵਾਲ਼ੀਆਂ ਪੀੜ੍ਹੀਆਂ ਪ੍ਰਤੀ ਉਮੀਦ ਜਤਾਉਂਦੇ ਕਿਹਾ ਸੀ ਕਿ, ਅਸੀਂ ਡੰਡੇ ਦੀ ਚੋਟ ਨਾਲ਼ ਇਸ ਦੇਸ਼ ਦੇ ਸਾਮਰਾਜੀ ਹੁਕਮਰਾਨਾਂ ਦੀ ਤਾਕਤ ਨੂੰ ਬਗਾਵਤ ਦੀ ਚੁਣੌਤੀ ਦਿੱਤੀ ਹੈ ਤੇ ਸਾਨੂੰ ਆਪਣੀ ਇਸ ਕੋਸ਼ਿਸ਼ ਉੱਤੇ ਮਾਣ ਹੈ। ਤ੍ਰਅਸੀ ਇੱਕ ਅਜਿਹੀ ਜੋਤ ਜਗਾ ਚੱਲੇ ਹਾਂ ਜੋ ਕਦੇ ਨਹੀਂ ਬੁਝੇਗੀ। ਅੱਜ ਜਿੱਥੇ ਦੇਸ਼ ਦੇ ਕਿਰਤੀਆਂ ਦੀ ਬਦਹਾਲੀ, ਗਰੀਬੀ ਤੇ ਬੇਵਸੀ ਸੰਵੇਦਨਸ਼ੀਲ ਤੇ ਬਹਾਦਰ ਨੌਜਵਾਨਾਂ ਦੇ ਦਿਲਾਂ ਨੂੰ ਵਲੂੰਧਰਦੀ ਹੋਈ ਉਹਨਾਂ ਅੰਦਰ ਇਸ ਗਲ-ਸੜ ਚੁੱਕੇ ਨਿਜ਼ਾਮ ਖਿਲਾਫ਼ ਨਫ਼ਰਤ ਪੈਦਾ ਕਰ ਰਹੀ ਹੈ ਉੱਥੇ ਕਰਤਾਰ ਸਿੰਘ ਸਰਾਭਾ ਵਰਗੇ ਸ਼ਹੀਦਾਂ ਵੱਲੋਂ ਜਗਾਈ ਜੋਤ ਉਹਨਾਂ ਨੌਜਵਾਨਾਂ ਨੂੰ ਇਸ ਲੁਟੇਰੇ ਢਾਂਚੇ ਨੂੰ ਜੜੋਂ ਉਖਾੜਨ ਦੀ ਲੜਾਈ ਵਿੱਚ ਸ਼ਾਮਲ ਹੋਣ ਲਈ ਵੰਗਾਰ ਵੀ ਰਹੀ ਹੈ। ਸਾਡੇ ਸੂਰਬੀਰਾਂ ਨੂੰ ਸੱਚੀ ਸਰਧਾਜ਼ਲੀ ਇਹੋ ਹੋ ਸਕਦੀ ਹੈ ਕਿ ਅਸੀਂ ਉਹਨਾਂ ਦੇ ਰਾਹ ‘ਤੇ ਚੱਲੀਏ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ ਦੀ ਉਸਾਰੀ ਕਰਨ ਲਈ ਅੱਗੇ ਆਈਏ। ਅੱਜ ਸਾਡੇ ਸਾਹਮਣੇ ਜਿਉਣ ਦੇ ਦੋ ਰਾਹ ਹਨ, ਪਹਿਲਾ ਮੌਜੂਦਾ ਲੁੱਟ ਤੇ ਗੁਲਾਮੀ ਨੂੰ ਪ੍ਰਵਾਨ ਕਰਦਿਆਂ ਰੀਂਗਦੇ ਹੋਏ ਜਿਉਣਾ ਤੇ ਦੂਜਾ ਇਸ ਲੁੱਟ ਤੇ ਗੁਲਾਮੀ ਦੇ ਖਾਤਮੇ ਲਈ ਲੜਦੇ ਹੋਏ ਅਣਖ ਨਾਲ਼ ਜਿਉਣਾ ਤੇ ਸ਼ਾਨ ਦੀ ਮੌਤ ਮਰਨਾ। ਸਾਡੇ ਸ਼ਹੀਦਾਂ ਨੇ ਸਾਨੂੰ ਦੂਜਾ ਰਾਹ ਵਿਖਾਇਆ ਹੈ ਹੁਣ ਅਸੀਂ ਚੋਣ ਕਰਨੀ ਹੈ ਕਿ ਅਸੀਂ ਕਿਹੜਾ ਰਾਹ ਚੁਣਨਾ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**

# ਖਤਰੇ 'ਚ ਲੋਕਤੰਤਰ ਦਾ ਚੌਥਾ ਥੰਮ੍ਹ

**-ਸ਼ਿਵ ਇੰਦਰ ਸਿੰਘ**

ਲੋਕਤੰਤਰ ਦਾ ਚੌਥਾ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਸਹੀ ਸੂਚਨਾ ਤਾਂ ਲੋਕਾਂ ਤੱਕ ਪਹੁੰਚਾਵੇ ਹੀ ਸਗੋਂ ਸਰਕਾਰ ਨੂੰ ਉਸਦੀ ਜਵਾਬਦੇਹੀ ਦਾ ਅਹਿਸਾਸ ਵੀ ਕਰਾਉਂਦਾ ਰਹੇ। ਕਾਰਪੋਰੇਟ ਗਲਬੇ ਵਾਲਾ ਮੁਲਕ ਦਾ ਮੀਡੀਆ ਆਪਣੀ ਬਣਦੀ ਡਿਊਟੀ ਤੋਂ ਬਿਲਕੁਲ ਉਲਟ ਸਰਕਾਰ ਦੀ 'ਕੀਰਤਨ ਮੰਡਲੀ' ਬਣ ਕੇ ਰਹਿ ਗਿਆ ਹੈ। ਪਿੱਛੇ ਜਿਹੇ 'ਕੋਬਰਾ ਪੋਸਟ ਦੁਆਰਾ ਕੀਤਾ ਸਟਿੰਗ ਅਪਰੇਸ਼ਨ ਭਾਰਤੀ ਮੀਡੀਏ ਦੀ ਮੌਜੂਦਾ ਹਾਲਤ ਨੂੰ ਭਲੀਭਾਂਤ ਦਰਸਾਉਂਦਾ ਹੈ। ਸੱਤਾਧਾਰੀਆਂ ਤੇ ਉਸਦੇ ਹਮਾਇਤੀਆਂ ਦੁਆਰਾ ਮੀਡੀਆ ਘਰਾਣਿਆਂ ਨੂੰ ਕੰਟਰੋਲ ਕਰਕੇ ਪੱਤਰਕਾਰੀ ਦਾ ਗਲਾ ਘੁੱਟਣ, ਪੱਤਰਕਾਰਾਂ ਨੂੰ ਨਿਰਪੱਖ ਪੱਤਰਕਾਰੀ ਕਾਰਨ ਨੌਕਰੀ ਤੋਂ ਹੱਥ ਧੋਣ ਤੋਂ ਲੈ ਕੇ ਝੂਠੇ ਕੇਸਾਂ 'ਚ ਉਲਝਾਉਣ, ਧਮਕੀਆਂ ਮਿਲਣਾ ਤੇ ਕਤਲ ਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਹੁਣ 18 ਅਪਰੈਲ ਨੂੰ ਆਈ ਇੱਕ ਕੌਮਾਂਤਰੀ ਸੰਸਥਾ ਦੀ ਰਿਪੋਰਟ ਹੋਰ ਵੀ ਪਰੇਸ਼ਾਨ ਕਰਨ ਵਾਲੀ ਹੈ।

ਪੈਰਿਸ ਸਥਿਤ ਗ਼ੈਰ-ਲਾਭਕਾਰੀ ਸੰਸਥਾ 'ਰਿਪੋਰਟਰਸ ਵਿਦਆਊਟ ਬਾਰਡਰਸ' ਜਿਸ ਦਾ ਕੰਮ ਦੁਨੀਆ 'ਚ ਮੀਡੀਆ ਦੀ ਆਜ਼ਾਦੀ ਬਾਰੇ ਅੰਕੜੇ ਇਕੱਠੇ ਕਰਨਾ ਤੇ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਰਿਕਾਰਡ ਰੱਖਣਾ ਹੈ, ਦੀ ਸਲਾਨਾ ਰਿਪੋਰਟ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ 180 ਮੁਲਕਾਂ 'ਚੋਂ 140 ਵੇਂ ਨੰਬਰ 'ਤੇ ਆ ਗਿਆ ਹੈ। ਪਿਛਲੇ ਸਾਲ ਭਾਰਤ ਦਾ ਨੰਬਰ 138 ਸੀ। ਪਿਛਲੇ 2 ਸਾਲਾਂ 'ਚ ਭਾਰਤ ਚਾਰ ਡੰਡੇ ਥੱਲੇ ਗਿਆ ਹੈ। ਇਸੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੇਸ਼ 'ਚ ਹੋ ਰਹੀਆਂ ਲੋਕ ਸਭਾ ਚੋਣਾਂ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਦੌਰ ਹਨ। ਸਾਲ 2018 'ਚ 6 ਪੱਤਰਕਾਰਾਂ ਨੂੰ ਆਪਣੀ ਜਾਨ ਪੱਤਰਕਾਰੀ ਦੌਰਾਨ ਗਵਾਉਣੀ ਪਈ। ਰਿਪੋਰਟ ਅੱਗੇ ਦੱਸਦੀ ਹੈ ਕਿ ਪੱਤਰਕਾਰਾਂ ਖਿਲਾਫ ਹੁੰਦੀ ਹਿੰਸਾ 'ਚ ਨਕਸਲੀ ਹਿੰਸਾ, ਪੁਲਿਸ ਹਿੰਸਾ, ਸਿਆਸੀ ਬਦਲਾਖੋਰੀ ਤੇ ਅਪਰਾਧ ਜਗਤ ਦੀ ਹਿੰਸਾ ਸ਼ਾਮਲ ਹੈ। ਪੇਂਡੂ ਖੇਤਰਾਂ 'ਚ ਸਥਾਨਕ ਭਾਸ਼ਾਵਾਂ 'ਚ ਕੰਮ ਕਰਨ ਵਾਲੇ ਪੱਤਰਕਾਰ ਵਧੇਰੇ ਹਿੰਸਾ ਦਾ ਸ਼ਿਕਾਰ ਹੁੰਦੇ ਹਨ। ਸੱਤਾਧਾਰੀ ਭਾਜਪਾ ਸਮਰਥਕਾਂ ਵੱਲੋਂ ਕੀਤੇ ਹਮਲਿਆਂ 'ਚ ਵਾਧਾ ਹੋਇਆ ਹੈ। ਹਿੰਦੂਤਵੀਆਂ ਵਲੋਂ ਉਹਨਾਂ ਖ਼ਿਲਾਫ਼ ਲਿਖਣ ਬੋਲਣ ਵਾਲੇ ਪੱਤਰਕਾਰਾਂ ਨਾਲ ਸੋਸ਼ਲ ਮੀਡੀਆ 'ਤੇ ਗਾਲੀ-ਗਲੋਚ ਆਮ ਵਰਤਾਰਾ ਬਣ ਗਿਆ ਹੈ ।

ਭਾਰਤ 'ਚ ਮੀਡੀਆ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਨੂੰ ਉਜਾਗਰ ਕਰਨ ਵਾਲੀ ਇਹ ਕੋਈ ਪਹਿਲੀ ਰਿਪੋਰਟ ਨਹੀਂ। ਦੁਨੀਆ ਭਰ 'ਚ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਦਾ ਵੇਰਵਾ ਰੱਖਣ ਵਾਲੀ ਸੰਸਥਾ ਸੀ.ਪੀ.ਜੇ. (ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ) ਦਾ ਕਹਿਣਾ ਹੈ ਕਿ ਭਾਰਤ 'ਚ 80 ਫ਼ੀਸਦੀ ਹਮਲਿਆਂ ਦਾ ਸ਼ਿਕਾਰ ਉਹ ਪੱਤਰਕਾਰ ਹੁੰਦੇ ਹਨ ਜੋ ਰਾਜਨੀਤੀ ਦੇ ਖੇਤਰ ਨੂੰ ਕਵਰ ਕਰਦੇ ਹਨ (ਪੋਲੀਟੀਕਲ ਬੀਟ)। ਇਹ ਖੇਤਰ ਭਾਰਤ 'ਚ ਸੱਚਮੁੱਚ ਖ਼ਤਰਨਾਕ ਹੈ। ਪੱਤਰਕਾਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਸੰਸਥਾ 'ਕਾਜ' (ਕਮੇਟੀ ਅਗੇਂਸਟ ਅਸਾਲਟ ਆਨ ਜਰਨਲਿਸਟਸ), ਜਿਸਦਾ ਪੰਜਾਬ ਤੇ ਹਰਿਆਣਾ ਦਾ ਨਿਗਰਾਨ ਇਸ ਲੇਖ ਦਾ ਲੇਖਕ ਹੈ, ਨੇ 2010 ਤੋਂ 2018 ਤੱਕ ਪੱਤਰਕਾਰਾਂ 'ਤੇ ਹੋਏ ਹਮਲਿਆਂ ਬਾਬਤ ਇੱਕ ਖੋਜ ਰਿਪੋਰਟ ਪ੍ਰਕਾਸ਼ਤ ਕੀਤੀ ਹੈ; ਜੋ ਹੋਰ ਵੀ ਹੈਰਾਨੀਜਨਕ ਤੱਥ ਪੇਸ਼ ਕਰਦੀ ਹੈ ।

'ਕਾਜ' ਦੀ ਰਿਪੋਰਟ ਦੱਸਦੀ ਹੈ ਕਿ ਆਦਿਵਾਸੀ ਇਲਾਕੇ, ਕਸ਼ਮੀਰ ਤੇ ਉਤਰ -ਪੂਰਬ 'ਚ ਪੱਤਰਕਾਰੀ ਕਰਨਾ ਬੜਾ ਚੁਣੌਤੀ ਭਰਿਆ ਕਾਰਜ ਹੈ। ਸੁਤੰਤਰ ਪੱਤਰਕਾਰਾਂ ਤੇ ਸਟਿੰਗਰਾਂ ਲਈ ਵੱਡੀ ਸਮੱਸਿਆ ਇਹ ਖੜੀ ਹੋ ਜਾਂਦੀ ਹੈ ਕਿ ਲੋੜ ਪੈਣ 'ਤੇ ਉਹਨਾਂ ਦੇ ਮੀਡੀਆ ਅਦਾਰੇ ਸਾਥ ਨਹੀਂ ਦਿੰਦੇ। ਇਹ ਸੰਸਥਾ ਆਪਣੀ ਰਿਪੋਰਟ 'ਚ ਖੁਲਾਸਾ ਕਰਦੀ ਹੈ ਕਿ ਪ੍ਰੈੱਸ ਦੀ ਆਜ਼ਾਦੀ ਨੂੰ ਮੁੱਖ ਤੌਰ 'ਤੇ ਹੇਠ ਲਿਖੇ ਢੰਗਾਂ ਰਾਹੀਂ ਕੁਚਲਿਆ ਜਾਂਦਾ ਹੈ -ਪੱਤਰਕਾਰਾਂ ਦੇ ਕਤਲ, ਮੀਡੀਆ ਅਦਾਰਿਆਂ 'ਤੇ ਨਿਗਰਾਨੀ ਜਾਂ ਸੈਂਸਰਸ਼ਿਪ, ਟ੍ਰੋਲ ਹਮਲੇ, ਧਮਕੀਆਂ, ਫਰਜ਼ੀ ਮੁਕਦਮੇ ਤੇ ਮਾਣਹਾਨੀ ਦੇ ਕੇਸ

**ਕਤਲ** :- ਪੱਤਰਕਾਰੀ ਦੌਰਾਨ ਸਭ ਤੋਂ ਵੱਡਾ ਖ਼ਤਰਾ ਪੱਤਰਕਾਰ ਲਈ ਉਸਦੀ ਜਾਨ ਜਾਣ ਦਾ ਬਣਿਆ ਰਹਿੰਦਾ ਹੈ। 'ਕਾਜ' ਦੀ ਰਿਪੋਰਟ ਅਨੁਸਾਰ 2011 ਤੋਂ 2018 ਤੱਕ ਪੱਤਰਕਾਰੀ ਦੌਰਾਨ 35 ਪੱਤਰਕਾਰਾਂ ਦੇ ਕਤਲ ਹੋਏ ਜਿਨ੍ਹਾਂ 'ਚੋਂ 23 ਕਤਲ ਮੋਦੀ ਹਕੂਮਤ ਦੇ ਸਮੇਂ ਹੋਏ ਹਨ। ਬਹੁਤੇ ਕਤਲਾਂ ਦੇ ਦੋਸ਼ੀ ਹਾਲੇ ਤੱਕ ਫੜੇ ਨਹੀਂ ਗਏ। ਕਤਲ ਹੋਏ ਪੱਤਰਕਾਰ ਸਿਆਸੀ ਖੇਤਰ ਕਵਰ ਕਰਨ ਵਾਲੇ, ਸਿਆਸੀ ਬਦਲਾਖੋਰੀ ਦੇ ਚਲਦੇ ਤੇ ਹਿੰਦੂਤਵੀਆਂ ਦੁਆਰਾ ਕੀਤੇ ਗਏ ਹਨ। ਮਾਰੇ ਗਏ ਪੱਤਰਕਾਰਾਂ 'ਚ ਚਰਚਿਤ ਨਾਮ ਹਨ-ਨਰਿੰਦਰ ਦਾਭੋਲਕਰ, ਹੇਮੰਤ ਯਾਦਵ, ਰਾਜਦੇਵ ਰੰਜਨ, ਗੌਰੀ ਲੰਕੇਸ਼, ਨਵੀਨ ਗੁਪਤਾ ਤੇ ਸ਼ੁਜਾਤ ਬੁਖ਼ਾਰੀ ।

**ਮੀਡੀਆ ਅਦਾਰਿਆਂ 'ਤੇ ਸੈਂਸਰਸ਼ਿਪ ਜਾਂ ਨਿਗਰਾਨੀ** :- ਭਾਵੇਂ ਕਿ ਇਹ ਕੋਈ ਨਵਾਂ ਵਰਤਾਰਾ ਨਹੀਂ ਪਰ ਪਿਛਲੇ ਪੰਜਾਂ ਸਾਲਾਂ ਵਧਿਆ-ਫੁਲਿਆ ਹੈ। ਸੱਤਾਧਾਰੀ ਧਿਰ ਵੱਲੋਂ ਮੀਡੀਆ ਅਦਾਰਿਆਂ ਨੂੰ ਕੰਟਰੋਲ ਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਟੀ ਵੀ ਪੱਤਰਕਾਰ ਪੂਨਯ ਪ੍ਰਸੂਨ ਵਾਜਪਈ ਦੀ ਮੰਨੀਏ ਤਾਂ ਭਾਜਪਾ ਨੇ 200 ਦੇ ਕਰੀਬ ਬੰਦੇ ਤਾਂ ਇਸੇ ਕੰਮ ਲਈ ਲਗਾਏ ਹਨ ਕਿ ਕੌਮੀ ਚੈਨਲ ਕੀ ਪ੍ਰਸਾਰਿਤ ਕਰਦੇ ਹਨ। ਮੀਡੀਆ ਅਦਾਰਿਆਂ 'ਤੇ ਦਬਾਅ ਪਾ ਕੇ ਸਰਕਾਰ ਦੇ ਕੰਮਾਂ 'ਤੇ ਸਵਾਲ ਚੁੱਕਣ ਵਾਲੇ ਪੱਤਰਕਾਰਾਂ ਤੇ ਸੰਪਾਦਕਾਂ ਨੂੰ ਨੌਕਰੀ ਤੋਂ ਲਾਂਭੇ ਕੀਤਾ ਜਾ ਰਿਹਾ ਹੈ। ਉੱਘੇ ਪੱਤਰਕਾਰ ਓਮ ਥਾਨਵੀ ਅਨੁਸਾਰ 'ਅਸੀਂ ਸੈਂਸਰਸ਼ਿਪ ਦੇ ਨਾਮ' ਤੇ ਸਿਰਫ ਐਮਰਜੈਂਸੀ ਨੂੰ ਹੀ ਜਾਣਦੇ ਹਾਂ ਪਰ ਇਹ ਬਹੁਤ ਪੁਰਾਣੀ ਗੱਲ ਹੋ ਚੁੱਕੀ ਹੈ। ਹੁਣ ਸਰਕਾਰ ਐਮਰਜੈਂਸੀ ਵਰਗੀ ਨਾਦਾਨੀ ਨਹੀਂ ਕਰੇਗੀ। ਅੱਜ ਸਰਕਾਰ ਕਾਨੂੰਨ ਦੀ ਉਲੰਘਣਾ ਆਜ਼ਾਦੀ ਨੂੰ ਦਬਾਅ ਕੇ ਨਹੀਂ ਸਗੋਂ ਅਜਿਹਾ ਮਾਹੌਲ ਬਣਾ ਕੇ ਕਰੇਗੀ ਜਿਸ 'ਚ ਪੱਤਰਕਾਰ ਖੁੱਲ੍ਹ ਕੇ ਲਿਖ ਬੋਲ ਹੀ ਨਾ ਸਕਣ। ਅੱਜ ਸੈਂਸਰਸ਼ਿਪ ਮੀਡੀਆ ਮੈਨੇਜਮੈਂਟ ਬਣ ਚੁੱਕੀ ਹੈ।'

**ਫਰਜ਼ੀ ਮੁਕੱਦਮੇਂ ਤੇ ਮਾਣਹਾਨੀ ਦੇ ਕੇਸ**:- ਪੱਤਰਕਾਰਾਂ ਦੀ ਜ਼ੁਬਾਨਬੰਦੀ ਲਈ ਇਹ ਇੱਕ ਕਾਰਗਰ ਹਥਿਆਰ ਸਾਬਤ ਹੋ ਰਿਹਾ ਹੈ ਕਿਉਂਕਿ ਅਜਿਹੇ ਮਾਮਲਿਆਂ 'ਚ ਬਹੁਤੀ ਵਾਰ ਪੱਤਰਕਾਰ ਇਕੱਲਾ ਪੈ ਜਾਂਦਾ ਹੈ। ਅਦਾਰਾ ਉਸਦੇ ਨਾਲ ਨਹੀਂ ਖੜ੍ਹਦਾ। ਸੁਤੰਤਰ ਪੱਤਰਕਾਰ ਨਾਲ ਇਸ ਤੋਂ ਵੀ ਬੁਰੀ ਬਣਦੀ ਹੈ। ਖੋਜ ਰਿਪੋਰਟ ਅਨੁਸਾਰ 2011 ਤੋਂ 2018 ਤੱਕ ਫਰਜ਼ੀ ਮੁਕੱਦਮੇ ਤੇ ਮਾਣਹਾਨੀ ਦੇ ਕੁੱਲ 109 ਮਾਮਲੇ ਸਾਹਮਣੇ ਆਏ; 95 ਮਾਮਲੇ ਇਹਨਾਂ ਪੰਜਾਂ ਸਾਲਾਂ ਦੇ ਹਨ। ਸਭ ਤੋਂ ਵਧੇਰੇ ਮਾਮਲੇ ਆਦਿਵਾਸੀ ਇਲਾਕੇ ਤੋਂ 78 ਹਨ। ਇਹਨਾਂ 'ਚੋਂ ਬਹੁਤੇ ਮਾਮਲੇ ਵਿਚਾਰ ਅਧੀਨ ਹਨ। ਕੁਝ ਮਾਮਲਿਆਂ 'ਚ ਪੱਤਰਕਾਰ ਸਜ਼ਾ ਕੱਟ ਵੀ ਆਏ ਹਨ ਤੇ ਕੁਝ ਸਜ਼ਾ ਦੀ ਉਡੀਕ 'ਚ ਹਨ। ਦਰਜ ਮਾਮਲਿਆਂ 'ਚ 'ਰਾਜ ਧ੍ਰੋਹ' ਦੇ ਵੀ ਹਨ। ਇਹਨਾਂ ਮਾਮਲਿਆਂ 'ਚ ਕਿੰਨੀ




ਕੁ ਸਚਾਈ ਹੈ ਇਸਦਾ ਪਤਾ ਕੁਝ ਉਦਹਾਰਣਾਂ ਤੋਂ ਲੱਗ ਜਾਵੇਗਾ; 'ਰਾਜ ਧ੍ਰੋਹ' ਦੇ ਮੁਕਦਮੇ ਦਾ ਸਾਹਮਣਾ ਕਰਨ ਵਾਲੇ ਵਿਨੋਦ ਕੁਮਾਰ ਦਾ ਦੋਸ਼ ਸਿਰਫ ਇੰਨਾ ਸੀ ਕਿ ਉਸਨੇ ਫੇਸਬੁੱਕ ਤੇ 'ਪੱਥਰਗੜ੍ਹੀ' ਬਾਰੇ ਦੋ ਸਤਰਾਂ ਲਿਖ ਦਿੱਤੀਆਂ। ਦੋ ਸਾਲ ਜੇਲ੍ਹ ਰਹਿ ਚੁਕੇ ਪੱਤਰਕਾਰ ਸੰਤੋਸ਼ ਯਾਦਵ ਦਾ ਕਸੂਰ ਇਹ ਸੀ ਕਿ ਉਸਨੇ ਦਿੱਲੀ ਤੋਂ ਆਏ ਪੱਤਰਕਾਰਾਂ ਦੀ ਖ਼ਬਰ 'ਚ ਮਦਦ ਕੀਤੀ ਸੀ। ਉਸ 'ਤੇ ਮਾਓਵਾਦੀਆਂ ਨਾਲ ਮਿਲੇ ਹੋਣ ਦਾ ਦੋਸ਼ ਲਾ ਦਿੱਤਾ ਗਿਆ। ਲਿੰਗਰਾਮ ਕੋੜੇਪੀ ਨੇ ਜਦੋਂ 'ਅਪਰੇਸ਼ਨ ਗ੍ਰੀਨ ਹੰਟ' ਦਾ ਸੱਚ ਸਾਹਮਣੇ ਲਿਆਂਦਾ ਤਾਂ ਉਹ 'ਰਾਜ ਧ੍ਰੋਹੀ' ਹੋ ਗਿਆ। ਕਸ਼ਮੀਰ ਦਾ ਸੁਤੰਤਰ ਫੋਟੋਗ੍ਰਾਫਰ ਕਾਮਰਾਨ ਯੂਸਫ਼ ਪੱਥਰਬਾਜ਼ੀ ਦੇ ਦੋਸ਼ 'ਚ ਜੇਲ੍ਹ ਡੱਕ ਦਿੱਤਾ ਗਿਆ। ਫਰਾਂਸ ਦੇ ਇੱਕ ਫਿਲਮ ਮੇਕਰ ਨੂੰ ਇਸ ਲਈ ਫੜ ਲਿਆ ਕਿਉਂਕਿ ਉਹ ਪ੍ਰਦਰਸ਼ਨਕਾਰੀਆਂ 'ਤੇ ਪੈਲੇਟਗੰਨ ਚਲਾਏ ਜਾਣ ਨੂੰ ਸ਼ੂਟ ਕਰ ਰਿਹਾ ਸੀ।

ਇਸ ਮਾਮਲੇ 'ਚ ਸੁਤੰਤਰ ਢੰਗ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੀਡੀਆ ਅਦਾਰਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। 2016 'ਚ ਜਦੋਂ ਆਰ. ਐੱਸ. ਐੱਸ. ਦੁਆਰਾ ਆਦਿਵਾਸੀ ਬੱਚੀਆਂ ਦੀ ਤਸਕਰੀ ਬਾਰੇ ਨੇਹਾ ਦੀਕਸ਼ਤ ਦੀ ਸਟੋਰੀ 'ਆਊਟ ਲੁੱਕ' ਨੇ ਛਾਪੀ ਤਾਂ ਗੁਹਾਟੀ ਹਾਈਕੋਰਟ 'ਚ ਭਾਰਤ ਸਰਕਾਰ ਦੇ ਸਹਾਇਕ ਸਾਲਿਸਟਰ ਜਨਰਲ ਐੱਸ.ਸੀ. ਕੋਇਲ ਤੇ ਭਾਜਪਾ ਬੁਲਾਰੇ ਬਿਜਨ ਮਹਾਜਨ ਨੇ 'ਆਊਟ ਲੁੱਕ' ਦੇ ਸੰਪਾਦਕ, ਪ੍ਰਕਾਸ਼ਕ ਤੇ ਪੱਤਰਕਾਰ ਨੇਹਾ ਦੀਕਸ਼ਤ ਖ਼ਿਲਾਫ਼ ਅਪਰਾਧਕ ਸ਼ਿਕਾਇਤ ਦਰਜ ਕਰਾ ਦਿੱਤੀ। ਖ਼ਬਰੀ ਵੈਬਸਾਈਟ 'ਦ ਵਾਇਰ' 2017 'ਚ ਅਮਿਤ ਸ਼ਾਹ ਦੇ ਪੁੱਤਰ ਜੈ ਸ਼ਾਹ ਦੀ ਜਾਇਦਾਦ 'ਚ 2014 ਤੋਂ ਬਾਅਦ ਹੋਏ ਬੇਹਿਸਾਬੇ ਵਾਧੇ ਬਾਰੇ ਇੱਕ ਲੇਖ ਪ੍ਰਕਾਸ਼ਤ ਕਰਦੀ ਹੈ ਤਾਂ ਸਾਈਟ ਦੇ ਸੰਪਾਦਕੀ ਮੰਡਲ ਤੇ ਲੇਖਿਕਾ ਖਿਲਾਫ ਮਾਣਹਾਨੀ ਦਾ ਮਾਮਲਾ ਦਰਜ ਹੋ ਜਾਂਦਾ ਹੈ। ਰਾਫੇਲ ਮਾਮਲੇ 'ਤੇ ਸਟੋਰੀ ਦਿਖਾਉਣ ਤੇ ਪ੍ਰਕਾਸ਼ਿਤ ਕਰਨ ਕਰਕੇ ਅੰਬਾਨੀ ਦਾ ਰਿਲਾਇੰਸ ਗਰੁੱਪ ਐੱਨ.ਡੀ..ਟੀ .ਵੀ . 'ਤੇ 10 ਹਜ਼ਾਰ ਕਰੋੜ, ਵੈਬਸਾਈਟ 'ਦ ਸਿਟੀਜਨ' 'ਤੇ 7 ਹਜ਼ਾਰ ਕਰੋੜ ਤੇ 'ਦ ਵਾਇਰ' 'ਤੇ 6 ਹਜ਼ਾਰ ਕਰੋੜ ਦਾ ਮਾਣਹਾਨੀ ਦਾ ਮੁਕੱਦਮਾ ਕਰਦਾ ਹੈ।

**ਹਮਲੇ ਤੇ ਧਮਕੀਆਂ**:- ਪੱਤਰਕਾਰਾਂ ਨੂੰ ਮਿਲਦੀਆਂ ਧਮਕੀਆਂ ਤੇ ਹਮਲਿਆਂ ਦੇ ਮੁੱਖ ਕਾਰਨ ਜੋ ਪਾਏ ਗਏ ਹਨ ਉਹ ਨੇ ਰਾਜਨੇਤਾਵਾਂ/ਸਰਕਾਰਾਂ ਵਿਰੁੱਧ ਲਿਖਣਾ, ਸਰਕਾਰੀ ਕਾਨੂੰਨਾਂ ਦੇ ਹੁੰਦੇ ਦੁਰਪ੍ਰਯੋਗ ਬਾਰੇ ਲਿਖਣਾ, ਦਮਨਕਾਰੀ ਕਾਨੂੰਨਾਂ ਦਾ ਵਿਰੋਧ ਕਰਨਾ, ਵਿਚਾਰਧਾਰਕ ਵਖਰੇਵਾਂ ਤੇ ਕੱਟੜਵਾਦੀਆਂ ਦੁਆਰਾ ਹੁੰਦੇ ਹਮਲੇ ਹਨ। ਮੋਦੀ ਸਰਕਾਰ 'ਚ ਇਹਨਾਂ 'ਚ ਵਾਧਾ ਹੋਇਆ ਹੈ। 2010 ਤੋਂ 2018 ਤੱਕ 230 ਮਾਮਲੇ ਧਮਕੀਆਂ ਤੇ ਹਮਲਿਆਂ ਦੇ ਸਾਹਮਣੇ ਆਏ ਹਨ ਜਿਨ੍ਹਾਂ 'ਚੋਂ 125 ਮੋਦੀ ਹਕੂਮਤ ਦੇ ਸਮੇਂ ਦੇ ਹਨ। ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਨੂੰ ਸਹੀ ਠਹਿਰਾਉਣ ਵਾਲਿਆਂ ਨੂੰ ਪ੍ਰਧਾਨ ਮੰਤਰੀ ਸੋਸ਼ਲ ਮੀਡੀਆ ਦੇ ਖੁਦ 'ਫਾਲੋ' ਕਰਦੇ ਹਨ। ਭਾਜਪਾ ਦੇ ਚੋਟੀ ਦੇ ਨੇਤਾ ਗੌਰੀ ਲੰਕੇਸ਼ ਦੇ ਕਤਲ ਨੂੰ ਸ਼ਰੇਆਮ ਸਹੀ ਠਹਿਰਾਉਣ ਵਾਲੇ ਬਿਆਨ ਦਿੰਦੇ ਰਹੇ ਹਨ। ਗਾਲੀ-ਗਲੋਚ ਲਈ ਬਦਨਾਮ ਭਾਜਪਾ ਦੇ ਸੋਸ਼ਲ ਮੀਡੀਆ ਕਾਰਕੁੰਨਾਂ ਨੂੰ ਪਾਰਟੀ ਪ੍ਰਧਾਨ ਅਮਿਤ ਸ਼ਾਹ 'ਜਾਂਬਾਜ਼ ਸਿਪਾਹੀ' ਦਾ ਖਿਤਾਬ ਦਿੰਦਾ ਹੈ। ਅਜਿਹੇ ਟ੍ਰੋਲ ਹਮਲਿਆਂ ਤੋਂ ਪੀੜਤ ਤੇ ਧਮਕੀਆਂ ਦਾ ਸਾਹਮਣਾ ਕਰ ਰਹੇ ਟੀ.ਵੀ. ਪੱਤਰਕਾਰ ਰਵੀਸ਼ ਕੁਮਾਰ ਦਾ ਕਹਿਣਾ ਹੈ, 'ਮੋਦੀ ਰਾਜ ਵਿਚ ਟ੍ਰੋਲ ਦਾ ਸਮਾਜੀਕਰਨ ਹੋਇਆ ਹੈ। ਭਾਰਤ ਦਾ ਏਨਾ ਕਮਜ਼ੋਰ ਪ੍ਰਧਾਨ ਮੰਤਰੀ ਕਦੇ ਨਹੀਂ ਸੀ ਦੇਖਿਆ ਜਿਸਨੇ ਆਪਣੇ ਬਚਾਓ ਲਈ ਹਿੰਸਕ ਭੀੜ ਤਿਆਰ ਕਰ ਲਈ ਹੋਵੇ। ਬੋਲਣਾ ਤੇ ਸਵਾਲ ਕਰਨਾ ਜਿਸਦੇ ਰਾਜ 'ਚ ਅਪਰਾਧ ਬਣ ਗਿਆ ਹੋਵੇ'।

ਇਹਨਾਂ ਮਾਮਲਿਆਂ 'ਚ ਔਰਤ ਪੱਤਰਕਾਰਾਂ ਨਾਲ ਹੋਰ ਵੀ ਭੱਦਾ ਸਲੂਕ ਹੁੰਦਾ ਹੈ। ਅਜਿਹੇ ਗੁੰਡੇ ਟੋਲਿਆਂ ਵੱਲੋਂ ਉਹਨਾਂ ਨੂੰ ਰੇਪ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਹਨ। ਸੋਸ਼ਲ ਮੀਡੀਆ 'ਤੇ ਉਹਨਾਂ ਦੀਆਂ ਤਸਵੀਰਾਂ ਨਾਲ ਛੇੜ-ਛਾੜ ਕੀਤੀ ਜਾਂਦੀ ਹੈ। ਭੱਦੀਆਂ ਗਾਲ੍ਹਾਂ ਤੇ ਅਸ਼ਲੀਲ ਤਸਵੀਰਾਂ ਵਾਲੇ ਮੈਸੇਜ ਭੇਜੇ ਜਾਂਦੇ ਹਨ। ਰਾਣਾ ਅਯੂਬ, ਨੇਹਾ ਦੀਕਸ਼ਤ, ਬਰਖਾ ਦੱਤ ਤੇ ਮਾਜ਼ਰਤ ਜ਼ਾਹਰਾ ਇਹਨਾਂ ਹਾਲਤਾਂ 'ਚੋਂ ਗੁਜ਼ਰਨ ਵਾਲੀਆਂ ਪੱਤਰਕਾਰ ਹਨ।

ਹਮਲੇ ਤੇ ਧਮਕੀਆਂ ਦਾ ਸ਼ਿਕਾਰ ਹੋਏ ਪੱਤਰਕਾਰਾਂ 'ਚ ਕਈ ਨਾਮਵਰ ਚਿਹਰੇ ਵੀ ਹਨ ਜਿਵੇਂ ਨਿਖਿਲ ਵਾਗਲੇ, ਅਤੁਲ ਚੁਰੱਸੀਆ, ਸੀਮਾ ਮੁਸਤਫ਼ਾ, ਦੀਕਸ਼ਾ ਸ਼ਰਮਾ, ਮਾਲਿਨੀ ਸੁਬਰਾਮਨੀਅਮ, ਸਿਧਾਰਥ ਵਰਧਰਾਜਨ, ਰੋਹਿਣੀ ਸਿੰਘ, ਆਰਫ਼ਾ ਖਾਨਮ ਸ਼ੇਰਵਾਨੀ, ਵਿਨੋਦ ਦੂਆ ਤੇ ਜਾੱਨ ਦਿਆਲ। ਪਿਛਲੇ ਅੱਠ ਸਾਲਾਂ 'ਚ ਕਈ ਮੀਡੀਆ ਅਦਾਰਿਆਂ ਤੇ ਵੀ ਹਮਲੇ ਹੋਏ ਹਨ।

ਭਾਰਤੀ ਮੀਡੀਏ ਦੀ ਅਜੋਕੀ ਹਾਲਤ ਬਾਰੇ 'ਕਾਰਵਾਂ' ਮੈਗਜ਼ੀਨ ਦੇ ਰਾਜਨੀਤਕ ਸੰਪਾਦਕ ਹਰਤੋਸ਼ ਬੱਲ ਦਾ ਕਹਿਣਾ ਹੈ, 'ਸਥਿਤੀ ਭਾਵੇਂ ਪਹਿਲਾਂ ਵੀ ਖ਼ਰਾਬ ਸੀ ਪਰ ਮੋਦੀ ਦੇ ਆਉਣ ਤੋਂ ਬਾਅਦ ਹੋਰ ਜ਼ਿਆਦਾ ਖ਼ਰਾਬ ਹੋ ਗਈ। ਛੋਟੇ ਸ਼ਹਿਰਾਂ 'ਚ ਜੋ ਇੱਕ ਮਾਫੀਆ ਖ਼ਬਰਾਂ ਤੇ ਅਸਰ ਪਾਉਂਦਾ ਹੈ, ਓਹੀ ਅਸਰ ਅੱਜ ਪੂਰੇ ਮੁਲਕ 'ਤੇ ਇੱਕ ਆਦਮੀ ਪਾ ਰਿਹਾ ਹੈ। 'ਰਾਸ਼ਟਰ ਵਿਰੋਧੀ' ਤੇ 'ਦੇਸ਼ ਧ੍ਰੋਹੀ' ਦੇ ਫਤਵਿਆਂ ਵਾਲੇ ਦੌਰ 'ਚ ਜਿਥੇ ਸਰਕਾਰ ਤੇ ਸਰਕਾਰੀ ਤਰਜ਼ ਦੀਆਂ ਮੀਡੀਆ ਸੰਸਥਾਵਾਂ ਤੋਂ ਮੀਡੀਆ ਦੀ ਆਜ਼ਾਦੀ ਦੀ ਆਸ ਰੱਖਣੀ ਨਾਮੁਮਕਿਨ ਜਾਪਦੀ ਹੈ। ਉਥੇ ਲੋੜ ਹੈ ਦੇਸ਼ ਪੱਧਰੀ ਇੱਕ ਅਜਿਹੀ ਸੰਸਥਾ ਦੀ ਜੋ ਮੀਡੀਆ ਦੀ ਆਜ਼ਾਦੀ ਤੇ ਹੋ ਰਹੇ ਹਮਲਿਆਂ ਵਿਰੁੱਧ ਆਵਾਜ਼ ਉਠਾਵੇ ਨਾਲ ਹੀ ਪੱਤਰਕਾਰਾਂ ਦੀ ਲੋਕ-ਪੱਖੀ ਸੰਗਠਨਾਂ ਨਾਲ ਸਾਂਝ ਪਾਉਣੀ ਵੀ ਸਮੇਂ ਦੀ ਮੰਗ ਹੈ।

+91 99154 11894

# ਟੈਕਸਾਂ ਦਾ ਬੋਝ ਕਾਰਪੋਰੇਸ਼ਨਾਂ ਨਹੀਂ, ਆਮ ਲੋਕ ਚੱਕਦੇ ਹਨ

(ਸਫ਼ਾ 17 ਦੀ ਬਾਕੀ)

ਸਰਵਿਸ ਵਿੱਚ ਖਰਚ ਕਰਨ ਲਈ ਪੈਸੇ ਦੀਆਂ ਕਮੀਆਂ ਪੇਸ਼ੀਆਂ ਆ ਰਹੀਆਂ ਹਨ ਜਦ ਕਿ ਕਾਰਪੋਰੇਸ਼ਨਾਂ ਅੰਨਾ ਨਫ਼ਾ ਕਮਾ ਕੇ ਹੱਸ ਰਹੀਆਂ ਹਨ। ਕੈਨੇਡਾ ਵਿੱਚ ਜੇਕਰ ਕੋਈ ਸਭ ਤੋਂ ਵੱਧ ਨਫ਼ਾ ਕਮਾ ਰਿਹਾ ਹੈ ਤਾਂ ਉਹ ਕੈਨੇਡਾ ਦੀਆਂ ਬੈਂਕਾਂ ਹਨ ਜਿਹਨਾਂ ਨੇ 2016 ਵਿੱਚ 44 ਬਿਲੀਅਨ ਡਾਲਰ ਦਾ ਮੁਨਾਫ਼ਾ ਦਰਜ ਕੀਤਾ ਜਦ ਕੇ 2017 ਵਿੱਚ ਇਹਨਾਂ ਬੈਂਕਾਂ ਨੂੰ ਇਸਤੋਂ ਕਿਤੇ ਵੱਧ ਮੁਨਾਫ਼ਾ ਹੋਇਆ। ਇੰਨਾ ਨਫ਼ਾ ਕਮਾ ਕੇ ਇਹਨਾਂ ਨੇ ਨੌਕਰੀਆਂ ਪੈਦਾ ਨਹੀਂ ਕੀਤੀਆਂ ਸਗੋਂ ਆਟੋਮੇਸ਼ਨ ਕਰਕੇ ਸੈਂਕੜੇ ਕਾਮਿਆਂ ਦੀ ਛਾਂਟੀ ਕੀਤੀ ਹੈ। ਹੁਣ ਇੱਕ ਮਲਟੀਨੈਸ਼ਨਲ ਕੰਪਨੀ ਐਮਾਜੌਨ ਦੀ ਗੱਲ ਕਰਦੇ ਹਾਂ। ਪਿਛਲੇ ਸਾਲ ਐਮਾਜੌਨ ਦੀ ਆਮਦਨ 100% ਵਧੀ ਅਤੇ ਇਸਨੇ ਟੈਕਸ ਦੇਣ ਤੋਂ ਪਹਿਲਾਂ 1102 ਬਿਲੀਅਨ ਡਾਲਰ ਦਾ ਮੁਨਾਫ਼ਾ ਸ਼ੋਅ ਕੀਤਾ, ਪਰ ਫੇਰ ਵੀ ਇਸਨੇ ਕੋਈ ਟੈਕਸ ਨਹੀਂ ਦਿੱਤਾ, ਇਸਤੋਂ ਵੀ ਉੱਪਰ ਇਸਨੂੰ ਅਮਰੀਕਾ ਦੀ ਫੈਡਰਲ ਸਰਕਾਰ ਕੋਲ਼ੋਂ 129 ਮਿਲੀਅਨ ਦੀ ਰਿਬੇਟ ਮਿਲ਼ੀ ਜਾਣੀ ਕਿ ਇਸਨੇ -1% ਟੈਕਸ ਅਦਾ ਕੀਤਾ। ਸਨ 2017 ਵਿੱਚ ਇਸਨੇ ਸਾਢੇ ਪੰਜ ਬਿਲੀਅਨ ਦਾ ਨਫ਼ਾ ਦਰਜ ਕੀਤਾ ਅਤੇ 789 ਮਿਲੀਅਨ ਡਾਲਰ ਦੀ ਟੈਕਸ ਰਿਬੇਟ ਲਈ। ਐਮਾਜੌਨ ਕੋਈ ਟੈਕਸ ਪੇ ਨਹੀਂ ਕਰਦਾ ਕਿਉਂਕਿ ਇਹ ਆਪਦੇ ਪੈਸੇ ਨੂੰ ਦੁਬਾਰਾ ਨਿਵੇਸ਼ ਕਰ ਦਿੰਦਾ ਹੈ। ਇਹ ਤਾਂ ਸਿਰਫ ਇੱਕ ਉਦਾਹਰਣ ਹੈ, ਜਿਹੜਾ ਹੋਰ ਕਾਰਪੋਰੇਸ਼ਨਾਂ ਚੂੰਨਾਂ ਲਾਂਉਦੀਆਂ ਹਨ ਉਹ ਬੇਹਿਸਾਬਾ ਹੈ। ਹੁਣ ਸੋਚੋ ਇਸਦੀ ਭਰਪਾਈ ਕੌਣ ਕਰਦਾ ਹੈ, ਉਹ ਆਮ ਲੋਕ ਕਰਦੇ ਹਨ ਇਸੇ ਕਰਕੇ ਆਮ ਲੋਕ ਗਰੀਬ ਹੋ ਰਹੇ ਹਨ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ ।

ਜੇਕਰ ਕੈਨੇਡੀਅਨ ਕੰਪਨੀਆਂ ਜਾਂ ਅਮੀਰ ਲੋਕ ਆਪਦਾ ਬਣਦਾ ਟੈਕਸ ਦੇਣ ਤਾਂ ਆਮ ਲੋਕਾਂ ਨੂੰ ਲੋੜ ਹੀ ਨਹੀਂ ਸੋਲ਼ਾਂ ਸੋਲ਼ਾਂ ਘੰਟੇ ਟੈਕਸੀ ਟਰੱਕ ਚਲਾਉਣ ਦੀ ਜਾਂ ਫੈਕਟਰੀਆਂ ਵਿੱਚ ਡਬਲ ਸ਼ਿਫਟਾਂ ਲਾਉਣ ਦੀ। ਇਹੀ ਸਮਾਂ ਲੋਕ ਆਪਦੇ ਪਰੀਵਾਰਾਂ ਨੂੰ ਦੇਣ, ਬੱਚਿਆਂ ਨੂੰ ਦੇਣ। ਘਰਾਂ ਵਿੱਚ ਲੜਾਈਆਂ ਦਾ ਵੱਡਾ ਕਾਰਨ ਇਹ ਆਰਥਿਕ ਖਿਚੋਤਾਣ ਹੈ। ਕੈਨੇਡਾ ਕੋਲ਼ ਇੰਨੇ ਕੁਦਰਤੀ ਸਾਂਧਨ ਹਨ, ਸਾਡੇ ਕੋਲ਼ ਸੋਨਾ ਹੈ, ਲੱਕੜ ਹੈ, ਹੀਰੇ ਹਨ, ਤੇਲ ਹੈ, ਅਬਰਕ ਹੈ, ਸਲਫ਼ਰ ਹੈ, ਕੁਦਰਤੀ ਗੈਸ ਦੇ ਭੰਡਾਰ ਹਨ, ਫਿਰ ਵੀ ਅਸੀਂ ਗਰੀਬੀ ਹੰਢਾ ਰਹੇ ਹਾਂ, ਕੰਮਾਂ ਦੇ ਭੰਨੇ ਪਏ ਹਾਂ, ਆਖਿਰ ਇਹ ਕਿਉਂ ਹੈ? ਕਿਉਂਕਿ ਸਾਡੇ ਸਿਸਟਿਮ ਵਿੱਚ ਬਹੁਤ ਵੱਡਾ ਨੁੱਕਸ ਹੈ। ਸਾਡਾ ਸਿਸਟਿਮ ਕਾਰਪੋਰੇਸ਼ਨਾਂ ਦੀ ਤਰਫ਼ਦਾਰੀ ਕਰਦਾ ਹੈ, ਅਮੀਰਾਂ ਦੀ ਤਰਫ਼ਦਾਰੀ ਕਰਦਾ ਹੈ, ਇੱਕ ਪਰਸੈਂਟ ਲੋਕਾਂ ਦੇ ਫੇਵਰ ਵਿੱਚ ਹੈ। ਸਾਡਾ ਸਿਸਟਿਮ 99% ਲੋਕਾਂ ਨੂੰ ਇਗਨੋਰ ਕਰਦਾ ਹੈ। ਪਰ ਅਸੀਂ ਕੈਨੇਡੀਅਨ ਕੱਠੇ ਹੋਣ ਦੀ ਜਗਾਹ ਧਾਰਮਿਕ ਹੈਂਕੜਬਾਜ਼ੀਆਂ, ਰੰਗਾਂ, ਨਸਲਾਂ, ਜਾਤਾਂ ਵਿੱਚ ਉਲਝੇ ਪਏ ਹਾਂ। ਸਾਡੇ ਮੁਲਕ ਵਿੱਚ 30000 ਹਜਾਰ ਲੋਕ ਹਰ ਰੋਜ਼ ਸ਼ੈਲਟਰਾਂ ਵਿੱਚ ਰਾਤਾਂ ਕੱਟਦੇ ਹਨ, ਸਾਡੇ ਲੱਖਾਂ ਬੱਚੇ ਭੁੱਖੇ ਸਕੂਲ ਜਾਂਦੇ ਹਨ, ਸਾਡੇ ਪੁਲੀਟੀਕਲ ਲੀਡਰ ਕਾਰਪੋਰੇਸ਼ਨਾਂ ਦੇ ਜਮੂਰੇ ਬਣ ਕੇ ਰਹਿ ਗਏ ਹਨ। ਟਿਊਸ਼ਨ ਫੀਸਾਂ ਨੇ ਸਟੂਡੈਂਟਾਂ ਦਾ ਕਚੂਮਰ ਕੱਢ ਦਿੱਤਾ ਹੈ, ਸਾਡੇ ਸੀਨੀਅਰ ਆਪਦੀ ਪੈਨਸ਼ਨ ਨਾਲ਼ ਗੁਜ਼ਾਰਾ ਨਹੀਂ ਕਰ ਸਕਦੇ। ਲੀਡਰ ਸਾਨੂੰ ਸਾਡੇ ਅਸਲੀ ਮੁੱਦਿਆਂ ਤੋਂ ਸਾਡਾ ਧਿਆਨ ਲਾਂਭੇ ਕਰਨ ਲਈ ਪਾਰਲੀਮੈਂਟਾਂ ਜਾਂ ਅਸੈਂਬਲੀਆਂ ਵਿੱਚ ਧਾਰਮਿਕ ਤਿਉਹਾਰ ਮਨਾ ਦਿੰਦੇ ਹਨ ਅਸੀਂ ਖੁਸ਼ ਹੋ ਜਾਂਦੇ ਹਾਂ, ਅਸਲੀ ਮੁੱਦਿਆਂ ਨੂੰ ਭੁਲਾ ਦਿੰਦੇ ਹਾਂ। ਖਤਰਾ ਧਰਮਾਂ ਨੂੰ ਨਹੀਂ ਹੈ, ਅਸਲੀ ਖਤਰਾ ਤਾਂ ਮਨੁੱਖ ਦੀ ਹੋਂਦ ਨੂੰ ਹੈ। ਕਾਰਪੋਰੇਸ਼ਨਾਂ ਦੀ ਲਾਲਚੀ ਨੀਤ ਨੂੰ ਨੱਥ ਨਾਂ ਪਾਈ ਗਈ ਤਾਂ ਸਾਡੀ ਪਛਤਾਵਾ ਕਰਨ ਲਈ ਵੀ ਹੋਂਦ ਨਹੀਂ ਰਹਿਣੀ। ਅਸੀਂ ਨਿੱਕੀਆ 2 ਗੱਲਾਂ ਦੇ ਝਗੜੇ ਤੇ ਆਪਦੀ ਹਾਉਮਾਂ ਕਾਰਨ ਇਕੱਠੇ ਨਹੀਂ ਹੋ ਸਕਦੇ ਪਰ ਅਮੀਰ ਲੋਕ ਹਾਉਮੈਂ ਨਹੀਂ ਆਪਦੇ ਹਿੱਤ ਦੇਖਦੇ ਹਨ। ਸਾਨੂੰ ਲੁੱਟਣ ਕੁੱਟਣ ਲਈ ਉਹ ਹਮੇਸ਼ਾ ਕੱਠੇ ਹੋ ਜਾਂਦੇ ਹਨ, ਸਾਨੂੰ ਵੀ ਚਾਹੀਦਾ ਹੈ ਆਪਦੇ ਹਿੱਤ ਦੇਖ ਕੇ ਇਕੱਠੇ ਹੋਈਏ ਅਤੇ ਇਸ ਸਿਸਟਿਮ ਨੂੰ ਲੋਕ-ਪੱਖੀ ਬਨਾਉਣ ਲਈ ਸੰਘਰਸ਼ ਕਰੀਏ।

# ਸਨਮਾਨਯੋਗ ਜ਼ਿੰਦਗੀ ਜਿਉਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਣਾ ਹੋਵੇਗਾ

ਨਰਾਇਣ ਦੱਤ
84275-11770

72 ਸਾਲ ਦੇ ਅਰਸੇ ਤੋਂ ਪੰਜੀਂ ਸਾਲੀਂ ਨਵੇਂ/ਪੁਰਾਣੇ ਚੋਣ ਮੈਦਾਨ 'ਚ ਨਿੱਤਰੇ ਭਲਵਾਨਾਂ ਨੇ ਨਵੇਂ ਨਵੇਂ ਸਬਜਬਾਗਾਂ ਨਾਲ ਸਾਡੇ ਦਰਾਂ 'ਤੇ ਦੋ ਮਹੀਨੇ ਖ਼ੂਬ ਦਸਤਕ ਦਿੱਤੀ। ਇਸ ਦੌਰਾਨ ਪੰਜ ਸਾਲ ਅਡਾਨੀਆਂ, ਅੰਬਾਨੀਆਂ, ਮਾਲਿਆ, ਨੀਰਵ ਮੋਦੀ, ਮੇਹੁਲ ਚੌਕਸੀਆਂ ਦੀ ਤਰਫਦਾਰੀ ਬਣਕੇ ਰਾਖੀ ਕਰਦਾ ਰਿਹਾ ਮੁਲਕ ਦਾ ਚੌਕੀਦਾਰ ਕੇਦਾਰ ਨਾਥ ਦੀ ਪਵਿੱਤਰ ਗੁਫਾ ਵਿੱਚ ਮੋਨ ਧਾਰਨ ਤੋਂ ਬਾਅਦ ਦਿੱਲੀ ਵਾਪਸ ਆਇਐ। ਆਉਂਦਿਆਂ ਸਾਰ ਹੀ ਬਿਆਨ ਦਾਗ ਦਿੱਤਾ ਕਿ ਚੋਣਾਂ ਤੀਰਥ ਯਾਤਰਾ ਵਰਗੀਆਂ ਸਨ। ਇਹ ਗੱਲ ਠੀਕ ਹੀ ਜਾਪਦੀ ਹੈ ਕਿਉਂਕਿ ਦੋ ਮਹੀਨੇ ਪਾਰਲੀਮੈਂਟਰੀ ਚੋਣਾਂ ਦੀ ਮਸ਼ਕ ਨੂੰ ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਮੰਦਿਰਾਂ 'ਚ ਮੱਥੇ ਰਗੜਨ ਦੀ ਖ਼ੂਬ ਚਰਚਾ ਹੁੰਦੀ ਰਹੀ ਹੈ। ਸੋਕੇ ਅਤੇ ਹੜ੍ਹਾਂ ਮਾਰੇ ਕਰਜੇ ਦੀ ਚੱਕੀ 'ਚ ਪਿਸ ਰਹੇ ਖੇਤੀ ਕਿਤਾ ਛੱਡਣ ਲਈ ਮਜਬੂਰ ਕਿਸਾਨ-ਮਜਦੂਰਾਂ ਦੀ ਗੱਲ ਜਦੋ ਨਹੀਂ ਕੀਤੀ, ਨੋਟਬੰਦੀ ਕਾਰਨ ਖੁੱਸਿਆ ਇੱਕ ਕਰੋੜ ਦਸ ਲੱਖ ਲੋਕਾਂ ਦੇ ਰੁਜ਼ਗਾਰ ਦੀ ਚਰਚਾ ਕਦੇ ਨਹੀਂ ਛੇੜੀ, ਪੰਜਾਂ ਸਾਲਾਂ ਵਿੱਚ ਦਸ ਕਰੋੜ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਜੁਮਲੇ ਦੀ ਗੱਲ ਵੀ ਨਹੀਂ ਕੀਤੀ, ਕਾਲੇ ਧਨ ਵਾਲੇ ਪੰਦਰਾਂ ਲੱਖ ਰੁ. ਖਾਤਿਆਂ ਵਿੱਚ ਆਉਣ ਵਾਲਾ ਜੁਮਲਾ ਕਦੇ ਚੋਣਾਂ ਦੌਰਾਨ ਚਰਚਾ ਦਾ ਵਿਸ਼ਾ ਨਹੀਂ ਬਣਿਆ, ਔਰਤਾਂ, ਦਲਿਤਾਂ, ਘੱਟ-ਗਿਣਤੀਆਂ, ਬੁੱਧੀਜੀਵੀਆਂ, ਜਮਹੂਰੀ ਕਾਰਕੁੰਨਾਂ ਉੱਪਰ ਵਧ ਰਹੇ ਹਮਲੇ ਕਿਸੇ ਦੀ ਵੀ ਚਿੰਤਾ ਦਾ ਵਿਸ਼ਾ ਨਹੀਂ ਬਣੇ। ਪਰ ਫਿਰ ਹਕੂਮਤੀ ਪਾਵਿਆਂ ਦੇ ਭਾਈਵਾਲਾਂ ਐਨ.ਡੀ.ਏ ਵਿੱਚ ਸ਼ਾਮਿਲ ਪਾਰਟੀਆਂ ਦੇ ਆਗੂਆਂ ਨੂੰ ਤਹਿ ਸ਼ੁਦਾ ਸ਼ਾਹੀ ਰਾਤਰੀ ਭੋਜ ਕਰਵਾ ਦਿੱਤਾ ਹੈ। ਇਸ ਰਾਤਰੀ ਭੋਜ ਦੇ ਨਾਂ ਥੱਲੇ ਆਉਣ ਵਾਲੇ ਸਮੇਂ ਲਈ ਆਸ ਲਾਈ ਬੈਠੇ ਹਕੂਮਤੀ ਗੱਦੀ ਚਲਾਉਣ ਲਈ ਮਸ਼ਕ ਕੀਤੀ ਜਾਪਦੀ ਹੈ। ਇਸ ਪੱਖੋਂ ਪੰਜਾਬ ਦੇ ਗੱਦੀਉਂ ਲੱਥੇ ਹਾਕਮ ਵੀ ਪਿੱਛੇ ਨਹੀਂ ਰਹੇ। ਆਉਣ ਵਾਲੇ ਸਮੇਂ ਵਿੱਚ ਹਕੂਮਤੀ ਗੱਦੀ ਦਾ ਨਿੱਘ ਮਾਨਣ ਦੀ ਆਸ ਲਾਕੇ ਸਾਰਾ ਬਾਦਲ ਟੱਬਰ ਦਿੱਲੀ ਵਾਲਿਆਂ ਦੀ ਚੌਕੀ ਭਰ ਆਇਐ। ਪੰਜਾਬ ਦੇ ਹਾਕਮ ਵੀ ਕਿਸੇ ਗੱਲੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ, ਉਹ ਸ਼ਾਹ-ਮੋਦੀ ਦੀ ਜੋੜੀ ਦੀ ਤਰਜ ਤੇ ਭਾਵੇਂ ਨਾਂ ਸਹੀ ਪਰ ਦਿੱਲੀ ਵਾਲੇ ਰਾਜ ਕੁਮਾਰ ਕੋਲ ਆਪਣੇ ਕੈਪਟਨ-ਸਿੱਧੂ ਰੇੜਕਾ ਜ਼ਰੂਰ ਪਹੁੰਚ ਗਿਆ ਹੈ। ਭਾਵੇਂ ਇਸ ਵਿੱਚ ਨਵਾਂ ਕੁੱਝ ਵੀ ਨਹੀਂ, ਇਹ ਕੁਰਸੀ ਦੀ ਖੋਹ-ਖਿੰਝ ਦਾ ਵਿਸ਼ਾ ਸਤਾ ਸੰਭਾਲਣ ਤੋਂ ਕਿਸੇ ਨਾਂ ਕਿਸੇ ਰੂਪ 'ਚ ਚੱਲਦਾ ਆ ਰਿਹੈ। ਰਾਤਰੀ ਭੋਜ ਜੇ ਦਿੱਲੀ ਵਿੱਚ ਚਲ ਹਟਿਐ ਤਾਂ ਪੰਜਾਬ ਦੇ ਹਾਕਮ ਆਪਣੀ ਪਾਕਿਸਤਾਨੀ ਵਿਸ਼ੇਸ਼ ਮਹਿਮਾਨ ਅਰੂਸਾ ਆਲਮ ਦਾ ਜਨਮ ਦਿਨ ਮਹਿੰਗੇ ਹੋਟਲ ਹਯਾਤ ਵਿੱਚ ਮਨਾਉਣ ਦੀਆਂ ਤਿਆਰੀਆਂ 'ਚ ਮਸ਼ਰੂਫ ਹਨ। ਲੋਕਾਈ ਦੀ ਲੋੜ ਇਸ ਤੋਂ ਬਿਲਕੁਲ ਉਲਟ ਹੈ ਕਿ ਅਸੀਂ ਅਖੌਤੀ ਅਜਾਦੀ ਦੇ 72 ਸਾਲਾਂ ਤੋਂ ਹਰ ਪੰਜੀਂ ਸਾਲੀਂ ਲੋਕਾਂ ਨਾਲ ਵਾਅਦੇ ਅਤੇ ਲਾਰੇ ਲਾਕੇ ਪਾਰਲੀਮੈਂਟ ਵਿੱਚ ਜਾਂਦੇ ਰਹੇ ਇਨ੍ਹਾਂ ਵੋਟ ਵਟੋਰੂਆਂ ਬਾਰੇ ਡੂੰਘੀ ਵਿਚਾਰ ਚਰਚਾ ਕਰੀਏ ਕਿ ਕੀ ਕਿਰਤ ਕਰਨ ਵਾਲੇ ਕਿਸਾਨਾਂ-ਮਜਦੂਰਾਂ-ਨੌਜਵਾਨਾਂ ਸਮੇਤ ਹੋਰ ਮਿਹਨਤਕਸ਼ ਤਬਕਿਆਂ ਦੀ ਜ਼ਿੰਦਗੀ 'ਚ ਫਰਕ ਪਿਆ ਹੈ, ਮਾੜੀ ਮੋਟੀ ਜੂਨ ਸੁਧਰੀ ਹੈ? ਪਿਛਲੇ ਵੀਹ ਸਾਲਾ ਦਾ ਕਿਸਾਨਾਂ-ਮਜਦੂਰਾਂ ਦਾ ਅੰਕੜਾ ਵੇਖੀਏ ਤਾਂ ਇਹ ਤਿੰਨ ਲੱਖ ਪੰਜਾਹ ਹਜਾਰ ਨੂੰ ਢੁੱਕ ਗਿਆ ਹੈ। 2001 ਤੋਂ 2017 ਤੱਕ ਕਿਸਾਨਾਂ ਨੂੰ ਫਸਲਾਂ ਦਾ ਪੂਰਾ ਭਾਅ ਨਾ ਮਿਲਣ ਕਰਕੇ 46 ਲੱਖ ਕਰੋੜ ਰੁ. ਦਾ ਘਾਟਾ ਪਿਆ ਹੈ। 1992 ਤੋਂ 2013 ਤੱਕ ਕਿਸਾਨਾਂ ਸਿਰ 603 ਪ੍ਰਤੀਸ਼ਤ ਦੇ ਹਿਸਾਬ ਨਾਲ ਕਰਜਾ ਵਧਿਆ। ਹਰ ਘੰਟੇ ਵਿਚ 2040 ਕਿਸਾਨ ਖੇਤਰੀ ਧੰਦੇ ਵਿਚੋਂ ਬਾਹਰ ਧੱਕ ਦਿੱਤੇ ਜਾਂਦੇ ਹਨ। 1993 ਵਿਚ 64% ਕਿਸਾਨ ਕਰਜੇ ਥੱਲੇ ਸਨ। 2013 ਵਿਚ ਵਧਕੇ 74% ਹੋ ਗਏ। 1995-96 ਵਿਚ ਪੰਜਾਬ ਦੇ ਕਿਸਾਨਾਂ ਸਿਰ 4700 ਕਰੋੜ ਰੁਪਏ ਦਾ ਕਰਜ਼ਾ ਸੀ। 2017-18 ਵਿਚ ਵਧਕੇ 90 ਹਜ਼ਾਰ ਕਰੋੜ ਨੂੰ ਪਹੁੰਚ ਗਿਆ। ਮੀਡੀਆ ਹਕੂਮਤੀ ਕੁਰਸੀ ਉੱਪਰ ਕੌਣ ਬਿਰਾਜਮਾਨ ਹੋਵੇਗਾ, ਖ਼ੂਬ ਚਰਚਾ ਕਰ ਰਿਹਾ ਹੈ। ਜੇਕਰ ਇਨ੍ਹਾਂ ਚੰਦ ਕੁ ਦਿਨਾਂ ਦੀ ਗੱਲ ਕਰੀਏ ਤਾਂ 15 ਮਈ ਨੂੰ ਕਰਜ਼ੇ ਕਾਰਨ ਬਾਦਲ ਪਰਿਵਾਰ ਦੇ ਚੋਣ ਹਲਕੇ ਬਠਿੰਡਾ ਜ਼ਿਲ੍ਹੇ ਦਾ ਬਹਾਦਰਗੜ੍ਹ ਗੰਡੀਆਂ ਦਾ ਖ਼ੁਦਕਸ਼ੀ ਗਿਆ ਖੇਤ ਮਜਦੂਰ ਹਰਮੇਸ਼ ਸਿੰਘ (38) ਸਾਲ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦੀਪਾ ਬੰਗੀ ਦਾ ਭਗਵਾਨ ਸਿੰਘ, ਇਸੇ ਜ਼ਿਲ੍ਹੇ ਦੇ ਹੀ ਪਿੰਡ ਜੈਦ ਦੇ ਕਿਸਾਨ ਬੇਅੰਤ ਸਿੰਘ (40) ਸਾਲ, ਪਾਤੜਾਂ ਨੇੜਲੇ ਪਿੰਡ ਸ਼ਤਰਾਣਾ ਦੇ ਕਰਜ਼ਈ ਕਿਸਾਨ ਹਜ਼ੂਰਾ ਸਿੰਘ, ਖੰਨਾ ਨੇੜਲੇ ਪਿੰਡ ਲਲੌੜੀ ਖੁਰਦ ਦਾ 21 ਸਾਲਾ ਭਰ ਜਵਾਨ ਕਿਸਾਨ ਜਸਦੀਪ ਸਿੰਘ ਦੀ ਮੌਤ ਦੇ ਤਾਂਡਵ ਨਾਚ ਨੇ ਘਰਾਂ 'ਚ ਸੱਥਰ ਵਿਛਾ ਦਿੱਤੇ ਹਨ। ਜੇਕਰ ਪੰਜਾਬ ਦਾ ਇਹ ਹਾਲ ਹੈ ਤਾਂ ਤਾਮਿਲਨਾਡੂ, ਮੱਧਪ੍ਰਦੇਸ਼, ਮਹਾਂਰਾਸ਼ਟਰ, ਕਰਨਾਟਕ ਅੰਦਰ ਵੀ ਹਾਲਾਤ ਕੋਈ ਵੱਖਰੇ ਨਹੀਂ। ਗੱਲ ਕੀ ਮੁਲਕ ਪੱਧਰ ਤੇ ਪਸਰ ਚੁੱਕਿਆ ਕਿਸਾਨਾਂ-ਮਜਦੂਰਾਂ ਦੀਆਂ ਖ਼ੁਦਕਸ਼ੀਆਂ ਦਾ ਖ਼ੂਨੀ ਵਰਤਾਰਾ ਦਿਨੋ-ਦਿਨ ਗੰਭੀਰ ਹੁੰਦਾ ਜਾ ਰਿਹਾ ਹੈ।

ਦੂਜੇ ਪਾਸੇ ਮੁਲਕ ਦੇ ਹਾਕਮਾਂ ਦੀ ਤਰਜੀਹ ਚੰਦ ਕੁ ਅਮੀਰ ਘਰਾਣੇ ਹਨ ਜਿਨ੍ਹਾਂ ਵਿੱਚੋਂ ਸਿਰਫ 15 ਅਮੀਰ ਘਰਾਣਿਆਂ ਦਾ ਤਿੰਨ ਲੱਖ ਪੰਜਾਹ ਕਰੋੜ ਰੁ. ਮੁਆਫ, ਕਾਰਪੋਰੇਟ ਘਰਾਣਿਆਂ ਦੇ ਬੈਂਕਾਂ ਦੇ 10 ਲੱਖ ਕਰੋੜ ਰੁ. ਦੇ ਵੱਟੇ ਖਾਤੇ ਪਾਏ ਹੋਣ ਦੇ ਬਾਵਜੂਦ 15 ਸਾਲਾਂ ਵਿੱਚ 55 ਲੱਖ ਕਰੋੜ ਸਿਰਫ 15 ਅਮੀਰ ਘਰਾਣਿਆਂ ਦਾ ਤਿੰਨ ਲੱਖ ਪੰਜਾਹ ਕਰੋੜ ਰੁ. ਮੁਆਫ, ਕਾਰਪੋਰੇਟ ਘਰਾਣਿਆਂ ਦੇ ਬੈਂਕਾਂ ਦੇ 10 ਲੱਖ ਕਰੋੜ ਰੁ. ਦੇ ਵੱਟੇ ਖਾਤੇ ਪਾਏ ਹੋਣ ਦੇ ਬਾਵਜੂਦ 15 ਸਾਲਾਂ ਵਿੱਚ 55 ਲੱਖ ਕਰੋੜ ਰੁ. ਦੀਆਂ ਟੈਕਸ ਛੋਟਾਂ ਦੇਕੇ ਨਿਵਾਜਿਆ ਹੈ। 72 ਤੋਂ ਬਦਲ ਬਦਲ ਕੇ ਹਕੂਮਤੀ ਗੱਦੀ ਉੱਪਰ ਕਾਬਜ਼ ਹੁੰਦੇ ਆ ਰਹੇ ਕਾਲੇ ਹਾਕਮਾਂ ਨੇ ਬਸਤੀਵਾਦੀ ਹਾਕਮਾਂ ਕੋਲੋਂ ਵਿਰਾਸਤ ਵਿੱਚ ਹਾਸਲ ਕੀਤੇ ਲੋਕਾਂ ਦੇ ਲਿਖਣ, ਬੋਲਣ, ਜਥੇਬੰਦ ਹੋਣ, ਵਿਚਾਰਾਂ ਦੇ ਸਵੈ ਪ੍ਰਗਟਾਵੇ ਸਮੇਤ, ਚੰਗੇਰੀ ਜ਼ਿੰਦਗੀ ਜਿਉਣ ਲਈ ਸੰਘਰਸ਼ ਕਰਨ ਵਾਲੀ ਹਰ ਆਵਾਜ਼ ਨੂੰ ਕਾਲੇ ਕਾਨੂੰਨਾਂ ਦਬਾਉਣ ਕੁਚਲਣ ਦਾ ਲੰਬਾ ਚੌੜਾ ਇਤਿਹਾਸ ਹੈ। ਜਦ 130 ਕਰੋੜ ਭਾਰਤੀ ਲੋਕਾਂ ਦੀ ਜ਼ਿੰਦਗੀ ਜਿਉਣ ਦੀਆਂ ਹਾਲਤਾਂ 72 ਸਾਲਾਂ ਤੋਂ ਬਦ ਤੋਂ ਬਦਤਰ ਹੋ ਗਈਆਂ ਹਨ ਤਾਂ ਕਿਸਾਨਾਂ-ਮਜਦੂਰਾਂ ਸਮੇਤ ਹੋਰ ਮਿਹਨਤਕਸ਼ ਤਬਕਿਆਂ ਕੋਲ ਬਿਹਤਰ ਜ਼ਿੰਦਗੀ ਜਿਉਣ ਲਈ ਸੰਘਰਸ਼ ਤੋਂ ਬਿਨ੍ਹਾਂ ਕੋਈ ਚਾਰਾ ਹੀ ਨਹੀਂ ਹੈ। ਬਸਤੀਵਾਦੀ ਰਾਜ ਤੋਂ ਅੱਜ ਤੱਕ ਰਾਜ ਦੀ ਕਾਲੇ ਕਾਨੂੰਨਾਂ ਦੀ ਦਹਿਸ਼ਤ ਨੂੰ ਚਕਨਾਚੂਰ ਕਰਦਿਆਂ ਸੰਘਰਸ਼ਾਂ ਦਾ ਸੂਹਾ ਪਰਚਮ ਬੁਲੰਦ ਕਰਨ ਦਾ ਸ਼ਾਨਾਮੱਤਾ ਇਤਿਹਾਸ ਹੈ। ਰਾਜਕੀ ਦਹਿਸ਼ਤ ਸਬੰਧੀ ਸੱਭੇ ਵੋਟਾਂ ਵਿੱਚ ਭਾਗ ਲੈ ਰਹੇ ਨੁਮਾਇੰਦੇ ਇੱਕ ਮੱਤ ਹਨ। ਜੇਕਰ ਉੱਤਰੀ-ਪੂਰਬੀ ਰਾਜਾਂ ਸਮੇਤ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਅਫਸਫਾ ਨਾਂ ਦੇ ਕਾਲੇ ਕਾਨੂੰਨ ਨੂੰ ਉੱਥੋਂ ਦੇ ਲੋਕਾਂ ਉੱਪਰ ਦਹਾਕਿਆਂ ਬੱਧੀ ਸਮੇਂ ਤੋਂ ਜਬਰੀ ਮੜ੍ਹਿਆ ਹੋਇਆ ਹੈ ਤਾਂ ਦੂਜੇ ਪਾਸੇ ਕਬਾਇਲੀ/ਆਦਿਵਾਸੀ ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਸੁਧਾ ਭਾਰਦਵਾਜ ਵਰਗੇ ਵਕੀਲਾਂ, ਪ੍ਰੋ. ਜੀਐਨ ਸਾਈਂ ਬਾਬਾ ਵਰਗੇ 90% ਅਪੰਗ ਵਿਅਕਤੀਆਂ, ਕਵੀ ਵਰਵਰਾ ਰਾਉ, ਅਰੁਣ ਫਰੇਰਾ, ਗੌਤਮ ਨਵਲੱਖਾ ਵਰਗੇ ਬੁੱਧੀਜੀਵੀਆਂ ਨੂੰ ਯੂਏਪੀਏ ਵਰਗੇ ਬਦਨਾਮ ਕਾਲੇ ਕਾਨੂੰਨਾਂ ਦਾ ਦਹਾਰਾ ਲੈਕੇ ਸਾਲਾਂਬੱਧੀ ਸਮੇਂ ਤੋਂ ਜੇਲ੍ਹ ਦੀਆਂ ਸੀਖਾਂ ਪਿੱਛੇ ਕੈਦ ਰੱਖਿਆ ਜਾ ਰਿਹਾ ਹੈ। 72 ਸਾਲਾਂ ਦੇ ਅਰਸੇ ਦੀ ਧੋਖੇ ਭਰੀ ਚੋਣ ਖੇਡ ਨਾਲ ਅਮੀਰੀ-ਗਰੀਬੀ, ਪੇਂਡੂ ਖੇਤਰ ਦਾ ਕਰਜਾ, ਮਹਿੰਗਾਈ, ਰਿਸ਼ਵਤਖੋਰੀ, ਭੁੱਖਮਰੀ, ਬੇਰੁਜ਼ਗਾਰੀ, ਕਾਲਧਨ, ਜਮ੍ਹਾਂਖੋਰੀ, ਕਾਲਾਬਜਾਰੀ 'ਚ ਅੰਤਾਂ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਅੰਬਾਨੀ, ਅਡਾਨੀ ਵਰਗੇ ਅਮੀਰ ਕਾਰਪੋਰੇਟ ਘਰਾਣੇ ਅਤੇ ਵੱਡੇ ਭੋਇੰ ਮਾਲਕ ਹਕੂਮਤੀ ਗੱਦੀ ਉੱਪਰ ਕਾਬਜ ਸਿਆਸਤਦਾਨਾਂ ਦੇ ਚੌਕੀਦਾਰੇ ਸਦਕਾ ਮਾਲੋ-ਮਾਲ ਹੋ ਰਹੇ ਨੇ। ਅਮੀਰ ਘਰਾਣਿਆਂ ਅਤੇ ਸਿਆਸਤਦਾਨਾਂ ਦਾ ਗੱਠਜੋੜ ਆਏ ਦਿਨ ਹੋਰ ਮਜਬੂਤ ਹੋ ਰਿਹਾ ਹੈ। ਇਨ੍ਹਾਂ ਚੋਣਾਂ ਰਾਹੀਂ ਲੁੱਟ-ਖਸੁੱਟ ਦਾ ਅਮਲ ਹੋਰ ਤੇਜ ਹੋਵੇਗਾ। ਵੋਟ ਵਟੋਰੂਆਂ ਦੀ ਕੁਰਸੀ ਦੀ ਖੋਹ ਖਿੰਝ'ਚ ਲੋਕਾਂ ਦੇ ਬੁਨਿਆਦੀ ਮੁੱਦੇ ਸਿੱਖਿਆ, ਸਿਹਤ, ਪਾਣੀ, ਵਾਤਾਵਰਣ ਆਦਿ ਨਾਲ ਕੋਈ ਲਾਗਾ ਦੇਗਾ ਨਹੀਂ। ਸਗੋਂ ਪੁਲਵਾਮਾ ਵਰਗੇ ਹਮਲਿਆਂ ਰਾਹੀਂ ਸਰਜੀਕਲ ਸਟਰਾਈਕ ਜਿਹੇ ਮੁੱਦਿਆਂ ਨੂੰ ਉਭਾਰਕੇ ਵੋਟਾਂ ਦੀ ਫਸਲ ਵੱਢਣ ਦੀ ਕੋਈ ਕਸਰ ਨਹੀਂ ਛੱਡ ਰਹੇ। ਧਰਮ ਅਤੇ ਫ਼ਿਕਾਪ੍ਰਸਤੀ ਦਾ ਹੱਲਾ ਤੇਜ ਕੀਤਾ ਜਾ ਰਿਹੈ, ਘੱਟ ਗਿਣਤੀਆਂ, ਦਲਿਤਾਂ, ਲੇਖਕਾਂ, ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ, ਵਕੀਲਾਂ ਨੂੰ ਯੋਜਨਾਬੱਧ ਹਕੂਮਤੀ ਹਮਲੇ ਦਾ ਨਿਸ਼ਾਨਾ ਬਣਾਇਆ ਜਾ ਰਿਹੈ। ਵੋਟ ਵਟੋਰੂਆਂ ਦੇ ਵਾਅਦੇ/ਲਾਰੇ ਵਫਾ ਹੀ ਨਹੀਂ ਹੋਏ ਸਗੋਂ ਜੁਮਲੇ ਸਾਬਤ ਹੋ ਰਹੇ ਹਨ। ਮਿਹਨਤਕਸ਼ ਲੋਕਾਈ ਖਾਸ ਕਰ ਸਭ ਤੋਂ ਵੱਧ ਪੀੜਤ ਕਿਸਾਨ-ਮਜਦੂਰ-ਨੌਜਵਾਨਾਂ ਨੂੰ ਜ਼ਿੰਦਗੀ ਦੇ ਬੁਨਿਆਦੀ ਮਸਲੇ ਹੱਲ ਕਰਵਾਉਣ ਲਈ ਜਥੇਬੰਦਕ ਸੰਘਰਸ਼ ਉੱਪਰ ਟੇਕ ਰੱਖਣੀ ਪਈ ਹੈ ਅਤੇ ਪੈਣੀ ਹੈ। ਜੋ ਕੁੱਝ ਵੀ ਹਾਸਲ ਕੀਤਾ ਹੈ, ਉਹ ਆਪਣੇ ਜਾਨ ਹੂਲਵੇਂ ਜਥੇਬੰਦਕ ਸੰਘਰਸ਼ਾਂ ਰਾਹੀਂ ਹਾਸਲ ਕੀਤਾ ਹੈ। ਇਨ੍ਹਾਂ ਦੀ ਧੋਖੇ ਭਰੀ ਚੋਣ ਖੇਡ ਦੀ ਖਸਲਤ ਨੂੰ ਪਛਾਨਣ ਅਤੇ ਆਪਣੀ ਮੁਕਤੀ ਦਾ ਅਸਲ ਰਾਹ "ਆਪਣੇ ਜਥੇਬੰਦਕ ਸੰਘਰਸ਼ਾਂ ਉੱਪਰ ਟੇਕ ਰੱਖਕੇ ਘੇਰੇ ਨੂੰ ਵਿਸ਼ਾਲ ਅਤੇ ਤਿੱਖਾ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੇ ਅਧੂਰੇ ਕਾਰਜ ਲੁੱਟ, ਜਬਰ ਅਤੇ ਦਾਬੇ ਤੋਂ ਰਹਿਤ ਨਵਾਂ ਲੋਕ ਪੱਖੀ ਜਮਹੂਰੀ ਸਮਾਜ ਸਿਰਜਣ ਲਈ ਇਨਕਲਾਬ ਦੇ ਸੂਹੇ ਮਾਰਗ ਨੂੰ ਬੁਲੰਦ ਕਰਨ ਦੀ ਲੋੜ ਹੈ।"





## ਹੜਤਾਲ



ਖਾਲੀ ਅਤੇ ਨਿਕੰਮੀ ਫੈਕਟਰੀ
ਅਜੀਬੋ-ਗਰੀਬ ਜਾਪਦੀ ਹੈ
ਪਲਾਂਟ 'ਚ ਪੱਸਰੀ ਚੁੱਪ ਨਾਲ
ਬੰਦੇ ਅਤੇ ਮਸ਼ੀਨ ਵਿਚਕਾਰ
ਡੋਰ ਅਤੇ ਕੱਟੀ ਹੋਈ ਪਤੰਗ ਵਿਚਕਾਰ
ਇੱਕ ਦੂਰੀ ਵਾਂਗ

ਇਕ ਅਣਹੋਂਦ
ਦੋ ਗ੍ਰਹਿਾਂ ਵਿਚਕਾਰ ਗੁਜਰਦੇ ਵਕਤ ਵਾਂਗ
ਚੀਜਾਂ-ਵਸਤਾਂ ਬਣਾਉਂਦੇ
ਮਨੁੱਖ ਦੇ ਨੰਗੇ ਹੱਥ
ਕੰਮ ਤੋਂ ਬਿਨਾਂ ਸੱਖਣੇ ਤੇ ਸੁੰਨੇ ਵਿਹੜੇ
ਜਦੋਂ ਮਨੁੱਖ ਨੇ ਗੁਫਾਵਾਂ ਤੋਂ ਉੱਜੜ ਕੇ
ਟਰਬਾਇਨ ਤੱਕ ਦਾ ਸਫਰ ਤੈਅ ਕੀਤਾ
ਆਪਣੇ ਅੰਗਾਂ ਦੀ ਸੁਰੱਖਿਆ ਲਈ
ਅੱਗ ਦੀਆਂ ਬਾਹਾਂ ਪਹਿਣ
ਭੱਠੀ ਦਾ ਭੋਗ ਪਾ ਕੇ
ਤੇ ਉਸਦੀ ਰੌਸ਼ਨੀ ਕੱਢ ਲਈ
ਪਹੀਏ ਦੇ ਅਦਿੱਖ ਚੱਕਰਾਂ ਨੂੰ ਥੰਮ ਕੇ
ਚਾਵਾਂ ਦੀ ਰੌਸ਼ਨੀ ਬਖੇਰ ਦਿੱਤੀ
ਮਹਾਨ ਊਰਜਾ ਦੀਆਂ ਅੱਖਾਂ 'ਚ
ਸ਼ੁੱਧ ਬਲ ਚੱਕਰ 'ਚ
ਤੇ ਸ਼ਾਨਦਾਰ ਸ਼ਕਤੀ 'ਚ

ਸਟੀਲ ਦੇ ਬੇਤਹਾਸ਼ਾ ਟੁਕੜਿਆਂ ਦੇ ਢੇਰ ਨਾਲ
ਕੀ ਘਟਿਤ ਹੋਇਆ
ਅਤੇ ਇਨਸਾਨਾਂ ਤੋਂ ਸੱਖਣਿਆਂ ਦੁਕਾਨਾਂ
ਵਿਧਵਾ ਹਵਾਵਾਂ ਵਾਂਗ ਹਨ
ਅਤੇ ਚੌਂਪਾਸੀਂ ਪੱਸਰੀ ਹੋਈ ਹੈ
ਤੇਲ ਦੀ ਇਕਲੌਤੀ ਸੜਾਂਦ
ਕਚਰੇ ਤੋਂ ਸਿਵਾਏ ਕੁਝ ਨਹੀਂ ਸੀ
ਹਥੌੜਿਆਂ ਦਾ ਖੜਾਕ, ਰਾਮੀਰੇ*
ਇਨਸਾਨਾਂ ਬਿਨਾਂ ਟੁੱਟੇ ਹੋਏ ਚੌਂਕੜੇ
ਕੁਝ ਵੀ ਬਾਕੀ ਨਹੀਂ ਸੀ ਬਚਿਆ
ਸਿਵਾਏ ਇੰਝਣਾਂ ਦੇ ਪਰਛਾਵਿਆਂ ਦੇ
ਸੱਤਾ ਦੀ ਤਾਕਤ ਮਰ ਗਈ ਹੈ
ਪ੍ਰਦੂਸ਼ਣ ਨਾਲ ਮਰੀ ਹੋਈ ਕਾਲੀ ਵੇਲ੍ਹ ਵਾਂਗ
ਅਵੇਸਲੇ ਸਮੁੰਦਰ ਦੀ ਗਹਿਰਾਈ
ਜਾਂ ਬਾਗੀ ਪੁਲਾੜ ਦੀ ਇਕੱਲਤਾ 'ਚ
ਅਚਾਨਕ ਢੱਠੇ ਹੋਏ ਪਰਬਤ ਵਾਂਗ

## ਦਰਬਾਰੀ ਕਵੀ

ਤੁਸੀਂ ਕੀਤਾ ਹੀ ਕੀ ਹੈ?
ਤੁਸੀਂ ਬੁੱਧੀਜੀਵੀਆਂ ਨੇ?
ਤੁਸੀਂ ਰਹੱਸਵਾਦੀਆਂ ਨੇ?
ਤੁਸੀਂ ਨਕਲਚੀ ਪੁਰਾਤਨਪੰਥੀ ਜਾਦੂਗਰਾਂ ਨੇ?
ਤੁਸੀਂ ਚਮਕਦੇ ਗਲਿਆਰਿਆਂ ਦੇ ਢਿੱਡਲ ਅਲੋਕਾਰਵਾਦੀਆਂ ਨੇ?
ਤੁਸੀਂ ਪੂੰਜੀਵਾਦ ਦੇ ਗੰਦੇ
ਪਨੀਰ ਦੇ ਕੀੜਿਆਂ ਨੇ?

ਤੁਸੀਂ ਕੀ ਕੀਤਾ?
ਸਾਮਰਾਜੀ ਹਨੇਰਗਰਦੀ ਖਿਲਾਫ?
ਠੁੱਡੇ ਮਾਰ ਕੇ ਗੁਲਾਮੀ ਵੱਲ਼ ਧੱਕ ਦਿੱਤੇ ਗਏ
ਕਾਲੇ ਲੋਕਾਂ ਨਾਲ?
ਗੰਦਗੀ 'ਚ ਲੀਨ
ਗੁਲਾਮ ਮਾਨਸਿਕਤਾ ਖਿਲਾਫ?
ਇਹਨਾਂ ਕਠੋਰ ਅਤੇ ਦੱਬੀਆਂ-ਕੁਚਲੀਆਂ
ਜਿੰਦਾਂ ਨਾਲ?

ਤੁਸੀਂ ਕੁਝ ਨਹੀਂ ਕੀਤਾ
ਪਿੱਠ ਦਿਖਾਕੇ ਭੱਜਣ ਤੋਂ ਇਲਾਵਾ
ਤੁਸੀਂ ਮਹਿਜ ਕੂੜ ਵਪਾਰ ਕੀਤਾ
ਤੁਸੀਂ
ਖੂਬਸੂਰਤ ਜੁਲਫਾਂ
ਕਾਇਰਤਾ ਭਰੇ ਵਿਚਾਰਾਂ
ਟੁੱਕੇ ਹੋਏ ਨੌਂਹਾਂ
"ਸ਼ੁੱਧ ਸੁੰਦਰਤਾ"
ਅਤੇ ਚਮਤਕਾਰ ਦੇ ਗੇੜ 'ਚ
ਪਏ ਰਹੇ
ਤੁਹਾਡੀਆਂ ਰਚਨਾਵਾਂ
ਬੇਚਾਰੇ ਅਤੇ ਸਹਿਮੇ ਹੋਏ ਲੋਕਾਂ ਦੀਆਂ
ਰਚਨਾਵਾਂ ਰਹੀਆਂ
ਦੇਖੇ ਨੂੰ ਅਣਦੇਖਿਆ
ਕਰਦੀਆਂ ਰਚਨਾਵਾਂ
ਆਪਣੇ ਭਗਤਾਂ ਨੂੰ ਪਰਚਾਉਣ ਦੇ
ਯਤਨ ਕਰਦੀਆਂ ਰਚਨਾਵਾਂ
ਤਾਂਕਿ ਤੁਸੀਂ ਖੈਰਾਤ ਹਾਸਲ ਕਰ ਸਕੋਂ
ਅਤੇ ਗੰਦੀ ਜੂਠ ਦੀ ਇਕ ਕਟੋਰੀ
ਜੋ ਮਾਲਿਕ ਤੁਹਾਡੇ ਵੱਲ ਸੁੱਟਦਾ ਹੈ
ਬਿਨਾਂ ਦੇਖੇ
ਤੁਸੀਂ ਕਬਰਾਂ 'ਚ ਪਏ ਫੁੱਲਾਂ ਵਾਂਗ ਹੋ
ਜਿੰਨ੍ਹਾਂ ਉੱਤੇ ਮੀਂਹ ਵਰਦਾ ਹੈ
ਕਬਰਾਂ 'ਚ ਪਏ
ਤੁਸੀਂ ਨਿਰਜਿੰਦ ਸੜੇ ਹੋਏ ਫੁੱਲ ਹੋ

## ਗਰੀਬੀ



ਆਹ ! ਤੂੰ ਨਹੀਂ ਚਾਹੁੰਦੀ
ਤੂੰ ਸਹਿਮੀ ਹੋਈ ਹੈਂ
ਗਰੀਬੀ ਤੋਂ
ਟੁੱਟੀਆਂ ਜੁੱਤੀਆਂ ਪਾ ਕੇ ਤੂੰ ਬਜ਼ਾਰ ਨਹੀਂ ਜਾਣਾ ਚਾਹੁੰਦੀ
ਅਤੇ ਨਹੀਂ ਚਾਹੁੰਦੀ ਫਟੇ-ਪੁਰਾਣੇ ਕੱਪੜਿਆਂ 'ਚ ਵਾਪਸ ਪਰਤਣਾ
ਮੇਰੀ ਪਿਆਰੀ, ਮੈਨੂੰ ਪਸੰਦ ਨਹੀਂ ਹੈ,
ਜਿਸ ਹਾਲਤ 'ਚ ਧੰਨਕੁਬੇਰ ਸਾਨੂੰ ਵੇਖਣਾ ਚਾਹੁੰਦੇ ਹਨ,
ਤੰਗਹਾਲੀ ।
ਆਪਾਂ ਇਸਨੂੰ ਵਗਾਹ ਮਾਰਾਂਗੇ
ਸੜੇ ਹੋਏ ਦੰਦਾਂ ਵਾਂਗ
ਜੋ ਹੁਣ ਤੱਕ ਮਨੁੱਖੀ ਦੇਹ ਨੂੰ
ਕੁਤਰਦੇ ਆਏ ਹਨ
ਪਰ ਮੈਂ ਤੈਨੂੰ
ਇਸ ਨਾਲਭੈਅਭੀਤ ਨਹੀਂ ਦੇਖਣਾ ਚਾਹੁੰਦਾ
ਜੇਕਰ ਮੇਰੀ ਗਲਤੀ ਨਾਲ
ਇਹ ਤੇਰੇ ਘਰ ਵਿੱਚ ਦਾਖਲ ਹੁੰਦੀ ਹੈ
ਜੇਕਰ ਗਰੀਬੀ
ਤੇਰੀ ਸੁਨਹਿਰੀ ਜੁੱਤੀ
ਪਰ੍ਹੇ ਖਿੱਚ ਕੇ ਲੈ ਜਾਂਦੀ ਹੈ
ਉਸਨੂੰ ਪਰ੍ਹੇ ਨਾ ਖਿੱਚਣ
ਦੇਈਂ ਆਪਣੀ ਮੁਸਕਰਾਹਟ
ਜੋ ਮੇਰੀ ਜਿੰਦਗੀ ਦੀ ਰੋਟੀ ਹੈ
ਜੇਕਰ ਤੂੰ ਭਾੜਾ ਨਹੀਂ ਦੇ ਸਕਦੀ
ਕੰਮ ਦੀ ਭਾਲ 'ਚ ਨਿਕਲ ਜਾ
ਗਭਰੀਲੀ ਉਲਾਂਘ ਭਰਦੀ ਹੋਈ,
ਅਤੇ ਯਾਦ ਰੱਖੀਂ ਮੇਰੀ ਪਿਆਰੀ, ਕਿ
ਮੈਂ ਤੇਰੀ ਨਿਗਰਾਨੀ ਤੇ ਹਾਂ
ਅਤੇ ਇਕੱਠੇ ਅਸੀਂ
ਸਭ ਤੋਂ ਵੱਡੀ ਦੌਲਤ ਹਾਂ
ਧਰਤੀ ਉੱਤੇ ਜੋ ਸ਼ਾਇਦ ਹੀ ਕਦੇ
ਇਕੱਠੀ ਕੀਤੀ ਗਈ ਹੋਵੇ

ਜੇਕਰ ਤੂੰ ਜਿੰਦਾ ਨਾ ਰਹੇਂ
ਜੇਕਰ ਅਚਾਨਕ ਤੂੰ ਕੂਚ ਕਰ ਜਾਵੇਂ
ਜੇਕਰ ਅਚਾਨਕ ਤੂੰ ਜਿੰਦਾ ਨਾ ਰਹੇਂ
ਮੈਂ ਜਿੰਦਾ ਰਹਾਂਗਾ
ਮੇਰੇ ਵਿਚ ਸਾਹਸ ਨਹੀਂ ਹੈ
ਮੇਰੇ ਵਿਚ ਸਾਹਸ ਨਹੀਂ ਹੈ ਲਿਖਣ ਦਾ
ਕਿ ਜੇਕਰ ਤੂੰ ਮਰ ਜਾਵੇਂ
ਮੈਂ ਜਿੰਦਾ ਰਹਾਂਗਾ
ਕਿਉਂਕਿ ਜਿੱਥੇ ਕਿਸੇ
ਆਦਮੀ ਦੀ ਕੋਈ ਅਵਾਜ ਨਹੀਂ ਹੈ
ਉੱਥੇ ਮੇਰੀ ਅਵਾਜ ਹੈ
ਜਿੱਥੇ ਪਿੰਜਰਾਂ ਉੱਤੇ ਵੀ ਹਮਲੇ ਹੁੰਦੇ ਹਨ
ਮੈਂ ਮਰ ਨਹੀਂ ਸਕਦਾ
ਜਿੱਥੇ ਮੇਰੇ ਸੰਗੀ ਜੇਲ੍ਹ ਜਾ ਰਹੇ ਹੋਣ
ਮੈਂ ਉਹਨਾਂ ਸੰਗ ਜਾਵਾਂਗਾ
ਹੁਣ ਜਿੱਤ
ਮੇਰੀ ਜਿੱਤ ਨਹੀਂ
ਬਲਕਿ ਮਹਾਨ ਜਿੱਤ
ਹਾਸਲ ਹੋਵੇ,
ਭਾਵੇਂ ਮੈਂ ਗੂੰਗਾ ਹੋਵਾਂ,
ਮੈਨੂੰ ਬੋਲਣਾ ਹੀ ਪਵੇਗਾ
ਦੇਖਾਂਗਾ ਮੈਂ ਉਹਨਾਂ ਦੀ ਆਮਦ,
ਭਾਵੇਂ ਮੈਂ ਅੰਨਾ ਹੀ ਕਿਉਂ ਨਾ ਹੋਵਾਂ
ਨਹੀਂ ਮੈਨੂੰ ਮਾਫ ਕਰ ਦੇਣਾ
ਜੇਕਰ ਤੂੰ ਜਿੰਦਾ ਨਹੀਂ ਰਹਿੰਦੀ
ਜੇਕਰ ਤੂੰ, ਮੇਰੇ ਪਿਆਰ, ਜੇਕਰ
ਜੇਕਰ ਤੂੰ ਮਰ ਗਈਂ ਹੋਵੇਂ
ਸਾਰੇ ਦੇ ਸਾਰੇ ਪੱਤੇ
ਮੇਰੀ ਹਿੱਕ ਉਤੇ ਡਿੱਗਣਗੇ
ਦਿਨ-ਰਾਤ ਹੋਵੇਗੀ ਮੁਸਲੇਧਾਰ ਬਾਰਿਸ਼
ਮੇਰੀ ਆਤਮਾ ਉੱਤੇ
ਬਰਫ ਮੇਰਾ ਦਿਲ ਦਾਗੇਗੀ
ਮੈਂ ਠੰਡ, ਅੱਗ,
ਮੌਤ ਅਤੇ ਬਰਫ ਸੰਗ ਚੱਲਾਂਗਾ
ਮੇਰੇ ਪੈਰ, ਜਿੱਥੇ ਤੂੰ ਸਦਾ ਦੀ ਨੀਂਦ
ਸੌਂ ਰਹੀ ਹੋਵੇਂਗੀ
ਉਸ ਰੁਖ ਕੂਚ ਕਰਨਾ ਚਾਹੁਣਗੇ
ਕਿਉਂਕਿ ਤੂੰ, ਸਭ ਕੁਝ ਤੋਂ ਉਪਰ,
ਮੈਨੂੰ ਅਜਿੱਤ ਦੇਖਣਾ ਚਾਹੁੰਦੀ ਸੀ
ਅਤੇ ਕਿਉਂਕਿ, ਮੇਰੇ ਪਿਆਰ,
ਤੈਨੂੰ ਪਤਾ ਹੈ
ਮੈਂ ਮਹਿਜ ਇੱਕ ਆਦਮੀ ਨਹੀਂ,
ਬਲਕਿ ਸਮੁੱਚੀ ਆਦਮਜਾਤ ਹਾਂ'

## ਜੂਝਦੇ ਲੋਕ

ਮੈਂ ਦਿਲੋਂ ਲੋਕ ਜੱਦੋਜਹਿਦ ਦੇ ਅੰਗ-ਸੰਗ ਹਾਂ
ਮੇਰੇ ਲੋਕ ਜਿੱਤਣਗੇ
ਵਾਰੀ-ਵਾਰੀ ਸਭ ਜਿੱਤਣਗੇ

ਨਿਚੋੜ ਦਿੱਤੇ ਜਾਣਗੇ ਸਭ ਦੁੱਖ
ਉਦਾਸੀ ਭਿੱਜੇ ਰੁਮਾਲ ਵਾਂਗ
ਰੇਗਿਸਤਾਨਾਂ 'ਤੇ
ਕਬਰਾਂ ਉੱਤੇ ਡੁੱਲ੍ਹੇ ਹੰਝੂ
ਪੂੰਝ ਦਿੱਤੇ ਜਾਣਗੇ
ਜਿੱਤ ਦੇ ਪਲ ਨੇੜੇ ਹਨ
ਇਸ ਲਈ ਨਫ਼ਰਤਾਂ ਨੂੰ ਪਲਣ ਦਿਓ
ਤਾਂ ਜੋ ਦੋਸ਼ੀਆਂ ਨੂੰ ਸਜ਼ਾ
ਦੇਣ ਵੇਲੇ ਹੱਥ ਨਾ ਕੰਬਣ
ਸਮੇਂ ਦੇ ਘੜੀ ਨੂੰ ਆਪਣੇ
ਟੀਚੇ ਤੱਕ ਪਹੁੰਚਣ ਦਿਓ
ਆਪਣੀ ਪੂਰੀ ਗਤੀ 'ਚ
ਅਤੇ ਲੋਕਾਂ ਨੂੰ ਭਰਨ ਦਿਓ ਖਾਲੀ ਸੜਕਾਂ
ਨਵੀਆਂ ਸੰਭਾਵਨਾਵਾਂ ਨਾਲ਼

ਇਹੋ ਮੇਰੀ ਚਾਹਤ ਦਾ
ਇੱਕ-ਨੁਕਾਤੀ ਏਜੰਡਾ ਹੈ

## ਮੁੜ ਅੱਤਿਆਚਾਰ

ਅੱਜ ਮੁੜ ਬਰਾਜੀਲ
ਸ਼ਿਕਾਰੀ ਦੇ ਖੂਨੀ ਪੰਜਿਆਂ ਹੇਠ ਹੈ
ਨਿੱਘ ਦੀ ਭਾਲ 'ਚ ਦੌੜਦੇ
ਗੁਲਾਮਾਂ ਦੇ ਵਪਾਰੀਆਂ ਦੇ
ਯੱਖ ਲਾਲਚ 'ਚ ਫਸਿਆ
ਉਹਨਾਂ ਵਾਲ ਸਟਰੀਟ ਤੋਂ
ਆਪਣੇ ਸ਼ਾਹੀ ਉੱਡਣ-ਖਟੋਲੇ ਰਾਹੀਂ
ਫੁਰਮਾਨ ਘੱਲਿਆ
ਅਤੇ ਜਹਿਰੀਲੇ ਦੰਦ ਖੋਭ ਦਿੱਤੇ
ਲੋਕਾਂ ਦੇ ਅੱਲ੍ਹੇ ਜਖਮਾਂ ਅੰਦਰ
ਅਤੇ ਫਿਰ
ਚਿੱਲੀ, ਬਰਾਜੀਲ, ਸਭ ਥਾਈਂ
ਸ਼ੁਰੂ ਹੋਇਆ ਸ਼ਿਕਾਰ
ਅਤੇ ਲੁੱਟ ਲਿਆ ਸਾਡਾ ਅਮਰੀਕਾ
ਵਪਾਰੀਆਂ ਅਤੇ ਹੱਤਿਆਰਿਆਂ ਨੇ
ਮੇਰੇ ਲੋਕਾਂ ਨੇ ਮੇਰੀ ਸੋਚ ਨੂੰ
ਦਿਲਾਂ 'ਚ ਸਮੋ ਲਿਆ
ਅਤੇ ਮੇਰੀ ਕਵਿਤਾ ਨੂੰ
ਆਪਣੇ ਹੱਥਾਂ 'ਚ ਛੁਪਾ ਲਿਆ
ਉਹਨਾਂ ਮੈਨੂੰ ਮੌਤ ਦੇ
ਜੁਬਾੜਿਆਂ 'ਚੋਂ ਕੱਢਿਆ
ਅਤੇ ਬਰਾਜੀਲ ਦੇ ਲੋਕਾਂ ਨੇ
ਬੰਦ ਕਰ ਦਿੱਤੇ ਈਸ਼ਵਰ
ਦੁਆਰ ਦੇ ਸੱਭੇ ਮਾਰਗ
ਜਿੱਥੇ ਪ੍ਰੈਸਤੇ ਮੁੜ
ਜਾਲਮਾਂ ਨੂੰ ਵੰਗਾਰਦਾ ਹੈ
ਬਰਾਜੀਲ, ਹੋ ਸਕਦਾ ਹੈ ਕਪਤਾਨ
(ਪ੍ਰੈਸਤੇ-ਅਨੁ.)
ਤੁਹਾਡੇ ਦੁੱਖਾਂ ਲਈ ਸੁਰੱਖਿਆ-ਕਵਚ
ਬਣਿਆ ਰਹੇ
ਬਰਾਜੀਲ, ਹੋ ਸਕਦਾ ਹੈ ਤੁਸੀਂ
ਮੁੜ ਨਾ ਤਰਾਸ਼ ਸਕੋਂ
ਉਸਦੇ ਨਕਸ਼
ਉਸਦੇ ਬੁੱਤ 'ਚੋਂ
ਉਸਦੀਆਂ ਯਾਦਾਂ 'ਚੋਂ,
ਆਉਣ ਵਾਲੇ ਕੱਲ੍ਹ 'ਚੋਂ
ਜਿੰਦਗੀ ਦੇ ਟੁਕੜਿਆਂ 'ਚੋਂ
ਸਖਤ ਪੱਥਰ 'ਚੋਂ ਤੁਸੀਂ ਉਸਦਾ ਨਿਰਮਾਣ
ਕਰ ਸਕਦੇ ਹੋ
ਭਾਵੇਂ ਤੁਹਾਡਾ ਦਿਲ
ਉਸਦੇ ਸੁਪਨਿਆਂ ਦੀ
ਅਜਾਦੀ ਦਾ ਸੁਆਦ ਚੱਖਣ
ਦੀ ਇਜਾਜਤ ਨਹੀਂ ਦਿੰਦਾ ਹੋਵੇਗਾ
ਪਰ
ਹਾਲੇ ਵੀ, ਹਾਲੇ ਵੀ
ਤੁਸੀਂ ਹੀ ਅਜਿੱਤ ਹੋ
ਬਰਾਜੀਲ

***ਲੁਇਜ ਕਾਰਲੋ ਪ੍ਰੈਸਤੇ- ਬਰਾਜੀਲ ਦੀ ਕਮਿਊਨਿਸਟ ਪਾਰਟੀ ਅਤੇ 1930 ਦੇ ਇਨਕਲਾਬ ਦਾ ਸਿਰਕੱਢ ਆਗੂ**

**ਅਨੁਵਾਦ - ਮਨਦੀਪ**

## ਛੇਤੀ ਹ.ਫ ਜਾਂਦੇ ਹਨ

ਜਿਨ੍ਹਾਂ ਦੇ ਸੁਭਾਅ ਵਿੱਚ
ਕਾਹਲ਼ ਹੁੰਦੀ ਹੈ
ਠਰ੍ਹੰਮੇਂ ਦੀ ਬਜਾਏ।

ਲੰਮੇ ਲੰਮੇ ਸਾਹ ਲੈਂਦਿਆਂ
ਇੱਕ ਠੰਢਾ ਸਾਹ ਭਰਨ ਮਗਰੋਂ
ਠੰਢੇ ਹੋ ਜਾਂਦੇ ਹਨ

ਤੇ ਚਿੱਟੇ ਹੋਏ ਵਾਲ਼ਾਂ ਦੀ
ਸਫ਼ੈਦੀ ਝਾੜਦਿਆਂ ਆਖ਼ਦੇ ਹਨ
ਕੁੱਝ ਨਹੀਂ ਹੋ ਸਕਦਾ।

ਕਣਕ ਬੀਜ ਕੇ
ਅਗਲੇ ਦਿਨ
ਕੰਬਾਈਨਾਂ ਲੈ ਕੇ ਖੜ੍ਹੇ ਹੁੰਦੇ ਹਨ
ਖੇਤਾਂ ਕੰਢੇ।

ਭੁੱਲ ਜਾਂਦੇ ਹਨ
ਮੌਸਮਾਂ ਦੀ ਮਾਰ
'ਨ੍ਹੇਰੀਆਂ-ਝੱਖੜ
ਸੁੰਡੀਆਂ, ਤੇਲਾ
ਨਕਲੀ ਦਵਾਈਆਂ, ਖਾਧਾਂ
ਤੇ ਸਪਰੇਆਂ ਦੀ ਮਾਰ ਵੀ ਝੱਲਣੀ ਪੈਂਦੀ ਹੈ
ਫ਼ਸਲਾਂ ਨੂੰ।

ਜੁਆਕ ਨੂੰ
ਕੱਚੀ ਪਹਿਲੀ ਵਿੱਚ ਪਾਕੇ
ਅਪਣੇ ਆਪ ਨੂੰ
ਜੱਜ ਦਾ ਪਿਓ ਚਿਤਵ ਲੈਣ ਵਾਲੇ
ਇਹ ਲੋਕ
ਬਹੁਤ ਛੇਤੀ ਥੱਕ ਜਾਂਦੇ ਹਨ।

ਸਿਰਫ਼ ਥੱਕਦੇ ਹੀ ਨਹੀਂ
ਟੁੱਟ ਵੀ ਜਾਂਦੇ ਹਨ।

ਇਹ ਹਾਰੇ ਹੋਏ ਲੋਕ
ਕੀ ਜਾਨਣ
ਕਿ ਜਿੱਤ
ਲੜਨ ਵਾਲਿਆਂ ਦੀ ਹੁੰਦੀ ਹੈ।

ਜੋ ਲੜਦੇ ਨਹੀਂ
ਗ਼ੁਲਾਮ ਬਣਾ ਲਏ ਜਾਂਦੇ ਨੇ।

ਤੇ ਗ਼ੁਲਾਮਾਂ ਦਾ
ਕੋਈ ਭਵਿੱਖ ਨਹੀਂ ਹੁੰਦਾ।

#ਗੱਗਬਾਣੀ

## ਤਾਰਿਆਂ ਦੇ ਵੱਲ ਤਕ

ਤਾਰਿਆਂ ਦੇ ਵੱਲ ਤਕ
ਸੀਖਾਂ ਵਿੱਚੋਂ
ਤੱਕੀ ਦੈਅ
ਮਲੂਕੜਾ ਜਿਹਾ ਚਿਹਰਾ
ਛੱਡ ਆਇਆਂ ਸਾਂ ਜੋ
ਪੰਜ ਸਾਲ ਦੇ ਨੂੰ।

ਪੁੱਤ ਮੇਰਾ ਹੋ ਗਿਆ ਹੋਣੈ
ਲੋਕੋ ਗੱਭਰੂ,
ਤੇ ਹੱਕਾਂ ਦੀ ਲੜਾਈ ਵੀ ਜੋਬਨ ਤੇ
ਲੋਕੀ ਕਹਿਣ ਕਿ
ਪਿਓ ਤੇਰਾ ਬੜੇ ਵੱਡੇ
ਜਿਗਰੇ ਵਾਲਾ
ਤੇ ਕੁਰਬਾਨੀਆਂ ਦਾ ਪੁੰਜ,
ਕੀ ਜਾਨਣ ਉਹ
ਮੇਰੇ ਨਾਲੋਂ
ਬਚਪਨ ਤੇਰੇ ਦੀ
ਗੰਭੀਰ ਕਹਾਣੀ।



ਸੁਪਨਾ ਹੈ ਇੱਕੋ
ਪੁੱਤਾ ਮੇਰਿਆ
ਹੱਕਾਂ ਦੀ ਲੜਾਈ
ਕਦੇ ਰੰਡੀ ਨਾ ਹੋਵੇ
ਅੱਜ ਮੈਂ ਹਾਂ ਤੇ ਕੱਲ
ਤੂੰ
ਵਤਨ ਫਰੋਸ਼ ਹੋਵੇ।

ਬਦਲਾ ਲੈਣਾ ਹੈ
ਜੀਭਾਂ ਕੱਟੀਆਂ ਦਾ
ਤੇ ਵਿਆਜ ਵੀ ਲੈਣਾ
ਕੰਨਾ ਚ ਢਾਲੇ ਸਿੱਕਿਆ ਦਾ
ਮੋੜੀ ਉਹ ਵੱਢ ਦੇਣੀ ਹੈ
ਜੋ ਪੈੜਾਂ ਸਾਡੀਆਂ
ਮਿਟਾ ਦੇਵੇ
ਤੇ ਵੱਢ ਦੇਣਾ ਹੈ
ਫਾਹਾ ਅਸੀਂ
ਇਹ ਜਾਤੀ ਦਾ ।
ਸਰਦਾਰਾਂ ਦੇ ਸਰਦਾਰ ਨਹੀ ਜੰਮਣਗੇ
ਘਾਹੀਆਂ ਦੇ ਪੁੱਤ ਨਾ ਘਾਹੀ
ਬਰਾਬਰਤਾ ਤੇ ਸਨਮਾਨ
ਸਭ ਲਈ
ਇਹੋ ਸਾਡੀ ਲੜਾਈ
ਇਹੋ ਸਾਡੀ ਲੜਾਈ।

**ਧੰਨਵਾਦ**
**ਨਿੱਕਾ ਸਮਾਓ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਖਿੜਦੇ ਅਤੇ ਸੜਦੇ ਫੁੱਲ



ਕਮਲ ਦਾ ਫੁੱਲ ਖਿੜਨਾ ਚਾਹੀਦੈ...
ਅੱਗ 'ਚ ਸੜ ਗਏ
ਮਾਵਾਂ ਦੇ ਫੁੱਲਾਂ ਦਾ ਕੀ ਏ ?

ਜਸ਼ਨ ਮਨਾਓ
ਭੰਗੜੇ ਪਾਓ
ਨੱਚੋ ਟੱਪੋ
ਹੱਸੋ ਗਾਓ

ਗੁਜਰਾਤ ਦੀ ਖ਼ਬਰ ਛਾਈ ਹੈ
ਅੰਬਰ ਛੋਂਹਦੇ ਵੈਣਾ ਦੀ ਦੁਹਾਈ ਹੈ
ਰਾਜ ਦਰਬਾਰ ਨੇ ਖ਼ੁਸ਼ੀ ਮਨਾਈ ਹੈ
ਵਧਾਈ ਹੈ! ਵਧਾਈ ਹੈ!! ਵਧਾਈ ਹੈ !!!

ਕੀ ਹੋਇਆ ਜੇ ਖੇਡਾਂ ਦੇ ਮੈਦਾਨ ਵਿੱਚ
ਆਸਾਂ ਲੌਂਗ ਜੰਪ ਨਹੀਂ ਲਗਾਈ ਹੈ
ਜਮਹੂਰੀ ਸਿਸਟਮ ਨੇ ਚੌਥੀ ਮੰਜ਼ਲ ਤੋਂ
ਸਾਨੂੰ ਛਾਲ ਮਾਰਨੀ ਤਾਂ ਸਿਖਾਈ ਹੈ

ਤੁਸੀਂ ਮੁਕਟ ਸਜਾਓ
ਖ਼ੰਜਰ ਲਹਿਰਾਓ
'ਭਾਰਤ ਮਾਤਾ ਕੀ ਜੈ' ਗੂੰਜਾਓ

ਭਾਰਤ ਦੀਆਂ ਮਾਵਾਂ ਰੋਂਦੀਆਂ ਨੇ
ਤਾਂ ਰੋਂਦੀਆਂ ਰਹਿਣ
ਮਾਰਨ ਦੁਹੱਥੜਾਂ
ਪਾਵਣ ਵੈਣ

ਅੱਗ 'ਚ ਸੜਨ ਦਾ 4 ਲੱਖ ਇਨਾਮ
ਛਾਲਾਂ ਮਾਰ ਗਏ ਫੱਟੜਾਂ ਦਾ ਸਨਮਾਨ

ਗੁਜਰਾਤ ਦਾ ਸ਼ਹਿਰ ਸੂਰਤ
ਨਵੀਂ ਰੁੱਤ ਦੀ ਸੂਰਤ ਦੱਸਦਾ ਹੈ
ਸਭ ਕਾ ਸਾਥ, ਜਭ ਕਾ ਵਿਕਾਸ਼
ਮਾਰਕਾ ਜੁਮਲਿਆਂ ਤੇ ਵਿਅੰਗ ਕਸਦਾ ਹੈ।

ਛਾਲਾਂ ਮਾਰਕੇ ਮਰ ਗਈ ਜੁਆਨੀਏਂ
ਜਿਉਂਦੇ ਜੀ ਅੱਗ 'ਚ ਸੜ ਗਈ ਜੁਆਨੀਏਂ

ਅਜੇ ਸੀਟਾਂ ਦੀ ਗਿਣਤੀ ਜਰੂਰੀ ਹੈ,
ਅਜੇ ਸੀਨੇ ਦੀ ਮਿਣਤੀ ਜਰੂਰੀ ਹੈ।

ਕਾਹਲੀ ਨਾ ਪੈ
ਮੋਇਆਂ ਦੀ ਗਿਣਤੀ ਵੀ ਦੱਸ ਦਿਆਂਗੇ,
ਵੈਣਾਂ ਦਾ ਮੁੱਲ ਵੀ ਹੱਥ ਰੱਖ ਦਿਆਂਗੇ।।

**- ਅਮੋਲਕ ਸਿੰਘ**



ਸੂਰਤ ਚ ਇੱਕ ਇਮਾਰਤ ਨੂੰ ਅੱਗ ਲੱਗਣ ਕਾਰਨ ਮਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 23 ਹੋ ਗਈ ਹੈ ਤੇ 7 ਵਿਦਿਆਰਥੀਆਂ ਦੀ ਹਾਲਤ ਹਾਲੇ ਨਾਜ਼ੁਕ ਬਣੀ ਹੋਈ ਹੈ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਇਹਨਾਂ ਵਿਦਿਆਰਥੀਆਂ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਾ ਹੈ।

ਇੱਕ ਇਮਾਰਤ ਦੀ ਚੌਥੀ ਮੰਜ਼ਲ 'ਤੇ ਬਣੇ ਇਸ ਕੋਚਿੰਗ ਸੈਂਟਰ ਵਿੱਚ 13 ਤੋਂ 17 ਸਾਲ ਤੱਕ ਦੇ 50 ਦੇ ਕਰੀਬ ਵਿਦਿਆਰਥੀ ਸਨ ਤੇ ਅੱਗ ਲੱਗਣ ਤੋਂ ਬਾਅਦ ਜਾਨ ਬਚਾਉਣ ਲਈ 10 ਤੋਂ ਵੱਧ ਵਿਦਿਆਰਥੀਆਂ ਨੇ ਛਾਲ਼ ਮਾਰਨੀ ਪਈ।

ਇਸ ਹਾਦਸੇ ਤੋਂ ਸਾਫ਼ ਹੈ ਕਿ ਕੋਚਿੰਗ ਸੈਂਟਰ ਤੇ ਪੂਰੀ ਇਮਾਰਤ ਵਿੱਚ ਅੱਗ ਬੁਝਾਊ ਸਿਲੰਡਰ ਤੇ ਹੰਗਾਈ ਹਾਲਤ ਲਈ ਸੁਰੱਖਿਅਤ ਲਾਂਘੇ ਜਿਹੇ ਸੁਰੱਖਿਆ ਪ੍ਰਬੰਧ ਢੁਕਵੇਂ ਨਹੀਂ ਹਨ।

ਪਰ ਇਸ ਤੋਂ ਵੱਡਾ ਸਵਾਲ ਹੈ ਕਿ ਮੋਦੀ ਦੇ ਜਿਸ ਗੁਜਾਰਤ ਵਿੱਚ 3000 ਕਰੋੜ ਲਾਕੇ ਸਭ ਤੋਂ ਵੱਡਾ 600 ਫੁੱਟ ਉੱਚਾ ਪਟੇਲ ਦਾ ਬੁੱਤ ਬਣਾਇਆ ਗਿਆ ਹੈ ਉਸ ਗੁਜਾਰਤ ਕੋਲ ਫਾਇਰ ਬ੍ਰਿਗੇਡ ਆਦਿ ਦੇ ਚੁਸਤ ਪ੍ਰਬੰਧ ਕਿਉਂ ਨਹੀਂ ਹਨ ਜੋ ਪਲਾਂ ਅੰਦਰ ਘਟਨਾ ਵਾਲੀ ਥਾਂ 'ਤੇ ਪਹੁੰਚਣ? ਤੇ ਉਹਨਾਂ ਕੋਲ਼ ਉੱਚੀਆਂ ਬਚਾਅ ਪੌੜੀਆਂ ਕਿਉਂ ਨਹੀਂ ਤਾਂ ਕਿ ਇਹਨਾਂ ਬੱਚਿਆਂ ਨੂੰ ਛਾਲ਼ ਹੀ ਨਾ ਮਾਰਨੀ ਪੈਂਦੀ?

ਸ਼ਰਮ ਦੀ ਗੱਲ ਹੈ ਕਿ 70 ਸਾਲ ਦੀ ਅਜ਼ਾਦੀ ਮਗਰੋਂ ਵੀ ਸਾਡਾ ਵਿਕਾਸ ਪਖਾਨਿਆਂ, ਲੈਟਰੀਨਾਂ ਬਣਾਉਣ 'ਤੇ ਹੀ ਖੜ੍ਹਾ ਹੈ। ਇਸ ਰਫ਼ਤਾਰ ਨਾਲ਼ ਅੱਗ ਬੁਝਾਉਣ ਜਿਹੇ ਸੁਰੱਖਿਅਤ ਪ੍ਰਬੰਧਾਂ ਤੋਂ ਲੈ ਕੇ ਹਰ ਵਿਅਕਤੀ ਲਈ ਚੰਗੇ ਹਸਪਤਾਲਾਂ, ਸਕੂਲਾਂ ਆਦਿ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਹਾਂ, 600 ਦੀ ਥਾਂ 1200 ਫੁੱਟ ਉੱਚੇ ਬੁੱਤ ਤੇ 4000 ਕਰੋੜ ਦੀ ਥਾਂ 10,000 ਕਰੋੜ ਦੇ ਸਰਕਾਰੀ ਖਰਚੇ ਵਾਲੇ ਕੁੰਭ ਮੇਲੇ ਤੇ ਸਰਮਾਏਦਾਰਾਂ ਦੇ 10 ਲੱਖ ਕਰੋੜ ਦੀ ਥਾਂ 20 ਲੱਖ ਕਰੋੜ ਦੇ ਕਰਜ਼ੇ ਮਾਫ਼ ਕਰਨ ਦੀ ਜ਼ਰੂਰ ਕਲਪਨਾ ਕੀਤੀ ਜਾ ਸਕਦੀ ਹੈ।

# ਹਾਕਮਾਂ ਦੀਆਂ ਵੋਟਾਂ ਦਾ ਬਦਲ ਹਨ ਲੋਕ ਸੰਘਰਸ਼ ?

ਲੁਟੇਰਿਆਂ 'ਚੋਂ ਕਿਸੇ ਇੱਕ ਦੀ ਚੋਣ ਦੀ ਥਾਵੇਂ ਜਥੇਬੰਦ ਸੰਘਰਸ਼ ਦੇ ਰਾਹ ਦੀ ਚੋਣ ਨੂੰ ਇੱਕ ਬਦਲ ਵਜੋਂ ਸਥਾਪਤ ਕਰਨ ਦੀ ਬੇਹੱਦ ਮਹੱਤਤਾ ਹੈ। ਇਹ ਸਥਾਪਤ ਕਰਨ ਦੀ ਮਹੱਤਤਾ ਹੈ ਕਿ

– ਸਾਡੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਦਾ ਬਦਲ ਜਥੇਬੰਦੀ ਕਿਵੇਂ ਬਣਦੀ ਹੈ। ਵਾਜਬ ਮੰਗਾਂ ਨੂੰ ਕਿਸੇ ਉੱਚ ਅਧਿਕਾਰੀ ਜਾਂ ਸਿਆਸੀ ਚੌਧਰੀ ਦੀ ਮਿੰਨਤ, ਸਿਫਾਰਸ਼ ਜਾਂ ਵੱਢੀਖੋਰੀ ਦੀ ਥਾਵੇਂ ਇਕੱਠ ਤੇ ਐਜੀਟੇਸ਼ਨ ਦੇ ਜ਼ੋਰ ਵੀ ਹਾਸਲ ਕੀਤਾ ਜਾ ਸਕਦਾ ਹੈ। ਕੋਈ ਰੁਜ਼ਗਾਰ ਦੀ ਮੰਗ, ਬਦਲੀ ...ਕਰਵਾਉਣ ਜਾਂ ਰੱਦ ਕਰਵਾਉਣ ਦੀ ਮੰਗ, ਛੁੱਟੀ ਦੀ ਮੰਗ, ਰੁਕੀ ਪੈਨਸ਼ਨ ਹਾਸਲ ਕਰਨ ਦੀ ਮੰਗ, ਨਰੇਗਾ ਦੇ ਬਕਾਇਆਂ ਦੀ ਮੰਗ, ਮੰਡੀ 'ਚੋਂ ਫਸਲ ਚੁੱਕੇ ਜਾਣ ਦੀ ਮੰਗ ਜਾਂ ਲੈਕਚਰ ਪੂਰੇ ਕੀਤੇ ਜਾਣ ਦੀ ਮੰਗ ਨਿੱਜੀ ਜੀ-ਹਜ਼ੂਰੀ ਦੀ ਬਜਾਏ ਇਕੱਠ ਤੇ ਜਥੇਬੰਦੀ ਦੇ ਜ਼ੋਰ ਵੀ ਪੁਗਾਈ ਜਾ ਸਕਦੀ ਹੈ। ਕਿ ਅਜਿਹੀ ਪ੍ਰਾਪਤੀ ਦੀ ਪਾਏਦਾਰੀ ਹੋਰ ਕਿਸੇ ਵੀ ਤਰੀਕੇ ਹੋਈ ਪ੍ਰਾਪਤੀ ਨਾਲੋਂ ਵੱਧ ਹੈ। ਕਿ ਅਜਿਹੀ ਪ੍ਰਾਪਤੀ ਬੇਅਸੂਲੀ ਆਗਿਆਕਾਰੀ ਤੋਂ ਰਹਿਤ ਤੇ ਸਵੈਮਾਣ ਭਰਪੂਰ ਹੈ।

– ਜਿਹਨਾਂ ਪਿੰਡਾਂ, ਕਾਲਜਾਂ, ਦਫਤਰਾਂ, ਮੁਹੱਲਿਆਂ ਅੰਦਰ ਲੋਕਾਂ ਦੀ ਖਰੀ ਏਕਤਾ 'ਤੇ ਅਧਾਰਤ ਜਥੇਬੰਦੀਆਂ ਹਨ, ਉਥੋਂ ਦੀ ਹਾਲਤ ਹੋਰਨਾਂ ਥਾਵਾਂ ਨਾਲੋਂ ਬੇਹਤਰ ਕਿਵੇਂ ਹੈ। ਆਪਸੀ ਬੇਵਿਸ਼ਵਾਸੀ ਤੇ ਲੱਤਾਂ ਖਿੱਚਣ ਦੇ ਮਾਹੌਲ ਦੇ ਮੁਕਾਬਲੇ ਉਹਨਾਂ ਥਾਵਾਂ 'ਤੇ ਕਿਵੇਂ ਸਾਂਝੀ ਪਹਿਲਕਦਮੀ ਤੇ ਭਰੱਪੇ ਦੇ ਮਾਹੌਲ ਦਾ ਵਿਕਾਸ ਹੁੰਦਾ ਹੈ। ਕਿਵੇਂ ਅਜਿਹੇ ਕਿਸੇ ਦਫਤਰ ਦੇ ਮੁਲਾਜ਼ਮ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਸਾਡੇ ਨੀ ਕੋਈ ਅਫਸਰ ਇੰਜ ਬੋਲ ਸਕਦਾ, ਅਸੀਂ ਤਾਂ ਓਦੋਂ ਈ ਧਰਨਾ ਮਾਰ ਲੈਨੇ ਆਂ। ਜਾਂ ਕਿਸੇ ਪਿੰਡ ਦੇ ਲੋਕ ਕਹਿੰਦੇ ਨੇ ਕਿ ਸਾਡੇ ਪਿੰਡ ਤਾਂ ਯੂਨੀਅਨ ਏਨੀ ਤਕੜੀ ਐ ਬਈ ਕੋਈ ਡਰਦਾ ਮੀਟਰ ਬਾਹਰ ਕੱਢਣ ਨਹੀਂ ਆਉਂਦਾ।

– ਕਿਵੇਂ ਲੋਕਾਂ ਦੀ ਸਮੁੱਚੀ ਧਿਰ ਹੀ ਪੀੜਤ ਐ। ਕਿਸੇ ਲਈ ਗੁਜ਼ਾਰੇ ਦਾ ਮਸਲਾ, ਕਿਸੇ ਲਈ ਜ਼ਮੀਨ ਬਚਾਉਣ ਦਾ, ਕਿਸੇ ਲਈ ਨੌਕਰੀ ਹਾਸਲ ਕਰਨ ਦਾ ਮਸਲਾ, ਕਿਸੇ ਲਈ ਨੌਕਰੀ ਸਲਾਮਤ ਰੱਖਣ ਦਾ। ਸ਼ਹਿਰੀ ਮੱਧਵਰਗ ਦਾ ਇੱਕ ਹਿੱਸਾ ਜੋ ਉਂਝ ਸਰਦਾ ਪੁੱਜਦਾ ਲੱਗਦਾ ਹੈ, ਉਹ ਵੀ ਲੋਕਾਂ ਲਈ ਨਰਕ ਬਣਾਏ ਜਾ ਚੁੱਕੇ ਇਸ ਪ੍ਰਬੰਧ ਅੰਦਰ ਹਵਾ, ਪਾਣੀ, ਭੋਜਨ ਅੰਦਰ ਘੁਲੀਆਂ ਜ਼ਹਿਰਾਂ ਦਾ ਸ਼ਿਕਾਰ ਹੈ। ਆਪਣੀ ਜ਼ਿੰਦਗੀ ਨੂੰ ਸਲਾਮਤ ਰੱਖਣ ਲਈ ਇਸ ਮੁਨਾਫਾ ਅਧਾਰਤ ਪ੍ਰਬੰਧ ਨੂੰ ਬਦਲਣਾ ਤੇ ਆਪਣਾ ਤੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨਾ ਉਸਦੀ ਵੀ ਲੋੜ ਹੈ। ਭਾਵੇਂ ਵੱਖ-ਵੱਖ ਲੋਕ ਹਿੱਸਿਆਂ ਦੀਆਂ ਲੋੜਾਂ ਵੱਖੋ ਵੱਖ ਹਨ, ਪਰ ਇਸ ਪ੍ਰਬੰਧ ਨੂੰ ਬਹੁਗਿਣਤੀ ਲਈ ਬਾ-ਸਹੂਲਤ ਪ੍ਰਬੰਧ 'ਚ ਤਬਦੀਲ ਕਰਨਾ ਸਭਨਾਂ ਦੀ ਸਾਂਝੀ ਲੋੜ ਹੈ ਤੇ ਇਸ ਮਕਸਦ ਲਈ ਆਪੋ ਵਿੱਚ ਜੋਟੀ ਪਾਉਣਾ ਵੀ ਸਾਂਝੀ ਲੋੜ ਹੈ।

– ਕਿਵੇਂ ਬਦਲ ਬਦਲ ਕੇ ਰਾਜ ਕਰ ਰਹੇ ਹਾਕਮ ਜਮਾਤੀ ਟੋਲੇ ਲੋਕਾਂ ਨੂੰ ਫਨਾਹ ਕਰ ਰਹੀਆਂ ਨੀਤੀਆਂ ਬਾਰੇ ਇੱਕਮਤ ਹਨ। ਲੋਕਾਂ ਤੋਂ ਖੋਹ ਕੇ ਆਪਣੇ ਸਾਮਰਾਜੀ ਮਾਲਕਾਂ ਦੀਆਂ ਤੇ ਆਪਣੀਆਂ ਗੋਗੜਾਂ ਭਰਨ ਦਾ ਅਮਲ ਨਿਰਵਿਘਨ ਚਲਦੇ ਰੱਖਣਾ ਤੇ ਹੋਰ ਤੇਜ਼ ਕਰਨਾ ਹੀ ਇਹਨਾਂ ਦਾ ਕੰਮ ਹੈ। ਕਿ ਅਸਲ ਲੜਾਈ ਇਸ ਗੱਲ ਦੀ ਹੈ ਕਿ ਕੁੱਝ ਵਸੀਲੇ ਬਹੁਗਿਣਤੀ ਕਮਾਊ ਲੋਕਾਂ ਲਈ ਵਰਤੇ ਜਾਣ ਕਿ ਮੁੱਠੀ ਭਰ ਜੋਕਾਂ ਦੀ ਐਸ਼ਪ੍ਰਸਤੀ ਲਈ ਵਰਤੇ ਜਾਣ ਤੇ ਕਿੰਜ ਹੇਠਲੀ ਉੱਤੇ ਕੀਤੇ ਬਿਨਾਂ, ਮਾੜੇ ਮੋਟੇ ਸੁਧਾਰਾਂ ਨਾਲ ਹੀ ਲੋਕਾਂ ਦੀਆਂ ਜ਼ਿੰਦਗੀਆਂ ਨਹੀਂ ਬਦਲ ਸਕਦੀਆਂ।

– ਜਿਵੇਂ ਵੋਟ ਪਾਉਣ ਨਾਲ ਹੀ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਹਕੀਕੀ ਤਬਦੀਲੀ ਸੰਭਵ ਨਹੀਂ, ਓਵੇਂ ਮਹਿਜ਼ ਵੋਟਾਂ ਦੇ ਬਾਈਕਾਟ ਨਾਲ ਹੀ ਹਕੀਕੀ ਤਬਦੀਲੀ ਨਹੀਂ ਹੋ ਸਕਦੀ। ਕਿਉਂਕਿ ਕਿਸੇ ਸਥਾਪਤ ਬਦਲ ਬਿਨਾਂ ਬਾਈਕਾਟ ਦੇ ਸੱਦੇ ਦਾ ਅਮਲੀ ਮਤਲਬ ਵੀ ਨੋਟਾ ਦੇ ਅਧਿਕਾਰ ਵਰਗਾ ਹੀ ਬਣਦਾ ਹੈ। ਅਸਲ ਤਬਦੀਲੀ ਸਿਰਫ ਮੂਕ ਹਿੱਸੇਦਾਰ ਬਣਕੇ ਨਹੀਂ, ਬਲਕਿ ਲੋਕਾਂ ਵੱਲੋਂ ਸਿਆਸੀ ਜ਼ਿੰਦਗੀ ਵਿੱਚ ਸਰਗਰਮ ਦਖਲਅੰਦਾਜ਼ੀ ਕਰਕੇ ਹੀ ਸੰਭਵ ਹੈ। ਸਰਗਰਮ ਦਖਲਅੰਦਾਜ਼ੀ ਦਾ ਮਤਲਬ ਚੇਤਨ ਲੋਕ ਲਹਿਰਾਂ ਦੀ ਉਸਾਰੀ ਹੀ ਹੈ।

–ਵੋਟਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ, ਲੋਕਾਂ ਦਾ ਕੰਮ ਰਾਜ ਸਤਾ ਦੇ ਮੁਕਾਬਲੇ ਆਪਣੀ ਤਾਕਤ ਦੀ ਉਸਾਰੀ ਕਰਨਾ ਹੈ ---- ਲੋਕਾਂ ਦੀ ਪੁੱਗਤ ਵਾਲੇ ਰਾਜ ਤੇ ਸਮਾਜ ਦੀ ਉਸਾਰੀ ਦੀ ਦਿਸ਼ਾ 'ਚ ਅੱਗੇ ਵਧਣ ਲਈ ਅੱਜ ਸਾਨੂੰ ਹਾਕਮ ਜਮਾਤੀ ਵੋਟ ਪਾਰਟੀਆਂ ਤੇ ਸੰਸਥਾਵਾਂ ਦੇ ਮੁਕਾਬਲੇ ਲੋਕਾਂ ਦੀ ਤਾਕਤ ਦੇ ਪੋਲ ਦੀ ਉਸਾਰੀ ਕਰਨ ਦੀ ਸੇਧ 'ਚ ਅਗੇ ਵਧਣਾ ਚਾਹੀਦਾ ਹੈ। ਅੱਜ ਲੋਕਾਂ ਦੇ ਵੱਖ ਵੱਖ ਮਿਹਨਤਕਸ਼ ਤਬਕਿਆਂ ਦੇ ਸੰਘਰਸ਼ ਚੱਲਦੇ ਹਨ। ਇਹ ਸੰਘਰਸ਼ ਹੀ ਹਨ ਜੋ ਇੱਕ ਦੂਜੇ ਤਬਕੇ ਦਾ ਆਸਰਾ ਬਣੇ ਹਨ। ਜਲੂਰ 'ਚ ਮਾਲਕ ਕਿਸਾਨੀ ...ਖੇਤ-ਮਜ਼ਦੂਰਾਂ ਦੀ ਹਮਾਇਤ 'ਤੇ ਆਈ ਹੈ ਤੇ ਧਨਾਢ ਚੌਧਰੀਆਂ ਦਾ ਹਮਲਾ ਠੱਲ੍ਹਿਆ ਗਿਆ ਹੈ। ਕਿਸਾਨਾਂ-ਖੇਤ ਮਜ਼ਦੂਰਾਂ 'ਚ ਉੱਸਰ ਰਹੀ ਸਾਂਝ 'ਚ ਪਾਟਕ ਪਾਉਣ ਦੇ ਮਨਸੂਬਿਆਂ ਨੂੰ ਫੇਲ੍ਹ ਕੀਤਾ ਗਿਆ ਹੈ। ਜ਼ਮੀਨਾਂ ਤੇ ਪਲਾਟਾਂ ਦੇ ਹੱਕਾਂ ਲਈ ਉੱਸਰ ਰਹੀ ਸੰਗਰਾਮੀ ਏਕਤਾ ਤੇ ਅੱਗੇ ਵਧ ਰਹੀ ਲਹਿਰ ਨੂੰ ਠਿੱਬੀ ਲਾਉਣ ਦੇ ਯਤਨਾਂ ਮੂਹਰੇ ਕੰਧ ਬਣਿਆ ਗਿਆ ਹੈ। ਏਸੇ ਤਰ੍ਹਾਂ ਪਲਾਟਾਂ, ਜ਼ਮੀਨਾਂ, ਕਰਜ਼ਾ ਕਾਨੂੰਨਾਂ ਤੇ ਖ਼ੁਦਕੁਸ਼ੀ ਪੀੜਤਾਂ ਲਈ ਮੁਆਵਜ਼ਾ ਹੱਕਾਂ ਖਾਤਰ ਜਦੋਜਹਿਦ 'ਚ ਕਿਸਾਨਾਂ ਖੇਤ ਮਜ਼ਦੂਰਾਂ ਦੀ ਸਾਂਝ ਹੋਰ ਪੀਡੀ ਹੋਈ ਹੈ ਤੇ ਹਾਕਮਾਂ ਲਈ ਚੁਣੌਤੀ ਬਣ ਕੇ ਉੱਭਰੀ ਹੈ। ਇਉਂ ਹੀ ਪਹਿਲਾਂ ਇਕੱਲੇ ਜੂਝਦੇ ਠੇਕਾ ਮੁਲਾਜ਼ਮ ਜਦੋਂ ਪਿਛਲੇ ਮਹੀਨਿਆਂ 'ਚ ਸਾਂਝੇ ਘੋਲ ਦੇ ਰਾਹ ਪਏ ਹਨ ਤਾਂ ਬਾਦਲ ਹਕੂਮਤ ਲਈ ਇਹਨਾਂ ਦੀ ਆਵਾਜ਼ ਦਬਾਉਣੀ ਮੁਸ਼ਕਲ ਬਣੀ ਹੈ ਤੇ ਆਖਰ ਨੂੰ ਕੌੜਾ ਅੱਕ ਚੱਬਦਿਆਂ ਸੁਣਵਾਈ ਕਰਨੀ ਪਈ ਹੈ। ਇਹਨਾਂ ਜੂਝਦੇ ਠੇਕਾ ਮੁਲਾਜ਼ਮਾਂ ਦੀ ਹਮਾਇਤ 'ਤੇ ਪੰਜਾਬ ਦੀ ਕਿਸਾਨੀ ਆਈ ਹੈ ਤੇ ਡਟ ਕੇ ਪਿੱਠ 'ਤੇ ਖੜ੍ਹੀ ਹੈ। ਮੁਲਾਜ਼ਮਾਂ ਨੇ ਜਲੂਰ ਜਬਰ ਖਿਲਾਫ਼ ਸੰਘਰਸ਼ ਦੀ ਹਮਾਇਤ ਦਾ ਪੈਂਤੜਾ ਲਿਆ ਹੈ। ਇਉਂ ਹਾਕਮਾਂ ਦੀਆਂ ਚੋਣ ਮੁਹਿੰਮਾਂ ਦੌਰਾਨ ਲੋਕ ਸ਼ਕਤੀ ਦਾ ਪੋਲ ਨਜ਼ਰੀਂ ਪਿਆ ਹੈ, ਜੋ ਹਾਕਮ ਪਾਰਟੀਆਂ ਦੀ ਮੁਥਾਜਗੀ ਦੀ ਥਾਂ ਲੋਕਾਂ ਦੀ ਆਪਣੀ ਆਜ਼ਾਦਾਨਾ ਜਥੇਬੰਦਕ ਤਾਕਤ ਦਾ ਪੋਲ ਹੈ। ਸਭਨਾਂ ਲੋਕ ਹਿੱਸਿਆਂ ਦਾ ਸਰੋਕਾਰ ਇਸ ਪੋਲ ਨੂੰ ਤਕੜਾ ਕਰਨਾ ਹੋਣਾ ਚਾਹੀਦਾ ਹੈ। ਹਾਕਮਾਂ ਦੀ ਭਟਕਾਊ ਚੋਣ ਖੇਡ ਦਾ ਬਦਲ ਇਸ ਪੋਲ ਦੀ ਮਜਬੂਤੀ ਲਈ ਕੋਸ਼ਿਸ਼ਾਂ ਜੁਟਾਉਣਾ ਹੈ। ਇਹਦੇ 'ਚ ਸਭਨਾਂ ਮਿਹਨਤਕਸ਼ ਤਬਕਿਆਂ ਦੇ ਜੁੜ ਜਾਣ ਨਾਲ ਤੇ ਤਿੱਖੇ ਖਾੜਕੂ ਘੋਲਾਂ ਦੇ ਰਾਹ ਪੈਣ ਨਾਲ ਇਹ ਇੱਕ ਅਜਿੱਤ ਸ਼ਕਤੀ ਬਣ ਸਕਦਾ ਹੈ। ਸਾਡਾ ਲੋਕ ਸ਼ਕਤੀ ਦਾ ਪੋਲ ਹਾਕਮ ਜਮਾਤੀ ਪੋਲ ਨਾਲ ਭਿੜ ਕੇ ਉਸਰਨਾ ਹੈ। ਇਸ ਪੋਲ ਨੂੰ ਮਜਬੂਤ ਕਰਦੇ ਜਾਣਾ ਹੀ ਹਾਕਮ ਜਮਾਤੀ ਪੋਲ ਦਾ ਢਹਿੰਦੇ ਜਾਣਾ ਹੈ। ਇੱਕ ਦਾ ਉੱਸਰਨਾ ਹੀ ਦੂਜੇ ਦਾ ਢਹਿਣਾ ਹੈ। ਅੱਜ ਆਪਣੀ ਸ਼ਕਤੀ ਦੇ ਪੋਲ ਦੀ ਉਸਾਰੀ ਕਰਨੀ ਸਾਡੀ ਲੋਕਾਂ ਦੀ ਧਿਰ ਦੀ ਫੌਰੀ ਜ਼ਰੂਰਤ ਹੈ। ਇਉਂ ਕਰਦਿਆਂ ਹੀ ਕਿਰਤੀ ਲੋਕ ਆਪਣੇ ਮੁਕੰਮਲ ਹੱਕਾਂ ਦੀ ਪ੍ਰਾਪਤੀ ਤੱਕ ਪੁੱਜ ਸਕਦੇ ਹਨ। ਉਤਰਾਵਾਂ-ਚੜ੍ਹਾਵਾਂ ਤੇ ਮੋੜਾਂ-ਘੋੜਾਂ ਭਰਿਆ ਇਹ ਰਸਤਾ ਹੀ ਕਿਰਤੀ ਲੋਕਾਂ ਦੀ ਮੁਕਤੀ ਦਾ ਰਸਤਾ ਹੈ।

**ਅਸਲ ਜਮਹੂਰੀਅਤ ਦੀ ਸਿਰਜਣਾ ਦਾ ਮਾਰਗ**

ਇਹਨਾਂ ਮੰਗਾਂ 'ਤੇ ਅੱਗੇ ਵਧਦੇ ਸੰਘਰਸ਼ਾਂ ਰਾਹੀਂ ਹੀ ਮੰਗਾਂ ਮਸਲੇ ਹੱਲ ਕਰਵਾਉਣ ਤੇ ਲੋਕਾਂ ਦੀ ਪੁੱਗਤ ਸਥਾਪਤ ਕਰਦੇ ਜਾਣ ਦਾ ਅਮਲ ਨਾਲੋ ਨਾਲ ਚੱਲਦੇ ਹਨ। ਲੋਕਾਂ ਦੀ ਪੁੱਗਤ ਤੇ ਵੁੱਕਤ ਸਥਾਪਤ ਕਰਨ ਦਾ ਜ਼ਰੀਆ ਲੋਕਾਂ ਦੇ ਆਪਣੇ ਸੰਘਰਸ਼ ਹੀ ਹਨ। ਲੋਕ ਰਜ਼ਾ ਸੰਘਰਸ਼ਾਂ ਰਾਹੀਂ ਹੀ ਪੁੱਗਦੀ ਹੈ। ਲੋਕ ਕੁਰਕੀ ਦੇ ਫੁਰਮਾਨ ਰੋਕ ਦਿੰਦੇ ਹਨ, ਲੋਕ ਪਿੰਡਾਂ 'ਚ ਮੀਟਰ ਘਰਾਂ ਤੋਂ ਬਾਹਰ ਕੱਢਣੇ ਰੋਕ ਸਕਦੇ ਹਨ, ਲੋਕ ਆਪਣੀ ਫਸਲ ਦੀ ਸਰਕਾਰੀ ਖਰੀਦ ਰੇਲਾਂ ਰੋਕ ਕੇ ਕਰਵਾ ਸਕਦੇ ਹਨ ਤੇ ਨਰਮੇ ਦੇ ਮੁਆਵਜ਼ੇ ਲਈ ਸਰਕਾਰੀ ਖਜ਼ਾਨੇ ਦਾ ਮੂੰਹ ਖੁੱਲ੍ਹਵਾ ਸਕਦੇ ਹਨ। ਖੇਤ...-ਮਜ਼ਦੂਰ ਆਪਣੀ ਤਾਕਤ ਦੇ ਜ਼ੋਰ ਪੰਚਾਇਤੀ ਜ਼ਮੀਨਾਂ ਠੇਕੇ 'ਤੇ ਹਾਸਲ ਕਰ ਸਕਦੇ ਹਨ ਤੇ ਪਲਾਟਾਂ ਦਾ ਕਬਜ਼ਾ ਲੈ ਸਕਦੇ ਹਨ। ਸ਼ਰੂਤੀ ਨੂੰ ਅਗਵਾ ਕਰਨ ਵਾਲੇ ਅਕਾਲੀ ਹਕੂਮਤ ਦੇ ਖਾਸਮਖਾਸ ਗੁੰਡੇ ਨਿਸ਼ਾਨ ਦੇ ਗ੍ਰੋਹ ਨੂੰ ਸੀਖਾਂ ਪਿੱਛੇ ਬੰਦ ਕਰਵਾ ਸਕਦੇ ਹਨ। ਮਹਿਲ ਕਲਾਂ 'ਚ ਉੱਠਿਆ ਲੋਕ ਰੋਹ ਦਾ ਹੜ੍ਹ ਗੁੰਡਾ ਗਰੋਹ ਨੂੰ ਚਾਰੇ ਖਾਨੇ ਚਿੱਤ ਕਰਕੇ ਧੀਆਂ ਦੀਆਂ ਇੱਜਤਾਂ ਦੀ ਰਾਖੀ ਲਈ ਲਲਕਾਰ ਬਣ ਜਾਂਦਾ ਹੈ। ਇਹ ਸਾਰਾ ਅਮਲ ਲੋਕਾਂ ਦੀ ਰਜ਼ਾ ਨੂੰ ਪੁਗਾਉਣ ਦਾ ਹੀ ਅਮਲ ਹੈ। ਇਹ ਰਜ਼ਾ ਸਾਡੀਆਂ ਯੂਨੀਅਨਾਂ ਰਾਹੀਂ ਪੁੱਗਦੀ ਹੈ, ਸਾਡੇ ਆਪਣੇ ਅਦਾਰਿਆਂ ਰਾਹੀਂ ਪੁੱਗਦੀ ਹੈ। ਇਹਨਾਂ ਅਦਾਰਿਆਂ 'ਚ ਲੋਕਾਂ ਦੀ ਚੱਲਦੀ ਹੈ। ਜੋ ਫੈਸਲਾ ਲੋਕ ਰਲਕੇ ਕਰਦੇ ਹਨ ਉਹ ਲਾਗੂ ਕਰਦੇ ਹਨ। ਇਹਨਾਂ ਯੂਨੀਅਨਾਂ ਤੇ ਘੋਲਾਂ 'ਚ ਹੀ ਲੋਕ ਰਾਜ ਸਥਾਪਤ ਕਰਨ ਦੇ ਮੁੱਢਲੇ ਬੀਜ ਮੌਜੂਦ ਹਨ। ਹੌਲੀ ਹੌਲੀ ਜੋਕਾਂ ਦੀਆਂ ਸੰਸਥਾਵਾਂ ਤੇ ਜੋਕ ਪਾਰਟੀਆਂ ਤੋਂ ਨਿਰਭਰਤਾ ਤਿਆਗਦੇ ਜਾਣ ਤੇ ਆਪਣੀ ਸਥਾਪਤ ਕਰਦੇ ਜਾਣ ਦਾ ਅਮਲ ਹੈ। ਜੇਕਰ ਅਸੀਂ ਛੋਟੀਆਂ ਮੰਗਾਂ 'ਤੇ ਆਪਣੀ ਰਜ਼ਾ ਮਰਜ਼ੀ ਪੁਗਾ ਸਕਦੇ ਹਾਂ ਤਾਂ ਵੱਡੀਆਂ 'ਤੇ ਵੀ ਪੁਗਾ ਸਕਦੇ ਹਾਂ। ਅਸੀਂ ਅੱਜ ਦੁਸ਼ਮਣਾਂ ਦੀਆਂ ਗੋਲੀਆਂ ਦਾ ਮੁਕਾਬਲਾ ਹਿੱਕਾਂ ਡਾਹ ਕੇ ਕਰਦੇ ਹਨ, ਲੋਕ ਜਨਤਕ ਟਾਕਰੇ ਦੇ ਜ਼ੋਰ ਕਰਦੇ ਹਾਂ। ਲੋਕ ਆਪਣੀ ਰਾਖੀ ਲਈ/ਆਪਣੇ ਆਗੂਆਂ ਦੀ ਰਾਖੀ ਲਈ ਵਲੰਟੀਅਰ ਤਿਆਰ ਕਰਦੇ ਹਨ। ਅਮ੍ਰਿਤਸਰ ਜ਼ਮੀਨੀ ਘੋਲ 'ਚ, ਸ਼ਰੂਤੀ ਅਗਵਾ ਕਾਂਡ ਵਿਰੋਧੀ ਸੰਘਰਸ਼ 'ਚ ਜਥੇਬੰਦ ਤਾਕਤ ਨੇ, ਆਪਣੇ ਆਗੂ/ਕਾਰਕੁੰਨਾਂ ਦੀ ਰਾਖੀ ਲਈ ਆਪਣੀਆਂ ਵਲੰਟੀਅਰ ਟੀਮਾਂ 'ਤੇ ਟੇਕ ਰੱਖੀ ਹੈ। ਇਉਂ ਲੋਕਾਂ ਦੀ ਲਹਿਰ ਜਾਬਰ ਰਾਜ ਦੀ ਸਰਕਾਰੀ ਤੇ ਗੈਰ-ਸਰਕਾਰੀ (ਗੁੰਡਾ ਗਰੋਹ) ਹਿੰਸਕ ਸ਼ਕਤੀ ਦੇ ਟਾਕਰੇ ਲਈ ਆਪਣੀ ਰੱਖਿਆ ਤੋਂ ਸ਼ੁਰੂ ਕਰਕੇ ਉਸਦਾ ਠੋਕਵਾਂ ਜਵਾਬ ਦੇਣ ਦੇ ਸਮਰੱਥ ਹੋ ਸਕਦੀ ਹੈ। ਤੇ ਮਗਰੋਂ ਆਪਣੀ ਅਜਿਹੀ ਸ਼ਕਤੀ ਦੇ ਜ਼ੋਰ ਲੋਕ ਰਜ਼ਾ ਨੂੰ ਪੁਗਾਉਣ ਵਾਲੀ ਬਕਾਇਦਾ ਮਸ਼ੀਨਰੀ ਸਿਰਜ ਲੈਂਦੀ ਹੈ। ਇਹੀ ਲੋਕ ਜਮਹੂਰੀਅਤ ਦੀ ਸਿਰਜਣਾ ਦਾ ਅਮਲ ਹੈ। ਲੋਕ ਹੌਲੀ ਹੌਲੀ ਮੌਜੂਦਾ ਰਾਜਭਾਗ ਦੀਆਂ ਸੰਸਥਾਵਾਂ ਦੇ ਮੁਕਾਬਲੇ 'ਤੇ ਆਪਣੀਆਂ ਸੰਸਥਾਵਾਂ ਸਿਰਜਦੇ ਜਾਂਦੇ ਹਨ। ਪਿੰਡ ਦੇ ਕਿਸਾਨਾਂ ਮਜ਼ਦੂਰਾਂ ਦੀਆਂ ਯੂਨੀਅਨਾਂ ਦੀਆਂ ਇਕਾਈਆਂ ਪਿੰਡ ਦੇ ਸਭਨਾਂ ਮਿਹਨਤਕਸ਼ ਤਬਕਿਆਂ ਦੀਆਂ ਸਾਂਝੀਆਂ ਕਮੇਟੀਆਂ ਦਾ ਰੂਪ ਲੈ ਲੈਂਦੀਆਂ ਹਨ ਤੇ ਹਾਕਮਾਂ ਦੀਆਂ ਪੰਚਾਇਤਾਂ ਦੇ ਮੁਕਾਬਲੇ 'ਤੇ ਲੋਕਾਂ ਦੀ ਰਜ਼ਾ ਪੁਗਾਉਣ ਦਾ ਜ਼ਰੀਆ ਬਣ ਜਾਂਦੀਆਂ ਹਨ। ਇਉਂ ਹੇਠਾਂ ਤੋਂ ਚੱਲਦਾ ਇਹ ਅਮਲ ਪਿੰਡ, ਬਲਾਕ, ਜ਼ਿਲ੍ਹੇ ਤੇ ਸੂਬੇ ਤੋਂ ਹੁੰਦਾ ਹੋਇਆ ਪੂਰੇ ਮੁਲਕ 'ਚ ਲੋਕਾਂ ਦੀ ਪੁੱਗਤ ਤੇ ਵੁੱਕਤ ਸਥਾਪਤ ਕਰਨ ਦਾ ਅਮਲ ਬਣ ਜਾਂਦਾ ਹੈ। ਤਾਕਤ ਲੋਕਾਂ ਦੇ ਅਦਾਰਿਆਂ ਦੇ ਹੱਥਾਂ 'ਚ ਆ ਜਾਂਦੀ ਹੈ ਤੇ ਉਹ ਆਪਣੀ ਜ਼ਿੰਦਗੀ ਨਾਲ ਸਬੰਧਤ ਸਾਰੇ ਫੈਸਲੇ ਆਪ ਕਰਨ ਲੱਗ ਜਾਂਦੇ ਹਨ। ਇਹਨਾਂ ਘੋਲਾਂ 'ਚੋਂ ਹੀ ਲੋਕਾਂ ਦੀ ਸੋਝੀ ਵਿਕਾਸ ਕਰਦੀ ਹੈ, ਉਹ ਆਪਣੇ ਰਾਜ ਦੇ ਸਾਰੇ ਕਾਰਜਾਂ 'ਚ ਹਿੱਸੇਦਾਰ ਬਣ ਜਾਂਦੇ ਹਨ, ਉਹਨਾਂ ਨੂੰ ਨਿਭਾਉਂਦੇ ਹਨ, ਜਿਵੇਂ ਅੱਜ ਮੁਢਲੇ ਤੌਰ 'ਤੇ ਆਪਾਂ ਆਪਣੀਆਂ ਯੂਨੀਅਨਾਂ ਦੇ ਕਾਰਜ ਸਾਂਝੀਆਂ ਸਲਾਹਾਂ ਕਰਕੇ, ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਨਿਭਾਉਂਦੇ ਹਾਂ।

ਇਹੀ ਇਕੋ ਇਕ ਮਾਰਗ ਲੋਕਾਂ ਦੀ ਪੁੱਗਤ ਵਾਲੇ ਰਾਜ ਤੇ ਸਮਾਜ ਦੀ ਉਸਾਰੀ ਕਰਨ ਦਾ ਮਾਰਗ ਹੈ।

# ਬ੍ਰਿਟੇਨ ਦੇ ਗਲੇ ਦੀ ਹੱਡੀ ਬਣਿਆ ਬ੍ਰਿਕਜ਼ਿਟ



ਮਨਦੀਪ
mandeepsaddowal@gmail.com



ਯੂਰਪੀ ਮਹਾਂਦੀਪ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੇ ਸਮੇਂ ਤੋਂ ਹੀ ਲਗਾਤਾਰ ਅਨੇਕਾਂ ਤ੍ਰਾਸਦੀਆਂ ਝੱਲਦਾ ਆ ਰਿਹਾ ਹੈ। ਦੋ ਵੱਡੀਆਂ ਸੰਸਾਰ ਜੰਗਾਂ ਨੇ ਜਿੱਥੇ ਯੂਰਪੀ ਮਹਾਂਦੀਪ ਦੇ ਲੋਕਾਂ ਦੀ ਜਾਨ-ਮਾਲ ਦਾ ਵੱਡਾ ਤੇ ਇਤਿਹਾਸਕ ਨੁਕਸਾਨ ਕੀਤਾ ਉੱਥੇ ਇਹਨਾਂ ਸੰਸਾਰ ਜੰਗਾਂ ਤੋਂ ਬਾਅਦ ਉਸਾਰੇ ਗਏ ਯੂਰਪੀ ਵਿਕਾਸ ਮਾਡਲ ਨੇ ਯੂਰਪੀ ਸਮਾਜ ਨੂੰ ਆਧੁਨਿਕ ਪੂੰਜੀਵਾਦੀ ਰਾਹ ਤੇ ਚੱਲਦਿਆਂ ਨਵੇਂ ਸੰਕਟ ਦੇ ਮੁਹਾਣ ਤੇ ਲਿਆ ਖੜਾ ਕੀਤਾ ਹੈ। ਮੌਜੂਦਾ ਬ੍ਰਿਕਜ਼ਿਟ (Brexit-Britain exit) ਵਿਵਾਦ ਇਸੇ ਤਾਣੀ ਦਾ ਉਲਝਿਆ ਹੋਇਆ ਇਕ ਤੰਦ ਹੈ।

ਦੋ ਵੱਡੀਆਂ ਸੰਸਾਰ ਜੰਗਾਂ ਤੋਂ ਬਾਅਦ ਦੇ ਸਮੇਂ ਦੌਰਾਨ ਯੂਰਪੀ ਮੁਲਕਾਂ ਨੇ ਆਰਥਿਕ-ਸਮਾਜਿਕ ਅਤੇ ਸਿਆਸੀ ਤੌਰ ਤੇ ਖਿੰਡ ਚੁੱਕੇ ਯੂਰਪ ਦੀ ਮੁੜ-ਉਸਾਰੀ ਦਾ ਕਾਰਜ ਹੱਥ ਲਿਆ। ਇਸ ਲਈ ਇਸ ਮਹਾਂਦੀਪ ਦੀ ਵੱਡੀ ਆਰਥਿਕਤਾ ਵਾਲੇ ਮੁਲਕਾਂ ਨੇ ਯੂਰਪੀ ਮੁਲਕਾਂ ਦੇ ਏਕੀਕਰਨ ਦੀ ਨੀਤੀ ਤਹਿਤ ਵਿਕਾਸ ਦਾ ਸਾਂਝਾ ਅਤੇ ਵੱਡਾ ਮੰਚ ਉਸਾਰਨ ਦੇ ਉਪਰਾਲੇ ਆਰੰਭ ਕੀਤੇ ਸਨ। ਦੂਜੀ ਸੰਸਾਰ ਜੰਗ ਤੋਂ ਬਾਅਦ ਚੱਲੇ ਸ਼ੀਤ ਯੁੱਧ ਦੇ ਕੁਝ ਅਰਸੇ ਬਾਅਦ ਅਮਰੀਕਾ ਅਤੇ ਰੂਸ ਸੰਸਾਰ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਵਜੋਂ ਸਾਹਮਣੇ ਆਏ। ਇਹਨਾਂ ਦੋ ਤਾਕਤਾਂ ਨੇ ਏਸ਼ੀਆ, ਮੱਧ ਪੂਰਬੀ ਅਤੇ ਲਾਤੀਨੀ ਅਮਰੀਕਾ ਦੇ ਅਨੇਕਾਂ ਮੁਲਕਾਂ ਨੂੰ ਆਪਣੇ ਹਮਲੇ ਦਾ ਸ਼ਿਕਾਰ ਬਣਾਇਆ। ਅਮਰੀਕੀ ਸਾਮਰਾਜ ਨੇ ਕਈ ਯੂਰਪੀ ਦੇਸ਼ਾਂ ਨੂੰ ਨਾਲ ਲੈ ਕੇ ਆਪਣੀਆਂ ਪਸਾਰਵਾਦੀ ਨੀਤੀਆਂ ਨੂੰ ਅੱਗੇ ਵਧਾਇਆ। ਬਰਤਾਨੀਆ, ਫਰਾਂਸ, ਜਰਮਨੀ ਆਦਿ ਯੂਰਪ ਦੇ ਵੱਡੇ ਸਾਮਰਾਜੀ ਮੁਲਕ ਅਮਰੀਕਾ ਦੇ ਯੂਰਪ ਵਿੱਚ ਵੱਧਦੇ ਪ੍ਰਭਾਵ ਨੂੰ ਲੈ ਕੇ ਲਗਾਤਾਰ ਚਿੰਤਤ ਸਨ। ਖਾਸਕਰ ਪੂਰਬੀ ਯੂਰਪ ਦੇ ਨਾਟੋ ’ਚ ਸ਼ਾਮਲ ਹੋਏ ਦੇਸ਼ਾਂ ਤੋਂ ਯੂਰਪ ਦੇ ਵੱਡੀ ਆਰਥਿਕਤਾ ਵਾਲੇ ਇਹ ਦੇਸ਼ ਨਾਖੁਸ਼ ਸਨ। ਅਮਰੀਕਾ ਅਤੇ ਰੂਸ ਦੀ ਯੂਰਪ ਵਿੱਚਲੀ ਇਹ ਘੁਸਪੈਠ ਜਿੱਥੇ ਯੂਰਪੀ ਸਾਮਰਾਜੀ ਮੁਲਕਾਂ ਲਈ ਉਹਨਾਂ ਦੀ ਸਾਮਰਾਜੀ ਸ਼ਾਖ਼ ਨੂੰ ਖੋਰਾ ਲਾਉਣ ਦੇ ਤੁਲ ਸੀ ਉੱਥੇ ਜਰਮਨੀ ਅਤੇ ਉਸਦੇ ਜੋਟੀਦਾਰ ਫਰਾਂਸ ਵਰਗੇ ਸਾਮਰਾਜੀ ਮੁਲਕਾਂ ਲਈ ਉਹਨਾਂ ਦੇ ਨੱਕ ਹੇਠੋਂ ਉਹਨਾਂ ਦੀਆਂ ਮੰਡੀਆਂ ਹੜੱਪੇ ਜਾਣ ਦਾ ਸਵਾਲ ਵੀਵੱਡਾ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਵਾਲੇ ਤਿੰਨ-ਚਾਰ ਦਹਾਕਿਆਂ ’ਚ ਹਾਲਾਤ ਇਹ ਬਣ ਗਏ ਕਿ ਅਮਰੀਕਾ ਅਤੇ ਰੂਸ ਵਿਚਕਾਰ ਸੁਪਰ ਪਾਵਰ ਬਣਨ ਦੀ ਹੋੜ ’ਚ ਦੋ ਸੰਸਾਰ ਜੰਗਾਂ ਦਾ ਝੰਬਿਆਂ ਅਤੇ ਆਪਣੀ ਸਾਮਰਾਜੀ ਸ਼ਾਖ਼ ਨੂੰ ਬਚਾਈ ਰੱਖਣ ਦੀ ਜੱਦੋਜਹਿਦ ’ਚ ਫਸਿਆ ਯੂਰਪ ਇਕ ਵਾਰ ਫਿਰ ਦੋ ਸੰਸਾਰ ਸਾਮਰਾਜੀ ਤਾਕਤਾਂ ਦੀ ਆਪਸੀ ਖਹਿਭੇੜ ਦਾ ਕੇਂਦਰ ਬਣ ਗਿਆ। ਅਮਰੀਕਾ ਨੇ ਰੂਸ ਖ਼ਿਲਾਫ਼ ਯੂਰਪ ’ਚ ਫ਼ੌਜੀ ਟਿਕਾਣੇ ਸਥਾਪਿਤ ਕਰਨੇ ਸ਼ੁਰੂ ਕਰ ਦਿੱਤੇ ਅਤੇ ਰੂਸ ਨੇ ਆਪਣੀ ਸ਼ਿਸ਼ਤ ਯੂਰਪ ਵਿਚਲੀ ਅਮਰੀਕੀ ਫੌਜ ਅਤੇ ਇਸਦੇ ਭਾਈਵਾਲ ਬਣੇ ਯੂਰਪੀ ਮੁਲਕਾਂ ਵੱਲ ਬੰਨ੍ਹ ਲਈ। ਇਹ ਉਹ ਦੌਰ ਸੀ ਜਿੱਥੇ ਯੂਰਪ ਦੀਆਂ ਸਾਮਰਾਜੀ ਤਾਕਤਾਂ ਲਈ ਯੂਰਪੀ ਮੁਲਕਾਂ ਦਾ ਏਕੀਕਰਨ ਕਰਕੇ ਦੋ ਸੰਸਾਰ ਤਾਕਤਾਂ ਮੁਕਾਬਲੇ ਆਪਣੀ ਵੱਖਰੀ ਤਾਕਤ ਸਥਾਪਿਤ ਕਰਨ ਦੀ ਜ਼ਰੂਰਤ ਸੀ। ਜਰਮਨੀ, ਫਰਾਂਸ, ਸਪੇਨ, ਬਰਤਾਨੀਆਂ ਵਰਗੇ ਪੁਰਾਣੇ ਸਾਮਰਾਜੀ ਮੁਲਕ ਦੋ ਸੰਸਾਰ ਜੰਗਾਂ ਬਾਅਦ ਇਸ ਹਾਲਤ ਵਿੱਚ ਨਹੀਂ ਸਨ ਕਿ ਉਹ ਇਕੱਲੇ-ਇਕੱਲੇ ਇਹਨਾਂ ਦੋ ਤਾਕਤਾਂ ਦਾ ਸਾਹਮਣਾ ਕਰ ਸਕਣ। ਇਸ ਲਈ ਯੂਰਪੀ ਯੂਨੀਅਨ ਬਣਨ ਦੇ ਅਮਲ ਤੋਂ ਪਹਿਲਾਂ ਇਹ ਹਾਲਾਤ ਪੈਦਾ ਹੋ ਗਏ ਸਨ ਕਿ ਯੂਰਪ ਨੂੰ ਦੋ ਸਾਮਰਾਜੀ ਤਾਕਤਾਂ ਵਿਚਲੀ ਜੰਗ ਦਾ ਮੈਦਾਨ ਬਣਨ ਤੋਂ ਰੋਕਣ ਲਈ ਆਪਣਾ ਇਕ ਵੱਖਰਾ ਤੇ ਮਜ਼ਬੂਤ ਥੜਾ ਕਾਇਮ ਕੀਤਾ ਜਾਵੇ। ਪਰ ਯੂਰਪੀ ਦੇਸ਼ਾਂ ਵਿਚਕਾਰ ਖਾਸਕਰ ਵੱਡੇ ਸਾਮਰਾਜੀ ਪਿਛੋਕੜ ਵਾਲੇ ਮੁਲਕਾਂ ’ਚ (ਜੋ ਹਾਲੇ ਵੀ ਆਪਣੇ ਆਪ ਨੂੰ ਵੱਡੀ ਤਾਕਤ ਸਮਝਣ ਦੇ ਭਰਮ ਵਿੱਚ ਸਨ) ਅਗਵਾਈ ਨੂੰ ਲੈ ਕੇ ਇਕਮੱਤਤਾ ਨਹੀਂ ਬਣ ਰਹੀ ਸੀ। ਬਰਤਾਨੀਆ ਆਪਣਾ ਪੁਰਾਣਾ ਸਾਮਰਾਜੀ ਮੋਹ ਨਹੀਂ ਸੀ ਤਿਆਗ ਰਿਹਾ। ਉਹ ਯੂਰੋ ਦੇ ਮੁਕਾਬਲੇ ਪੌਂਡ ਦੀ ਸੰਸਾਰ ਆਰਥਿਕਤਾ ਉੱਤੇ ਸਰਦਾਰੀ ਦੇ ਸੁਪਨੇ ਵੇਖ ਰਿਹਾ ਸੀ। ਬਰਤਾਨੀਆ ਸ਼ੁਰੂ ਤੋਂ ਹੀ ਯੂਰਪੀ ਯੂਨੀਅਨ ’ਚ ਸ਼ਾਮਲ ਹੋਣ ਤੋਂ ਲੰਮਾ ਸਮਾਂ ਕਤਰਾਉਂਦਾ ਰਿਹਾ। ਉਹ ਈਯੂ ’ਚ ਅਗਵਾਨੂੰ ਭੂਮਿਕਾ, ਸ਼ਰਨਾਰਥੀ ਸਮੱਸਿਆ ਅਤੇ ਪੌਂਡ ਦੀ ਸਰਦਾਰੀ ਆਦਿ ਮੁੱਦਿਆਂ ਨੂੰ ਲੈ ਕੇ ਬਾਕੀ ਮੁਲਕਾਂ ਉੱਤੇ ਲਗਾਤਾਰ ਦਬਾਅ ਬਣਾਉਂਦਾ ਆ ਰਿਹਾ ਸੀ।

ਯੂਰਪੀ ਮਹਾਂਦੀਪ ਦੇ ਆਧੁਨਿਕ ਇਤਿਹਾਸ ਵਿਚ ਯੂਰਪੀ ਯੂਨੀਅਨ ਦਾ ਬਣਨਾ ਸਭ ਤੋਂ ਵੱਡੀ ਘਟਨਾ ਹੈ। 1991 ਵਿਚ ਸੋਵੀਅਤ ਯੂਨੀਅਨ ਦੇ ਢਹਿਢੇਰੀ ਹੋਣ ਤੋਂ ਬਾਅਦ ਪੈਦਾ ਹੋਏ ਸਿਆਸੀ ਖਲਾਅ ਦਾ ਲਾਹਾ ਲੈਂਦਿਆਂ ਇਸਦੇ ਸ਼ਰੀਕ ਵੱਡੇ ਯੂਰਪੀ ਸਾਮਰਾਜੀ ਮੁਲਕਾਂ ਨੇ ਯੂਰਪੀ ਦੇਸ਼ਾਂ ਦੀ ਇਕਜੁੱਟ ਵੱਡੀ ਆਰਥਿਕ-ਸਿਆਸੀ ਤਾਕਤ ਖੜੀ ਕਰਨ ਦੇ ਮਕਸਦ ਨਾਲ 1992 ਵਿਚ ਹਾਲੈਂਡ ਵਿਚ ਮੈਸਟਰਿਕਟ ਸਮਝੌਤਾ ਕੀਤਾ ਅਤੇ ਇਸ ਸਮਝੌਤੇ ਤੋਂ ਇਕ ਸਾਲ ਬਾਅਦ ਨਵੰਬਰ 1993 ਵਿਚ ਯੂਰਪ ਦੇ 28 ਦੇਸ਼ਾਂ ਨੂੰ ਲੈ ਕੇ ਈਯੂ ਦੀ ਸਥਾਪਨਾ ਕੀਤੀ। 1998 ਵਿਚ ਯੂਰਪੀ ਕੇਂਦਰੀ ਬੈਂਕ ਦੀ ਸਥਾਪਨਾ ਕੀਤੀ ਗਈ ਅਤੇ 1 ਜਨਵਰੀ 1999 ਨੂੰ ਈਯੂ ਦੇ 11 ਦੇਸ਼ਾਂ ਨੇ ਮਿਲਕੇ ਆਪਣੀ ਸਾਂਝੀ ਮੁਦਰਾ ਕਰੰਸੀ ਯੂਰੋ ਦਾ ਐਲਾਨ ਕਰ ਦਿੱਤਾ (ਬਾਅਦ ਵਿਚ ਯੂਰੋਜ਼ੋਨ ਵਿਚ ਸ਼ਾਮਲ ਮੁਲਕਾਂ ਦੀ ਗਿਣਤੀ 19 ਹੋ ਗਈ)। ਭਾਵੇਂ ਮੁੱਢਲੇ ਦੌਰ ਵਿਚ ਇਸਦਾ ਸਭ ਤੋਂ ਵੱਧ ਅਸਰ ਗਵਾਂਢੀ ਰੂਸੀ ਸਾਮਰਾਜ ਉਪਰ ਪਇਆ ਪਰੰਤੂ ਅਮਰੀਕੀ ਸਾਮਰਾਜ ਨੂੰ ਵੀ ਈਯੂ ਅਤੇ ਯੂਰੋਜ਼ੋਨ ਨੇ ਵੱਡਾ ਚੈਲੰਜ਼ ਖੜਾ ਕੀਤਾ। ਯੂਰੋਜ਼ੋਰ ਦੀ ਕਦੇ ਵੀ ਅਮਰੀਕੀ ਆਰਥਿਕਤਾ ਅਤੇ ਡਾਲਰ ਦੇ ਮੁਕਾਬਲੇ ਕੋਈ ਵੱਡੀ ਪੁੱਗਤ ਨਹੀਂ ਰਹੀ ਪਰੰਤੂ ਇਸਦੀ ਹੋਂਦ ਅਮਰੀਕਾ ਅਤੇ ਰੂਸੀ ਸਾਮਰਾਜ ਦੇ ਪਸਾਰਵਾਦੀ ਹਿੱਤਾਂ ਲਈ ਸਦਾ ਹੀ ਆੜੇ ਆਉਂਦੀ ਰਹੀ ਹੈ।

ਮੌਜੂਦਾ ਸਮੇਂ ਬ੍ਰਿਟੇਨ ਦਾ ਈਯੂ ਤੋਂ ਤਲਾਕ ਲੈਣਾ ਅਮਰੀਕਾ ਨੂੰ ਰਾਸ ਆ ਸਕਦਾ ਹੈ ਅਤੇ ਉਹ ਲਗਾਤਾਰ ਇਸ ਐਗਜ਼ਿਟ ਲਈ ਯਤਨਸ਼ੀਲ ਹੈ। ਅਮਰੀਕਾ ਦੁਆਰਾ ਬ੍ਰਿਟੇਨ ਨੂੰ ਇਰਾਕ, ਇਰਾਨ, ਲੀਬੀਆ, ਅਫਗਾਨਿਸਤਾਨ ਅਤੇ ਹੁਣ ਵੈਨਜ਼ੁਏਲਾ ਖਿਲਾਫ ਭੁਗਤਾਉਣ ਅਤੇ ਉਸ (ਅਮਰੀਕਾ) ਨਾਲ ਵਪਾਰਕ ਅਤੇ ਵਿੱਤੀ ਲੈਣ-ਦੇਣ ਵੇਲੇ ਇਹ ਸਬੰਧ ਸੁਖਾਵੇਂ ਬਣਾ ਲਏ ਜਾਂਦੇ ਹਨ ਅਤੇ ਜਦੋਂ ਬ੍ਰਿਟੇਨ ਦਾ ਵਪਾਰਕ ਝੁਕਾਅ ਚੀਨ ਨਾਲ ਵਪਾਰ ਵਧਾਉਣ ਅਤੇ ਉਸਦੇ ਈਯੂ ਤੋਂ ਬਾਹਰ ਆਉਣ ਦੀ ਮਸ਼ਕ ਨੂੰ ਧੀਮਾ ਕਰਨ ਦਾ ਸਵਾਲ ਆਉਂਦਾ ਹੈ ਤਾਂ ਅਮਰੀਕਾ ਦਾ ਬ੍ਰਿਟੇਨ ਪ੍ਰਤੀ ਰੁਖ ਸਖਤ ਹੋ ਜਾਂਦਾ ਹੈ। ਬ੍ਰਿਕਜ਼ਿਟ ਦਾ ਮਾਮਲਾ ਪੂਰੀ ਤਰ੍ਹਾਂ ਗੁੰਝਲਦਾਰ ਬਣਿਆ ਹੋਇਆ ਹੈ। ਜਿੱਥੇ ਇਹ ਮਾਮਲਾ ਸੰਸਾਰ ਸਾਮਰਾਜੀ ਤਾਕਤਾਂ ਦੇ ਬਹੁਪਰਤੀ ਹਿੱਤਾਂ ਨਾਲ ਜੁੜਿਆ ਹੋਇਆ ਹੈ ਉੱਥੇ ਇਹ ਮਸਲਾ ਬ੍ਰਿਟੇਨ ਦੇ ਹਾਕਮਾਂ ਲਈ ਸਭ ਤੋਂ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਸਾਮਰਾਜੀ ਚਾਲਾਂ, ਸਿਆਸੀ ਲਾਹੇ, ਕੌਮੀ ਭਾਵਨਾਵਾਂ, ਸਰਨਾਰਥੀ ਸਮੱਸਿਆ ਅਤੇ ਨਸਲੀ ਨਫਰਤ ਅਦਿ ਤੋਂ ਸ਼ੁਰੂ ਹੋਇਆ ਬ੍ਰਿਕਜ਼ਿਟ ਦਾ ਮਸਲਾ ਐਨਾ ਪੇਚੀਦਾ ਬਣ ਗਿਆ ਹੈ ਕਿ ਹੁਣ ਬ੍ਰਿਟੇਨ ਦੇ ਹਾਕਮਾ ਨੂੰ ਇਸਤੋਂ ਛੁਟਕਾਰਾ ਪਾਉਣ ਦਾ ਰਾਹ ਨਹੀਂ ਲੱਭ ਰਿਹਾ।

ਸ਼ੁਰੂ ’ਚ ਈਯੂ ਤੋਂ ਬਾਹਰ ਹੋਣ ਦਾ ਸਭ ਤੋਂ ਵੱਡਾ ਤਰਕ ਇਹ ਦਿੱਤਾ ਜਾਂਦਾ ਸੀ ਕਿ ਈਯੂ ਵਿਚ ਬ੍ਰਿਟੇਨ ਨੂੰ ਪਬਲਿਕ ਫੰਡਾਂ ਲਈ ਮੋਟੀ ਰਕਮ (ਔਸਤਨ 39 ਬਿਲੀਅਨ ਪੌਂਡ) ਦੇਣੀ ਪੈਂਦੀ ਹੈ। ਜੇਕਰ ਉਹ ਇਸ ਵਿਚੋਂ ਬਾਹਰ ਆਉਂਦਾ ਹੈ ਤਾਂ ਇਸ ਫੰਡ ਨੂੰ ਬ੍ਰਿਟੇਨ ਦੇ ਲੋਕਾਂ ਅਤੇ ਸਮਾਜ ਦੇ ਕਲਿਆਣ ਲਈ ਵਰਤਿਆ ਜਾ ਸਕਦਾ ਹੈ। ਉਸ ਸਮੇਂ ਦੂਜਾ ਤਰਕ ਯੂਰਪ ਦੇ ਸਰਨਾਰਥੀ ਸੰਕਟ ਦਾ ਦਿੱਤਾ ਜਾਂਦਾ ਸੀ। ਕਿਹਾ ਜਾਂਦਾ ਸੀ ਕਿ ਗਵਾਂਢੀ ਯੂਰਪੀ ਮੁਲਕਾਂ ਅਤੇ ਸੀਰੀਆ, ਲੀਬੀਆ, ਅਫਗਾਨਿਸਤਾਨ ਆਦਿ ਅਰਬ ਦੇਸ਼ਾਂ ਤੋਂ ਬ੍ਰਿਟੇਨ ’ਚ ਦਾਖਲ ਹੋਣ ਵਾਲੇ ਰਫਿਊਜੀ ਸਮਾਜਿਕ ਕਲਿਆਣ ਅਤੇ ਪੈਨਸ਼ਨ ਪ੍ਰਣਾਲੀ ਲਈ ਬੋਝ ਬਣੇ ਹੋਏ ਹਨ ਅਤੇ ਉਹਨਾਂ ਨੂੰ ਈਯੂ ’ਚ ਸਰਨਾਰਥੀ ਕੋਟੇ ਦਾ ਬੋਝ ਵੀ ਝੱਲਣਾ ਪੈਂਦਾ ਹੈ। ਬ੍ਰਿਟੇਨ ਦੇ ਦੱਖਣਪੰਥੀ ਆਗੂ ਇਸ ਮੁੱਦੇ ਨੂੰ ਲਗਾਤਾਰ ਉਭਾਰਦੇ ਆ ਰਹੇ ਸਨ। ਸ਼ੁਰੂ ਵਿਚ ਕੰਜ਼ਰਵੇਟਿਵ ਪਾਰਟੀ ਨੇ ਆਪਣੇ ਵੋਟ ਲਾਹੇ ਲਈ ਇਸ ਮੁੱਦੇ ਨੂੰ ਤੂਲ ਦੇ ਕੇ 2015 ਦੀਆਂ ਚੋਣਾਂ ਦਾ ਇੱਕ-ਨੁਕਾਤੀ ਏਜੰਡਾ ਬਣਾ ਧਰਿਆ। ਡੇਵਿਡ ਕੈਮਰੌਨ ਅਤੇ ਉਸਦੀ ਕੰਜ਼ਿਰਵੇਟਿਵ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਬ੍ਰਿਟੇਨ ਦੇ ਈਯੂ ਤੋਂ ਐਗਜ਼ਿਟ ਹੋਣ ਦੇ ਮੁੱਦੇ ਨੂੰ ਸ਼ਾਮਲ ਕਰਕੇ ਚੋਣਾਂ ਵਿੱਚ ਜਿੱਤ ਹਾਸਲ ਕੀਤੀ।ਪਰ ਸੱਤਾ ’ਚ ਆਉਣ ਤੋਂ ਬਾਅਦ ਉਸਨੇ ਇਸ ਮਾਮਲੇ ਨੂੰ ਅਪਾਣੀ ਸਿਅਸੀ ਕੂਟਨੀਤੀ ਦੇ ਚੱਲਦਿਆਂ ਠੰਡੇ ਬਸਤੇ ਪਾਉਣ ਦੀ ਕੋਸ਼ਿਸ਼ ਕੀਤੀ।23 ਜੂਨ 2016 ਨੂੰ ਹੋਏ ਐਗਜ਼ਿਟ ਪੋਲ ਵਿਚ ਬ੍ਰਿਟੇਨ ਦੇ ਲੋਕਾਂ ਦੀ ਬਹੁਸੰਮਤੀ (52.9%) ਈਯੂ ਤੋਂ ਬਾਹਰ ਹੋਣ ਦੇ ਪੱਖ ਵਿਚ ਭੁਗਤੀ। ਇਸ ਬਹੁਮਤ ਨੇ ਕੈਮਰੌਨ ਦੀਆਂ ਆਸਾਂ ਤੇ ਪਾਣੀ ਫੇਰਦਿਆਂ ਉਸਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਜਿਸਦੇ ਸਿੱਟੇ ਵਜੋਂ ਕੈਮਰੌਨ ਸਮੇਤ ਉਸਦੇ ਕਈ ਪ੍ਰਮੁੱਖ ਮੰਤਰੀਆਂ ਨੂੰ ਆਪਣੇ ਪਦ ਤੋਂ ਅਸਤੀਫੇ ਦੇਣ ਲਈ ਮਜਬੂਰ ਹੋਣਾ ਪਿਆ। ਕੈਮਰੌਨ ਤੋਂ ਬਾਅਦ ਬ੍ਰਿਟੇਨ ਦੀ ਸਿਅਸਤ ’ਚ ਆਏ ਸਿਅਸੀ ਖਲਾਅ ਨੂੰ ਭਰਨ ਲਈ ਕਿਸੇ ਫੈਸਲਾਕੁੰਨ ਆਗੂ ਦੀ ਜਰੂਰਤ ਸੀ ਅਤੇ ਇਸ ਖਲਾਅ ਨੂੰ ਥਰੇਸਾ ਮੇਅ ਨੇ ਬ੍ਰਿਕਜ਼ਿਟ ਦੇ ਮੁੱਦੇ ਨੂੰ ਇਕ ਵਾਰ ਫਿਰ ਗਰਮਾ ਕੇ ਭਰਨ ਦੇ ਯਤਨ ਕੀਤੇ।

23 ਜੂਨ 2016 ਦੀ ਰਾਇਸ਼ੁਮਾਰੀ ਮੁਤਾਬਕ 29 ਮਾਰਚ 2019 ਨੂੰ ਬ੍ਰਿਟੇਨ ਨੇ ਈਯੂ ਵਿਚੋਂ ਬਾਹਰ ਹੋ ਜਾਣਾ ਸੀ। ਪਰ ਹਾਊਸ ਆਫ ਕਾਮਨਜ ’ਚ ਜਿਅਦਾਤਰ ਪਾਰਲੀਮੈਂਟ ਮੈਂਬਰਾਂ ਦੀ ਸਹਿਮਤੀ ਨਾ ਹੋਣ ਕਰਕੇ ਇਸਦੀ ਤਰੀਕ ਵਧਾਕੇ 12 ਅਪ੍ਰੈਲ ਕਰ ਦਿੱਤੀ ਅਤੇ ਬੀਤੀ 12 ਅਪ੍ਰੈਲ ਨੂੰ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥਰੇਸਾ ਮੇਅ ਦੀ ਅਪੀਲ ਤੇ ਇਹ ਤਰੀਕ ਵਧਾ ਕੇ 30 ਜੂਨ 2019 ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਜੇਕਰ ਬ੍ਰਿਟੇਨ ਦੀ ਵਿਰੋਧੀ ਧਿਰ ਲੇਬਰ ਪਾਰਟੀ ਅਤੇ ਸੱਤਾਧਿਰ ਕੰਜ਼ਿਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਦੀ ਲਗਾਤਾਰ ਤਿੰਨ ਵਾਰ ਸਹਿਮਤੀ ਨਾ ਬਣੀ ਤਾਂ ਇਹ ਸਮਝੌਤਾ ਰੱਦ ਕਰਕੇ ਦੁਬਾਰਾ ਰਾਇਸ਼ੁਮਾਰੀ ਕਰਵਾਉਣ ਦੀ ਨੌਬਤ ਆ ਸਕਦੀ ਹੈ।

ਉਂਝ ਵੀ ਜੇਕਰ ਬ੍ਰਿਟੇਨ ਈਯੂ ਵਿਚੋਂ ਬਾਹਰ ਹੁੰਦਾ ਹੈ ਤਾਂ ਉਹ ਈਯੂ ਨਾਲ ਪਹਿਲਾਂ ਦੀ ਤਰ੍ਹਾਂ ਆਪਣੇ ਖੁੱਲ੍ਹੇ ਵਪਾਰਕ ਸਬੰਧ ਨਹੀਂ ਰੱਖ ਸਕਦਾ। ਜਿੱਥੇ ਉਸਨੂੰ ਹੁਣ ਈਯੂ ਨੂੰ 39 ਬਿਲੀਅਨ ਪੌਂਡ ਦਾ ਭੁਗਤਾਨ ਕਰਨਾ ਪੈਂਦਾ ਹੈ ਉੱਥੇ ਇਸ ਵਿਚੋਂ ਬਾਹਰ ਹੋਣ ਤੋਂ ਬਾਅਦ ਉਸਨੂੰ ਵਿਸ਼ਵ ਵਪਾਰ ਸੰਗਠਨ (WTO) ਦੇ ਵਪਾਰਕ ਨਿਯਮਾਂ ਤੇ ਸ਼ਰਤਾਂ ਤਹਿਤ ਵਪਾਰਕ ਟੈਕਸ ਦੇ ਕੇ ਈਯੂ ਨਾਲ ਵਪਾਰ ਕਰਨਾ ਪਵੇਗਾ।

ਇਸ ਸਮੇਂ ਬ੍ਰਿਟੇਨ ਦੇ ਈਯੂ ਤੋਂ ਬਾਹਰ ਹੋਣ ਜਾਂ ਇਸਦਾ ਅੰਗ ਬਣੇ ਰਹਿਣ ਦੇ ਬਹਿਸ-ਮੁਹਾਬਸੇ ਦਾ ਇਕ ਹੋਰ ਅਹਿਮ ਅਤੇ ਫੈਸਲਾਕੁੰਨ ਪਹਿਲੂ ਆਇਰਲੈਂਡ ਅਤੇ ਆਇਰਲੈਂਡ ਗਣਤੰਤਰ ਵਿਚਕਾਰਲਾ ਬਾਰਡਰ (310 ਮੀਲ) ਬਣਿਆ ਹੋਇਆ ਹੈ। ਆਇਰਲੈਂਡ ਦੇ ਮਾਮਲੇ ਨੇ ਇਸ ਐਗਜ਼ਿਟ ਦੇ ਮੁੱਦੇ ਨੂੰ ਹੋਰ ਵੱਧ ਪੇਚੀਦਾ ਬਣਾ ਦਿੱਤਾ ਹੈ। ਉੱਤਰੀ ਆਇਰਲੈਂਡ ਬ੍ਰਿਟੇਨ ਦਾ ਹਿੱਸਾ ਹੈ ਅਤੇ ਆਇਰਲੈਂਡ ਗਣਤੰਤਰ ਇਕ ਪ੍ਰਭੂਤਾ ਸਾਪੰਨ ਦੇਸ਼ ਹੈ। ਇਹਨਾਂ ਵਿਚਕਾਰ ਕੋਈ ਸੀਮਾ-ਰੇਖਾ ਨਹੀਂ ਹੈ।ਦੱਖਣੀ ਰਾਸ਼ਟਰਵਾਦੀ ਪੂਰਨ ਆਇਰਲੈਂਡ ਦੀ ਮੰਗ ਕਰ ਰਹੇ ਹਨ ਅਤੇ ਉੱਤਰ ਦੇ ਰਾਜਕੀ ਸਮਰਥਕ ਬ੍ਰਿਟੇਨ ਦਾ ਹਿੱਸਾ ਬਣੇ ਰਹਿਣ ਲਈ ਬਾਜਿੱਦ ਹਨ।ਇਹਨਾਂ ਵਿਚਕਾਰਲੇ ਇਸ ਮੱਤਭੇਦ ਨੇ ਅਤੀਤ ’ਚ ਕਈ ਖੂਨੀ ਮੁੱਠਭੇੜਾਂ ਨੂੰ ਜਨਮ ਦਿੱਤਾ। 10 ਅਪ੍ਰੈਲ 1998 ਨੂੰ ਦੋਵਾਂ ਵਿਚਕਾਰ ’ਗੁੱਡ ਫਰਾਈਡੇਅ’ ਨਾਮ ਦੇ ਸਮਝੌਤੇ ਤਹਿਤ ਉੱਤਰੀ ਆਇਰਲੈਂਡ ਨੂੰ ਬ੍ਰਿਟੇਨ ਦਾ ਅੰਗ ਬਣੇ ਰਹਿਣ ਦਾ ਫੈਸਲਾ ਹੋਇਆ ਅਤੇ ਭਵਿੱਖ ਵਿਚ ਆਇਰਲੈਂਡ ਦੇ ਲੋਕ ਬਹੁਮਤ ਦੇ ਅਧਾਰ ਤੇ ਇਸ ਫੈਸਲੇ ਨੂੰ ਬਦਲਣ ਦੇ ਅਧਿਕਾਰ ਵੀ ਦਿੱਤੇ ਗਏ। ਉਸ ਸਮੇਂ ਤੋਂ ਹੀ ਉੱਤਰੀ ਅਤੇ ਦੱਖਣੀ ਆਇਰਲੈਂਡ ਵਿਚਕਾਰਲੀ ਸੀਮਾ ਨੂੰ ਖਤਮ ਕਰ ਦਿੱਤਾ ਗਿਆ। ਪਰੰਤੂ ਜੇਕਰ ਹੁਣ ਬ੍ਰਿਟੇਨ ਈਯੂ ਤੋਂ ਬਾਹਰ ਹੁੰਦਾ ਹੈ ਤਾਂ ਆਇਰਲੈਂਡ ਦਾ ਮੁੱਦਾ ਇਕ ਵਾਰ ਫਿਰ ਭਖ ਸਕਦਾ ਹੈ। ਆਇਰਲੈਂਡ ਗਣਤੰਤਰ ਈਯੂ ਦਾ ਮੈਂਬਰ ਹੈ ਅਤੇ ਉੱਤਰੀ ਆਇਰਲੈਂਡ ਬ੍ਰਿਟੇਨ ਨਾਲ ਹੈ। ਇਸ ਸਮੇਂ ਦੋਵਾਂ ਵਿਚਕਾਰਲਾ ਬਾਰਡਰ ਖੁੱਲ੍ਹਾ ਹੈ। ਜੇਕਰ ਬ੍ਰਿਟੇਨ ਈਯੂ ਤੋਂ ਬਾਹਰ ਹੁੰਦਾ ਹੈ ਅਤੇ ਇਹ ਬਾਰਡਰ ਖੁੱਲ੍ਹਾ ਰੱਖਿਆ ਜਾਂਦਾ ਹੈ ਤਾਂ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧ, ਟੈਕਸ ਅਤੇ ਸਰਨਾਰਥੀਆਂ ਦੀ ਆਵਾਜਾਈ ਦਾ ਸਵਾਲ ਵੱਡੀ ਸਿਰਦਰਦੀ ਅਤੇ ਵਿਵਾਦ ਦਾ ਕਾਰਨ ਬਣ ਜਾਵੇਗਾ। ਅਤੇ ਜੇਕਰ ਇਹ ਬਾਰਡਰ ਬੰਦ ਕੀਤਾ ਜਾਂਦਾ ਹੈ ਤਾਂ ’ਗੁੱਡ ਫਰਾਈਡੇਅ’ ਸਮਝੌਤਾ ਸਿਰਫ ਨਾਮਧਰੀਕ ਬਣਕੇ ਰਹਿ ਜਾਵੇਗਾ।ਬ੍ਰਿਕਜ਼ਿਟ ਮੁੱਦੇ ਨੇ ਜਿੱਥੇ ਕੈਮਰੌਨ ਨੂੰ ਸੱਤਾ ਦੀ ਬੇੜੀ ਦਾ ਮਲਾਹ ਬਣਾਉਣ ਵਿਚ ਯੋਗਦਾਨ ਦਿੱਤਾ ਉੱਥੇ ਇਸ ਮਸਲੇ ਨੇ ਐਨ ਕਿਨਾਰੇ ਤੇ ਲਿਆ ਕੇ ਉਸਦੀ ਸਿਆਸੀ ਬੇੜੀ ਨੂੰ ਡੋਬ ਦਿੱਤਾ। ਇਸ ਸਮੇਂ ਥਰੇਸਾ ਮੇਅ ਉਸੇ ਬੇੜੀ ਦੀ ਸਵਾਰ ਬਣੀ ਹੋਈ ਹੈ ਅਤੇ ਉਸਨੂੰ ਵੀ ਆਪਣਾ ਹਸ਼ਰ ਕੈਮਰੌਨ ਵਰਗਾ ਪ੍ਰਤੀਤ ਹੋ ਰਿਹਾ ਹੈ। ਸ਼ੁਰੂ ’ਚ ਥਰੇਸਾ ਜੂਨ 2016 ਦੀ ਰਾਇਸ਼ੁਮਾਰੀ ਦੇ ਵਿਰੁੱਧ ਸੀ ਪਰ ਸੱਤਾ ’ਚ ਆਉਣ ਤੋਂ ਕੁਝ ਸਮਾਂ ਪਹਿਲਾਂ ਅਤੇ ਬਾਅਦ ਵਿਚ ਉਹ ਇਸਦੇ ਪੱਖ ਵਿੱਚ ਹੈ। ਇਸ ਸਮੇਂ ਉਸਦੀ ਪਾਰਟੀ ਦੇ ਕਈ ਪਾਰਲੀਮੈਂਟ ਮੈਂਬਰ ਇਸ ਐਗਜ਼ਿਟ ਨੂੰ ਲੈ ਕੇ ਉਸਦੇ ਨਾਲ ਨਹੀਂ ਹਨ। ਇਸਦਾ ਕਾਰਨ ਇਹ ਹੈ ਕਿ ਉਹ ਈਯੂ ਨਾਲ ਵਪਾਰਕ ਸਬੰਧਾਂ ਨੂੰ ਖਰਾਬ ਨਹੀਂ ਕਰਨਾ ਚਾਹੁੰਦੇ। ਉਹ ਬਾਹਰ ਹੋਣ ਤੋਂ ਬਾਅਦ ਭਵਿੱਖ ਦੀਆਂ ਸਮੱਸਿਆਵਾਂ ਤੋਂ ਚਿੰਤਤ ਹਨ। ਅਜਿਹੀ ਸਥਿਤੀ ਵਿਚ ਜੇਕਰ ਭਵਿੱਖ ’ਚ ਥਰੇਸਾ ਨੂੰ ਬਹੁਮਤ ਨਹੀਂ ਮਿਲਦਾ ਤਾਂ ਉਸਦੇ ਕਹਿਣ ਮੁਤਾਬਕ ਉਹ ਆਪਣੇ ਪਦ ਤੋਂ ਅਸਤੀਫਾ ਦੇ ਦੇਵੇਗੀ ਅਤੇ ਜੇਕਰ ਬ੍ਰਿਟੇਨ ਦੇ ਈਯੂ ਵਿਚੋਂ ਬਾਹਰ ਹੋਣ ਤੇ ਸਹਿਮਤੀ ਹੁੰਦੀ ਹੈ ਤਾਂ ਉਹ ਸਰਕਾਰ ਦੀ ਕਮਾਨ ਸੰਭਾਲੀ ਰੱਖੇਗੀ।

ਅਸਲ ਵਿਚ ਸ਼ੁਰੂ ’ਚ ਰੂਸ ਤੇ ਅਮਰੀਕਾ ਦੇ ਵੱਧਦੇ ਪ੍ਰਭਾਵ ਨੇ ਯੂਰਪੀ ਤਾਕਤਾਂ ਨੂੰ ਇਕਜੁੱਟ ਹੋਣ ਲਈ ਮਜ਼ਬੂਰ ਕੀਤਾ ਸੀ। ਪਰੰਤੂ ਈਯੂ ਦੇ ਹੋਂਦ ’ਚ ਆਉਣ ਤੋਂ ਬਾਅਦ ਦੇ ਇੱਕ ਦਹਾਕੇ ਵਿਚ ਸੰਸਾਰ ਆਰਥਿਕਤਾ ਦਾ ਸੰਕਟ ਬੇਹੱਦ ਗਹਿਰਾ ਹੋ ਗਿਆ। ਇਸਨੇ ਯੂਰਪ ਸਮੇਤ ਅਮਰੀਕੀ ਸਾਮਰਾਜ ਨੂੰ ਵੀ ਆਪਣੀ ਝਪੇਟ ਵਿਚ ਲੈ ਲਿਆ। ਅਜਿਹੇ ਵਿਚ ਯੂਰਪੀ ਦੇਸ਼ਾਂ ਲਈ ਇੱਕ-ਦੂਜੇ ਦਾ ਸਾਥ ਦੇਣ ਦੀ ਬਜਾਏ ਆਪੋਧਾਪੀ ਦਾ ਮਹੌਲ ਪੈਦਾ ਹੋ ਗਿਆ ਅਤੇ ਉਹ ਇੱਕ-ਦੂਜੇ ਨੂੰ ਆਪਣੀ ਆਰਥਿਕਤਾ ਲਈ ਬੋਝ ਸਮਝਣ ਲੱਗ ਪਏ। ਈਯੂ ਦੇ ਵੱਡੇ ਸਾਮਰਾਜੀ ਮੁਲਕ ਆਪਣੇ ਸੰਕਟ ਦਾ ਬੋਝ ਕੰਮਜੋਰ ਯੂਰਪੀ ਮੁਲਕਾਂ ਉੱਪਰ ਥੋਪਣ ਲੱਗ ਗਏ। ਅਜਿਹੇ ਮਹੌਲ ਵਿਚ ਈਯੂ ਦੇ ਇਹਨਾਂ ਦੇਸ਼ਾਂ ਦਾ ਈਯੂ ਵਿਚ ਦਮ ਘੁੱਟਣ ਲੱਗਾ ਅਤੇ ਉਹ ਅਲਹਿਦਗੀ ਦਾ ਸ਼ਿਕਾਰ ਹੋਣੇ ਸ਼ੁਰੂ ਹੋ ਗਏ। ਇਸ ਸਮੇਂ ਯੂਰਪੀ ਹਾਕਮ ਜਮਾਤਾਂ ਲਈ ਸਵਾਲ ਮਹਿਜ ਬ੍ਰਿਟੇਨ ਦੇ ਈਯੂ ਵਿਚੋਂ ਬਾਹਰ ਹੋਣ ਦਾ ਹੀ ਨਹੀਂ ਬਲਕਿ ਵੱਡਾ ਸਵਾਲ ਈਯੂ ਵਿਚ ਸ਼ਾਮਲ ਸਾਰੇ ਦੇਸ਼ਾਂ ਦੇ ਸੰਕਟ ਦਾ ਬਣਿਆ ਹੋਇਆ ਹੈ। ਈਯੂ ਦੇ ਹੋਂਦ ਵਿਚ ਆਉਣ ਅਤੇ ਹੁਣ ਇਸਦੇ ਖਿੰਡਣ ਦੇ ਸਮੀਕਰਣ ਉਲਟ ਧਰੁੱਵੀ ਹੋ ਚੁੱਕੇ ਹਨ।


ਇਸ ਵਕਤ ਬਾਕੀ ਦੇ ਸਾਮਰਾਜੀ ਮੁਲਕਾਂ ਵਾਂਗ ਈਯੂ ਵੀ ਵਿਸ਼ਵ ਆਰਥਿਕ ਮੰਦਵਾੜੇ ਦੀ ਮਾਰ ਝੱਲ ਰਿਹਾ ਹੈ। ਬ੍ਰਿਟੇਨ ਦਾ ਈਯੂ ’ਚੋਂ ਬਾਹਰ ਹੋਣ ਦਾ ਫੈਸਲਾ ਬ੍ਰਿਟੇਨ ਦੀਆਂ ਹਾਕਮ ਜਮਾਤਾਂ ਅਤੇ ਸਾਮਰਾਜੀ ਤਾਕਤਾਂ ਦੇ ਆਪਸੀ ਹਿੱਤਾਂ ਦੇ ਟਕਰਾਅ ਦੀ ਭੇਂਟ ਚੜ੍ਹਿਆ ਹੋਇਆ ਹੈ। ਬ੍ਰਿਟੇਨ ਦੇ ਈਯੂ ਤੋਂ ਬਾਹਰ ਹੋਣ ਜਾਂ ਇਸਦੇ ਅੰਦਰ ਰਹਿਣ ਨਾਲ ਬ੍ਰਿਟੇਨ ਦੇ ਲੋਕਾਂ ਨੂੰ ਕੋਈ ਸਿਫਤੀ ਨਫਾ ਜਾਂ ਨੁਕਸਾਨ ਨਹੀਂ ਹੋਣਾ। ਬ੍ਰਿਟੇਨ ਦੇ ਈਯੂ ਦੇ ਨਾਲ ਰਹਿੰਦੇ ਹੋਏ ਬ੍ਰਿਟੇਨ ਦੇ ਲੋਕ ਜਿੱਥੇ ਹੁਣ ਈਯੂ ਦੀਆਂ ਨੀਤੀਆਂ ਤੇ ਹੁਕਮਾਂ ਦੀ ਪਾਲਣਾ ਕਰਨ ਲਈ ਬਾਧਕ ਹਨ ਉੱਥੇ ਇਸਤੋਂ ਬਾਹਰ ਹੋਣ ਨਾਲ ਉਹ ਨਵੇਂ (ਸੰਭਾਵਿਤ ਤੌਰ ਤੇ ਅਮਰੀਕਾ ਅਤੇ ਚੀਨ) ਮੁਲਾਹਜੇਦਾਰਾਂ ਦੀਆਂ ਨੀਤੀਆਂ ਅਤੇ ਹੁਕਮ ਵਜਾਉਣ ਦੇ ਪਾਬੰਧ ਹੋਣਗੇ।

ਗਾਥਾ 'ਮਈ ਦਿਹਾੜੇ ਦੀ'

# ਫਾਂਸੀ ਦੇ ਤਖਤੇ ਤੋਂ ਵੰਗਾਰ, ਸੂਰਬੀਰ ਯੋਧਿਆਂ ਦੀ



ਯਸ਼ਪਾਲ
98145 35005




ਪਹਿਲੀ ਮਈ ਨੂੰ ਸ਼ਿਕਾਗੋ ਦੇ ਸਾਫ਼ ਅਸਮਾਨ 'ਚ ਚਮਕਦਾ ਸੂਰਜ ਚੜ੍ਹਿਆ। ਇਹ ਸ਼ਨੀਵਾਰ ਸੀ। ਸਵੇਰੇ ਉਠਦਿਆਂ ਹੀ ਮਜਦੂਰਾਂ ਨੇ ਆਪਣੇ ਸਭ ਤੋਂ ਸੋਹਣੇ ਕੱਪੜੇ ਪਾਏ। ਆਪਣੀਆਂ ਬੀਵੀਆਂ ਤੇ ਬੱਚਿਆਂ ਨੂੰ ਨਾਲ ਲਿਆ ਅਤੇ ਮਿਚੀਗਨ ਐਵੇਨਿਊ ਚੌਂਕ ਵੱਲ ਚਾਲੇ ਪਾ ਦਿਤੇ। ਉਹ ਮਖੌਲਾਂ ਕਰ ਰਹੇ ਸਨ ਅਤੇ ਗੀਤ ਗਾ ਰਹੇ ਸਨ। ਉਹ ਗਾ ਰਹੇ ਸਨ ਮਜ਼ਦੂਰ ਜਾਗ੍ਰਿਤੀ ਦੇ ਗੀਤ, ਮਜ਼ਦੂਰ ਮੁਕਤੀ ਦੇ ਗੀਤ। ਗੀਤ, ਜਿਹਨਾਂ ਨਾਲ ਸਰਮਾਏਦਾਰਾਂ ਤੇ ਜ਼ਾਲਮਾਂ ਦੇ ਤਖਤ ਡੋਲਣ ਲੱਗ ਪਏ ਤੇ ਇੱਕ ਵਾਰ ਉਹਨਾਂ ਦੀ ਸੱਤਾ ਦਾ ਜਲੌਅ ਜਾਂਦਾ ਰਿਹਾ।

ਸ਼ਹਿਰ ਵਿੱਚ ਹਥਿਆਰਬੰਦ ਪੁਲਿਸ ਅਤੇ ਫੌਜ ਦੀਆਂ ਧਾੜਾਂ ਤਾਇਨਾਤ ਸਨ ਅਤੇ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਸਰਕਾਰੀ ਅਸਲਾਖਾਨੇ ਵਿਚ ਹੋਰ ਫੌਜੀ ਧਾੜਾਂ ਰਫਲਾਂ ਨਾਲ ਲੈਸ ਮਾਰਚ ਕਰਨ ਲਈ ਤਿਆਰ ਬਰ ਤਿਆਰ ਖੜ੍ਹੀਆਂ ਸਨ। ਇਹ ਸਿਰਫ ਥੋੜੇ ਸਮੇਂ ਲਈ ਹੜਤਾਲ ਸੀ ਪਰ ਸਰਮਾਏਦਾਰ ਮਾਲਕਾਂ ਤੇ ਹਕੂਮਤ ਨੇ ਇਸ ਨੂੰ ਇਉਂ ਲਿਆ ਜਿਵੇਂ ਇਹ ਇਨਕਲਾਬ ਹੋਵੇ।

38 ਸਾਲਾ ਝੂਲਦੀਆਂ ਮੁੱਛਾਂ ਵਾਲੇ ਦੱਖਣ ਵਾਸੀ ਅਲਬਰਟ ਪਾਰਸਨਜ਼ ਨੂੰ (ਜਿਹੜਾ ਸ਼ਿਕਾਗੋ 'ਚ 8 ਘੰਟੇ ਦੀ ਕੰਮ ਦਿਹਾੜੀ ਦੇ ਸੰਘਰਸ਼ ਦਾ ਮੋਢੀ ਸੀ) ਅਤੇ ਜਰਮਨੀ ਦੇ ਜੰਮਪਲ 31 ਸਾਲਾ ਸਮਾਜਵਾਦੀ ਅਗਸਤ ਸਪਾਈਸ ਨੂੰ, ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ। ਇਹਨਾਂ ਦੋਹਾਂ ਨੂੰ ਸਰਮਾਏਦਾਰਾਂ ਦੀ ਪ੍ਰੈਸ ਵਿਚ ਸਭ ਤੋਂ ਵੱਡੇ ਦੇਸ਼ ਧ੍ਰੋਹੀ ਗਰਦਾਨਿਆ ਗਿਆ ਅਤੇ ਦੇਸ਼ ਵਿਚੋਂ ਵਗਾਹ ਮਾਰਨ ਅਤੇ ਖਤਮ ਕਰਨ ਦੇ ਸ਼ਰੇਆਮ ਸੱਦੇ ਦਿੱਤੇ ਗਏ।

ਮਜ਼ਦੂਰ ਕਾਫ਼ਲਿਆਂ ਦਾ ਹੜ੍ਹ ਜਿਹਾ ਮਾਰਚ ਕਰਨ ਲੱਗਾ। ਪਾਰਸ਼ਨਜ ਦਾ ਪਰਿਵਾਰ ਹੱਥਾਂ ਵਿੱਚ ਹੱਥ ਪਾਈ ਜਾ ਰਹੀ ਮੂਹਰਲੀ ਕਤਾਰ ਵਿੱਚ ਸੀ। ਮੁਜ਼ਾਹਰਾ 80 ਹਜਾਰ ਦਾ ਸੀ। ਉਹ ਖੁਸ਼ ਸਨ, ਜੋਸ਼ ਵਿੱਚ ਅਤੇ ਹੌਸਲੇ ਵਿੱਚ ਸਨ। ਜਦੋਂ ਕਿ ਸੈਂਕੜੇ ਹਜ਼ਾਰਾਂ ਮਜ਼ਦੂਰ ਸਾਰੇ ਦੇਸ਼ ਵਿੱਚ ਉਹਨਾਂ ਵਾਂਗ ਹੀ ਮਾਰਚ ਕਰ ਰਹੇ ਸਨ।

1 ਮਈ ਸ਼ਿਕਾਗੋ ਵਿੱਚ ਬਿਨਾਂ ਕਤਲੋਂ ਗਾਰਦ ਤੋਂ ਲੰਘ ਗਿਆ। ਸਾਰੇ ਸਨਅਤੀ ਕੇਂਦਰਾਂ ਵਿੱਚ ਹੜਤਾਲਾਂ ਹੋਈਆਂ। ਕਈ ਸਰਮਾਏਦਾਰ ਮਾਲਕਾਂ ਨੇ ਡਰ ਕੇ ਕੰਮ ਦਿਹਾੜੀ ਘਟਾਉਣ ਦਾ ਐਲਾਨ ਕਰ ਦਿੱਤਾ। ਇਸ ਨਾਲ 150,000 ਮਜਦੂਰਾਂ ਨੂੰ ਫਾਇਦਾ ਹੋਇਆ। ਇੱਕ ਲੱਖ 90 ਹਜ਼ਾਰ ਹੋਰ ਮਜ਼ਦੂਰਾਂ ਨੇ ਹੜਤਾਲ ਕੀਤੀ, ਜਿਹਨਾਂ ਵਿਚੋਂ 40,000 ਨੇ ਪੂਰੀਆਂ ਜਾਂ ਅੱਧ-ਪਚੱਧ ਮੰਗਾਂ ਮੰਨਵਾਂ ਲਈਆਂ।

2 ਮਈ ਦਾ ਐਤਵਾਰ ਸੀ, ਇਸ ਦਿਨ ਵੀ ਅਮਨ ਅਮਾਨ ਰਿਹਾ। 3 ਮਈ ਨੂੰ ਸ਼ਿਕਾਗੋ ਵਿਚ ਇਕ ਥਾਂ ਪੁਲਸ ਨੇ ਮਜ਼ਦੂਰਾਂ ਉਪਰ ਹਮਲਾ ਕਰ ਦਿੱਤਾ। ਚਾਰ ਮਜ਼ਦੂਰ ਸ਼ਹੀਦ ਕਰ ਦਿੱਤੇ ਅਤੇ ਅਨੇਕਾਂ ਨੂੰ ਜਖ਼ਮੀ ਕਰ ਦਿੱਤਾ। 4 ਮਈ ਨੂੰ ਯੂਨੀਅਨਾਂ ਨੇ ਪੁਲਸੀ ਜੁਰਮਾਂ ਵਿਰੁੱਧ ਇਕੱਠ ਸੱਦਿਆ। ਇਹ ਰੈਲੀ ਹੇਅ ਮਾਰਕੀਟ ਨਾਂ ਦੇ ਚੌਂਕ ਵਿਚ ਹੋਈ। ਰੈਲੀ ਖਿੰਡਾਉਣ ਲਈ ਸਰਕਾਰੀ ਏਜੰਟਾਂ ਵੱਲੋਂ ਬੰਬ ਸੁਟਿਆ ਗਿਆ, ਮਜ਼ਦੂਰਾਂ ਤੇ ਪੁਲਿਸ ਦੀ ਝੜੱਪ ਹੋਈ। ਪੁਲਸ ਨੇ ਮਜ਼ਦੂਰਾਂ 'ਤੇ ਅੰਨ੍ਹੇ ਵਾਹ ਗੋਲੀਆਂ ਚਲਾਈਆਂ। ਪੁਲਸੀਆਂ ਵਿੱਚੋਂ 7 ਮਾਰੇ ਗਏ ਅਤੇ 69 ਜਖਮੀ ਹੋਏ। ਦੂਜੇ ਪਾਸੇ 2 ਮਜਦੂਰ ਸ਼ਹੀਦ ਹੋਏ ਤੇ 50 ਜਖਮੀ ਹੋਏ। ਬਾਅਦ 'ਚ ਮਜਦੂਰਾਂ 'ਤੇ ਅੰਨ੍ਹੇ ਤੱਸ਼ਦਦ ਦਾ ਦੌਰ ਚੱਲਿਆ।

4 ਮਈ ਨੂੰ ਹੇਅ ਮਾਰਕੀਟ ਦੀ ਰੈਲੀ ਵਿਚ ਪਾਰਸਨਜ਼ ਗਰਜਿਆ। ਉਸ ਨੇ ਆਪਣੇ ਇੱਕ ਘੰਟੇ ਦੇ ਭਾਸ਼ਣ ਵਿਚ ਮਜ਼ਦੂਰਾਂ ਦੇ ਆਰਥਿਕ ਮਸਲਿਆਂ ਬਾਰੇ ਗੱਲ ਕੀਤੀ ਅਤੇ ਅਖੀਰ ਵਿਚ ਮਜ਼ਦੂਰਾਂ ਨੂੰ ਚੌਕਸ ਕੀਤਾ :

"ਸਿਰਫ 8 ਘੰਟੇ ਦਿਹਾੜੀ ਦੀ ਲਹਿਰ ਵਿਚ ਅਜਿਹਾ ਕੁਝ ਨਹੀਂ ਜਿਸ ਤੋਂ ਸਰਮਾਏਦਾਰ ਐਨੇ ਬੁਖ਼ਲਾ ਜਾਣ। ਕੀ ਤੁਸੀਂ ਜਾਣਦੇ ਹੋ ਕਿ ਫੌਜ ਹਥਿਆਰ ਚੁੱਕੀ ਖੜੀ ਹੈ ਅਤੇ ਬੰਦੂਕਾਂ ਤੁਹਾਨੂੰ ਕੁਚਲਣ ਲਈ ਤਿਆਰ ਬਰ ਤਿਆਰ ਹਨ ? ਵੀ ਤੁਸੀਂ ਕੋਈ ਮੰਗ ਉਠਾਉਂਦੇ ਹੋ ਤਨਖਾਹ ਵਧਾਉਣ ਲਈ ਜਾਂ ਕੋਈ ਹੋਰ) ਮਿਲੀਸ਼ੀਆ, ਜਿਲ੍ਹਾ ਜੱਜ ਅਤੇ ਪਿੰਕਰਟਨ ਦੇ ਬੰਦੇ (ਹਥਿਆਰਬੰਦ ਦਸਤੇ) ਸੱਦ ਲਏ ਜਾਂਦੇ ਹਨ ਅਤੇ ਤੁਹਾਨੂੰ ਗੋਲੀਆਂ ਮਾਰੀਆਂ ਜਾਂਦੀਆਂ ਹਨ। ਡਾਂਗਾਂ ਵਰ੍ਹਾਈਆਂ ਜਾਂਦੀਆਂ ਹਨ। ਅਤੇ ਸੜਕਾਂ 'ਤੇ ਕਤਲ ਕਰ ਦਿੱਤਾ ਜਾਂਦਾ ਹੈ। ਮੇਰਾ ਮਕਸਦ ਕਿਸੇ ਨੂੰ ਭੜਕਾਉਣਾ ਨਹੀਂ, ਸਗੋਂ ਸ਼ਾਇਦ ਪਹਿਲਾਂ ਮੈਨੂੰ ਇਸ ਖਾਤਰ ਆਪਣੀ ਜਾਨ ਦੀ ਕੀਮਤ ਤਾਰਨੀ ਪਵੇ ਵਾਸੀਓ, ਤੁਸੀਂ ਆਪਣੇ ਬੀਵੀ-ਬੱਚਿਆਂ ਨੂੰ ਪਿਆਰ ਕਰਦੇ ਹੋ! ਜੇ ਤੁਸੀਂ ਉਹਨਾਂ ਨੂੰ ਭੁੱਖ ਨਾਲ ਤਬਾਹ ਹੁੰਦੇ, ਮਾਰੇ ਜਾਂਦੇ ਜਾਂ ਸੜਕਾਂ 'ਤੇ ਕੁੱਤਿਆਂ ਵਾਂਗ ਵੱਢੇ ਜਾਂਦੇ ਨਹੀਂ ਦੇਖਣਾ ਚਾਹੁੰਦੇ, ਜੇ ਤੁਸੀਂ ਆਜ਼ਾਦੀ ਤੇ ਸੁਤੰਤਰਤਾ ਚਾਹੁੰਦੇ ਹੋ ਤਾਂ ਤੁਹਾਡਾ ਫਰਜ ਬਣਦਾ ਹੈ ਕਿ ਹਥਿਆਰਬੰਦ ਹੋਵੇ, ਆਪਣੇ ਆਪ ਨੂੰ ਹਥਿਆਰਬੰਦ ਕਰੋ।"

ਇਸ ਤੋਂ ਕੁੱਝ ਮਿੰਟਾਂ ਬਾਅਦ ਦੀ ਰੈਲੀ 'ਤੇ ਬੰਬ ਸੁੱਟਿਆ ਗਿਆ ਅਤੇ ਪੁਲਸ ਵੱਲੋਂ ਹਮਲਾ ਕਰ ਦਿੱਤਾ ਗਿਆ। ਚਾਹੇ ਬੰਬ ਸੁੱਟਣ ਦਾ ਕੋਈ ਸਬੂਤ ਨਹੀਂ ਪੇਸ਼ ਕੀਤਾ ਗਿਆ ਪਰ ਪਾਰਸਨਜ਼ ਅਤੇ ਸਪਾਈਸ ਸਣੇ 8 ਮਜ਼ਦੂਰ ਆਗੂਆਂ 'ਤੇ ਕਤਲ ਦੀ ਸਾਜਿਸ਼ ਦਾ ਮੁਕੱਦਮਾ ਚਲਾਇਆ ਗਿਆ। ਅਗਸਤ ਸਪਾਇਸ ਅਦਾਲਤ ਵਿਚ ਗਰਜਿਆ :

"ਮੈਂ ਇੱਥੇ ਦੂਜੀਆਂ ਜਮਾਤਾਂ ਦੇ ਨੁਮਾਇੰਦਿਆਂ ਸਾਹਮਣੇ ਇਕ ਜਮਾਤ ਦੇ ਨੁਮਾਇੰਦੇ ਦੀ ਹੈਸੀਅਤ 'ਚ ਬੋਲ ਰਿਹਾ ਹਾਂ। ਜੇ ਤੁਸੀਂ ਸਮਝਦੇ ਹੋ ਕਿ ਸਾਨੂੰ ਫਾਂਸੀ ਦੇ ਕੇ ਤੁਸੀਂ ਮਜ਼ਦੂਰ ਲਹਿਰ ਦਾ ਗਲਾ ਘੁੱਟ ਸਕਦੇ ਹੋ ਤਾਂ ਲਗਾ ਦਿਉ ਸਾਨੂੰ ਫਾਂਸੀ। ਫਿਰ ਦੇਖਿਓ ਤੁਸੀਂ ਚਿੰਗਾੜੀਆਂ ਉਪਰ ਤੁਰ ਰਹੇ ਹੋਵੋਗੇ, ਚਿੰਗਾੜੀਆਂ, ਜੋ ਇਥੇ-ਉਥੇ, ਤੁਹਾਡੇ ਅੱਗੇ-ਪਿੱਛੇ, ਹਰ ਜਗ੍ਹਾਂ ਲਪਟਾਂ ਬਣ ਕੇ ਭੜਕਣਗੀਆਂ। ਇਹ ਜਵਾਲਾ ਹੈ, ਜਵਾਲਾ, ਜਿਸਨੂੰ ਤੁਸੀਂ ਬੁਝਾ ਨਹੀਂ ਸਕੋਗੇ। ਜੇ ਕਰ ਤੁਸੀਂ ਇਕ ਵਾਰ ਲੋਕਾਂ ਨੂੰ ਸਜਾਏ ਮੌਤ ਦਿੰਦੇ ਹੋ ਕਿਉਂਕਿ ਉਹਨਾਂ ਨੇ ਸੱਚ ਕਹਿਣ ਦੀ ਜੁਰੱਅਤ ਕੀਤੀ ਹੈ। ਤਾਂ ਮੈਂ ਮਾਣ ਅਤੇ ਹਠ ਨਾਲ ਇਹ ਵੱਡੀ ਕੀਮਤ ਤਾਰਨ ਲਈ ਤਿਆਰ ਹਾਂ! ਆਪਣੇ ਜਲਾਦਾਂ ਨੂੰ ਬੁਲਾਓ ਸੱਚ ਸੁਕਰਾਤ ਦਾ ਸੂਲੀ ਚੜ੍ਹਿਆ, ਈਸਾ ਦਾ, ਬਰੂਨੋਿਓ ਦਾ ਹਠ, ਗੈਲੀਲਿਓ ਅੰਦਰਲਾ ਸੱਚ, ਅੱਜ ਵੀ ਜਿੰਦਾ ਹੈ ਉਹ ਅਤੇ ਹੋਰ ਬਹੁਤ ਸਾਰੇ ਜਿੰਨ੍ਹਾਂ ਦੀ ਗਿਣਤੀ ਲੱਖਾਂ ਕਰੋੜਾਂ ਹੈ ਇਸ ਰਾਹ ਪਏ ਹੋਏ ਹਨ। ਅਸੀਂ ਉਹਨਾਂ ਦੇ ਰਸਤੇ ਤੇ ਚੱਲਣ ਲਈ ਤਿਆਰ ਹਾਂ।"

11 ਨਵੰਬਰ 1887 ਨੂੰ ਮਜ਼ਦੂਰ ਆਗੂਆਂ ਪਾਰਸਨਜ਼, ਸਪਾਈਸ, ਫਿਸ਼ਰ ਅਤੇ ਏਂਜ਼ਲ ਨੂੰ ਜੇਲ ਕੋਠੜੀਆਂ ਵਿਚੋਂ ਕੱਢ ਲਿਆਂਦਾ ਗਿਆ, ਉਹਨਾਂ ਦੀਆਂ ਬਾਹਵਾਂ ਅਤੇ ਗੁੱਟ ਬੰਨ੍ਹ ਦਿਤੇ ਗਏ। ਉਹਨਾਂ ਨੂੰ ਸੂਲੀ ਵੱਲ ਲਿਜਾਇਆ ਗਿਆ, ਜਿੱਥੇ ਉਹ ਅਡੋਲ ਚਿੱਤ ਤਖਤੇ ਉਤੇ ਜਾ ਖੜ੍ਹੇ ਹੋਏ। ਉਨ੍ਹਾਂ ਦੇ ਮੂੰਹ ਸਿਰ ਨਕਾਬ ਨਾਲ ਢਕ ਦਿਤੇ ਗਏ ਅਤੇ ਗਲਾਂ 'ਚ ਫਾਂਸੀ ਦੀ ਰੱਸੀ ਪਾ ਦਿੱਤੀ ਗਈ। ਸਾਹਮਣੇ ਬੈਂਚਾਂ ਤੇ ਬੈਠੇ 200 ਗਵਾਹਾਂ ਦੀ ਚੁੱਪ ਨੂੰ ਸਪਾਈਸ ਦੀ ਗਰਜ ਨੇ ਤੋੜਿਆ। ਉਹ ਆਪਣੇ ਨਕਾਬ ਵਿੱਚ ਬੋਲਿਆ:

"ਅੱਜ ਤੁਸੀਂ ਮੇਰੀ ਆਵਾਜ ਨੂੰ ਨੱਪ ਸਕਦੇ ਹੋ। ਪਰ ਅਜਿਹਾ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਉਹਨਾਂ ਆਵਾਜਾਂ ਤੋਂ ਕਿਤੇ ਵੱਧ ਤਾਕਤਵਰ ਹੋਵੇਗੀ। ਜਿਹਨਾਂ ਨੂੰ ਤੁਸੀਂ ਅੱਜ ਕੁਚਲ ਰਹੇ ਹੋ।"

ਫਿਰ ਪਾਰਸਨਜ ਦੀ ਆਵਾਜ ਗੂੰਜੀ: "ਐ ਅਮਰੀਕਾ ਵਾਸੀਓ! ਕੀ ਮੈਨੂੰ ਬੋਲਣ ਦੀ ਇਜਾਜਤ ਹੈ ? ਮੈਨੂੰ ਬੋਲਣ ਦਿਓ, ਜੱਜ ਮੋਟਸਨ! ਲੋਕਾਂ ਦੀ ਆਵਾਜ ਸੁਣੀ ਜਾਣੀ ਚਾਹੀਦੀ ਹੈ।" ਉਦੋਂ ਹੀ ਤਖਤਾ ਸੁੱਟ ਦਿੱਤਾ ਗਿਆ।

ਪਰ ਸੂਰਬੀਰ ਮਜਦੂਰ ਸ਼ਹੀਦਾਂ ਦੀ ਆਵਾਜ ਗੂੰਜਣੋਂ ਨਹੀਂ ਹਟੀ। ਪਿਛਲੇ ਸਾਲਾਂ ਵਿੱਚ ਇਹ ਮਜਦੂਰਾਂ-ਮਿਹਨਤਕਸ਼ਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣ ਕੇ ਗੂੰਜਦੀ ਰਹੀ। ਇਹ ਹੋਰ ਬਲਵਾਨ ਬਣ ਕੇ ਗੂੰਜਦੀ ਰਹੀ। ਇਹ ਸੰਸਾਰ ਭਰ ਵਿੱਚ ਅੱਜ ਵੀ ਗੂੰਜ ਰਹੀ ਹੈ ਅਤੇ ਉਦੋਂ ਤੱਕ ਗੂੰਜਦੀ ਰਹੇਗੀ ਜਦੋਂ ਤੱਕ ਸਾਰੀ ਦੁਨੀਆਂ ਹਰ ਕਿਸਮ ਤੀ ਲੁੱਟ ਅਤੇ ਜਬਰ ਤੋਂ ਮੁਕਤ ਨਹੀਂ ਹੋ ਜਾਂਦੀ। ਇਹ ਉਦੋਂ ਤੱਕ ਗੂੰਜਦੀ ਰਹੇਗੀ ਜਦੋਂ ਤੱਕ ਸਹੀ ਅਰਥਾਂ ਵਿੱਚ ਸਾਰੇ ਮਨੁੱਖਾਂ ਦੀ ਬਰਾਬਰੀ ਵਾਲਾ ਸੁਪਨਾ ਸਾਕਾਰ ਨਹੀਂ ਹੋ ਜਾਂਦਾ।

ਉਂਝ ਬਾਅਦ ਵਿੱਚ 26 ਜੂਨ 1893 ਨੂੰ ਗਵਰਨਰ ਜੌਹਨ ਪੀਟਰ ਦੇ ਇਤਿਹਾਸਕ ਫੈਸਲੇ ਨੇ, ਮਈ ਦਿਨ ਦੇ ਸ਼ਹੀਦਾਂ ਨੂੰ ਫਾਂਸੀ ਦੇਣ ਲਈ ਰਚੇ 'ਅਦਾਲਤੀ ਨਾਟਕ' ਦੇ ਹੀਜ਼-ਪਿਆਜ਼ ਨੂੰ ਪੂਰੀ ਤਰ੍ਹਾਂ ਬੇ-ਪਰਦ ਕਰ ਦਿੱਤਾ। ਗਵਰਨਰ ਨੇ ਸਾਰੇ ਮੁਕੱਦਮੇ ਨੂੰ ਝੂਠ ਦਾ ਪੁਲੰਦਾ ਕਿਹਾ ਅਤੇ ਫਾਂਸੀ ਚੜ੍ਹੇ ਮਜ਼ਦੂਰ ਆਗੂਆਂ ਸਮੇਤ ਸਾਰਿਆਂ ਨੂੰ ਨਿਰਦੋਸ਼ ਕਰਾਰ ਦਿੰਦਿਆਂ ਜੇਲ੍ਹ 'ਚ ਬੰਦ ਆਗੂਆਂ ਨੂੰ ਰਿਹਾਅ ਕਰਨ ਦਾ ਹੁਕਮ ਲਿਖਿਆ। ਇਸ ਇਤਿਹਾਸਕ ਫੈਸਲੇ ਨੇ ਝੂਠ ਦੇ ਡਫਾਂਗ 'ਤੇ ਸੱਚ ਦੀ ਜਿੱਤ ਦੀ ਮੋਹਰ ਲਾ ਦਿੱਤੀ।


# ਰਾਸ਼ਟਰਪਤੀ ਭਵਨ ਗਰੀਬ ਲੋਕਾਂ ਦੀ ਮਿਹਨਤ ਦੀ ਕਮਾਈ ਉਜਾੜਨ ਦਾ ਅੱਡਾ

ਨਵਜੋਤ

ਸਾਡੇ ਦੇਸ਼ ਭਾਰਤ ਵਿੱਚ ਦੁਨੀਆਂ ਦੇ ਕਿਸੇ ਵੀ ਮੁਲਕ ਨਾਲ਼ੋਂ ਜ਼ਿਆਦਾ ਲੋਕ ਕੁਪੋਸ਼ਣ ਦੇ ਸ਼ਿਕਾਰ ਹਨ। 19.59 ਕਰੋੜ ਲੋਕ ਹਰ ਰੋਜ਼ ਭੁੱਖੇ ਸੌਂਦੇ ਹਨ। ਹਰ ਚਾਰ ਬੱਚਿਆਂ ਵਿੱਚੋਂ ਇੱਕ ਕੁਪੋਸ਼ਣ ਦਾ ਸ਼ਿਕਾਰ ਹੈ, ਲੱਖਾਂ ਲੋਕ ਬੇਘਰ ਹਨ ਜੋ ਕਿ ਸੜਕਾਂ 'ਤੇ, ਪੁਲਾਂ ਹੇਠ, ਰੇਲਵੇ ਸਟੇਸ਼ਨਾਂ 'ਤੇ ਸੌਂਦੇ ਹਨ। ਇਹਦੇ ਨਾਲ਼ ਹੀ ਕੁੱਝ ਲੋਕ ਇੰਨੀ ਐਸ਼ੋ-ਇਸ਼ਰਤ ਦੀ ਜ਼ਿੰਦਗੀ ਜ਼ਿਉਂਦੇ ਹਨ ਕਿ ਕਲਪਣਾ ਕਰਨੀ ਵੀ ਮੁਸ਼ਕਲ ਹੈ। ਇਹ ਇੱਕੋ ਦੇਸ਼ ਦੇ ਨਾਗਰਿਕ ਹਨ। ਅੱਜ ਆਪਾਂ ਇੱਕ ਇਹੋ ਜਿਹੇ ਨਾਗਰਿਕ ਦੀ ਜ਼ਿੰਦਗੀ 'ਤੇ ਝਾਤ ਮਾਰਾਂਗੇ ਜੋ ਦੇਸ਼ ਦਾ ਪਹਿਲਾ ਨਾਗਰਿਕ ਅਖਵਾਉਂਦਾ ਹੈ, ਮਤਲਬ ਸਾਡਾ ਰਾਸ਼ਟਰਪਤੀ। ਇਹ ਮਹਾਨ ਆਤਮਾ ਜੀ ਸਵੇਰ ਤੋਂ ਲੈਕੇ ਸ਼ਾਮ ਤੱਕ ਇੱਕ ਡੱਕਾ ਦੂਰਾ ਨਹੀਂ ਕਰਦੇ। ਅਸਲ ਵਿੱਚ ਇਸ ਕੋਲ ਇੰਨੀ ਤਾਕਤ ਹੀ ਨਹੀਂ। ਸੰਵਿਧਾਨ ਰਾਹੀਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਰਾਸ਼ਟਰਪਤੀ ਕੋਲ ਕੋਈ ਠੋਸ ਫੈਸਲੇ ਲੈਣ ਦੀ ਤਾਕਤ ਹੀ ਨਾ ਹੋਵੇ, ਇਹ ਸਿਰਫ ਮੋਹਰ ਲਾਉਣ, ਘੁੱਗੀ ਵਾਹੁਣ ਤੇ ਕੁੱਝ ਮਾਮਲਿਆਂ ਵਿੱਚ ਅੜੀਅਲ ਬੱਚੇ ਵਾਂਗ ਨਾਂਹ-ਨੁੱਕਰ (ਜਿਸ ਤੋਂ ਬਾਅਦ ਉਹ ਆਪ ਹੀ ਮੰਨ ਜਾਂਦਾ ਹੈ) ਕਰ ਸਕੇ। ਤੇ ਆਓ ਹੁਣ ਇਹ ਵੀ ਵੇਖ ਲਈਏ ਕਿ ਇੰਨਾ ਮਿਹਨਤ ਭਰਿਆ ਕੰਮ ਕਰਨ ਪਿੱਛੋ ਕੀ-ਕੀ ਸਹੂਲਤਾਂ ਮਿਲ਼ਦੀਆਂ ਹਨ ਰਾਸ਼ਟਰਪਤੀ ਜੀ ਨੂੰ।

ਭਾਰਤ ਦੇ ਰਾਸ਼ਟਰਪਤੀ ਦਾ ਘਰ ਰਾਸ਼ਟਰਪਤੀਭਵਨ ਅਖਵਾਉਂਦਾ ਹੈ। ਇਹ ਦਿੱਲੀ ਵਿੱਚ ਸਥਿਤ, ਕੁੱਲ 2,00,000 ਵਰਗ ਫੁੱਟ ਵਿੱਚ ਫੈਲਿਆ ਹੋਇਆ ਹੈ। 5 ਏਕੜ ਵਿੱਚ ਫੈਲੀ ਇਹ ਮਹਿਲਨੁਮਾ ਇਮਾਰਤ ਚਾਰ ਮੰਜਿਲਾ ਹੈ ਜਿਸ ਵਿੱਚ 340 ਕਮਰੇ ਹਨ। ਇਸ ਗਰੀਬ ਘਰ ਦੇ ਗਲਿਆਰੇ ਦੀ ਕੁੱਲ ਲੰਬਾਈ ਹੀ ਢਾਈ ਕਿਲੋਮੀਟਰ ਹੈ। ਇਸ ਦੇ ਨਾਲ਼ ਇੱਕ ਨਿੱਕੀ ਜਿਹੀ ਬਗੀਚੀ ਬਣੀ ਹੋਈ ਹੈ ਜੋ ਸਿਰਫ 190 ਏਕੜ 'ਚ ਫੈਲੀ ਹੋਈ ਹੈ। ਕਿਉਂਕਿ ਸਾਡੇ ਮਾਣਯੋਗ ਰਾਸ਼ਟਰਪਤੀ ਨੂੰ ਬਹੁਤ ਸਮਾਂ ਵੇਹਲੇ ਹੱਥ 'ਤੇ ਹੱਥ ਧਰ ਕੇ ਬੈਠਣਾ ਪੈਂਦਾ ਹੈ ਇਸ ਕਰਕੇ ਉਹਨਾਂ ਦੀ ਸਹੂਲਤ ਲਈ 9 ਟੈਨਿਸ ਕੋਰਟ, ਸਕੁਐਸ਼ ਕੋਰਟ, ਕ੍ਰਿਕਟ ਦਾ ਮੈਦਾਨ, ਸਵਿਮਿੰਗ ਪੂਲ, ਪੋਲੋ ਗਰਾਂਊਡ ਤੇ ਇੱਕ ਪੂਰਾ ਗੋਲਫ ਕੋਰਸ ਵੀ ਬਣਾਇਆ ਗਿਆ ਹੈ।

ਸੋ ਇਸ ਆਲੀਸ਼ਾਨ ਮਹਿਲ ਦੀ ਦੇਖਭਾਲ ਕਰਨ ਲਈ ਨਿੱਤ ਕਾਫੀ ਖਰਚਾ ਅਤੇ ਮਨੁੱਖੀ ਹੱਥਾਂ ਦੀ ਲੋੜ ਪੈਂਦੀ ਹੋਵੇਗੀ। 2007 ਵਿੱਚ ਇਸ ਮਹਿਲ ਦੀ ਸਿਰਫ ਦੇਖਭਾਲ ਕਰਨ ਲਈ ਹੀ 100 ਕਰੋੜ ਤੋਂ ਵੱਧ ਖਰਚਾ ਹੋਇਆ। 2008-09 ਅਤੇ 2009-10 ਵਿੱਚ ਇਸ ਮਹਿਲ ਦਾ ਬਿੱਲ ਕ੍ਰਮਵਾਰ 6.88 ਕਰੋੜ ਅਤੇ 6.67 ਕਰੋੜ ਸੀ। ਮਨਸੂਰ ਦਰਵੇਸ ਨਾਮੀ ਵਿਅਕਤੀ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਵਿੱਚ ਇਹ ਖੁਲਾਸਾ ਹੋਇਆ ਕਿ ਰਾਸ਼ਟਰਪਤੀ ਭਵਨ ਦਾ ਅਪ੍ਰੈਲ ਤੇ ਮਈ ਮਹੀਨੇ ਦਾ ਟੈਲੀਫੋਨ ਬਿੱਲ ਹੀ 9.31 ਲੱਖ ਸੀ। ਇੰਝ ਹੀ 2017 ਵਿੱਚ ਸੂਚਨਾ ਦੇ ਅਧਿਕਾਰ ਐਕਟ ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਰਾਸ਼ਟਰਪਤੀ ਭਵਨ ਵਿੱਚ ਕੁੱਲ 545 ਕਰਮਚਾਰੀ ਹਨ। ਜਿਹਨਾਂ ਦੀ ਤਨਖਾਹ ਉੱਪਰ ਖਰਚਾ ਸਿਰਫ ਅਕਤੂਬਰ ਮਹੀਨੇ ਦਾ ਹੀ 1.35 ਕਰੋੜ ਸੀ। ਸਾਡੇ ਦੇਸ਼ ਦੇ ਇਸ ਪਹਿਲੇ ਨਾਗਰਿਕ ਕੋਲ ਸਿਰਫ ਏਨੇ ਹੀ ਨਹੀਂ ਸਗੋਂ ਹੋਰ ਵੀ ਕਈ ਐਸ਼ ਦੇ ਅੱਡੇ ਹਨ ਜਿਨ੍ਹਾਂ ਨੂੰ ਛੁੱਟੀ ਘਰ ਆਖਿਆ ਜਾਂਦਾ ਹੈ। ਉਂਝ ਵੇਖਿਆ ਜਾਵੇ ਤਾਂ ਰਾਸ਼ਟਰਪਤੀ ਦੇ ਹਰ ਘਰ ਨੂੰ ਹੀ ਛੁੱਟੀ ਘਰ ਆਖਿਆ ਜਾਣਾ ਚਾਹੀਦਾ ਹੈ। ਪਹਿਲਾ ਛੁੱਟੀ ਘਰ ਸ਼ਿਮਲੇ ਤੋਂ 7 ਕਿਲੋਮੀਟਰ ਮਸੋਬਰਾ ਵਿੱਚ ਸਥਿਤ ਹੈ। ਇਹ ਗਰੀਬ ਦੀ ਝੁੱਗੀ ਸਿਰਫ 300 ਏਕੜ ਵਿੱਚ ਹੈ। ਜਿਸ ਵਿੱਚ 16 ਕਮਰੇ ਹਨ। ਦੂਜਾ ਛੁੱਟੀ ਘਰ ਸਿਕੰਦਰਾਬਾਦ ਵਿੱਚ ਬਣਿਆ ਹੈ ਜੋ ਕਿ 101 ਏਕੜ ਵਿੱਚ ਫੈਲਿਆ ਹੈ। ਇੱਥੇ ਵੀ ਸਰਕਾਰੀ ਮੁਲਾਜਮਾਂ ਦੀ ਪੂਰੀ ਫੌਜ ਸਾਲ ਭਰ ਇਹਦੀ ਦੇਖਭਾਲ ਵਿੱਚ ਲੱਗੀ



ਰਹਿੰਦੀ ਹੈ, ਜਿੱਥੇ ਰਾਸ਼ਟਰਪਤੀ ਸਿਰਫ ਸਾਲ 'ਚ ਇੱਕ-ਅੱਧੀ ਵਾਰ 10 ਕੁ ਦਿਨਾਂ ਲਈ ਗੇੜਾ ਮਾਰਦਾ ਹੈ।

ਸੋ ਇਸ ਪੂਰੇ ਦੇ ਪੂਰੇ ਪ੍ਰਬੰਧ ਦੇ ਅਤੇ ਸਰਕਾਰਾਂ ਦੇ ਕਿਰਦਾਰ ਨੰਗੇ ਕਰਨ ਲਈ ਕਿਸੇ ਡੂੰਗੇ ਅਧਿਐਨ ਦੀ ਜਾ ਕਿਤਾਬਾਂ ਫਰੋਲਣ ਦੀ ਮੁਸ਼ੱਕਤ ਕਰਨ ਦੀ ਲੋੜ ਨਹੀਂ। ਦਿੱਲੀ ਵਿੱਚ ਲਗਭਗ ਭਾਲਸਵਾ ਤੋਂ ਰਾਸ਼ਟਰਪਤੀ ਭਵਨ ਤੱਕ 22 ਕਿਲੋਮੀਟਰ ਸਫਰ ਕਰਕੇ ਦੇਖੋ, ਤੁਹਾਨੂੰ ਸਾਫ ਦਿਖ ਜਾਏਗਾ ਕਿ ਕਿਵੇਂ ਥੋੜੀ ਜਹੀ ਥਾਂ 'ਤੇ ਲੱਖਾਂ ਲੋਕ ਬਿਨ੍ਹਾਂ ਕਿਸੇ ਸਾਫ ਸਫਾਈ ਦੇ, ਬਿਨ੍ਹਾਂ ਪਖਾਨਿਆਂ ਦੇ ਡੰਗਰਾਂ ਵਾਗੂੰ ਤੁੰਨੇ ਪਏ ਹਨ ਤੇ ਉਸੇ ਹੀ ਥਾਂ 2 ਲੱਖ ਵਰਗ ਫੁੱਟ ਜਗ੍ਹਾ ਰਾਸ਼ਟਰਪਤੀ ਲਈ ਰਾਖਵੀ ਹੈ। ਰਾਸ਼ਟਰਪਤੀ ਦੇ ਮਹਿਲਾਂ ਲਈ ਡੁੱਲ-ਡੁੱਲ ਪੈਂਦਾ ਖਜ਼ਾਨਾ ਆਖਰ ਕਿਉਂ ਭਾਲਸਵਾਂ ਦੀਆਂ ਗੰਦੀਆਂ ਬਸਤੀਆ ਤੱਕ ਆਉਦਾਂ ਆਉਦਾਂ ਖਾਲੀ ਹੋ ਜਾਂਦਾ ਹੈ। ਇਹ ਛੋਟਾ ਜਿਹਾ ਸਫਰ ਇਬਨ ਬਤੂਤਾ ਦੇ ਕਹਿਣ ਵਾਂਗੂ ਪਹਿਲਾਂ ਤੁਹਾਨੂੰ ਨਿਸ਼ਬਦ ਕਰੇਗਾ, ਤੇ ਫੇਰ ਇੱਕ ਕਿੱਸਾਗਾਰ ਵਿੱਚ ਤਬਦੀਲ ਕਰ ਦਏਗਾ। ਸਾਨੂੰ ਜਰੂਰਤ ਹੈ ਅੱਜ ਇਸ ਦਰਦਨਾਕ ਕਿੱਸੇ ਨੂੰ ਘਰ-ਘਰ ਲੈਕੇ ਜਾਣ ਦੀ, ਇਸ ਨਿਜ਼ਾਮ ਦਾ ਦੂਹਰਾ ਚੇਹਰਾ ਸਾਫ ਕਰਨ ਦੀ। ਇਹ ਗੱਲ ਲੋਕਾਂ ਵਿੱਚ ਸਪੱਸ਼ਟ ਕਰਨ ਦੀ ਕਿ ਇਸ ਲੋਟੂ ਪ੍ਰਬੰਧ ਵਿੱਚ ਰਾਸ਼ਟਰਪਤੀ ਭਵਨ ਜਿਹੀਆਂ ਇਮਾਰਤਾਂ ਤੇ ਗੰਦੀਆਂ ਬਸਤੀਆਂ ਨਾਲ਼-ਨਾਲ਼ ਹੀ ਰਹਿਣਗੀਆਂ ਤੇ ਇਹੋ ਜਿਹੇ ਭਵਨਾਂ ਦੇ ਜਿਵੇਂ-ਜਿਵੇਂ ਕੱਦ ਵਧਣਗੇ, ਉਵੇਂ-ਉਵੇਂ ਇਹਨਾਂ ਬਸਤੀਆਂ ਦੀਆਂ ਗਿਣਤੀਆਂ 'ਤੇ ਗੰਦਗੀ ਵੀ। ਇਹੋ ਜਿਹੇ ਕਿੱਸਿਆਂ ਦੇ ਪ੍ਰਚਾਰ ਲੋਕਾਂ ਵਿੱਚ ਪਹਿਲਕਦਮੀ ਜਗਾਉਣ ਤੇ ਆਮ ਲੋਕਾਂ ਵਿੱਚ ਇਸ ਪ੍ਰਬੰਧ ਨੂੰ ਉਲਟਾਉਣ ਤੇ ਨਵਾਂ ਪ੍ਰਬੰਧ ਸਿਰਜਣ ਵਿੱਚ ਬਹੁਤ ਜਰੂਰੀ ਭੂਮਿਕਾ ਰੱਖਦੇ ਹਨ।

ਲਲਕਾਰ 'ਚੋਂ ਧੰਨਵਾਦ ਸਹਿਤ

## ਪ੍ਰੋ. ਹੰਸਦਾ ਦੀ ਗ੍ਰਿਫ਼ਤਾਰੀ ਵਿਚਾਰਾਂ ਦੀ ਅਜ਼ਾਦੀ 'ਤੇ ਹਮਲਾ : ਜਮਹੂਰੀ ਅਧਿਕਾਰ ਸਭਾ



ਜਮਹੂਰੀ ਅਧਿਕਾਰ ਸਭਾ ਪੰਜਾਬ ਝਾਰਖੰਡ ਪੁਲਿਸ ਵੱਲੋਂ ਦੋ ਦਿਨ ਪਹਿਲਾਂ ਪ੍ਰੋਫ਼ੈਸਰ ਜੀਤਰਾਏ ਹੰਸਦਾ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਪ੍ਰੋਫ਼ੈਸਰ ਹੰਸਦਾ ਦਾ ਪਿਛੋਕੜ ਆਦਿਵਾਸੀ ਹੈ ਅਤੇ ਉਹ ਗੌਰਮੈਂਟ ਸਕੂਲ ਐਂਡ ਕਾਲਿਜ ਫਾਰ ਵੂਮੈਨ, ਸਾਕਚੀ ਵਿਖੇ ਪ੍ਰੋਫ਼ੈਸਰ ਹਨ। ਉਹਨਾਂ ਨੇ ਦੋ ਸਾਲ ਪਹਿਲਾਂ ਜੂਨ 2017 ਵਿਚ ਬੀਫ਼ ਖਾਣ ਦੇ ਹੱਕ ਬਾਬਤ ਇਕ ਫੇਸਬੁੱਕ ਪੋਸਟ ਪਾਈ ਸੀ ਜਿਸ ਵਿਚ ਇਹ ਤੱਥ ਸਾਹਮਣੇ ਲਿਆਂਦਾ ਗਿਆ ਸੀ ਕਿ ਭਾਰਤ ਦੇ ਆਦਿਵਾਸੀ ਭਾਈਚਾਰੇ ਵਿਚ ਬੀਫ਼ ਖਾਣ ਅਤੇ ਰਸਮ ਦੇ ਤੌਰ 'ਤੇ ਗਊ ਦੀ ਬਲੀ ਦੇਣ ਦੀ ਪੁਰਾਣੀ ਰਵਾਇਤ ਹੈ। ਪ੍ਰੋਫ਼ੈਸਰ ਨੇ ਵਜ਼ਾਹਤ ਕੀਤੀ ਸੀ ਕਿ ਆਪਣੀਆਂ ਰਵਾਇਤਾਂ ਅਨੁਸਾਰ ਬੀਫ਼ ਖਾਣਾ ਉਹਨਾਂ ਦਾ ਜਮਹੂਰੀ ਅਤੇ ਸੱਭਿਆਚਾਰਕ ਹੱਕ ਹੈ। ਉਹਨਾਂ ਦਾ ਭਾਈਚਾਰਾ ਤਾਂ ਮੋਰ ਦਾ ਮਾਸ ਵੀ ਖਾਂਦਾ ਹੈ ਜਿਸ ਨੂੰ ਕੌਮੀ ਪੰਛੀ ਮੰਨਿਆ ਜਾਂਦਾ ਹੈ। ਇਸ ਪੋਸਟ ਨੂੰ ਅਧਾਰ ਬਣਾ ਕੇ ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਵੱਲੋਂ ਪੁਲਿਸ ਉੱਪਰ ਉਸ ਦੇ ਖ਼ਿਲਾਫ਼ ਪਰਚਾ ਦਰਜ ਕਰਨ ਲਈ ਦਬਾਓ ਪਾਇਆ ਗਿਆ। ਪੁਲਿਸ ਵੱਲੋਂ ਉਸ ਦੇ ਖ਼ਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਸਮਾਜ ਦੇ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਪੈਦਾ ਕਰਨ ਦਾ ਯਤਨ ਕਰਨ ਦੇ ਇਲਜ਼ਾਮ ਲਗਾਉਂਦੇ ਹੋਏ ਆਈ.ਪੀ.ਸੀ. ਦੇ ਸੈਕਸ਼ਨ 153-ਏ, 295ਏ, ਅਤੇ 505 ਤਹਿਤ ਐੱਫ.ਆਈ.ਆਰ. ਦਰਜ ਕਰ ਲਈ ਗਈ। ਇਸ ਧੱਕੇਸ਼ਾਹੀ ਦਾ ਨੋਟਿਸ ਲੈਂਦਿਆਂ ਆਦਿਵਾਸੀ ਰਵਾਇਤਾਂ ਨੂੰ ਬਚਾਉਣ ਲਈ ਕੰਮ ਕਰਦੀ ਸੰਸਥਾ, ਮਾਝੀ ਪਰਗਨਾ ਮਹੱਲ, ਦੇ ਮੁਖੀ ਦਸਮਥ ਹੰਸਦਾ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਚਿੱਠੀ ਲਿਖ ਕੇ ਸਪਸ਼ਟ ਕੀਤਾ ਕਿ ਪ੍ਰੋਫ਼ੈਸਰ ਨੇ ਜੋ ਲਿਖਿਆ ਉਸ ਵਿਚ ਕੁਝ ਵੀ ਗ਼ਲਤ ਨਹੀਂ, ਇਹ ਆਦਿਵਾਸੀ ਰਵਾਇਤ ਦੀ ਸੱਚੀ ਤਸਵੀਰ ਹੈ। ਇਸ ਕਰਕੇ ਉਸ ਨੇ ਕੋਈ ਜੁਰਮ ਨਹੀਂ ਕੀਤਾ ਕਿ ਉਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸੰਸਥਾ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰੋਫ਼ੈਸਰ ਦੇ ਖ਼ਿਲਾਫ਼ ਯੂਨੀਵਰਸਿਟੀ ਕੋਈ ਅਨੁਸ਼ਾਸਨਿਕ ਕਾਰਵਾਈ ਨਾ ਕਰੇ ਜਿਸ ਦਾ ਯੂਨੀਵਰਸਿਟੀ ਵੱਲੋਂ ਲਿਖਤੀ ਨੋਟਿਸ ਭੇਜਿਆ ਗਿਆ ਸੀ। ਹੁਣ ਚੋਣਾਂ ਮੁਕੰਮਲ ਹੋ ਜਾਣ ਪਿੱਛੋਂ ਅਤੇ ਐੱਫ.ਆਈ.ਆਰ. ਲਿਖੇ ਜਾਣ ਤੋਂ ਦੋ ਸਾਲ ਬਾਦ ਪੁਲਿਸ ਵੱਲੋਂ ਪ੍ਰੋਫ਼ੈਸਰ ਨੂੰ ਭਗੌੜਾ ਦੱਸਕੇ ਗ੍ਰਿਫ਼ਤਾਰ ਕਰ ਲਿਆ ਗਿਆ। ਜਮਹੂਰੀ ਅਧਿਕਾਰ ਸਭਾ ਪੰਜਾਬ ਸਮਝਦੀ ਹੈ ਕਿ ਪ੍ਰੋਫ਼ੈਸਰ ਹੰਸਦਾ ਨੂੰ ਗ੍ਰਿਫ਼ਤਾਰ ਕਰਨਾ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਾ ਹੈ ਅਤੇ ਪੁਲਿਸ ਸੰਘ ਪਰਿਵਾਰ ਦੇ ਇਸ਼ਾਰੇ ਉੱਪਰ ਨਾਗਰਿਕਾਂ ਦੇ ਸੰਵਿਧਾਨਕ ਹੱਕਾਂ ਦੀਆਂ ਧੱਜੀਆਂ ਉਡਾ ਰਹੀ ਹੈ।

*ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਇਕੱਤਰਤਾ ਵਿੱਚ*

# ਬਹੁਪੱਖੀ ਸ਼ਖ਼ਸੀਅਤ ਰਜਿੰਦਰ ਕੌਰ ਚੋਹਕਾ ਦਾ ਸੰਗ੍ਰਹਿ 'ਸੰਗਰਾਮਣਾਂ' ਲੋਕ ਅਰਪਣ

**• ਸਭਾ ਦਾ 20ਵਾਂ ਸਲਾਨਾ ਸਮਾਗਮ 31 ਅਗਸਤ ਦਿਨ ਸ਼ਨੀਵਾਰ ਨੂੰ ਹੋਏਗਾ • ਪਰਮਿੰਦਰ ਕੌਰ ਸਵੈਚ (ਸਰੀ) ਦਾ ਸਨਮਾਨ ਕੀਤਾ ਜਾਵੇਗਾ**

ਕੈਲਗਰੀ (ਮਾ. ਭਜਨ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਸ਼ੁਰੂ ਕਰਦਿਆ ਜਨਰਲ ਸਕੱਤਰ ਰਣਜੀਤ ਸਿੰਘ ਨੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵਿੱਚ ਪ੍ਰਧਾਨ ਬਲਜਿੰਦਰ ਸੰਘਾ, ਹਰਮਿੰਦਰ ਚੁੱਘ, ਲੇਖਕ ਚਿੰਤਕ ਜਗਦੀਸ਼ ਸਿੰਘ ਚੋਹਕਾ ਤੇ ਉਹਨਾਂ ਦੀ ਪਤਨੀ ਬਹੁਪੱਖੀ ਸ਼ਖਸੀਅਤ ਸਾਹਿਤਕ ਸਮਾਜਿਕ ਚਿੰਤਕ ਲੇਖਕਾਂ ਰਜਿੰਦਰ ਕੌਰ ਚੋਹਕਾ ਨੂੰ ਮੰਚ ਉੱਤੇ ਸੱਦਾ ਦਿੱਤਾ। ਇਸ ਮੀਟਿੰਗ ਦੀ ਖਾਸ ਖਿੱਚ ਦਾ ਕੇਂਦਰ ਕਿਤਾਬ 'ਸੰਗਰਾਮਣਾਂ' ਉੱਤੇ ਪਰਚਾ ਪੜ੍ਹਦਿਆਂ ਸਾਬਕਾ ਪ੍ਰਧਾਨ ਹਰੀਪਾਲ ਨੇ ਕਿਹਾ ਕਿ ਅਸਲ ਲੇਖਕ (ਸਾਹਿਤਕਾਰ) ਉਹ ਹੈ ਜੋ ਲੋਕਾਂ ਦੇ ਹਿਤ ਦੀ ਗੱਲ ਹੀ ਨਹੀਂ ਕਰਦਾ ਸਗੋਂ ਉਹਨਾਂ ਦੇ ਹੱਕ ਵਿੱਚ ਖੜ੍ਹਦਾ ਵੀ ਹੈ। ਰਜਿੰਦਰ ਕੌਰ ਚੋਹਕਾ ਉਹੀ ਲੇਖਕਾਂ ਹੈ ਜੋ ਕਹਿਣੀ ਤੇ ਕਥਨੀ ਦੀ ਪੂਰੀ ਹੈ। ਉਹਨਾਂ ਦੀ ਇਸ ਪੁਸਤਕ ਵਿੱਚ ਵਿਸ਼ਵ ਭਰ ਦੀਆਂ 21 ਔਰਤਾਂ ਦੇ ਸੰਘਰਸ਼ ਤੇ ਜਾਲਮ ਸਰਕਾਰਾਂ ਵਲੋਂ ਦਿੱਤੇ ਤਸੀਹਿਆ ਦਾ ਵਿਸਥਾਰ ਹੈ। ਜੀਵਨ ਮਾਰਗ ਦਰਸ਼ਕ ਕਰਦੀਆਂ ਅਜਿਹੀਆਂ ਕਿਤਾਬਾਂ ਪਾਠਕਾਂ ਨੂੰ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਨਰਿੰਦਰ ਢਿੱਲੋਂ, ਗੁਰਚਰਨ ਕੌਰ ਥਿੰਦ, ਜਗਦੇਵ ਸਿੰਘ ਸਿੱਧੂ ਆਦਿ ਨੇ ਵੀ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤਾ।



ਪੰਜਾਬੀ ਲਿਖਾਰੀ ਸਭਾ ਦੀ ਅਗਲੀ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਪ੍ਰਧਾਨ ਬਲਜਿੰਦਰ ਸੰਘਾ ਨੇ ਜ਼ਿਕਰ ਕਰਦਿਆਂ ਮਾਣ ਨਾਲ ਦੱਸਿਆ ਕਿ ਉਹਨਾਂ ਮਾਣ ਨਾਲ ਦੱਸਿਆ ਕਿ ਇਸ ਵਾਰ ਸਭਾ ਦਾ 20ਵਾਂ ਸਾਲਾਨਾ ਸਮਾਗਮ 31 ਅਗਸਤ ਦਿਨ ਸ਼ਨੀਵਾਰ ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿੱਚ 1 ਤੋਂ 4 ਵਜੇ ਤੱਕ ਹੋਏਗਾ। ਜਿਸ ਵਿੱਚ ਉਘੀ ਲੋਕਪੱਖੀ ਲੇਖਕਾ, ਨਾਟਕਕਾਰ ਅਤੇ ਅਦਾਕਾਰ ਪਰਮਿੰਦਰ ਕੌਰ ਸਵੈਚ ਨੂੰ ਸਨਮਾਨ ਚਿੰਨ੍ਹ ਤੇ ਇੱਕ ਹਜ਼ਾਰ ਡਾਲਰ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਏਗਾ। ਕਈ ਲੇਖਕਾਂ ਨੇ ਆਪਣੀਆਂ ਕਵਿਤਾਵਾਂ, ਗੀਤਾਂ ਨਾਲ ਹਾਜ਼ਰੀ ਲਵਾਈ। ਅਖੀਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਹੋਏ ਸਾਰੇ ਸੂਝਵਾਨ ਹਾਜਰੀਨ ਦਾ ਧੰਨਵਾਦ ਕੀਤਾ ਤੇ ਸਭਾ ਦੀ ਅਗਲੀ ਮੀਟਿੰਗ 16 ਜੂਨ ਨੂੰ ਹੈ ਉਸ ਵਿੱਚ ਸਭ ਨੂੰ ਪਹੁੰਚਣ ਲਈ ਬੇਨਤੀ ਕੀਤੀ। ਹੋਰ ਵਧੇਰੇ ਜਾਣਕਾਰੀ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 4036803212 ਅਤੇ ਜਨਰਨ ਸਕੱਤਰ ਰਣਜੀਤ ਸਿੰਘ ਨੂੰ 4037146848 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੋਹਣ ਸਿੰਘ ਮਾਨ ਯਾਦਗਾਰੀ 10ਵਾਂ ਸਲਾਨਾ ਨਾਟਕ ਸਮਾਗਮ !

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ **'ਸੋਹਣ ਸਿੰਘ ਮਾਨ ਯਾਦਗਾਰੀ ਸਲਾਨਾ ਨਾਟਕ ਸਮਾਗਮ'** ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 'ਪ੍ਰੋਗਰੈਸਿਵ ਕਲਾ ਮੰਚ ਕੈਲਗਰੀ' ਵਲੋਂ 'ਲੋਕ ਕਲਾ ਮੰਚ ਮੰਡੀ ਮੁੱਲਾਂਪੁਰ' ਦੇ ਸਹਿਯੋਗ ਨਾਲ ਦੋ ਨਾਟਕ ਤੇ ਕੋਰੀਉਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਸਭ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ। ਟਿਕਟਾਂ ਪਹਿਲਾਂ ਹੀ ਰਿਜ਼ਰਵ ਕਰ ਸਕਦੇ ਹੋ।

**July 6th Saturday from 2pm-5pm (doors open 1:30pm)**
**SIAT Orpheus Theatre 1301 16 Ave NW, Calgary**
**403-455-4220 or 403-479-4220**

Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
Services Available in Punjabi, Hindi, Urdu & English
- Complete Eye Exam
- Ocular Health Assessment
- Contact Lenses
403-274-4514
deerfootvision@yahoo.ca
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ‘ਵਾਤਾਵਰਣ ਬਚਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਵੋ’




ਕੈਲਗਰੀ (ਮਾ. ਭਜਨ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੈਲਗਰੀ ਵਿਚ ਮੇਨ ਸਟਰੀਮ ਕਮਿਊਨਿਟੀ ਦੇ ਬੱਚਿਆਂ ਵਲੋਂ ਵਾਤਾਵਰਣ ਖਰਾਬ ਹੋਣ ਦੀ ਗੰਭੀਰਤਾ ਨੂੰ ਲੈ ਕੇ “Friday for Future” ਨਾਅਰੇ ਤਹਿਤ ਲਗਭਗ ਦੋ ਮਹੀਨਿਆਂ ਤੋਂ ਅਰੰਭੇ ਸੰਘਰਸ਼ ’ਚ ਸਰਗਰਮ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ।

ਕਮਾਲ ਦੀ ਗੱਲ ਇਹ ਹੈ ਕਿ ਇਥੋਂ ਦੇ ਛੋਟੇ-ਛੋਟੇ ਬੱਚਿਆਂ ਨੇ ਫੇਸ ਬੁੱਕ, ਇੰਟਰਨੈਟ ਅਤੇ ਵੈਬਸਾਈਟਾਂ ਤੋਂ ਪੜ੍ਹ ਕੇ, ਜੋ ਵਾਤਾਵਰਣ ਵਿਚ ਵੱਡੀ ਪੱਧਰ ਤੇ ਜਨਜੀਵਨ ਨੂੰ ਗੰਭੀਰ ਚੁਣੌਤੀਆਂ ਦਿੱਤੀਆਂ ਹਨ, ਨੂੰ ਲੈ ਕੇ ਇਹ ਨਾਅਰੇ ਤਹਿਤ ਸੰਘਰਸ਼ ਵਿਚ ਦਿੱਤਾ ਹੈ। ਇਸ ਤਹਿਤ ਹਰ ਸ਼ੁੱਕਰਵਾਰ ਨੂੰ 20-25 ਬੱਚੇ ਸਕੂਲ ਦੀ ਬਜਾਏ ਸਿਟੀ ਹਾਲ ਕੈਲਗਰੀ ਦੇ ਦਫ਼ਤਰ ਅੱਗੇ ਸਾਰਾ ਦਿਨ ਬੈਠ ਕੇ ਤਖਤੀਆਂ ਲੈ ਕੇ ਰੋਸ ਪ੍ਰਗਟਾਉਂਦੇ ਹਨ। ਇਕ ਮਹੀਨਾ ਪਹਿਲਾਂ ਵੀ ਸ਼ੁੱਕਰਵਾਰ ਨੂੰ ਸੈਂਕੜੇ ਸਕੂਲੀ ਬੱਚਿਆਂ ਨੇ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਭਾਰੀ ਰੋਸ ਪ੍ਰਦਰਸ਼ਨ ਕੀਤਾ ਜਿਸ ਵਿਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਬੱਚਿਆਂ ਸਮੇਤ ਆਗੂ ਟੀਮ ਸ਼ਾਮਲ ਹੋਈ। 24 ਮਈ ਨੂੰ ਫਿਰ ਕੈਲਗਰੀ ਸ਼ਹਿਰ ਦੇ ਬੱਚਿਆਂ ਵਲੋਂ 12 ਤੋਂ 2 ਵਜੇ ਤੱਕ ਸਿਟੀ ਹਾਲ ਅੱਗੇ ਰੋਸ ਕਰਨ ਉਪਰੰਤ ਮਾਰਚ ਕੀਤਾ ਗਿਆ ਜਿਸ ਵਿਚ ਨਵਕਿਰਨ ਕੌਰ ਢੁੱਡੀਕੇ ਅਤੇ ਮਾ. ਪ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਅਮਰੀਤ ਗਿੱਲ, ਇਸ਼ਾਨ ਗਿੱਲ, ਸਾਹਿਬ ਪੰਧੇਰ, ਸਹਿਜ ਪੰਧੇਰ, ਰੀਆ ਸੇਖੋਂ ਅਤੇ ਤੇਜਵੀਰ ਸਿੰਘ ਗਿੱਲ ਬੱਚੇ ਸ਼ਾਮਲ ਹੋਏ ਸਾਰੇ ਬੱਚੇ ਘਰਾਂ ਤੋਂ ਵਾਤਾਵਰਣ ਦੀ ਪ੍ਰਦੂਸ਼ਤਾ ਸਬੰਧੀ ਪੋਸਟਰ ਬਣਾ ਕੇ ਲਿਜਾਂਦੇ ਹਨ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸਕੱਤਰ ਮਾਸਟਰ ਭਜਨ ਸਿੰਘ ਨੇ ਮੀਡੀਆ ਲਈ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਤਾਵਰਣ ਦੇ ਖਤਰਿਆਂ ਨੂੰ ਭਾਂਪਦੇ ਹੋਏ ਇਸ ਮੁਹਿੰਮ ਵਿਚ ਆਪਣੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਹੀ ਹਵਾ, ਪਾਣੀ ’ਚ ਜ਼ਹਿਰ ਘੋਲਣ ਵਾਲੇ ਮੁਨਾਫ਼ਾਖੋਰਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਸਮੂਹ ਮੀਡੀਆ ਨੂੰ ਇਸ ਮਨੁੱਖ ਬਚਾਓ ਮੁਹਿੰਮ ’ਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਹੋਰ ਜਾਣਕਾਰੀ ਲਈ ਮਾ. ਭਜਨ ਨਾਲ 403-455-4220 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨੌਂ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ ’ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ
(ਟੋਰਾਂਟੋ)
416-817-7142



ਦੇਵਿੰਦਰ ਤੂਰ
(ਟੋਰਾਂਟੋ)
416 902 9372



ਮਾਸਟਰ ਭਜਨ
(ਕੈਲਗਰੀ)
403-455-4220



ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794



ਸੁਖਵੀਰ ਗਰੇਵਾਲ
(ਕੈਲਗਰੀ)
403 402 0770



















PROGRESSIVE CULTURAL
ASSOCIATION CALGARY (REGD.)
ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੋਹਣ ਮਾਨ ਯਾਦਗਾਰੀ
ਨਾਟਕ ਸਮਾਗਮ
SPECIAL THANKS TO ALL THESE BUSINESSES AND BUSINESSMEN
Amar Development
Sikh Virsa (Magazine)
Reliance Legal Group
SPECIAL THANKS TO ALL PRINT & ELECTRONIC MEDIA
ਨਾਟਕ ਤਿਆਰੀ ਕਮੇਟੀ :
ਜੀਤਇੰਦਰਪਾਲ, ਗੋਪਾਲ ਕਾਉਂਕੇ, ਜਸਵਿੰਦਰ ਮਾਨ, ਹਰੀਪਾਲ, ਨਵਕਿਰਨ ਢੁੱਡੀਕੇ, ਕੁਸਮ ਸ਼ਰਮਾ, ਸੁਖਵੀਰ ਗਰੇਵਾਲ,
ਮਾਸਟਰ ਬਚਿੱਤਰ ਗਿੱਲ, ਹਰਚਰਨ ਸਿੰਘ ਪਰਹਾਰ (ਮੀਡੀਆ ਕੋਆਰਡੀਨੇਟਰ)

# ਯੰਗਸਿਤਾਨ ਕੈਂਪ 'ਚ ਬਾਲ ਨਾਟਕ ਵਰਕਸ਼ਾਪ ਸ਼ਾਮਲ

## ਸਮਰ ਕੈਂਪ ਦਾ ਪੋਸਟਰ ਰਿਲੀਜ਼



ਯੰਗਸਿਤਾਨ ਅਤੇ ਏਟੀਬੀ ਫਾਈਨੈਂਸ਼ੀਅਲ ਟੀਮ ਦੇ ਮੈਂਬਰ ਕੈਂਪ ਦਾ ਪੋਸਟਰ ਰਿਲੀਜ਼ ਕਰਦੇ ਹੋਏ।

ਕੈਲਗਰੀ (ਮਾ. ਭਜਨ) : ਪਿਛਲੇ ਕਈ ਸਾਲਾਂ ਤੋਂ ਕੈਲਗਰੀ ਦੇ ਪੰਜਾਬੀ ਭਾਈਚਾਰੇ ਵਿੱਚ ਇੱਕ ਪਹਿਚਾਣ ਚੁੱਕੇ ਯੰਗਸਿਤਾਨ ਸਮਰ ਕੈਂਪ ਵਿੱਚ ਬੱਚਿਆਂ ਦੀ ਨਾਟਕ ਵਰਕਸ਼ਾਪ ਸ਼ਾਮਲ ਕੀਤੀ ਗਈ ਹੈ। ਇਹ ਵਰਕਸ਼ਾਪ ਪ੍ਰੋਗਰੈਸਿਵ ਕਲਾ ਮੰਚ ਵਲੋਂ ਕਮਲਪ੍ਰੀਤ ਪੰਧੇਰ ਦੀ ਕਮਾਨ ਹੇਠ ਲਗਾਈ ਜਾਵੇਗੀ। ਇਸ ਵਰਕਸ਼ਾਪ ਵਿੱਚ ਸ਼ਾਮਿਲ ਬੱਚੇ ਆਖਰੀ ਦਿਨ ਮੰਚ ਤੋਂ ਨਾਟਕ ਦੀ ਪੇਸ਼ਕਾਰੀ ਹੋਵੇਗੀ।

ਇਸ ਤੋਂ ਇਲਾਵਾ ਇੱਕ ਬਾਲ ਨਾਟਕ ਅੰਗਰੇਜ਼ੀ ਵਿੱਚ ਵੀ ਹੋਵੇਗਾ ਜਿਹੜਾ ਕੈਲਗਰੀ ਯੂਨੀਵਰਸਿਟੀ ਦੇ ਨਾਟਕ ਵਿਭਾਗ (ਸਕੂਲ ਆਫ ਪਰਫਾਰਮਿੰਗ ਐਂਡ ਕਰੇਟਿਵ ਆਰਟ) ਪੇਸ਼ਕਾਰੀ ਹੋਵੇਗਾ। ਇਸ ਨਾਟਕ ਦਾ ਵਿਸ਼ਾ ਵਸਤੂ ਵੀ ਬੱਚਿਆਂ ਨਾਲ਼ ਸੰਬਧਿਤ ਹੋਵੇਗਾ।

ਸਮਰ ਕੈਂਪ ਦਾ ਪੋਸਟਰ ਪਿਛਲੇ ਦਿਨੀਂ ਰਿਲੀਜ਼ ਕੀਤਾ ਗਿਆ। ਇਸ ਵਾਰ ਕੈਂਪ ਨੂੰ ਏਟੀਬੀ ਫਾਈਨੈਂਸ਼ੀਅਲ, ਭੰਗੜਾ ਫਲੇਮਜ਼, ਪ੍ਰੋਗਰੈਸਿਵ ਕਲਾ ਮੰਚ, ਲੰਡਨ ਸਕੂੈਅਰ ਡੈਂਟਲ ਤੇ ਹਰਚਰਨ ਪਰਹਾਰ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਪੋਸਟਰ ਰਿਲੀਜ਼ ਕਰਨ ਮੌਕੇ ਏਟੀਬੀ ਫਾਈਨੈਂਸ਼ੀਅਲ ਦੀ ਸੈਡਲਰਿੱਜ ਬਰਾਂਚ ਦੇ ਮੈਨੇਜਰ ਅਮਰਜੀਤ ਰੱਖੜਾ ਨੇ ਦੱਸਿਆ ਕਿ ਭਾਈਚਾਰੇ ਦੇ ਬੱਚਿਆਂ ਲਈ ਕਰਵਾਏ ਜਾ ਰਹੇ ਇਸ ਸਮਰ ਕੈਂਪ ਨੂੰ ਸਹਿਯੋਗ ਦੇ ਕੇ ਉਹਨਾਂ ਦੇ ਅਦਾਰੇ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਏਟੀਬੀ ਫਾਈਨੈਂਸ਼ੀਅਲ ਦੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ।

ਕੈਂਪ ਦੇ ਕੋਆਰਡੀਨੇਟਰ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਸਮਰ ਕੈਂਪ ਪੰਜਾਬੀ ਭਾਈਚਾਰੇ ਵਲੋਂ ਵੱਡਾ ਹੁੰਗਾਰਾ ਮਿਲਦਾ ਰਿਹਾ ਹੈ ਜਿਸ ਕਰਕੇ ਇਸ ਵਾਰ ਦੇ ਕੈਂਪ ਦਾ ਦਾਇਰਾ ਵਧਾਇਆ ਗਿਆ ਹੈ। ਹਰ ਸਾਲ ਦੀ ਤਰ੍ਹਾਂ ਸਪੋਰਟਸ, ਭੰਗੜਾ, ਮੈਡੀਟੇਸ਼ਨ, ਸਿਹਤ ਮਾਹਿਰਾਂ ਵਲੋਂ ਜਾਗਰੂਕਤਾ ਗੱਲਬਾਤ, ਕਵਿਤਾ, ਭਾਸ਼ਣ, ਗੀਤ ਸੰਗੀਤ ਤੋਂ ਬੱਚਿਆਂ ਦਾ ਪੰਜਾਬੀ ਬਾਲ ਨਾਟਕ ਪ੍ਰੋਗਰੈਸਿਵ ਕਲਾ ਮੰਚ ਦੀ ਕਮਾਨ ਹੇਠ ਪੇਸ਼ ਕੀਤਾ ਜਾਵੇਗਾ। ਓਹਨਾਂ ਦੱਸਿਆ ਕਿ ਇਸ ਵਾਰ ਦਾ ਕੈਂਪ 8 ਦਿਨਾਂ ਦਾ ਹੋਵੇਗਾ ਜਿਸ ਵਿੱਚ ਸਪੋਰਟਸ ਮੀਟ ਵੀ ਸ਼ਾਮਿਲ ਕੀਤੀ ਗਈ ਹੈ। ਇਹ ਸਪੋਰਟਸ ਮੀਟ ਰੋਟਰੀ ਚੈਲੇਂਜਰ ਪਾਰਕ (ਨਾਰਥ-ਈਸਟ) ਵਿੱਚ ਹੋਵੇਗੀ। ਕੈਂਪ ਦੀ ਰਜਿਸਟਰੇਸ਼ਨ ਜਲਦੀ ਸ਼ੁਰੂ ਕੀਤੀ ਜਾਵੇਗੀ। ਕੈਂਪ ਬਾਰੇ ਹੋਰ ਵੇਰਵੇ ਜਲਦੀ ਹੀ ਨਸ਼ਰ ਕੀਤੇ ਜਾਣਗੇ। ਇਸ ਬਾਰੇ ਹੋਰ ਜਾਣਕਾਰੀ ਫੋਨ ਨੰਬਰ 403-402-0770 ਤੇ ਲਈ ਜਾ ਸਕਦੀ ਹੈ।


Shaheed Bhagat Singh Book Centre Calgary
Call Master Bhajan Singh at 403-455-4220 to buy or order books.



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
Video: Video film with single, double & multiple camera system (Broadcast Quality)
Photography: Digital Photography (Coloured, black and white) digital enhancement
Music: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

Avon Accounting & Tax Services
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS
REAL CORE REALTY
Contact Long time trusted name in the community
HARCHARAN SINGH PARHAR
RESIDENTIAL · BUSINESS · LAND
COMMERCIAL · INDUSTRIAL · INVESTMENT
403-681-8689
www.parharrealty.com
hp8689@gmail.com



* Free no obligation evaluation
* Full time commitment
* Assistance to arrange best mortgage rates

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
Super Visa Insurance Rates
Age 40-54 ($1038) Age 55-59 ($1116) Age 60-64 ($1317)
Age 65-69 ($1606) Age 70-74 ($2210) Age 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
For More Information Call
HARCHARAN SINGH PARHAR
403-681-8689
208, 4656-WESTWINDS DR. N.E. CALGARY AB T3J 3Z5

# ਕਿਸਾਨੀ ਸੰਕਟ ਅਤੇ ਵਿਰਾਟ ਬੇਰੁਜ਼ਗਾਰੀ ਪ੍ਰਤੀ ਚੋਣ ਪਾਰਟੀਆਂ ਦੀ ਬੇਰੁਖੀ



ਮੋਹਨ ਸਿੰਘ (ਡਾ)
78883-27695



ਮੌਜੂਦਾ ਲੋਕ ਸਭਾ ਚੋਣਾਂ ਉਸ ਸਮੇਂ ਹੋ ਰਹੀਆਂ ਹਨ ਜਦੋਂ ਭਾਰਤੀ ਅਰਥਵਿਵਸਥਾ ਨੂੰ ਸਰਬਪੱਖੀ ਸਮੱਸਿਆਵਾਂ ਵਿਚ ਘਿਰੀ ਹੋਈ ਹੈ। ਇਨ੍ਹਾਂ ਵਿਚੋਂ ਦੋ ਸਮੱਸਿਆਵਾਂ, ਕਿਸਾਨੀ ਸੰਕਟ ਅਤੇ ਬੇਰੁਜ਼ਗਾਰੀ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ। ਭਾਰਤੀ ਕਿਸਾਨ ਵੱਡੀ ਪੱਧਰ ’ਤੇ ਕਰਜ਼ਈ ਹੋ ਚੁੱਕੇ ਹਨ ਅਤੇ ਅਤੇ ਕਰਜ਼ੇ ਦੇ ਵਿੰਨੇ ਹੋਏ ਕਿਸਾਨ ਪਿਛਲੇ ਦੋ ਦਹਾਕਿਆਂ ’ਚ ਤਿੰਨ ਲੱਖ ਤੋਂ ਵੱਧ ਖੁਦਕੁਸ਼ੀਆਂ ਕਰ ਚੁੱਕੇ ਹਨ। ਮੋਦੀ ਨੇ ਹਰ ਸਾਲ 2 ਕਰੋੜ ਰੁਜ਼ਗਾਰ ਪੈਦਾ ਕਰਨ ਦੇ ਵਾਅਦੇ ਕੀਤੇ ਸਨ ਪਰ ਇਨ੍ਹਾਂ ਵਾਅਦਿਆ ਦੇ ਉਲਟ ਬੇਰੁਜ਼ਗਾਰੀ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਚੁੱਕੀ ਹੈ। ਪਿਛਲੇ ਛੇ ਸਾਲਾਂ ਦੌਰਾਨ ਪਹਿਲਾਂ ਤੋਂ ਮੌਜੂਦ ਰੁਜ਼ਗਾਰ ਵਿਚੋਂ 90 ਲੱਖ ਮਰਦ ਮਜ਼ਦੂਰ ਬੇਰੁਜ਼ਗਾਰ ਹੋ ਗਏ ਹਨ। ਲਗਪਗ 3 ਕਰੋੜ ਪੇਂਡੂ ਔਰਤਾਂ ਅਤੇ 3 ਕਰੋੜ ਪੇਂਡੂ ਦਿਹਾੜੀਦਾਰ ਮਜ਼ਦੂਰ ਰੁਜ਼ਗਾਰ ਤੋਂ ਹੱਥ ਧੋ ਚੁੱਕੇ ਹਨ ਅਤੇ 2 ਕਰੋੜ ਸਵੈ-ਰੁਜ਼ਗਾਰ ਲੋਕ ਖੇਤੀ ਵਿਚੋਂ ਬਾਹਰ ਧੱਕੇ ਗਏ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਰਬਵਿਆਪੀ ਸੰਕਟ ਦਾ ਕਾਰਨ ਕੀ ਹੈ? ਭਾਰਤ ਦੇ ਕਿਸਾਨਾਂ ਸਿਰ ਇਨ੍ਹਾਂ ਜ਼ਿਆਦਾ ਕਰਜ਼ਾ ਕਿਉਂ ਚੜ੍ਹ ਗਿਆ ਹੈ? ਕਿਉਂ ਕਿਸਾਨ-ਮਜ਼ਦੂਰ ਖੇਤੀ ਵਿਚੋਂ ਬਾਹਰ ਧੱਕੇ ਜਾ ਰਹੇ ਹਨ? ਕਿਉਂ ਦੁਨੀਆਂ ਭਰ ਵਿਚੋਂ ਭਾਰਤ ਅੰਦਰ ਹੀ ਮਹਾਂਮਾਰੀ ਵਾਂਗ ਲੱਖਾਂ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ? ਬੇਰੁਜ਼ਗਾਰੀ ਦੇ ਇਸ ਭਿਅੰਕਰ ਸੰਕਟ ਦਾ ਕਾਰਨ ਕੀ ਹੈ ਆਦਿ? ਵੈਸੇ ਤਾਂ ਪੂੰਜੀਵਾਦੀ ਪ੍ਰਬੰਧ ਅੰਦਰ ਅਰਸੇਵਾਰ ਸੰਕਟ ਆਉਣੇ ਇਕ ਸੁਭਾਵਕ ਵਰਤਾਰਾ ਹੁੰਦਾ ਹੈ ਪਰ ਭਾਰਤ ਦੇ ਇਸ ਮੌਜੂਦਾ ਵਿਆਪਕ ਸੰਕਟ ਦਾ ਮੁੱਖ ਕਾਰਨ ਭਾਰਤੀ ਹਕੂਮਤ ਵੱਲੋਂ ਅਪਣਾਈਆਂ ਨਵਉਦਾਰਵਾਦੀ ਨੀਤੀਆਂ ਹਨ ਜਿਨ੍ਹਾਂ ਤਹਿਤ ਭਾਰਤੀ ਲੋਕਾਂ ਉਪਰ ਪੱਛਮੀ ਪੂੰਜੀਵਾਦੀ ਵਿਕਾਸ ਮਾਡਲ ਥੋਪਿਆ ਜਾ ਰਿਹਾ ਹੈ। ਇਹ ਮਾਡਲ ਬਹੁਕੌਮੀਕੰਪਨੀਆਂ ਦੇ ਏਕਾਅਧਿਕਾਰ ਕੇਂਦਰਤ ਮਾਡਲ ਹੈ।ਇਸ ਮਾਡਲ ਰਾਹੀਂ ਪੱਛਮੀ ਸਾਮਰਾਜੀ ਅਤੇ ਪੂੰਜੀਵਾਦੀ ਦੇਸ਼ਾਂ ਦੀ ਵਸੋਂ ਵੱਡੇ ਵੱਡੇ ਮੈਟਰੋਪਾਲਿਟਨ ਸ਼ਹਿਰਾਂ ’ਚ ਕੇਂਦਰਤ ਹੋ ਗਈ ਹੈ ਅਤੇ ਖੇਤੀਬਾੜੀ ਦੀ ਵਸੋਂ ਦਾ ਹਿੱਸਾ 5 ਪ੍ਰਤੀਸ਼ਤ ਤੋਂ ਵੀ ਘੱਟ ਰਹਿ ਗਿਆ ਹੈ। ਇਸੇ ਮਾਡਲ ਨੂੰ ਭਾਰਤ ਅੰਦਰ ਲਾਗੂ ਕਰਨ ਲਈ ਵਿਸ਼ਵ ਬੈਂਕ ਨੇ 1996 ’ਚ ਭਾਰਤੀ ਸਰਕਾਰ ਨੂੰ 2015 ਤੱਕ 40 ਕਰੋੜ ਵਸੋਂ ਨੂੰ ਪੇਂਡੂ ਖੇਤਰ ਵਿਚੋਂ ਬਾਹਰ ਕੱਢਣ ਦੇ ਦਿਸ਼ਾ ਨਿਰਦੇਸ਼ ਦਿੱਤੇ ਸਨ। ਭਾਰਤ ਅੰਦਰ ਜਿਥੇ 300 ਮਿਲੀਅਨ ਟਨ ਅਨਾਜ 275 ਮਿਲੀਅਨ ਕਿਸਾਨ ਅਤੇ ਖੇਤੀ ਮਜ਼ਦੂਰ ਪੈਦਾ ਕਰਦੇ ਹਨ, ਉਥੇ ਅਮਰੀਕਾ ਵਿਚ 475 ਮਿਲੀਅਨ ਟਨ ਅਨਾਜ 8 ਮਿਲੀਅਨ ਕਿਸਾਨ ਅਤੇ ਦਿਹ ਮਜ਼ਦੂਰ ਪੈਦਾ ਕਰਦੇ ਹਨ। ਭਾਰਤ ਦੇ 59 ਕਿਸਾਨਾਂ ਦੇ ਬਰਾਬਰ ਅਮਰੀਕਾ ਦਾ ਇਕ ਕਿਸਾਨ ਫ਼ਸਲ ਪੈਦਾ ਕਰਦਾ ਹੈ। ਜੇ ਭਾਰਤ ਅੰਦਰ ਖੇਤੀ ਉਤਪਾਦਕਤਾ ਅਮਰੀਕਾ ਦੇ ਬਰਾਬਰ ਦੀ ਹੋਵੇ ਤਾਂ ਇਸ ਮਾਡਲ ਅਨੁਸਾਰ ਭਾਰਤ ਅੰਦਰ ਲਗਪਗ ਸਿਰਫ 5 ਮਿਲੀਅਨ ਕਿਸਾਨ-ਮਜ਼ਦੂਰ ਦੀ ਜ਼ਰੂਰਤ ਹੈ। ਬਾਕੀ ਕਿਸਾਨਾਂ-ਮਜ਼ਦੂਰਾਂ ਨੂੰ ਪੇਂਡੂ ਖੇਤਰ ਵਿਚੋਂ ਕੱਢਣ ਲਈ ਭਾਰਤੀ ਸਰਕਾਰ,ਵਿਸ਼ੇਸ਼ ਕਰਕੇ ਮੋਦੀ ਨੇ ਦੇਸੀ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਨਾਲ 100 ਸਮਾਰਟ ਸਿਟੀ ਬਣਾਉਣ, ਇਨ੍ਹਾਂ ਸ਼ਹਿਰਾਂ ਵਿਚ ਵਿਦੇਸ਼ੀ ਪੂੰਜੀ ਨਾਲ ‘ਮੇਕ ਇਨ ਇੰਡੀਆ’ ਦੇ ਨਾਂ ਹੇਠ ਸਅਨਤਾਂ ਲਾਉਣ, ਇਨ੍ਹਾਂ ਸਨਅਤਾਂ ਲਈ ਵਿਦੇਸ਼ੀ ਤਕਨੀਕ ਲਿਆਉਣ ਨਾਲ ‘ਸਕਿਲ ਇੰਡੀਆ’ ਰਾਹੀਂ ਹੁਨਰਵੰਦ ਮਜ਼ਦੂਰ ਪੈਦਾ ਕਰਨ, ਵਿਤੀ ਪੂੰਜੀ ਦੇ ਕੁਸ਼ਲ ਪ੍ਰਚਲਣ ਲਈ ‘ਡਿਜੀਟਲ ਇੰਡੀਆ’ ਅਤੇ ਵਿਦੇਸ਼ੀ ਨਿਵੇਸ਼ ਅਤੇ ਵਿਦੇਸ਼ੀ ਤਕਨੀਕ ਨਾਲ ਪ੍ਰਦੂਸ਼ਣ ਦੀ ਸਮੱਸਿਆ ਨੂੰ ਨਜਿੱਠਣ ਲਈ ‘ਸਵੱਛ ਭਾਰਤ’ ਦੇ ਨਾਂ ’ਤੇ ਪ੍ਰੋਜੈਕਟ ਲਾਉਣ ਦੇ ਨਾਅਰੇ ਦਿੱਤੇ ਸਨੇ। ਪਰ ਭਾਰਤ ਅੰਦਰ ਮੌਜੂਦ ਆਰਥਿਕ ਸੰਕਟ, ਵੇਲਾ ਵਿਹਾ ਚੁੱਕੇ ਸਹਾਇਕ ਢਾਂਚੇ, ਕਰੈਡਿਟ ਰੇਟਿੰਗ ਏਜੰਸੀਆਂ ਵੱਲੋਂ ਭਾਰਤ ਨੂੰ ਮਾੜੀ ਦਰਜਾਵੰਦੀ ਦੇਣ ਅਤੇ ਵਿਸ਼ਵ ’ਚ ਮੰਦੀ ਕਾਰਨ ਮੋਦੀ ਵੱਲੋਂ ਦੁਨੀਆਂ ਭਰ ਦੇ ਚੱਕਰ ਲਾਉਣ ਦੇ ਬਾਵਜੂਦ ਵਿਦੇਸ਼ੀ ਪੂੰਜੀ ਭਾਰਤ ਨਹੀਂ ਆਈ ਅਤੇ ਇਨ੍ਹਾਂ ਪ੍ਰੋਜੈਕਟਾਂ ਨੂੰ ਬੂਰ ਨਹੀਂ ਪਿਆ।

ਭਾਰਤ ਵਿਚ 1990ਵਿਆਂ ਤੋਂ ਨਵੀਆਂ ਆਰਥਿਕ ਨੀਤੀਆਂ ਤਹਿਤ ਵੱਡੀ ਸਅਨਤ ਨੂੰ ਪਹਿਲ ਦੇਣ ਕਾਰਨ ਆਟੋਮੇਸ਼ਨ, ਰੋਬਿਟ ਅਤੇ ਪੂੰਜੀ ਸੰਘਣਤਾ ਵਾਲੇ ਕਾਰਪੋਰੇਟਾਂ ਪ੍ਰੋਜੈਕਟਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਕਿਰਤ ਸੰਘਣਤਾ ਵਾਲੇ ਛੋਟੇ ਅਤੇ ਦਰਮਿਆਨੇ ਸਨਅਨਤੀ ਧੰਦਿਆਂ ਦਾ ਰਾਖਵਾਂਕਰਨ ਅਤੇ ਸਬਸਿਡੀਆਂ ਬੰਦ ਕਰਕੇ ਸਸਤੀ ਮਸ਼ੀਨਰੀ, ਸਸਤਾ ਕਰਜ਼ਾ, ਸਸਤਾ ਕੱਚਾ ਮਾਲ ਅਤੇ ਇਨ੍ਹਾਂ ਸਨਅਤਾਂ ਦੇ ਉਤਪਾਦਾਂ ਦੇ ਨਿਰਯਾਤ ਲਈ ਸਬਸਿਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਜੀਐਸਟੀ ਦੀ ਗੁੰਝਲਦਾਰ ਪ੍ਰਕਿਰਿਆ ਨੇ ਛੋਟੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਬੌਂਦਲਾ ਦਿੱਤਾ ਹੈ ਅਤੇ ਨੋਟਬੰਦੀ ਨੇ ਛੋਟੀਆਂ ਸਅਨਤਾਂ ਦੇ ਨਾਲ ਦੀ ਨਾਲ ਖੇਤੀ ਧੰਦਾ ਵੀ ਚੌਪਟ ਕਰ ਦਿੱਤਾ ਸੀ ਜਿਸ ਨਾਲ ਬੇਰੁਜ਼ਗਾਰੀ ਵੱਡੇ ਪੱਧਰ ’ਤੇ ਪੈਦਾ ਹੋ ਗਈ ਹੈ।

ਭਾਰਤੀ ਹਕੂਮਤ ਨੇ 1947 ਤੋਂ ਬਾਅਦ ਵਿਸ਼ਵ ਸਾਮਰਾਜੀ ਪ੍ਰਬੰਧ ਅੰਦਰ ਰਹਿੰਦਿਆਂ ਪੂੰਜੀਵਾਦ ਵਿਕਾਸ ਦੇ ਮਾਡਲ ਦਾ ਜੋ ਰਸਤਾ ਅਖਤਿਆਰ ਕੀਤਾ ਹੈ, ਉਸ ਨਾਲ ਇਥੇ ਖੇਤੀਬਾੜੀ ’ਚ ਪੂੰਜੀਵਾਦ ਦੇ ਵਿਕਾਸ ਦਾ ਰੁਝਾਨ ਵਧ ਰਿਹਾ ਹੈ। ਜਿਸ ਨਾਲ ਪੂੰਜੀਵਾਦੀ ਸਨਅਤੀਕਰਨ ਲਈ ਮੁੱਢਲੀ ਪੂੰਜੀ ਕਿਸਾਨਾਂ ਦੇ ਹੇਠਲੇ ਵੱਡੇ ਹਿੱਸੇ ਨੂੰ ਪੈਦਾਵਾਰ ਦੇ ਸਾਧਨ ਜ਼ਮੀਨ ਤੋਂ ਵਿਰਵਾ ਕਰਕੇ, ਉਨ੍ਹਾਂ ਦੇ ਨਿਰਬਾਹ ਦੇ ਸਾਧਨਾਂ ’ਤੇ ਕੰਟਰੋਲ ਕਰਕੇ, ਵਪਾਰਕ ਸ਼ਰਤਾਂ ਖੇਤੀਬਾੜੀ ਦੇ ਉਲਟ ਅਤੇ ਸਅਨਤ ਦੇ ਪੱਖ ਵਿਚ ਰੱਖ ਕੇ, ਖੇਤੀਬਾੜੀ ਦਾ ਮਸ਼ੀਨੀਕਰਨ ਅਤੇ ਰਸਾਇਣੀਕਰਨ ਕਰਕੇ, ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਵਿਚ ਧੱਕ ਕੇ ਖੇਤੀਬਾੜੀ ਵਿਚੋਂ ਪੈਦਾ ਹੁੰਦੀ ਵਾਧੂ ਕਦਰ ਸਅਨਤ ਲਈ ਨਿਚੋੜੀ ਜਾ ਰਹੀ ਹੈ। ਇਸੇ ਕਰਕੇ ਭਾਰਤ ਅੰਦਰ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਅਨੁਸਾਰ ਫ਼ਸਲਾਂ ਦੀਆਂ ਲਾਗਤਾਂ ’ਤੇ 50 ਪ੍ਰਤੀਸ਼ਤ ਮੁਨਾਫ਼ਾ ਨਹੀਂ ਦਿੱਤਾ ਜਾ ਰਿਹਾ। ਖੇਤੀਬਾੜੀ ਦੀਆਂ ਜਿਨਸਾਂ ਨੂੰ ਸਸਤੀਆਂ ਰੱਖ ਕੇ ਹੀ ਪੂੰਜੀਪਤੀ ਮਜ਼ਦੂਰਾਂ ਤੋਂ ਕੰਮ ਕਰਾਉਣ ਲਈ ਜਿਉਂਦਾ ਰੱਖਣ ਲਈ ਘੱਟ ਉਜ਼ਰਤ ਦੇ ਸਕਦੇ ਹਨ। ਸਮਾਜ ਦੇ ਸਾਰੇ ਹਿੱਸਿਆਂ ਨੂੰ ਕਿਸਾਨ ਆਪਣੀਆਂ ਜਿਨਸਾਂ ’ਤੇ ਵੱਡੇ ਪੱਧਰ’ਤੇ ਮਜਬੂਰੀ ਵੱਸ ਸਬਸਿਡੀ ਦੇ ਰਹੇ ਹਨ ਅਤੇ ਖੁਦ ਕਰਜ਼ੇ ਹੇਠ ਦੱਬੇ ਖੁਦਕੁਸ਼ੀਆਂ ਕਰ ਰਹੇ ਹਨ। ਕਿਸਾਨਾਂ ਦੀ ਦੁਰਦਸ਼ਾ ਇਸ ਹੱਦ ਤੱਕ ਹੈ ਕਿ 2016 ਦੇ ਆਰਥਕ ਸਰਵੇ ਅਨੁਸਾਰ ਭਾਰਤ ਦੇ 29 ਰਾਜਾਂ ਵਿਚੋਂ 17 ਰਾਜਾਂ ਦੇ ਕਿਸਾਨ ਪਰਿਵਾਰਾਂ ਦੀ ਸਾਲਾਨਾ ਆਮਦਨ 20,000 ਰੁਪਏ ਅਤੇ ਮਹੀਨੇ ਦੀ ਲਗਪਗ 1667 ਰੁਪਏ ਹੈ ਅਤੇ ਪ੍ਰਤੀ ਪਰਿਵਾਰ ਦੀ ਆਮਦਨ ਪ੍ਰਤੀ ਦਿਨ 55 ਰੁਪਏ ਅਤੇ 5 ਮੈਂਬਰੀ ਪਰਿਵਾਰ ਦੀ ਪ੍ਰਤੀ ਦਿਨ ਆਮਦਨ 11 ਰੁਪਏ ਬਣਦੀ ਹੈ।

ਇੰਗਲੈਂਡ ਅੰਦਰ ਵੀ ਮੁਢਲੀ ਪੂੰਜੀ ਦਾ ਇਕੱਤਰੀਕਰਨ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜ ਕੇ ਕੀਤਾ ਗਿਆ ਸੀ। ਮਾਰਕਸ ਨੇ ਆਪਣੀ ਕਿਤਾਬ ‘ਪੂੰਜੀ’ ਦੇ ਪਹਿਲੇ ਭਾਗ ਵਿਚ ਲੈਂਡਲਾਰਡਾ ਵੱਲੋਂ ਇੰਗਲੈਂਡ ਦੀ ਰਾਇਲ ਆਰਮੀ ਨਾਲ ਮਿਲ ਕੇ ਵੱਡੇ ਵੱਡੇ ਗੌਲਫ ਗਰਾਉਂਡ ਅਤੇ ਭੇਡਾਂ ਦੇ ਫਾਰਮ ਬਣਾਉਣ ਲਈ ਵਲਗਣਾਂ ‘ਇਨਕੋਲਜ਼ਰਜ’ ਕਰਕੇ ਕਿਸਾਨਾਂ ਦਾ ਜਬਰੀ ਉਜਾੜਾ ਕਰਕੇ, ਉਨ੍ਹਾਂ ਨੂੰ ਸਮੁੰਦਰੀ ਤੱਟਾਂ ਉਪਰ ਸਿੱਟ ਕੇ, ਉਨਾਂ ਨੂੰ ਮੰਗਤੇ, ਚੋਰੀਆਂ ਕਰਨ ਵਰਗੇ ਅਪਰਾਧੀ ਬਣਾਉਣ ਅਤੇ ਪਾਗਲ ਹੋ ਜਾਣ ਦੇ ਲੂੰਅ ਕੰਡੇ ਖੜ੍ਹਨ ਵਾਲੇ ਬਿਰਤਾਂਤ ਬਿਆਨ ਕੀਤੇ ਹਨ। ਪ੍ਰਸਿੱਧ ਅਰਥਸ਼ਾਸਤਰੀ ਉਤਸਾ ਪਟਨਾਇਕ ਮੁਤਾਬਕ ਯੂਰਪ ਅੰਦਰ ਸਅਨਤੀਕਰਨ ਬੇਰੁਜ਼ਗਾਰ ਕਿਸਾਨਾਂ ਦਾ ਇਕ ਹਿੱਸਾ ਹੀ ਸਮੋਅ ਸਕੀ ਸੀ ਅਤੇ ਬਾਕੀ ਬੇਰੁਜ਼ਗਾਰ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੇ ਵੱਡੇ ਹਿੱਸੇ ਦਾ ਜਬਰੀ ਬਸਤੀਆਂ ’ਚ ਨਿਰਯਾਤ ਕੀਤਾ ਗਿਆ ਸੀ। ਬਰਤਾਨੀਆ ਦੀ ਆਬਾਦੀ 1820 ’ਚ ਇਕ ਕਰੋੜ 20 ਲੱਖ ਸੀ ਪਰ ਬਰਤਾਨੀਆਂ ਨੇ ਅਗਲੇ ਨੌ ਦਹਾਕਿਆਂ ’ਚ ਵਧਦੀ ਆਬਾਦੀ ਦਾ ਇਕ ਕਰੋੜ 60 ਲੱਖ ਕਿਸਾਨ-ਮਜ਼ਦੂਰ ਅਮਰੀਕਾ, ਕੇਨੇਡਾ, ਨਿਊਜ਼ੀਲੈਂਡ, ਆਸਟਰੇਲੀਆ, ਦੱਖਣੀ ਅਫਰੀਕਾ ਆਦਿ ਬਸਤੀਆਂ ਵਿਚ ਜਬਰੀ ਨਿਰਯਾਤ ਕੀਤੇ ਸਨ। ਯੂਰਪ ਵਿਚੋਂ 5 ਕਰੋੜ ਪੇਂਡੂ ਵਸੋਂ ‘ਇਕਰਾਰਨਾਮੇ’ ਕਰਕੇ ਬੰਧੂਆ ਮਜ਼ਦੂਰਾਂ ਵਾਂਗ ਯੂਰਪੀ ਏਜੰਟਾਂ ਰਾਹੀਂ ਬਸਤੀਆਂ ਵਿਚ ਨਿਰਯਾਤ ਕੀਤੀ ਗਈ ਸੀ।ਪਰ ਨਵ-ਉਦਾਰਵਾਦ ਨੀਤੀਆਂ ਦੇ ਰੁਜ਼ਗਾਰ-ਰਹਿਤ ਮੌਜੂਦਾ ਸਨਅਤੀ ਮਾਡਲ ਰਾਹੀਂ ਭਾਰਤ ਦੀ ਵੱਡੇ ਪੱਧਰ ’ਤੇ ਬੇਰੁਜ਼ਗਾਰ ਹੋ ਰਹੀ ਪੇਂਡੂ ਵਸੋਂ ਨੂੰ ਸਅਨਤ ਅੰਦਰ ਸਮੋਇਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਕੋਲ ਵਾਧੂ ਵਸੋਂ ਨੂੰ ਵਸਾਉਣ ਲਈ ਬਸਤੀਆਂ ਹਨ। ਇਹ ਰੂਸ ਅਤੇ ਚੀਨ ਦੇ ਸਮਾਜਵਾਦੀ ਮਾਡਲ ਹੀ ਸਨ ਜਿਨ੍ਹਾਂ ’ਚ ਇਨਕਲਾਬ ਤੋਂ ਬਾਅਦ ਮੁਢਲੇ ਸਮੇਂ ਦੌਰਾਨ ਸਾਂਝੇ, ਸਮੂਹਿਕ ਅਤੇ ਰਾਜਕੀ ਫਾਰਮਾਂ. ਫ਼ਸਲਾਂ ਦੀ ਵੰਨ ਸੁਵੰਨਤਾ ਅਤੇ ਸਮਾਜਵਾਦੀ ਯੋਜਨਾ ਅਧੀਨ ਕਿਸਾਨਾਂ-ਮਜ਼ਦੂਰਾਂ ’ਚ ਸਮਾਜਵਾਦੀ ਚੇਤਨਾ ਭਰ ਕੇ ਪੂਰਨ ਰੁਜ਼ਗਾਰ ਦਿੱਤਾ ਸੀ।

ਪਰ ਭਾਰਤ ਅੰਦਰ ਇਕ ਪਾਸੇ ਕਰਜ਼ੇ ਥੱਲੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਅਤੇ ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਬੈਂਕਾਂ ਦੇ 10 ਲੱਖ ਕਰੋੜ ਰੁਪਏ ਦੇ ਵੱਟੇ ਖਾਤੇ ਹੋਣ ਦੇ ਬਾਵਜੂਦ ਪਿਛਲੇ 15 ਸਾਲਾਂ ਵਿਚ ਸਰਕਾਰ ਨੇ ਉਨ੍ਹਾਂ ਨੂੰ 5300 ਲੱਖ ਕਰੋੜ ਰੁਪਏ ਦੀਆਂ ਟੈਕਸ ਰਿਆਇਤਾਂ ਅਤੇ 7,00,000 ਕਰੋੜ ਰੁਪਏ ਦੇ ਕਰਜ਼ੇ ’ਤੇ ਲੀਕ ਮਾਰੀ ਹੈ। ਸੰਕਟ ਦੇ ਬਾਵਜੂਦ 9 ਵੱਡੇ ਘਰਾਣਿਆਂ ਨੇ ਦੇਸ਼ ਦੀ 50 ਪ੍ਰਤੀਸ਼ਤ ਸੰਪਤੀ ’ਤੇ ਕਬਜਾ ਜਮਾ ਲਿਆ ਹੈ। ਇਹ ਸੰਪਤੀ ਉਨ੍ਹਾਂ ਨੇ ਆਦਿਵਾਸੀ ਕਿਸਾਨਾਂ ਦੀ ਜੀਵਨ ਸੁਰੱਖਿਆ ਜਲ, ਜੰਗਲ, ਜ਼ਮੀਨ, ਖਾਣਾਂ ਸਸਤੀਆਂ ਐਕੁਆਇਰ ਕਰਨ, ਖੇਤੀ ਲਾਗਤਾਂ ਦੀ ਸਅਨਤ ’ਤੇ ਏਕਾਅਧਿਕਾਰ ਰਾਹੀਂ ਖੇਤੀ ਲਾਗਤਾਂ ਦੀਆਂ ਕੀਮਤਾਂ ਉਚੀਆਂ ਅਤੇ ਫ਼ਸਲਾਂ ਦੀਆਂ ਕੀਮਤਾਂ ਬੇਓੜਕ ਨੀਵੀਆਂ ਰੱਖਣ, ਅਪਨਿਵੇਸ਼ ਨਾਲ ਪਬਲਿਕ ਖੇਤਰ ਨੂੰ ਕੌਂਡੀਆਂ ਦੇ ਭਾਅ ਖ੍ਰੀਦਨ, ਬੈਂਕਾਂ ਵਿਚ ਪਬਲਿਕ ਦੇ ਜਮਾਂ ਪੈਸੇ ਨੂੰ ਹੜੱਪ ਕਰਨ, ਬੈਂਕਾਂ ਨਾਲ ਫਰਾਡ ਕਰਨ, ਸ਼ੇਅਰ ਬਾਜ਼ਾਰ ਵਿਚ ਇਨਸਾਈਡਰ ਵਪਾਰ, ਵਾਅਦਾ ਵਪਾਰ, ਆਪਸ਼ਨ, ਮਿਉਚਲ ਫੰਡ ਆਦਿ, ‘ਲੇਬਰ ਕਾਨੂੰਨਾਂ ’ਚ ਸੁਧਾਰਾਂ’ ਦਾ ਲਾਹਾ ਲੈ ਕੇ ਠੇਕੇ ਭਰਤੀ ਨਾਲ ਮੁਲਾਜ਼ਮਾਂ ਅਤੇ ਮਜ਼ਦੂਰਾਂ ਤੋਂ ਦਾਬੇ ਨਾਲ ਘੱਟ ਤਨਖਾਹ ’ਤੇ ਵੱਧ ਕੰਮ ਲੈਣ ਰਾਹੀਂ ਖੂਨ ਚੂਸਣ, ਆਟੋਮੇਸ਼ਨ ਨਾਲ ਇਕ ਪਾਸੇ ਕਿਰਤ ਦੀ ਤੀਬਰਤਾ ਵਧਾਉਣ ਅਤੇ ਦੂਜੇ ਪਾਸੇ ਮਜ਼ਦੂਰਾਂ ਦੀਆਂ ਛਾਟੀਆਂ ਕਰਨ ਅਤੇ ਕੰਮ ਦੇ ਘੰਟੇ ਵਧਾਉਣ ਆਦਿ ਨਾਲ ਬੇਲਗਾਮ ਲੁੱਟ ਕਰਨ ਰਾਹੀਂ ਇਕੱਤਰ ਕੀਤੀ ਹੈ। ਨਵਉਦਾਰਵਾਦੀ ਨੀਤੀਆਂ ਨਾਲ ਦੇਸੀ-ਵਿਦੇਸ਼ੀ ਕਾਰਪੋਰੇਟ ਵੱਡੇ ਮਗਮੱਛਾਂ ਨੂੰ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਪੂਰੀ ਖੁਲ੍ਹ ਮਿਲ ਗਈ ਹੈ। ਭਾਰਤ ਅੰਦਰ ਇਨ੍ਹਾਂ ਮਗਰਮੱਛਾਂ ਦਾ ਕਿਸਾਨ ਅਤੇ ਪੇਂਡੂ ਮਜ਼ਦੂਰ ਵੀ ਸ਼ਿਕਾਰ ਹੋ ਰਹੇ ਹਨ। ਪਰ ਹੁਣ ਹੋ ਰਹੀਆਂ ਲੋਕ ਸਭਾ ਚੋਣਾਂ ਅੰਦਰ ਨਾ ਯੂਪੀਏ, ਨਾ ਐਨਡੀਏ ਅਤੇ ਨਾ ਹੋਰ ਪਾਰਟੀਆਂ ਨਾ ਬੇਰੁਜ਼ਗਾਰੀ ਅਤੇ ਨਾ ਹੀ ਕਿਸਾਨਾਂ ਦੀਆਂ ਬੁਨਿਆਦੀ ਮੰਗਾਂ ਨੂੰ ਸੰਬੋਧਤ ਹੋ ਰਹੀਆਂ ਹਨ। ਨਰਿੰਦਰ ਮੋਦੀ ਵੱਲੋਂ ‘ਮੋਦੀ ਚੌਕੀਦਾਰ ਹੈ’ ਅਤੇ ਰਾਹੁਲ ਗਾਂਧੀ ਵੱਲੋਂ ‘ਮੋਦੀ ਚੋਰ ਹੈ’ ਦੇ ਸ਼ੋਰਗੁੱਲ ਅਧੀਨ ਦੇਸ਼ ਦੀਆਂ ਵੱਡੀਆਂ ਸਮੱਸਿਆਵਾਂ ਨੂੰ ਰੋਲ ਦਿੱਤਾ ਗਿਆ ਹੈ। ਸਾਮਰਾਜੀ ਦੇਸ਼ ਅਤੇ ਭਾਰਤੀ ਵੱਡੇ ਘਰਾਣੇ ਚੋਣਾਂ ਤੋਂ ਉਪਰੰਤ ਬਣਨ ਵਾਲੀ ਭਵਿਖਤ ਸਰਕਾਰ ਤੋਂ ਸੁਧਾਰਾਂ ਦੇ ਨਾਂ ’ਤੇ ਆਰਥਿਕ ਨੀਤੀਆਂ ਨੂੰ ਹੋਰ ਵੀ ਉਦਾਰਵਾਦੀ ਕਰਨ ਲਈ ਦਬਾਅ ਪਾ ਰਹੀਆਂ ਹਨ। ਕਿਸਾਨੀ ਕਰਜ਼ੇ ਅਤੇ ਭਿਅੰਕਰ ਬੇਰੁਜ਼ਗਾਰੀ ਕਾਰਨ ਦੇਸ਼ ਭਰ ਅੰਦਰ ਰੋਹ ਅਤੇ ਵਿਦਰੋਹ ਵਧ ਰਿਹਾ ਹੈ। ਭਾਰਤ ਦੇ ਬਹੁਤੇ ਰਾਜਾਂ ਅੰਦਰ ਵੱਖ ਵੱਖ ਮੰਗਾਂ ਨੂੰ ਲੈ ਕੇ ਕਿਸਾਨ-ਮਜ਼ਦੂਰ ਘੋਲ ਕਰ ਰਹੇ ਹਨ। ਮੱਧ ਪਰਦੇਸ਼ ਅੰਦਰ ਮੰਦਸੌਰ ਵਿਚ ਸ਼ੁਰੂ ਹੋਇਆ ਘੋਲ ਸਾਰੇ ਭਾਰਤ ਅੰਦਰ ਫੈਲ ਗਿਆ ਸੀ। ਪਰ ਜੇਕਰ ਕਿਸਾਨੀ ਸੰਕਟ ਅਤੇ ਬੇਰੁਜ਼ਗਾਰੀ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਹੋਰ ਮੰਦਸੌਰ ਪੈਦਾ ਹੋਣਗੇ।





**(Glycemic Index)**
**ਕੋਈ ਵੀ ਭੋਜਨ ਪਦਾਰਥ ਖਾਣ ਉਪਰੰਤ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਵਧਣ ਲਈ ਲੱਗਣ ਵਾਲੇ ਸਮੇਂ ਨੂੰ ਦਰਸਾਉਂਦਾ ਇੱਕ ਸੂਚਕ।**

ਕਿਸੇ ਭੋਜਨ ਪਦਾਰਥ ਲਈ ਇਹ ਜਿੰਨਾ ਵੱਧ ਹੋਵੇਗਾ ਉਸ ਵੱਲੋਂ ਖ਼ੂਨ ਵਿਚਲੀ ਮਿਠਾਸ ਦਾ ਪੱਧਰ ਉੱਪਰ ਚੁੱਕੇ ਜਾਣ ਦਾ ਸਮਾਂ ਓਨਾ ਹੀ ਘੱਟ ਹੋਵੇਗਾ। ਮੋਟੇ ਰੂਪ ਵਿੱਚ ਇਹ ਖਾਧ ਪਦਾਰਥਾਂ ਦੀ ਮਿਠਾਸ ਦੇ ਅਨੁਸਾਰ ਹੀ ਵਧਦਾ-ਘਟਦਾ ਹੈ ਕਿਉਂਕਿ ਆਮ ਤੌਰ ’ਤੇ ਵੱਧ ਮਿੱਠੀਆਂ ਚੀਜਾਂ ਸਾਡੇ ਖ਼ੂਨ ਵਿਚਲੀ ਮਿਠਾਸ ਨੂੰ ਮੁਕਾਬਲਤਨ ਛੇਤੀ ਵਧਾਉਂਦੀਆਂ ਹਨ ਅਤੇ ਘੱਟ ਮਿੱਠੀਆਂ ਹੌਲ਼ੀ-ਹੌਲ਼ੀ।

**ਵੱਧ** - 70 ਤੋਂ 100 – ਜਿਵੇਂ ਸਿੱਧਾ ਮਿੱਠਾ, ਸ਼ਹਿਦ, ਆਲੂ, ਕੇਲਾ, ਚੀਕੂ, ਬੱਗੂਗੋਸ਼ਾ, ਖਜੂਰਾਂ, ਚਾਕਲੇਟ, ਆਟੇ ਅਤੇ ਮੈਦੇ ਤੋਂ ਬਣੇ ਪਕਵਾਨ ਅਤੇ ਆਈਸ ਕਰੀਮ।

**ਦਰਮਿਆਨਾ** - 55 ਤੋਂ 69 – ਮੱਕੀ ਦੇ ਦਾਣੇ, ਕੇਕ, ਅੰਗੂਰ, ਅੰਬ, ਅਨਾਨਾਸ, ਸੇਬ, ਸੰਤਰਾ ਆਦਿ।

**ਘੱਟ** - 55 ਤੋਂ ਹੇਠਾਂ – ਦਾਲਾਂ, ਦੁੱਧ, ਦਹੀਂ, ਪਨੀਰ, ਅੰਡੇ, ਮੀਟ ਸ਼ਕਰਕੰਦੀ, ਮੇਵੇ, ਮੂੰਗਫਲ਼ੀ, ਸਬਜੀਆਂ ਆਦਿ।

## ਥੋੜਾ ਕਣਕ ਬਾਰੇ

ਇੱਕ ਤਾਂ ਅਨਾਜੀ ਅੰਨ (cereal) ਹੋਣ ਕਰਕੇ ਕਣਕ ਵਿੱਚ 70 ਪ੍ਰਤੀਸ਼ਤ ਦੇ ਲੱਗਭੱਗ ਤਾਂ ਨਸ਼ਾਸ਼ਤਾ ਹੀ ਹੁੰਦਾ ਹੈ। ਦੂਜੇ, ਤਿੰਨ ਚੀਜ਼ਾਂ ਇਸਨੂੰ ਹੋਰ ਵੀ ਮਾੜਾ ਬਣਾ ਦਿੰਦੀਆਂ ਹਨ –

**(ੳ) ਗਲੂਟਿਨ**
**(ਅ) ਲੈਕਟਿਨ**
**(ੲ) ਫਾਈਟਿਕ ਐਸਿਡ**

**ਗਲੂਟਿਨ** ਕਣਕ ਵਿੱਚ ਇੱਕ ਕਿਸਮ ਦਾ ਪ੍ਰੋਟੀਨ ਹੈ ਜੋ ਚਮੜੀ ਰੋਗ ਅਤੇ ਮਨੁੱਖ ਦੀ ਪਾਚਣ ਪ੍ਰਣਾਲੀ ਨਾਲ ਸੰਬੰਧਤ ਕਈ ਨਾਮੁਰਾਦ ਬਿਮਾਰੀਆਂ ਜਿਵੇਂ ਵੀਟ ਅਲਰਜੀ ਅਤੇ ਸੀਲੀਅਕ (ਦਸਤ) ਰੋਗ ਦੀ ਜੜ ਹੈ। ਰੋਗਾਂ ਤੋਂ ਬਚਾਅ ਲਈ ਮਨੁੱਖ ਦੀ ਕੁਦਰਤੀ ਰੱਖਿਆ ਪ੍ਰਣਾਲੀ (immune system) ਨੂੰ ਤਬਾਹ ਕਰਨ ਵਿੱਚ ਵੀ ਇਸਦੀ ਭੂਮਿਕਾ ਮੰਨੀ ਜਾਂਦੀ ਹੈ। ਕਣਕ ਤੋਂ ਇਲਾਵਾ ਇਹ ਜਵੀ, ਜੌਂਅ, ਜੁਆਰ ਅਤੇ ਬੀਅਰ ਵਿੱਚ ਵੀ ਪਾਇਆ ਜਾਂਦਾ ਹੈ।

**ਲੈਕਟਿਨ** ਇੱਕ ਤਰ੍ਹਾਂ ਦਾ ਵਿਸ਼ੈਲਾ ਪ੍ਰੋਟੀਨ ਹੀ ਹੈ ਜੋ ਦਾਣੇ ਨੂੰ ਬੀਜ ਵਜੋਂ ਸਾਂਭ ਕੇ ਰੱਖਦਾ ਹੈ। ਅਤੇ ਇਸਨੂੰ ਉੱਲੀ ਅਤੇ ਕੀੜੇ-ਮਕੌੜਿਆਂ ਆਦਿ ਤੋਂ ਬਚਾਅ ਕੇ ਰੱਖਣ ਲਈ ਉਸਦੀ ਰੱਖਿਆ ਵਾਸਤੇ ਵਿਕਸਿਤ ਹੋਇਆ ਦੱਸਿਆ ਜਾਂਦਾ ਹੈ। ਪ੍ਰੰਤੂ ਇਹ ਸਾਡੀਆਂ ਅੰਤੜੀਆਂ ਦੇ ਸਿਹਤ ਵਰਧਕ ਜੀਵਾਣੂਆਂ ਨੂੰ ਖ਼ਤਮ ਕਰਨ ਲਈ ਵੀ ਜਿੰਮੇਵਾਰ ਮੰਨਿਆਂ ਜਾਂਦਾ ਹੈ।

**ਫਾਈਟਿਕ ਐਸਿਡ** ਇੱਕ ਤਰ੍ਹਾਂ ਦਾ ਜ਼ਖ਼ੀਰੇਬਾਜ ਹੈ ਜੋ ਖਾਧੇ ਗਏ ਭੋਜਨ ਵਿੱਚੋਂ ਕੈਲਸ਼ੀਅਮ, ਮੈਗਨੀਸ਼ੀਅਮ, ਜ਼ਿੰਕ ਅਤੇ ਆਇਰਨ ਆਦਿ ਨੂੰ ਸਰੀਰ ਵਿੱਚ ਜਜ਼ਬ ਹੋਣ ਤੋਂ ਰੋਕਦਾ ਹੈ। ਭਾਵ ਇਨ੍ਹਾਂ ਤੱਤਾਂ ਦੀ ਖੁਰਾਕੀ ਅੰਸ਼ ਉਪਲਭਧਤਾ (bioavailability) ਨੂੰ ਘਟਾਉਂਦਾ ਹੈ।

ਇਸ ਲਈ ਜੇ ਹੋਰ ਚੰਗੇ ਵਿਕਲਪ ਮੌਜੂਦ ਹੋਣ ਤਾਂ ਕਿਸੇ ਵੀ ਰੂਪ ’ਚ ਕਣਕ ਖਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ ਭਾਵ ਇਸ ਨੂੰ ਅਣਸਰਦੇ ਨੂੰ ਹੀ ਖਾਣਾ ਚਾਹੀਦਾ ਹੈ। ਕਣਕ ਜਿੰਨਾ ਹੀ ਨਸ਼ਾਸ਼ਤਾ ਹੋਣ ਦੇ ਬਾਵਜੂਦ ਬਾਜਰਾ ਕਣਕ ਨਾਲੋਂ ਥੋੜਾ ਕੁ ਵਧੀਆ ਵਿਕਲਪ ਹੈ। ਕਿਉਂਕਿ ਇੱਕ ਤਾਂ ਇਸ ਵਿੱਚ ਗਲੂਟਿਨ ਨਹੀਂ ਹੁੰਦਾ ਦੂਜਾ ਇਸ ਵਿੱਚ ਕਾਫ਼ੀ ਮਾਤਰਾ ਵਿੱਚ ਮੈਗਨੀਸ਼ੀਅਮ ਅਤੇ ਲੋਹਾ ਹੁੰਦਾ ਹੈ। ਮੈਗਨੀਸ਼ੀਅਮ ਸਾਡਾ ਬਲੱਡ ਪ੍ਰੈਸ਼ਰ ਠੀਕ ਰੱਖਣ ਵਿੱਚ ਸਹਾਈ ਹੁੰਦਾ ਹੈ ਜਦੋਂ ਕਿ ਲੋਹਾ ਨਵਾਂ ਖ਼ੂਨ ਬਨਾਉਣ ਵਿੱਚ। ਕਦੇ ਕਦਾਈਂ ਖਾਣ ਲਈ ਬਾਜਰੇ ਵਿੱਚ ਸੋਇਆਬੀਨ ਦਾ ਆਟਾ ਵੀ ਮਿਲਾਇਆ ਜਾ ਸਕਦਾ ਹੈ ਤਾਂ ਕਿ ਇਸ ਦਾ ਪ੍ਰੋਟੀਨ ਵਧਾ ਕੇ ਇਸ ਨੂੰ ਹੋਰ ਗੁਣਕਾਰੀ ਬਣਾਇਆ ਜਾ ਸਕੇ। ਪਰ ਸ਼ੂਗਰ ਅਤੇ ਮੋਟਾਪੇ ਦੇ ਸ਼ਿਕਾਰ ਮਰੀਜਾਂ ਨੂੰ ਵਾਹ ਲੱਗਦੀ ਇਸ ਤੋਂ ਵੀ ਪ੍ਰਹੇਜ ਹੀ ਕਰਨਾ ਚਾਹੀਦਾ ਹੈ।

ਗੈਰੀ ਟੌਬਜ ਅਨੁਸਾਰ ਉਂਝ ਵੀ 25 ਲੱਖ ਸਾਲ ਦੇ ਮਨੁੱਖੀ ਇਤਿਹਾਸ ਦੇ 99.99 ਪ੍ਰਤੀਸ਼ਤ ਹਿੱਸੇ ਵਿੱਚ ਅੱਜ ਕੱਲ ਆਮ ਹੀ ਅਤੇ ਬਹੁਤ ਅਧਿਕ ਖਾਧੇ ਜਾਂਦੇ ਅਨਾਜਾਂ, ਆਲੂਆਂ ਅਤੇ ਸਿੱਧੇ ਮਿੱਠੇ ਦਾ ਨਾਮੋ ਨਿਸ਼ਾਨ ਹੀ ਨਹੀਂ ਸੀ। ਮਹਿਜ 200 ਸਾਲ ਪਹਿਲਾਂ ਤੱਕ ਮਨੁੱਖ ਅੱਜ ਨਾਲੋਂ ਔਸਤਨ ਪੰਜਵਾਂ ਹਿੱਸਾ ਹੀ ਮਿੱਠਾ ਖਾਂਦਾ ਸੀ। ਮਨੁੱਖੀ ਸਰੀਰ ਦੇ ਅਹਾਰ ਪਾਚਣ (metabolism) ਦੇ ਯੁੱਗਾਂ ਲੰਮੇਰੇ ਧੀਮੇ ਵਿਕਾਸ ਨਾਲ ਵਿਕਸਿਤ ਹੋਇਆ ਸਾਡਾ ਪਾਚਣ ਪ੍ਰਬੰਧ ਅਜੋਕੇ ਖਾਧ ਪਦਾਰਥਾਂ ਲਈ ਉਂਝ ਹੀ ਅਢੁੱਕਵਾਂ ਅਤੇ ਬੇਮੇਲ ਹੈ। ਕਿਉਂਕਿ ਮਨੁੱਖ ਦੇ ਪੁਰਖੇ ਲੱਗਭੱਗ 24 ਲੱਖ 99 ਹਜ਼ਾਰ ਸਾਲ ਤਾਂ ਸ਼ਿਕਾਰ, ਕੰਦ ਮੂਲ਼ ਅਤੇ ਮੌਸਮੀ ਜੰਗਲੀ ਫਲ਼ ਖਾ-ਖਾ ਕੇ ਹੀ ਗੁਜਾਰਾ ਕਰਦੇ ਰਹੇ। ਜਿਸ ਦੇ ਸਨਮੁਖ ਖੇਤਬਾੜੀ ਦੀ ਉਮਰ ਹਾਲੇ ਬਹੁਤ ਛੋਟੀ ਹੈ। ਇਸੇ ਲਈ ਸਾਡੇ ਸਰੀਰ ਨੂੰ ਮਿੱਠੇ ਅਤੇ ਨਸ਼ਾਸ਼ਤੇ (starch) ਨਾਲ਼ ਲੱਦੇ ਅਜੋਕੇ ਖਾਧ ਪਦਾਰਥ ਵੈਸੇ ਹੀ ਮੁਆਫ਼ਕ ਨਹੀਂ। ਭਾਵ ਮਨੁੱਖ ਦੇ ਸਰੀਰ ਦਾ ਸਮੁੱਚਾ ਢਾਂਚਾ ਬਣਿਆ ਅਤੇ ਵਿਗਸਿਆ ਹੀ ਵਧੇਰੇ ਫੈਟ ਅਤੇ ਪ੍ਰੋਟੀਨ ਖਾਣ ਲਈ ਹੈ। ਪ੍ਰਾਚੀਨ ਮਨੁੱਖੀ ਖੁਰਾਕ ਵਿੱਚ ਬਿਨ੍ਹਾਂ ਸ਼ੱਕ ਕੁਦਰਤੀ ਤੌਰ ’ਤੇ ਉਪਲਭਧ ਕਾਰਬੋਹਾਈਡਰੇਟ ਦਾ ਵੀ ਯੋਗਦਾਨ ਹੈ, ਪਰ ਇਹ ਸਾਡੇ ਪੁਰਖਿਆਂ ਦੀ ਖੁਰਾਕ ਦਾ ਮੁੱਖ ਹਿੱਸਾ ਨਹੀਂ ਸਨ।

ਇਹ ਠੀਕ ਹੈ ਕਿ ਹਰੀ ਕ੍ਰਾਂਤੀ ਨੇ ਅੰਨ ਉਪਲਭਧਤਾ ਵਿੱਚ ਚੋਖਾ ਵਾਧਾ ਕਰਕੇ ਮਨੁੱਖ ਦੇ ਜੀਵਨ ਨੂੰ ਕੁੱਝ ਸੁਖਾਲ਼ਾ ਅਤੇ ਸਿਹਤਮੰਦ ਬਣਾਇਆ ਹੈ। ਪ੍ਰੰਤੂ ਮੁਨਾਫ਼ਾ ਮੁਖੀ ਪੈਦਾਵਾਰ ਦੀ ਅੰਨ੍ਹੀ ਹੋੜ ਤੋਂ ਉਪਜੇ ਵਾਧੂ ਪੈਦਾਵਾਰ ਦੇ ਸੰਕਟ ਨੇ ਇਨ੍ਹਾਂ ਖੇਤੀ ਉਤਪਾਦਾਂ ਦੀ ਬੇਲੋੜੀ ਅਤੇ ਬੇ ਜਾਂ ਖਪਤ ਨੂੰ ਵੀ ਜਨਮ ਦਿੱਤਾ ਹੈ। ਮਨੁੱਖੀ ਸਿਹਤ ਨੂੰ ਦਾਅ ’ਤੇ ਲਾ ਕੇ ਅਪਣਾ ਮਾਲ ਵੇਚਣ ਦੀ ਵਪਾਰਕ ਮਜ਼ਬੂਰੀ ਨੇ ਸਪੱਸ਼ਟ ਤੌਰ ’ਤੇ ਮਨੁੱਖੀ ਸਿਹਤ ਦਾ ਬਹੁਤ ਨੁਕਸਾਨ ਕੀਤਾ ਹੈ। ਸਾਡੇ ਸਮਾਜ ’ਚੋਂ ਅਰੋਗਤਾ ਕਿਤੇ ਖੰਭ ਲਾ ਕੇ ਉੱਡ ਗਈ ਲਗਦੀ ਹੈ।



## ਫੈਟਸ

ਭਾਵ ਚਰਬੀਲੇ ਅਤੇ ਚਿਕਨਾਈ ਯੁਕਤ ਖਾਧ ਪਦਾਰਥ। ਅੱਜ ਦੇ ਖੁਰਾਕੀ ਵਿਗਿਆਨ ਦਾ ਇਹ ਬਹੁਤ ਹੀ ਵਿਵਾਦਤ ਅਤੇ ਦਿਲਚਸਪ ਮੁੱਦਾ ਹੈ। ਆਓ ਥੋੜਾ ਜਾਨਣ ਦੀ ਕੋਸ਼ਿਸ਼ ਕਰੀਏ। ਆਮ ਸ਼ਬਦਾਵਲੀ ਵਿੱਚ ਅਸੀਂ ਚਿਕਨਾਈ/ ਥੰਦਿਆਈ ਯੁਕਤ ਸਾਰੇ ਖਾਧ ਪਦਾਰਥਾਂ ਨੂੰ ਫੈਟ ਹੀ ਆਖ ਦਿੰਦੇ ਹਾਂ। ਪ੍ਰੰਤੂ ਵਿਗਿਆਨ ਸਾਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਕਿਉਂਕਿ ਇਹ ਫੈਟ ਅਤੇ ਤੇਲ ਨੂੰ ਦੋ ਅਲੱਗ-ਅਲੱਗ ਚੀਜ਼ਾਂ ਸਮਝਦਾ ਹੈ। ਪਰ ਇਹਨਾਂ ਦੋਵੇਂ ਚੀਜਾਂ ਲਈ ਵਿਗਿਆਨ ਕੋਲ ਇੱਕ ਸਾਂਝਾ ਸ਼ਬਦ ਹੈ– **ਲਿਪਿਡ (lipid)**। ਤਾਂ ਫਿਰ ਫੈਟ ਕੀ ਹੋਇਆ ? ਫੈਟ, ਲਿਪਿਡ ਦੀ ਉਹ ਕਿਸਮ ਹੈ ਜੋ ਆਮ ਤਾਪਮਾਨ (room temperature) ’ਤੇ ਠੋਸ ਰੂਪ ਵਿੱਚ ਹੀ ਹੁੰਦੀ ਹੈ, ਤਰਲ ਰੂਪ ’ਚ ਨਹੀਂ। ਜਿਵੇਂ ਕਿ ਜਾਨਵਰਾਂ ਦੀ ਚਰਬੀ, ਮੱਖਣ, ਦੇਸੀ ਅਤੇ ਦਸੌਰੂ (ਡਾਲਡਾ) ਘੀ, ਖੋਪੇ ਦਾ ਤੇਲ ਅਤੇ ਕਰੀਮ ਆਦਿ। ਇਨ੍ਹਾਂ ਨੂੰ ਸੰਤ੍ਰਿਪਤ ਭਾਵ (saturated) ਫੈਟ ਵੀ ਕਿਹਾ ਜਾਂਦਾ ਹੈ। ਜਦੋਂ ਕਿ ਤੇਲ ਲਿਪਿਡ ਦੀ ਉਹ ਕਿਸਮ ਹੈ ਜੋ ਆਮ ਤਾਪਮਾਨ ’ਤੇ ਤਰਲ ਰੂਪ ਵਿੱਚ ਹੀ ਹੁੰਦੀ ਹੈ, ਠੋਸ ਰੂਪ ’ਚ ਨਹੀਂ। ਜਿਵੇਂ ਕਿ ਸਾਰੇ ਤੇਲ ਬੀਜਾਂ ਅਤੇ ਹੋਰ ਫਸਲਾਂ ’ਚੋਂ ਕੱਢੇ ਹੋਏ ਤੇਲ। ਅੱਜ ਕੱਲ ਵਰਤੇ ਜਾਂਦੇ ਰੀਫਾਈਂਡ ਤੇਲ ਮੁੱਖ ਤੌਰ ’ਤੇ ਇਸ ਸ਼੍ਰੇਣੀ ’ਚ ਹੀ ਆਉਂਦੇ ਹਨ। ਇਨ੍ਹਾਂ ਤੇਲਾਂ ਨੂੰ ਅਸੰਤ੍ਰਿਪਤ (un-

# ਥੋੜਾ ਕਣਕ ਬਾਰੇ




saturated) ਫੈਟ ਵੀ ਕਿਹਾ ਜਾਂਦਾ ਹੈ।

ਫੈਟ ਸਬੰਧੀ ਵਿਵਾਦਾਂ ਦੀ ਜੜ ਬਸ ਇੱਥੋਂ ਹੀ ਸ਼ੁਰੂ ਹੁੰਦੀ ਹੈ। ਕਿਉਂਕਿ ਫੈਟ ਬਾਰੇ ਹੁਣ ਤੱਕ ਪ੍ਰਚਾਰੀ, ਵਡਿਆਈ ਅਤੇ ਮੁੱਖ ਤੌਰ ’ਤੇ ਦਰੁਸਤ ਮੰਨੀ ਜਾਂਦੀ ਆਮ ਸਮਝ ਸਾਨੂੰ ਇਹੋ ਸਿਖਾਉਂਦੀ ਹੈ ਕਿ ਠੋਸ ਭਾਵ ਸੰਤ੍ਰਿਪਤ ਫੈਟ ਜਿਵੇਂ ਮੱਖਣ, ਦੇਸੀ ਘੀ, ਖੋਪੇ ਦਾ ਤੇਲ ਅਤੇ ਪਸ਼ੂਆਂ ਦੀ ਚਰਬੀ ਆਦਿ ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਅਤੇ ਮਾੜੇ ਹਨ। ਜਦੋਂ ਕਿ ਅਸੰਤ੍ਰਿਪਤ ਫੈਟ ਮਤਲਬ ਰੀਫਾਈਂਡ ਤੇਲ ਮਨੁੱਖੀ ਸਿਹਤ ਲਈ ਬਹੁਤ ਹੀ ਗੁਣਕਾਰੀ ਅਤੇ ਚੰਗੇ ਹਨ। ਪਰ ਲਗਾਤਾਰ ਸਾਹਮਣੇ ਆ ਰਹੇ ਨਵੇਂ ਵਿਗਿਆਨਿਕ ਤੱਥ ਇਸ ਦਾਅਵੇ ਨੂੰ ਸਹੀ ਸਿੱਧ ਹੋਇਆ ਨਹੀਂ ਮੰਨਦੇ। ਦਰਜਨਾਂ ਹੀ ਲੋਕ ਪੱਖੀ ਡਾਕਟਰ, ਖੁਰਾਕ ਵਿਗਿਆਨ ਦੇ ਖੋਜਾਰਥੀ, ਗੈਰੀ ਟੌਬਜ ਅਤੇ ਨੀਨਾ ਟਿਕੋਲਜ ਵਰਗੇ ਖੋਜੀ ਪੱਤਰਕਾਰ ਅਤੇ ਲਿਜ ਵੁਲਫ ਨਾਮ ਦੀ ਭੋਜ ਚਕਿਤਸਿਕ (nutritional therapist) ਸੰਤ੍ਰਿਪਤ ਫੈਟ ਸੰਬੰਧੀ ਹੁਣ ਤੱਕ ਫੈਲਾਏ ਜਾ ਰਹੇ ਭਰਮਾਂ ਨੂੰ ਸ਼ਰੇਆਮ ਖੁੱਲੀ ਚੁਣੌਤੀ ਦਿੰਦੇ ਹਨ।

ਜਿਵੇਂ ਪੂੰਜੀਵਾਦੀ ਮੀਡੀਆ ਵੱਲੋਂ ਰੂਸ ਅਤੇ ਚੀਨ ਦੇ ਪੁਰਾਣੇ ਸਮਾਜਵਾਦੀ ਪ੍ਰਬੰਧ ਦੀ ਲਗਾਤਾਰ ਬਦਖੋਈ ਕਰਦੇ ਰਹਿਣ ਦੇ ਬਾਵਜੂਦ, ਅੱਜ ਇਨ੍ਹਾਂ ਸਮਾਜਵਾਦੀ ਸਮਾਜਾਂ ਵੱਲੋਂ ਕੀਤੀ ਗਈ ਬਹੁ ਦਿਸ਼ਾਵੀ ਤਰੱਕੀ ਦੇ ਅੰਕੜੇ ਅਤੇ ਤੱਥ ਸੱਤ ਪਰਦੇ ਪਾੜ ਕੇ ਵੀ ਲਗਾਤਾਰ ਬਾਹਰ ਆ ਰਹੇ ਹਨ ਅਤੇ ਪੂੰਜੀਵਾਦੀ ਮੀਡੀਆ ਵੱਲੋਂ ਸਮਾਜਵਾਦ ਖਿਲਾਫ਼ ਪ੍ਰਚਾਰੀਆਂ ਜਾਂਦੀਆਂ ਬੇਅੰਤ ਕੂੜ ਕਹਾਣੀਆਂ ਦੇ ਬਾਵਜੂਦ ਸਮਾਜਵਾਦ ਦੀਆਂ ਪ੍ਰਾਪਤੀਆਂ ਨੂੰ ਸਮੇਂ ਦੀ ਧੂੜ-ਰਾਖ ਅਤੇ ਝੂਠੇ ਪ੍ਰਚਾਰ ਪ੍ਰੋਪੇਗੰਡੇ ਦੀ ਕਾਲਖ ਨਾਲ ਢਕਿਆ ਨਹੀਂ ਜਾ ਸਕਿਆ। ਬਿਲਕੁੱਲ ਉਵੇਂ ਹੀ ਵਿਗਿਆਨ ਦੇ ਇਸ ਖੇਤਰ ਅੰਦਰ ਵੀ ਬਹੁ ਕੌਮੀ ਦਵਾ ਕੰਪਨੀਆਂ ਦੀ “ਪ੍ਰੋਪੇਗੰਡਾ ਪੁਲਿਸ” ਅਤੇ ਵੱਡੀਆਂ ਖੇਤੀ ਕਾਰਪੋਰੇਸ਼ਨਾਂ ਦੇ ਜ਼ਰਖਰੀਦ ਵਿਗਿਆਨਕ ਕਰਿੰਦੇ ਅਪਣੇ ਨਕਲੀ ਵਿਗਿਆਨ ਦੇ ਸਹਾਰੇ ਭਲਾਂ ਕਿੰਨੀ ਕੁ ਦੇਰ ਟਿਕੇ ਰਹਿ ਸਕਦੇ ਸਨ। ਵਿਗਿਆਨ ਦੇ ਉੱਘੇ ਪੱਤਰਕਾਰ ਅਤੇ ਨਿੱਡਰ ਖੋਜਾਰਥੀ ਗੈਰੀ ਟੌਬਜ ਨੇ ਅਪਣੀਆਂ ਦੋ ਅਹਿਮ ਕਿਤਾਬਾਂ, ‘Why we get fat and what to do about it’ ਅਤੇ ‘Good Calories Bad Calories’ ਵਿੱਚ ਸੰਤ੍ਰਿਪਤ ਫੈਟ ਦੇ ਨਿੰਦਕਾਂ ਨੂੰ ਇਸ ਮੁੱਦੇ ’ਤੇ ਜਨਤਕ ਬਹਿਸ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ ਹੋਈ ਹੈ ਅਤੇ ਅਮਰੀਕੀ ਪੱਤਰਕਾਰ ਨੀਨਾ ਟਿਕੋਲਜ ਨੇ ਇਸ ਵਿਸ਼ੇ ਉੱਪਰ ਲਗਾਤਾਰ 9 ਸਾਲ ਖੋਜ ਕਰਕੇ ‘The big fat surprise’ ਨਾਂ ਦੀ ਅਪਣੀ ਸ਼ਾਹਕਾਰ ਕਿਤਾਬ ਵਿੱਚ ਸੰਤ੍ਰਿਪਤ ਫੈਟ ਦਾ ਪ੍ਰੇਤੀਕਰਣ ਕਰਨ ਪਿੱਛੇ ਕੰਮ ਕਰਦੇ ਆਰਥਿਕ ਅਤੇ ਸਿਆਸੀ ਮਨਸੂਬਿਆਂ ਬਾਰੇ ਬਹੁਤ ਹੀ ਸਨਸਨੀਖੇਜ ਖੁਲਾਸੇ ਕੀਤੇ ਹਨ। ਅੰਗਰੇਜੀ ਜਾਨਣ ਵਾਲੇ ਪਾਠਕਾਂ ਨੂੰ ਇਹ ਕਿਤਾਬਾਂ ਜ਼ਰੂਰ ਪੜ੍ਹ ਲੈਣੀਆਂ ਚਾਹੀਦੀਆਂ ਹਨ।

ਸੰਤ੍ਰਿਪਤ ਫੈਟ ਦੇ ਵਿਰੋਧੀਆਂ ਅਤੇ ਹਮਾਇਤੀਆਂ ਵਿਚਕਾਰ ਚੱਲ ਰਹੀ ਇਸ ਲੜਾਈ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਇਸਦੀ ਇਤਿਹਾਸਿਕਤਾ ਵਿੱਚ ਥੋੜਾ ਹੋਰ ਡੂੰਘਾ ਉੱਤਰਨਾ ਪਵੇਗਾ।

1900 ਤੋਂ 1950 ਤੱਕ ਆਉਂਦੇ ਆਉਂਦੇ ਜਦੋਂ ਅਮਰੀਕਨ ਅਬਾਦੀ ਅੰਦਰ ਹਿਰਦੇ ਰੋਗਾਂ ਦਾ ਬਹੁਤ ਵਾਧਾ ਹੋਇਆ ਤਾਂ ਇਸ ਵਿਸ਼ੇ ’ਤੇ ਖੋਜ ਸ਼ੁਰੂ ਕੀਤੀ ਗਈ। ਅਤੇ ਇਸ ਵਿਸ਼ੇ ਨੂੰ ਲੈ ਕੇ ਐਂਸਲ ਕੀਜ ਵੱਲੋਂ ਕੀਤੇ ਕਈਂ ਅੱਧੇ ਅਧੂਰੇ ਸਰਵੇਖਣਾਂ (1952 ’ਚ ਮਿਨੇਸੋਟਾ ਹਸਪਤਾਲ ਦੇ ਸਿਰਫ਼ 66 ਮਾਨਸਿਕ ਰੋਗੀਆਂ ’ਤੇ ਮਹਿਜ 2 ਤੋਂ 9 ਹਫ਼ਤੇ ਲਈ ਕੀਤਾ ਗਿਆ ਅਧਿਐਨ ਅਤੇ 1952 ਵਿੱਚ ਮਨਮਾਨੇ ਢੰਗ ਨਾਲ ਚੁਣੇ ਵੱਖ-ਵੱਖ ਦੇਸ਼ਾਂ ਤੋਂ ਇਕੱਠੇ ਕੀਤੇ ਨਪੇ ਤੁਲੇ ਅੰਕੜਿਆਂ (skimpy data) ਰਾਹੀਂ ਕੱਢੇ ਗਏ, ਫੈਟ ਅਤੇ ਹਿਰਦੇ ਰੋਗਾਂ ਨੂੰ ਜੋੜਦੇ ਅਤਿ ਸਰਲੀਕ੍ਰਿਤ* ਸਿੱਟੇ) ਤੋਂ ਬਾਅਦ ਚਿਕਨਾਈ ਯੁਕਤ ਖੁਰਾਕ ਨਾਲ ਇਨ੍ਹਾਂ ਦਾ ਸਬੰਧ ਜੋੜਿਆ ਜਾਣ ਲੱਗਿਆ। ਹੁਣ ਦੇਖਿਆ ਜਾਵੇ ਤਾਂ ਇਨ੍ਹਾਂ ਵਸੋਂ ਅਧਿਐਨਾਂ (epidemiological studies) ਦੀ ਇੱਕ ਬਾਹਰਮੁਖੀ ਸੀਮਤਾਈ ਇਹ ਸੀ ਕਿ ਸਰਵੇਖਣ ਵਿੱਚ ਸ਼ਾਮਿਲ ਹਿਰਦੇ ਰੋਗਾਂ ਤੋਂ ਪੀੜਤ ਮਰੀਜਾਂ ਵੱਲੋਂ ਰੋਜਾਨਾ ਖਾਧੀ ਜਾ ਰਹੀ ਖੁਰਾਕ ਨੂੰ ਮਰੀਜ ਦੀ ਮੌਤ ਹੋਣ ਵੇਲੇ ਤੱਕ ਨੋਟ ਨਹੀਂ ਸੀ ਕੀਤਾ ਗਿਆ। ਉਂਝ ਵੀ ਇਨ੍ਹਾਂ ਅਧਿਐਨਾਂ ਦੀ ਸਾਰਥਿਕਤਾ ਫੇਰ ਹੀ ਬਣਦੀ ਜੇ ਬਾਕੀ ਸਾਰੇ ਹਾਲਾਤ ਅਤੇ ਕਾਰਕ (factors) ਲੱਗਭੱਗ ਇਕੋ ਜਿਹੇ ਹੁੰਦੇ। ਜਿਵੇਂ ਕਿ ਉਹ ਹਰ ਰੋਜ ਲੱਗਭੱਗ ਇੱਕੋ ਜਿਹਾ ਖਾਂਦੇ ਪੀਂਦੇ, ਇੱਕੋ ਜਿਹਾ ਕੰਮ ਕਰਦੇ, ਇੱਕੋ ਜਿੰਨਾ ਖੇਡਦੇ ਕੁੱਦਦੇ ਅਤੇ ਉਨਾਂ ਦੀ ਅਨੁਵੰਸ਼ਕੀ (DNA) ਵੀ ਲੱਗਭੱਗ ਇਕੋ ਜਿਹੀ ਹੀ ਹੁੰਦੀ। ਇੰਨੇ ਸਾਰੇ ਕਾਰਕਾਂ ਅਤੇ ਹਾਲਾਤਾਂ ਦਾ ਇੱਕੋ ਜਿਹਾ ਹੋਣਾ ਮਨੁੱਖੀ ਵਸੋਂ ਦੇ ਮਾਮਲਿਆਂ ਵਿੱਚ ਬਹੁਤ ਮੁਸ਼ਕਿਲ ਹੁੰਦਾ ਹੈ।

ਪ੍ਰੰਤੂ ਅਜਿਹੇ ਅਧਿਐਨਾਂ ਦੀਆਂ ਇਨ੍ਹਾਂ ਬਾਹਰਮੁਖੀ ਸੀਮਤਾਈਆਂ ਅਤੇ ਨਾਕਾਫੀ ਅੰਕੜਿਆਂ ਦੇ ਬਾਵਜੂਦ ਇਨ੍ਹਾਂ ਦੇ ਵਧੇਰੇ ਅਤੇ ਵਡੇਰੇ ਅਰਥ (Over interpretation) ਕੱਢੇ ਗਏ।

ਅਜਿਹਾ ਨਹੀਂ ਕਿ ਇਨ੍ਹਾਂ ਅੱਧੇ-ਅਧੂਰੇ ਅਧਿਐਨਾਂ ਦੀਆਂ ਅਜਿਹੀਆਂ ਸੀਮਤਾਈਆਂ ਅਤੇ ਉਕਾਈਆਂ ਲੋਕ ਪੱਖੀ ਖੁਰਾਕ ਵਿਗਿਆਨੀਆਂ ਦੇ ਧਿਆਨ ਵਿੱਚ ਨਹੀਂ ਸਨ। ਪ੍ਰੰਤੂ ਜਦੋਂ 20ਵੀਂ ਸਦੀ ਦੇ ਇਸ ਖੇਤਰ ਦੇ ਸਭ ਤੋਂ ਮਾਣ ਮੱਤੇ ਵਿਗਿਆਨੀ ਡੇਵਿਡ ਕਰੀਚੇਵਸਕੀ ਅਤੇ ਵੇਂਡਰਬਿਲਟ ਯੂਨੀਵਰਸਿਟੀ ਦੇ ਡਾਕਟਰ ਅਤੇ ਬਾਇਓਕਮਿਸਟਰੀ ਦੇ ਪ੍ਰੋਫੈਸਰ ਜਾਰਜ ਮਾਨ ਨੇ ਤੱਥਾਂ ਸਹਿਤ ਇਨ੍ਹਾਂ ਉਕਾਈਆਂ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਨਾਂ ਸਿਰਫ਼ ਉਨ੍ਹਾਂ ਨੂੰ ਅਣਗੌਲੇ ਅਤੇ ਅਣਸੁਣੇ ਕਰ ਦਿੱਤਾ ਗਿਆ ਸਗੋਂ ਜਾਰਜ ਮਾਨ ਨੂੰ ਤਾਂ ਇਸ ਵਿਸ਼ੇ ’ਤੇ ਅਗਲੇ ਖੋਜ ਕਾਰਜਾਂ ਲਈ ਦਿੱਤੀ ਜਾਣ ਵਾਲੀ ਗਰਾਂਟ ਹੀ ਬੰਦ ਕਰ ਦਿੱਤੀ ਗਈ।

1955 ਵਿੱਚ ਜਨੇਵਾ ਵਿਖੇ ਸੰਸਾਰ ਸਿਹਤ ਸੰਸਥਾ ਦੀ ਚੱਲ ਰਹੀ ਆਲਮੀ ਕਾਨਫਰੰਸ ਵਿੱਚ ਜੈਕਬ ਯੇਰੂਸ਼ਾਲਮੀ ਨਾਮ ਦੇ ਖੁਰਾਕ ਵਿਗਿਆਨੀ ਨੇ ਐਂਸਲ ਕੀਜ ਵੱਲੋਂ ਦਿਖਾਏ ਜਾ ਰਹੇ ਅੰਕੜਿਆਂ ’ਤੇ ਵਾਜਬ ਇਤਰਾਜ ਵੀ ਜਤਾਇਆ ਅਤੇ ਬਾਅਦ ਵਿੱਚ ਉਸ ਨੇ ਇਸ ਖੇਤਰ ਦੇ ਇਕ ਹੋਰ ਵਿਗਿਆਨੀ ਹਰਮਨ ਹਿਲੇਬੁਈ ਨਾਲ ਮਿਲਕੇ ਨਵੇਂ ਅੰਕੜਿਆਂ ਨਾਲ ਕੀਜ ਦੀ ਇਸ ਧਾਰਨਾ ਨੂੰ ਤੱਥਾਂ ਸਹਿਤ ਚੁਣੌਤੀ ਵੀ ਦਿੱਤੀ।

ਯਾਦ ਰਹੇ ਕਿ ਐਂਸਲ ਕੀਜ ਵੱਲੋਂ 1956 ਵਿੱਚ ਕੀਤੇ ਸੱਤ ਮੁਲਕਾਂ (ਇਟਲੀ, ਗਰੀਸ, ਯੁਗੋਸਲਾਵੀਆ, ਫਿਨਲੈਂਡ, ਨੀਂਦਰਲੈਂਡ, ਜਪਾਨ ਅਤੇ ਅਮਰੀਕਾ) ਦੇ ਅਧਿਐਨ ਤੋਂ ਕੱਢੇ ਇਨ੍ਹਾਂ ਤੱਤ-ਭੜੱਤੇ ਸਿੱਟਿਆਂ ਦੀ ਡੂੰਘੀ ਛਾਣਬੀਣ ਕਰਕੇ ਇਤਾਲਵੀ ਖੋਜਾਰਥੀ ਅਲਸੈਂਡਰੋ ਮਿਨੌਟੀ ਨੇ ਵੀ 1999 ਵਿੱਚ ਇਨ੍ਹਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਸੀ। ਉਸ ਅਨੁਸਾਰ ਐਂਸਲ ਕੀਜ ਵੱਲੋਂ ਕੀਤੇ ਸਰਵੇਖਣ ਤੋਂ ਤਾਂ ਸਗੋਂ **ਉਲਟਾ ਇਹ ਗੱਲ ਸਾਬਤ ਹੁੰਦੀ ਹੈ ਕਿ ਦਿਲ ਦੇ ਰੋਗਾਂ ਦਾ ਸਬੰਧ ਫੈਟ ਨਾਲੋਂ ਮਿੱਠੇ ਨਾਲ ਕਿਤੇ ਵੱਧ ਹੈ।** ਕਿਉਂਕਿ ਮਿੱਠਾ (ਕਾਰਬੋਹਾਈਡਰੇਟ ਦਾ ਹੀ ਇੱਕ ਰੂਪ) ਖਾਣ ਉਪਰੰਤ ਖ਼ੂਨ ਵਿੱਚ ਵਧਿਆ ਹੋਇਆ ਗੁਲੂਕੋਜ ਦਾ ਪੱਧਰ ਇਨਸੂਲਿਨ ਦੇ ਰਿਸਾਅ ਨੂੰ ਵਧਾਉਂਦਾ ਹੈ। ਅਤੇ ਇਨਸੂਲਿਨ ਫਿਰ ਇਸ ਵਧੇ ਹੋਏ ਗੁਲੂਕੋਜ ਦੇ ਟਰਾਈਗਲਿਸਰਾਈਡ ਬਣਾ ਬਣਾ ਕੇ ਫੈਟ ਸੈੱਲਾਂ ਵਿੱਚ ਜਮ੍ਹਾ ਕਰਦਾ ਰਹਿੰਦਾ ਹੈ। ਸਾਲਾਂ ਬੱਧੀ ਚਲਦੀ ਇਹ ਧੀਮੀ ਪ੍ਰਕਿਰਿਆ ਅੰਤ ਨੂੰ ਹਿਰਦੇ ਰੋਗਾਂ ਨੂੰ ਜਨਮ ਦਿੰਦੀ ਹੈ।

ਕਈਂ ਵਾਰ ਵਿਗਿਆਨ ਦੇ ਖੇਤਰ ਵਿੱਚ ਵੀ ਸਹੀ ਹੋਣ ਦੇ ਬਾਵਜੂਦ ਤੁਹਾਡੇ ਤਰਕਾਂ ਨੂੰ ਜਾਣ ਬੁੱਝ ਕੇ ਅਣਗੌਲਿਆਂ ਹੀ ਨਹੀਂ ਕੀਤਾ ਜਾਂਦਾ ਸਗੋਂ ਸਾਜਿਸ਼ੀ ਵਿਵਹਾਰ ਰਾਹੀਂ ਦਬਾ ਵੀ ਦਿੱਤਾ ਜਾਂਦਾ ਹੈ। ਖਾਸ ਕਰ ਜਦੋਂ ਵਡੇਰੇ ਨਿੱਜੀ ਤੇ ਆਰਥਿਕ ਹਿੱਤ ਅਤੇ ਹਉਮੈ ਇਨ੍ਹਾਂ ਮਾਮਲਿਆਂ ਨਾਲ ਜੁੜੇ ਹੋਣ। ਵਿਗਿਆਨ ਦਾ ਖੇਤਰ ਵੀ ਅਜਿਹੇ ਵਿਵਹਾਰ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ। ਕਈਂ ਵਾਰ “ਸਹੀ ਹੁੰਦਿਆਂ ਵੀ ਕਪਟ ਦੇ ਸ਼ੋਰ ਨਾਲ ਤੁਹਾਨੂੰ ਦਬਾ’’ ਦਿੱਤਾ ਜਾਂਦਾ ਹੈ। ਉਦਾਹਰਣ ਲਈ ਨਿਰਦੇਸ਼ਕ ਤਪਨ ਸਿਨਹਾ ਦੀ ਦਸਤਾਵੇਜੀ ਫਿਲਮ ‘ਏਕ ਡਾਕਟਰ ਕੀ ਮੌਤ’ ਦੇਖੀ ਜਾ ਸਕਦੀ ਹੈ।

3 ਸਤੰਬਰ 1955 ਨੂੰ ਅਮਰੀਕੀ ਰਾਸ਼ਟਰਪਤੀ ਆਈਜ਼ਨਹਾਵਰ ਨੂੰ ਦਿਲ ਦਾ ਦੌਰਾ ਪੈਣ ਤੋਂ ਬਾਅਦ ਐਂਸਲ ਕੀਜ ਦੇ ਹੱਥ ਵੱਡਿਆਂ ਘਰਾਂ ਨਾਲ ਜੁੜ ਚੁੱਕੇ ਸਨ। ਇਸ ਸਮੇਂ ਰਾਸ਼ਟਰਪਤੀ ਦਾ ਇਲਾਜ ਕਰ ਰਹੇ ਹਿਰਦੇ ਰੋਗਾਂ ਦੇ ਸੰਸਾਰ ਪ੍ਰਸਿੱਧ ਮਾਹਿਰ ਡਾਕਟਰ ਪਾਲ ਡੁਡਲੇ ਵਾਈਟ* ਅਤੇ ਰਾਸ਼ਟਰਪਤੀ ਦੇ ਨਿੱਜੀ ਡਾਕਟਰ ਹੋਵਾਰਡ ਸਨਾਈਡਰ ਨਾਲ ਨੇੜਤਾ ਹੋਣ ਅਤੇ ਡੁਡਲੇ ਵੱਲੋਂ ਉਸ ਸਮੇਂ ਰਾਸ਼ਟਰਪਤੀ ਦੀ ਸਿਹਤ ਨੂੰ ਲੈ ਕੇ ਕੀਤੀਆਂ ਵਾਈਟ ਹਾਊਸ ਦੀਆਂ ਸਰਕਾਰੀ ਪ੍ਰੈਸ ਕਾਨਫਰੰਸਾਂ ਵਿੱਚ ਐਂਸਲ ਕੀਜ ਦੀ ਸੰਤ੍ਰਿਪਤ ਫੈਟ ਵਾਲੀ ਧਾਰਨਾ ਨੂੰ ਮੁੜ-ਮੁੜ ਦੁਹਰਾਉਣ ਅਤੇ ਅਮਰੀਕੀ ਲੋਕਾਂ ਨੂੰ ਇਸ ਤੇ ਗੰਭੀਰਤਾ ਨਾਲ ਅਮਲ ਕਰਨ ਦੀਆਂ ਨਸੀਹਤਾਂ ਵਾਲੇ ਜਨਤਕ ਬਿਆਨਾਂ ਨੇ ਫੈਟਸ ਦੇ ਪ੍ਰੇਤੀਕਰਣ (demonize) ਕਰਨ ਦਾ ਮੁੱਢ ਬੰਨ੍ਹ ਦਿੱਤਾ। ਅਤੇ ਫਿਰ ਪੂਰੀ ਦੁਨੀਆਂ ਵਿੱਚ ਇਸ ਖੁਰਾਕ-ਦਿਲ (Diet-Heart Hypothesis) ਵਾਲੀ ਮਨੌਤ ਦਾ ਪ੍ਰਭਾਵ ਫੈਲਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਕੀਜ ਦੀ ਇਸ ਮਨੌਤ ਨੂੰ ਸਿਆਸੀ ਸਰਪ੍ਰਸਤੀ ਮਿਲਣੀ ਵੀ ਸ਼ੁਰੂ ਹੋ ਗਈ ਅਤੇ ਖੁਰਾਕੀ ਵਿਗਿਆਨ ਦੇ ਖੇਤਰ ਵਿੱਚ ਕੀਜ ਦੀ ਤੂਤੀ ਬੋਲਣ ਲੱਗ ਪਈ। ਯਾਦ ਰਹੇ ਕਿ ਉਸ ਵੇਲੇ 1957 ਵਿੱਚ ਅਮਰੀਕਨ ਹਾਰਟ ਐਸੋਸੀਏਸ਼ਨ ਨੇ ਕੀਜ ਅਤੇ ਵਾਈਟ ਦੀ ਇਸ ਧਾਰਨਾ ਦਾ ਜੋਰਦਾਰ ਵਿਰੋਧ ਵੀ ਕੀਤਾ ਸੀ ਪਰ ਦਸੰਬਰ 1960 ਤੱਕ ਆਉਂਦੇ-ਆਉਂਦੇ ਕੀਜ ਐਂਡ ਕੰਪਨੀ ਦਾ ਇਸ ਸੰਸਥਾ ਉੱਪਰ ਪੂਰਾ ਗਲਬਾ ਪੈ ਚੁੱਕਾ ਸੀ।

(ਚਲਦਾ)

**ਡਾ. ਦਰਸ਼ਨ ਖੇੜੀ**
**ਮੋਬਾਈਲ : 98159-08088**
**ਵੱਟਸਐਪ : 96465-31323**
**drdarshankheri@gmail.com**

ਕੈਲਗਰੀ ਵਿੱਚ ਕੋਸੋ ਹਾਲ ਦੇ ਭਰਵੇਂ ਇਕੱਠ ਵਿੱਚ

# 'ਮਈ ਵਰਕਰਜ਼ ਡੇ' ਅਤੇ ਕਮਿਊਨਿਜ਼ਮ ਦੇ ਪਿਤਾਮਾ ਕਾਰਲ ਮਾਰਕਸ ਦਾ ਜਨਮ ਦਿਨ ਮਨਾਇਆ



ਕੈਲਗਰੀ : ਪਿਛਲੇ ਕਈ ਸਾਲਾਂ ਤੋਂ ਹਰ ਮਹੀਨੇ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰ ਜਾਂ ਡਿਸਕਸ਼ਨ ਰਾਹੀਂ ਅਵੇਅਰਨੈਸ ਲਿਆਉਣ ਲਈ ਯਤਨਸ਼ੀਲ ਜਥੇਬੰਦੀ 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਵਲੋਂ ਆਪਣੀ ਮਈ ਮਹੀਨੇ ਦੀ ਮਾਸਿਕ ਇਕੱਤਰਤਾ ਵਿੱਚ 'ਮਈ ਵਰਕਰਜ਼ ਡੇ' ਅਤੇ ਕਮਿਊਨਿਜ਼ਮ ਦੇ ਪਿਤਾਮਾ ਕਾਰਲ ਮਾਰਕਸ ਦਾ ਜਨਮ ਦਿਨ ਮਨਾਇਆ ਗਿਆ। ਯਾਦ ਰਹੇ 1 ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਵਰਕਰਾਂ ਲਈ ਦਿਨ ਵਿੱਚ 8 ਅੱਠ ਘੰਟੇ ਦੇ ਕੰਮ ਲਈ ਵਿਸ਼ਾਲ ਇਕੱਠ ਕੀਤਾ ਗਿਆ ਸੀ, ਜਿਥੇ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਵਰਕਰਾਂ ਦੀ ਯਾਦ ਵਿੱਚ 1 ਮਈ ਨੂੰ ਦੁਨੀਆਂ ਭਰ ਵਿੱਚ 'ਵਰਕਰਜ਼ ਦਿਵਸ ਜਾਂ ਮਜਦੂਰ ਦਿਨ' ਦੇ ਨਾਮ ਤੌਰ 'ਤੇ ਮਨਾਇਆ ਜਾਂਦਾ ਹੈ। ਬੇਸ਼ੱਕ ਸਾਰੀ ਦੁਨੀਆਂ ਵਿੱਚ ਵਰਕਰਜ਼ ਇਸ ਦਿਨ ਨੂੰ 1 ਮਈ ਨੂੰ ਮਨਾਉਂਦੇ ਹਨ, ਪਰ ਨਾਰਥ ਅਮਰੀਕਾ ਵਿੱਚ ਜਿਥੇ ਇਹ ਘਟਨਾ ਵਾਪਰੀ ਸੀ, ਉਥੇ ਦੇ ਵਰਕਰਾਂ ਦੇ ਚੇਤਿਆਂ ਵਿਚੋਂ ਬੜੀ ਸਾਜ਼ਿਸ਼ ਤਹਿਤ ਇਹ ਦਿਨ ਭੁਲਾ ਹੀ ਦਿੱਤਾ ਗਿਆ ਹੈ। ਇਸ ਦੀ ਥਾਂ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਕਨੇਡਾ-ਅਮਰੀਕਾ ਵਿੱਚ 'ਲੇਬਰ ਡੇ' ਮਨਾਇਆ ਜਾਂਦਾ ਹੈ, ਜਿਸ ਬਾਰੇ ਸ਼ਾਇਦ ਹੀ ਕਿਸੇ ਵਰਕਰ ਨੂੰ ਪਤਾ ਹੋਵੇ ਕਿ ਇਸ ਪਿਛੇ ਕੀ ਇਤਿਹਾਸ ਹੈ, ਸਿਵਾਏ ਇਸ ਗੱਲ ਦੇ ਕਿ ਸਤੰਬਰ ਦਾ ਪਹਿਲਾ ਸੋਮਵਾਰ ਲੌਂਗ ਵੀਕੈਂਡ ਹੁੰਦਾ ਹੈ। ਮੰਚ ਸੰਚਾਲਨ ਕਰਦੇ ਹੋਏ ਮਾਸਟਰ ਭਜਨ ਸਿੰਘ ਨੇ ਕਮਿਊਨਿਜ਼ਮ ਦੇ ਪਿਤਾਮਾ ਕਾਰਲ ਮਾਰਕਸ ਦੇ ਜੀਵਨ ਸੰਘਰਸ਼ ਤੇ ਮਨੁੱਖਤਾ ਨੂੰ ਦੇਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਕਾਰਲ ਮਾਰਕਸ ਬਾਰੇ ਬੋਲਦਿਆਂ ਕਿਹਾ ਕਿ ਉਹ ਦੁਨੀਆਂ ਭਰ ਦੇ ਮਜਦੂਰਾਂ ਦੇ ਮਸੀਹਾ ਹਨ। ਅੱਜ ਦੇ ਸੈਮੀਨਾਰ ਵਿੱਚ ਪਹਿਲੇ ਬੁਲਾਰੇ ਅਮਰਪ੍ਰੀਤ ਸਿੰਘ ਨੇ ਸ਼ਿਕਾਗੋ ਦੇ ਸ਼ਹੀਦਾਂ ਤੇ ਵਰਕਰਾਂ ਦੇ ਸੰਘਰਸ਼ ਨੂੰ ਬੜੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਸਰਮਾਏਦਾਰੀ ਤੇ ਸਮਾਜਵਾਦ ਬਾਰੇ ਕਾਫੀ ਡੂੰਘੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਵਕਤ ਮਨੁੱਖਤਾ ਲਈ ਸਭ ਤੋਂ ਵੱਡਾ ਮੁੱਦਾ 'ਕਲਾਈਮੇਟ ਚੇਂਜ' ਹੈ, ਜਿਸਨੂੰ ਅਗਰ ਸਹੀ ਢੰਗ ਨਾਲ ਨਾ ਨਜਿੱਠਿਆ ਗਿਆ ਤਾਂ ਮਨੁੱਖਤਾ ਤਬਾਹੀ ਦੇ ਕੰਢੇ ਬੈਠੀ ਹੈ। ਉਨ੍ਹਾਂ ਸਰਮਾਏਦਾਰੀ ਨਿਜ਼ਾਮ ਨੂੰ ਇਸ ਲਈ ਦੋਸ਼ੀ ਦੱਸਦਿਆਂ ਕਿਹਾ ਕਿ ਸਾਡੇ ਅਲਬਰਟਾ ਦੇ ਨਵੇਂ ਬਣੇ ਪ੍ਰੀਮੀਅਰ ਵਰਗੇ ਸਰਮਾਏਦਾਰੀ ਦੀ ਤਰਜਮਾਨੀ ਕਰਦੇ ਲੀਡਰ ਇਸ ਭਿਆਨਕ ਤਬਾਹੀ ਨੂੰ ਖਾਹਮ-ਖਾਹ ਦਾ ਰੌਲ਼ਾ ਦੱਸ ਰਹੇ ਹਨ। ਇਸ ਮੌਕੇ 'ਤੇ ਦੂਸਰੇ ਮੁੱਖ ਬੁਲਾਰੇ ਰੇਡੀਓ ਰੈਡ ਐਫ ਐਮ ਦੇ ਹੋਸਟ ਰਮਨਜੀਤ ਸਿੱਧੂ ਸਨ, ਜਿਨ੍ਹਾਂ ਨੇ ਆਪਣੇ ਵੱਖਰੇ ਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਮਈ ਦਿਵਸ ਦੀ ਗੱਲ ਕਰਦਿਆਂ ਦੁਨੀਆਂ ਭਰ ਵਿੱਚ ਸਰਮਾਏਦਾਰੀ ਨਿਜਾਮ ਵਲੋਂ ਲੋਕਾਂ ਨਾਲ ਕੀਤੇ ਜਾਂਦੇ ਤੇ ਕੀਤੇ ਗਏ ਧੱਕਿਆਂ ਤੇ ਜ਼ੁਲਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਆਪਣੀ ਤਕਰੀਰ ਵਿੱਚ ਕੈਨੇਡਾ ਵਿੱਚ ਬਸਤੀਵਾਦੀ ਹਾਕਮਾਂ ਵਲੋਂ ਕੈਨੇਡਾ ਦੇ ਮੂਲ ਨਿਵਾਸੀਆਂ ਨਾਲ ਕੀਤੇ ਧੱਕਿਆਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ...' ਦੀਆਂ ਲਾਈਨਾਂ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਅਸੀਂ ਧਰਤੀ, ਵਾਤਾਵਰਣ, ਨਦੀਆਂ ਆਦਿ ਦੀ ਰਾਖੀ ਦੇ ਗੀਤ ਗਾਉਂਦੇ ਹਾਂ ਤੇ ਪਰ ਵਿਵਹਾਰਕ ਤੌਰ ਤੇ ਧਰਤੀ, ਵਾਤਾਵਰਣ, ਪਾਣੀ ਦੀ ਰਾਖੀ ਕਰਨ ਵਾਲਿਆਂ ਨੂੰ ਦੇਸ਼ ਵਿਰੋਧੀ ਗਰਦਾਨਦੇ ਹਾਂ?




ਇਸ ਮੌਕੇ 'ਪ੍ਰੌਗਰੈਸਿਵ ਕਲਾ ਮੰਚ ਕੈਲਗਰੀ' ਦੇ ਕਲਾਕਾਰਾਂ ਵਲੋਂ ਮਈ ਦਿਵਸ ਨੂੰ ਸਮਰਪਿਤ ਹਿੰਦੀ ਗੀਤ 'ਇੱਕ ਬਾਗ ਨਹੀਂ, ਇੱਕ ਖੇਤ ਨਹੀਂ, ਹਮ ਸਾਰੀ ਦੁਨੀਆਂ ਮਾਂਗੇਂਗੇ????' ਤੇ ਖੂਬਸੂਰਤ ਕੋਰੀਓਗਰਾਫੀ ਪੇਸ਼ ਕੀਤੀ। ਸਿਟੀ ਆਫ ਕੈਲਗਰੀ ਦੀਆਂ ਵਰਕਰਜ਼ ਯੂਨੀਅਨਜ਼ ਦੀ ਸਾਂਝੀ ਸੰਸਥਾ 'ਕੈਲਗਰੀ ਐਂਡ ਡਿਸਟਰਿਕ ਲੇਬਰ ਕਾਊਂਸਲ' ਦੇ ਪ੍ਰਧਾਨ ਐਲੈਕਸ ਸ਼ੈਵਲੀਅਰ ਨੇ ਕਾਊਂਸਲਰ ਜੌਰਜ ਚਾਹਲ ਵਲੋਂ ਸਿਟੀ ਵਰਕਰਾਂ ਦੀ ਪੈਨਸ਼ਨਾਂ ਦੇ ਰਿਵੀਊ ਦੇ ਮੋਸ਼ਨ ਨੂੰ ਵਰਕਰਾਂ ਦੇ ਹੱਕਾਂ ਤੇ ਹਮਲਾ ਦੱਸਦੇ ਹੋਏ, ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਤੇ ਆਮ ਲੋਕਾਂ ਨੂੰ ਵਰਕਰਾਂ ਦੇ ਹੱਕ ਵਿੱਚ ਕੌਂਸਲਰਾਂ ਨੂੰ ਈਮੇਲ ਜਾਂ ਹੋਰ ਢੰਗਾਂ ਨਾਲ ਆਪਣੀ ਆਵਾਜ ਪਹੁੰਚਾਣ ਦਾ ਸੁਨੇਹਾ ਦਿੱਤਾ। ਉਨ੍ਹਾਂ ਤੋਂ ਇਲਾਵਾ ਉੱਘੀ ਸਮਾਜ ਸੇਵਿਕਾ ਤੇ ਯੂਨੀਅਨ ਲੀਡਰ ਕਾਮਰੇਡ ਪੈਗੀ ਆਸਕਿਨ ਨੇ ਮਨੁੱਖੀ ਹੱਕਾਂ, ਨਸਲਵਾਦ ਤੇ ਵਰਕਰਜ਼ ਦੇ ਹੱਕਾਂ ਬਾਰੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਕਮਲਪ੍ਰੀਤ ਪੰਧੇਰ, ਹਰੀਪਾਲ, ਹਰਚਰਨ ਪ੍ਰਹਾਰ (ਸਿੱਖ ਵਿਰਸਾ), ਰਾਜ ਕੈਲਗਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮਾਸਟਰ ਬਚਿੱਤਰ ਗਿੱਲ ਨੇ ਕਨੇਡਾ ਦੇ ਖੇਤ ਮਜਦੂਰਾਂ ਬਾਰੇ ਇੱਕ ਖੂਬਸੂਰਤ ਕਵੀਸ਼ਰੀ ਪੇਸ਼ ਕੀਤੀ ਅਤੇ ਡਾ. ਸੁਖਵਿੰਦਰ ਬਰਾੜ ਵਲੋਂ ਸਿਹਤ ਸਬੰਧੀ ਆਪਣੀਆਂ ਟਿਪਸ ਦਿੰਦੇ ਹੋਏ ਹਰਟ ਅਟੈਕ ਅਤੇ ਸਟਰੋਕ ਬਾਰੇ ਜਾਣਕਾਰੀ ਦਿੱਤੀ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਸੰਸਥਾ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਕੀਤਾ। ਅੱਜ ਦੇ ਸੈਮੀਨਾਰ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ, ਉਘੀਆਂ ਸ਼ਖਸੀਅਤਾਂ ਤੇ ਆਮ ਲੋਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਸੈਮੀਨਾਰ ਦੌਰਾਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਕਮੇਟੀ ਵਲੋਂ ਮੁੱਖ ਬੁਲਾਰਿਆਂ ਅਮਰਪ੍ਰੀਤ ਸਿੰਘ, ਰਮਨਜੀਤ ਸਿੱਧੂ, ਐਲੈਕਸ ਸ਼ੈਵਲੀਅਰ, ਪੈਗੀ ਐਸਕਿਨ ਨੂੰ ਕਿਤਾਬਾਂ ਭੇਟ ਕਰਕੇ ਸਨਮਾਨਤ ਕੀਤਾ ਗਿਆ।

**ਰਿਪੋਰਟ: ਸਿੱਖ ਵਿਰਸਾ ਤੇ ਹਰਜੀ ਟੀ ਵੀ**

ਕੈਲਗਰੀ ਵੂਮੈਨ ਕਚਚਰਲ ਐਸੋਸੀਏਸ਼ਨ ਨੇ

# 'ਬੱਚੇ ਨਾਲ ਬਦਸਲੂਕੀ ਬਾਰੇ ਜਾਗਰੂਕਤਾ' ਸੈਮੀਨਾਰ ਕਰਵਾ ਕੇ 'ਮਦਰਜ਼ ਡੇਅ' ਮਨਾਇਆ



ਕੈਲਗਰੀ, (ਮਾ. ਭਜਨ): ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ, ਭਖਦੇ ਸਮਾਜਿਕ ਮਸਲਿਆਂ ਤੇ ਵਿਚਾਰ ਵਟਾਂਦਰੇ ਕਰਵਾ ਕੇ, ਆਪਣੇ ਮੈਂਬਰਾਂ ਨੂੰ ਵਧੇਰੇ ਜਾਗਰੂਕ ਕਰਨ ਲਈ ਵਚਨਬੱਧ ਹੈ। ਇਸੇ ਲੜੀ ਤਹਿਤ, ਮਈ ਮਹੀਨੇ ਦੇ ਤੀਜੇ ਸ਼ਨਿਚਰਵਾਰ, ਜੈਂਸਿਸ ਸੈਂਟਰ ਵਿਖੇ ਹੋਈ। ਮਾਸਿਕ ਇਕੱਤਰਤਾ ਵਿੱਚ, ਮਦਰਜ਼ ਡੇ ਮਨਾਉਣ ਤੋਂ ਇਲਾਵਾ, 'ਬੱਚਿਆਂ ਨਾਲ ਹੋਣ ਵਾਲੀ ਬਦਸਲੂਕੀ' ਵਿਸ਼ੇ ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਤੋਂ, ਇਸ ਵਿਸ਼ੇ ਦੇ ਮਾਹਰ ਤਾਨੀਆਂ ਭੁੱਲਰ ਨੇ ਵਿਚਾਰ ਪੇਸ਼ ਕੀਤੇ। ਅੱਜ ਦੀ ਮੀਟਿੰਗ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪਹਿਲੇ ਭਾਗ ਵਿੱਚ-ਸੈਮੀਨਾਰ ਦੇ ਵਿਸ਼ੇ ਤੇ ਤਾਨੀਆਂ ਦੇ ਵਿਚਾਰ ਜਾਨਣ ਤੋਂ ਪਹਿਲਾਂ-ਗੁਰਚਰਨ ਥਿੰਦ ਨੇ ਇਸ ਨਾਲ ਸਬੰਧਤ ਅੰਕੜੇ ਦੱਸ ਕੇ, ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ-ਇਸ ਮੁਲਕ ਵਿੱਚ 15 ਸਾਲ ਤੱਕ ਪਹੁੰਚਦਿਆਂ ਹੀ, ਬਹੁਤ ਸਾਰੇ ਬੱਚੇ 'ਚਾਈਲਡ ਅਬਿਊਜ਼' ਦਾ ਸ਼ਿਕਾਰ ਹੋ ਜਾਂਦੇ ਹਨ- ਜਿਸ ਦੀ ਬਹੁਤੇ ਮਾਪਿਆਂ ਨੂੰ ਖਬਰ ਤੱਕ ਨਹੀਂ ਹੁੰਦੀ। ਸੋ ਇਸ ਸਬੰਧ ਵਿੱਚ ਜਾਣਕਾਰੀ ਦੇਣ ਲਈ ਹੀ, ਇਸ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ ਹੈ। ਸੋ ਆਪਾਂ ਜਾਣਕਾਰੀ ਪ੍ਰਾਪਤ ਕਰਕੇ, ਹੋਰਾਂ ਤੱਕ ਵੀ ਇਹ ਸੁਨੇਹਾ ਪਹੁੰਚਾਣਾ ਹੈ।

ਤਾਨੀਆਂ ਨੇ 'ਚਾਈਲਡ ਐਬਿਊਜ਼' ਦੀਆਂ ਕਿਸਮਾਂ ਬਾਰੇ ਵਿਸਥਾਰ ਵਿੱਚ ਦੱਸਦਿਆਂ ਕਿਹਾ ਕਿ-ਕਈ ਵਾਰੀ ਅਸੀਂ ਆਪਣੇ ਦਿਲ ਦੀ ਭੜਾਸ ਕੱਢਣ ਲਈ, ਬੱਚਿਆਂ ਨੂੰ ਡਾਂਟਣ ਜਾਂ ਗਾਲ਼ਾਂ ਕੱਢਣ ਲੱਗ ਜਾਂਦੇ ਹਾਂ-ਜੋ ਭਾਵਨਾਤਮਕ ਬਦਸਲੂਕੀ ਹੈ- ਕਿਉਂਕਿ ਇਸ ਨਾਲ ਬੱਚੇ ਦੀਆਂ 'ਇਮੋਸ਼ਨਜ਼' ਤੇ ਅਸਰ ਪੈਂਦਾ ਹੈ। ਦੂਸਰਾ-ਕਈ ਪਰਿਵਾਰਾਂ ਵਿੱਚ ਮਾਪੇ ਜਾਂ 'ਗਰੈਂਡ ਪੇਰੈਂਟਸ' ਆਪੋ ਵਿੱਚ ਲੜਦੇ ਝਗੜਦੇ ਰਹਿੰਦੇ ਹਨ-ਜਿਸ ਦਾ ਬੱਚਿਆਂ ਦੇ ਮਨ ਤੇ ਬੁਰਾ ਅਸਰ ਪੈਂਦਾ ਹੈ। ਅਜੇਹੇ ਮਹੌਲ ਵਿੱਚ ਪਲ਼ੇ ਬੱਚੇ ਵੱਡੇ ਹੋ ਕੇ, ਆਪਣੀ ਜ਼ਿੰਦਗੀ ਵਿੱਚ ਕਦੇ ਵੀ ਦੂਜਿਆਂ ਨਾਲ ਸੁਖਾਵੇਂ ਸਬੰਧ ਨਹੀਂ ਬਣਾ ਸਕਣਗੇ। ਤੀਸਰਾ-ਕਈ ਮਾਪੇ ਦਿਨ ਰਾਤ ਕਮਾਈ ਕਰਨ ਦੇ ਚੱਕਰ ਵਿੱਚ, ਬੱਚਿਆਂ ਨਾਲ ਬਹੁਤ ਘੱਟ ਸਮਾਂ ਬਿਤਾਉਂਦੇ ਹਨ। ਜਿਸ ਕਾਰਨ ਬੱਚੇ ਜਾਂ ਤਾਂ ਟੈਕਨੌਲੌਜੀ 'ਚ ਰੁਝੇ ਰਹਿੰਦੇ ਹਨ ਜਾਂ ਬਾਹਰੋਂ ਪਿਆਰ ਭਾਲਦੇ, ਕਈ ਵਾਰੀ ਗਲਤ ਅਨਸਰਾਂ ਦੇ ਹੱਥੀਂ ਚੜ੍ਹ ਕੇ, ਕਈ ਭੈੜੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ। ਚੌਥਾ- 'ਸੈਕਸੂਅਲ ਅਬਿਊਜ਼' ਜਿਸ ਬਾਰੇ ਗੱਲ ਕਰਨਾ ਵੀ ਗੁਨਾਹ ਸਮਝਿਆ ਜਾਂਦਾ ਹੈ। ਇਸ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਹੀ, ਸਾਡੇ ਬੱਚਿਆਂ ਦਾ ਸੋਸ਼ਣ ਹੁੰਦਾ ਹੈ। ਅੰਕੜੇ ਦੱਸਦੇ ਹਨ ਕਿ- ਚਾਰ ਵਿਚੋਂ ਇੱਕ ਲੜਕੀ, ਤੇ ਛੇ ਵਿਚੋਂ ਇੱਕ ਲੜਕਾ, ਇਸ 'ਐਬਿਊਜ਼' ਤੋਂ ਪੀੜਤ ਹੈ। ਬਹੁਤੇ ਬੱਚੇ ਇਸ ਬਾਰੇ ਮਾਪਿਆਂ ਨਾਲ ਵੀ ਗੱਲ ਨਹੀਂ ਕਰਦੇ- ਕਿਉਂਕਿ ਮਾਪਿਆਂ ਨੇ ਉਹਨਾਂ ਨਾਲ ਦੋਸਤਾਨਾਂ ਸਬੰਧ ਹੀ ਕਾਇਮ ਨਹੀਂ ਕੀਤੇ ਹੁੰਦੇ। ਸੋ ਹਰ ਤਰ੍ਹਾਂ ਦੀ ਬਦਸਲੂਕੀ ਤੋਂ ਬੱਚਿਆਂ ਨੂੰ ਬਚਾਉਣ ਲਈ, ਬੱਚਿਆਂ ਨਾਲ ਪਿਆਰ ਦਾ ਰਿਸ਼ਤਾ ਬਣਾਈ ਰੱਖਣਾ ਤੇ ਵੱਧ ਤੋਂ ਵੱਧ ਸਮਾਂ ਬੱਚਿਆਂ ਨਾਲ ਬਿਤਾਉਣਾ, ਬੇਹੱਦ ਜ਼ਰੂਰੀ ਹੈ। ਵਧੇਰੇ ਜਾਣਕਾਰੀ ਲਈ-ਡਾ. ਬਲਵਿੰਦਰ ਕੌਰ ਬਰਾੜ 403 590 9629, ਗੁਰਚਰਨ ਥਿੰਦ 403 402 9635 ਜਾਂ ਗੁਰਦੀਸ਼ ਕੌਰ ਗਰੇਵਾਲ ਨਾਲ 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।










HOMELIFE SILVERCITY
REALTY INC. BROKERAGE
#7 CANADA WIDE
BROKERAGE WITH HOMELIFE BRAND
2017 GROSS COMMISSION WISE
New Head Office
905-913-8500
TEAM OF OVER 450 REALTORS
HOMELIFE SILVERCITY
REALTY INC. BROKERAGE
NOW HIRING NEW / EXPERIENCED REAL ESTATE PROFESSIONALS
JOIN ONE OF FASTEST GROWING BROKERAGE
CALL HEAD OFFICE TODAY
905.913.8500
www.HomelifeSilvercityTeam.com
BALJIT GARCHA
AJIT GARCHA
Team over 450
SILVERCITY

## ਨਸ਼ਿਆਂ ਤੇ ਗੈਂਗਵਾਰ ਵਿਰੁੱਧ ਰੋਸ ਪ੍ਰਦਰਸ਼ਨ

ਕੈਲਗਰੀ ਵਿੱਚ ਵੱਧ ਰਹੇ ਗੈਰ ਕਨੂੰਨੀ ਨਸ਼ਿਆਂ ਤੇ ਗੈਂਗਵਾਰ ਵਿੱਚ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਖਿਲਾਫ ਜਾਗਰੂਕਤਾ ਲਈ ਰੋਸ ਮੁਜ਼ਾਹਰਾ 2 ਜੂਨ ਦਿਨ ਐਤਵਾਰ ਨੂੰ ਹੋ ਰਿਹਾ ਹੈ। ਸਮਾਜ ਤੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਤ ਸਭ ਵਿਅਕਤੀਆਂ ਤੇ ਸੰਸਥਾਵਾਂ ਨੂੰ ਪਹੁੰਚਣ ਦੀ ਅਪੀਲ!

**Progressive Cultural Association & Sikh Virsa International**
**Nelson Mandela High School (next Genesis Centre)**
**45 Saddletowne Cir NE Calgary**
**Sunday June 2nd from 4-5pm**
**403-455-4220 or 403-681-8689**

## ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਦੋ ਰੋਜ਼ਾ ਪੁਸਤਕ ਮੇਲਾ!

ਡਾ. ਭੁੱਲਰ ਵਾਲੇ ਗਰੀਨ ਪਲਾਜ਼ਾ ਵਿੱਚ ਲਵਲੀ ਸਵੀਟ, ਢਿੱਲੋਂ ਫੈਸ਼ਨ ਦੇ ਨਾਲ ਤੇ ਬੈਲ ਕੁਨੈਕਸ਼ਨ ਸਾਹਮਣੇ ਬਰਾਂਡੇ ਵਿੱਚ ਪੁਸਤਕ ਮੇਲਾ ਲੱਗ ਰਿਹਾ ਹੈ। ਜਿਥੋਂ ਤੁਸੀਂ ਪਹਿਲਾਂ ਦੀ ਤਰ੍ਹਾਂ ਸਾਹਿਤਕ, ਸਮਾਜਿਕ, ਰਾਜਨੀਤਕ, ਧਾਰਮਿਕ, ਸਿਹਤ, ਤਰਕਸ਼ੀਲ ਕਿਤਾਬਾਂ ਵਾਜਬ ਕੀਮਤ ਤੇ ਖਰੀਦ ਸਕਦੇ। ਸਭ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ।

29 ਤੇ 30 ਜੂਨ, ਦਿਨ ਸ਼ਨੀਵਾਰ ਤੇ ਐਤਵਾਰ
ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ

**ਮਾਸਟਰ ਭਜਨ ਸਿੰਘ: 403-455-4220**













